ਡਾ.ਮਨਮੋਹਨ ਸਹਿਗਲ

# ਗੁਰੂ ਲਾਧੋ ਰੇ



ਭਾਸ਼ਾ ਵਿਭਾਗ ਪੰਜਾਬ

# ਗੁਰੂ ਲਾਧੋ ਰੇ

ਡਾ. ਮਨਮੋਹਨ ਸਹਿਗਲ

ਭਾਸ਼ਾ ਵਿਭਾਗ, ਪੰਜਾਬ

**GURU LADHO RE** (In Punjabi)

**by**

**Dr.Manmohan Sehgal**

**Translator: Sh. Manmohan Singh Budhraja**

**ਗੁਰੂ ਲਾਧੋ ਰੇ**

**ਮੂਲ ਲੇਖਕ : ਡਾ. ਮਨਮੋਹਨ ਸਹਿਗਲ**

**ਅਨੁਵਾਦਕ : ਸ਼੍ਰੀ ਮਨਮੋਹਨ ਸਿੰਘ ਬੁੱਧਰਾਜਾ**

**© ਭਾਸ਼ਾ ਵਿਭਾਗ, ਪੰਜਾਬ**

ਐਡੀਸ਼ਨ : 1998

ਕਾਪੀਆਂ : 2000

ਮੁੱਲ : 22 ਰੁ

-------------------------------------

9719 – ਹਿੰ.ਤੋਂ ਪੰ.ਅ. - 1352

-------------------------------------

ਪ੍ਰਕਾਸ਼ਕ: ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਮਨਵਰ ਇੰਟਰਪ੍ਰਾਈਜ਼ਿਜ਼, ਚੰਡੀਗੜ੍ਹ

ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

## ਲੇਖਕ ਦੀ ਪ੍ਰੇਰਨਾ

*ਧਰਮ ਹੇਤ ਸਾਕਾ ਜਿਨਿ ਕੀਆ।*
*ਸੀਸੁ ਦੀਆ ਪਰੁ ਸਿਰਰੁ ਨ ਦੀਆ ॥*
*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ ॥*
*ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਆ ਪਯਾਨ।*
*ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥*

(ਗੁਰੂ ਗੋਬਿੰਦ ਸਿੰਘ / ਬਚਿੱਤ੍ਰ ਨਾਟਕ)

## ਦੋ ਸ਼ਬਦ

ਹਿੰਦੀ ਦੀਆਂ ਮਹਾਨ ਰਚਨਾਵਾਂ ਨੂੰ ਪੰਜਾਬੀ ਵਿਚ ਅਤੇ ਪੰਜਾਬੀ ਦੀਆਂ ਪ੍ਰਸਿੱਧ ਪੁਸਤਕਾਂ ਨੂੰ ਹਿੰਦੀ ਵਿੱਚ ਅਨੁਵਾਦ ਕਰਵਾ ਕੇ ਸੁਹਿਰਦ ਪਾਠਕਾਂ ਤਕ ਪਹੁੰਚਾਉਣ ਦੀ ਦਿਸ਼ਾ ਵਿਚ ਵਿਭਾਗ ਮੁਢ ਤੋਂ ਹੀ ਯਤਨਸ਼ੀਲ ਰਿਹਾ ਹੈ।

ਡਾ. ਮਨਮੋਹਨ ਸਹਿਗਲ ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਨੂੰ ਹਿੰਦੀ ਵਿਚ ਪੇਸ਼ ਕਰਨ ਵਾਲੇ ਵਿਦਵਾਨਾਂ ਦੀ ਕਤਾਰ ਵਿੱਚ ਸਤਿਕਾਰਯੋਗ ਥਾਂ ਰੱਖਦੇ ਹਨ। ਉਨ੍ਹਾਂ ਦੀ ਇਕ ਮਹਾਨ ਕਿਰਤ "ਸ੍ਰੀ ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰ ਸਰਵੇਖਣ" ਨੂੰ ਭਾਸ਼ਾ ਵਿਭਾਗ, ਪੰਜਾਬ ਪਹਿਲਾਂ ਹੀ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕਰਵਾ ਕੇ ਪਾਠਕਾਂ ਨੂੰ ਭੇਟਾ ਕਰ ਚੁੱਕਾ ਹੈ, ਇਸ ਦਾ ਹਰ ਖੇਤਰ ਵਿੱਚ ਭਰਪੂਰ ਸਤਿਕਾਰ ਹੋਇਆ ਹੈ।

ਡਾ. ਸਹਿਗਲ ਨਾ ਕੇਵਲ ਹਿੰਦੀ ਦੇ ਇਕ ਵਿਦਵਾਨ ਲੇਖਕ ਸਮੀਖਿਅਕ ਦੇ ਰੂਪ ਵਿੱਚ ਹੀ ਪ੍ਰਸਿੱਧ ਹਨ ਸਗੋਂ ਇਕ ਸਿਰਜਨਾਤਮਕ ਲੇਖਕ ਦੇ ਰੂਪ ਵਿੱਚ ਵੀ ਉਹ ਸਤਿਕਾਰਪੂਰਨ ਜਾਣੇ ਜਾਂਦੇ ਹਨ। ਉਹ ਹਿੰਦੀ ਦੇ ਹਰਮਨ ਪਿਆਰੇ ਨਾਵਲਕਾਰ ਵੀ ਹਨ। ਉਨ੍ਹਾਂ ਦੇ ਨਾਵਲਾਂ ਵਿੱਚ ਅਜੋਕੇ ਸਮਾਜਿਕ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਦਾ ਚਿੱਤਰ ਅੰਕਿਤ ਕੀਤਾ ਗਿਆ ਹੈ।

"ਗੁਰੂ ਲਾਧੋ ਰੇ" ਡਾ. ਮਨਮੋਹਨ ਸਹਿਗਲ ਦਾ ਇੱਕ ਪ੍ਰਸਿੱਧ ਹਿੰਦੀ ਨਾਵਲ ਹੈ। ਇਸ ਵਿਚ ਆਪਣੇ ਸਮੇਂ ਦੇ ਮੁਸਲਮਾਨ ਬਾਦਸ਼ਾਹਾਂ ਦੇ ਘੋਰ ਅਤਿਆਚਾਰ ਤੇ ਮਜ਼ਹਬੀ ਜਨੂੰਨ ਦਾ ਜ਼ਿਕਰ ਅਤੇ ਮਹਾਨ ਗੁਰੂਆਂ ਦੀ ਸ਼ਾਹਦਤ ਅਤੇ ਉਨ੍ਹਾਂ ਦੇ ਅਧਿਆਤਮਕ ਗਿਆਨ ਦੀ ਪ੍ਰੇਰਣਾ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਗੁਰੂ ਦੇ ਪਿਆਰੇ ਸਿੱਖ ਭਾਈ ਗੁਰਦਿੱਤਾ ਜੀ ਦੀ ਆਦਰਸ਼ ਜੀਵਨ ਕਥਾ ਉਲੀਕੀ ਗਈ ਹੈ। ਪਾਠਕਾਂ ਲਈ ਇਹ ਰਚਨਾ ਪ੍ਰੇਰਣਾ ਦੇਣ ਵਾਲੀ ਅਤੇ ਅਧਿਆਤਮ ਗਿਆਨ ਦੀ ਖਿੜਕੀ ਖੋਲ੍ਹਣ ਵਾਲੀ ਹੈ। ਇਸ ਦਾ ਵਿਸ਼ਾ ਗਿਆਨ ਭਰਪੂਰ ਅਤੇ ਵਰਣਨ ਸ਼ੈਲੀ ਪ੍ਰਭਾਵ ਪੂਰਨ ਹੈ। ਇਹ ਇਕ ਰੋਚਕ ਤੇ ਸਿੱਖਿਆ ਭਰਪੂਰ ਨਾਵਲ ਹੈ।

ਇਸ ਹਿੰਦੀ ਨਾਵਲ ਦਾ ਪੰਜਾਬੀ ਅਨੁਵਾਦ ਸ਼੍ਰੀ ਮਨਮੋਹਨ ਸਿੰਘ ਬੁੱਧਰਾਜਾ ਨੇ ਕੀਤਾ ਹੈ। ਮੈਨੂੰ ਆਸ ਹੈ ਕਿ ਪਾਠਕ ਇਸ ਵਿੱਚ ਮੂਲ ਜਿਹਾ ਆਨੰਦ ਮਾਣਨਗੇ।

**ਡਾ. ਮਦਨ ਲਾਲ ਹਸੀਜਾ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

# ਇੱਕ

ਵਾਤਾਵਰਣ ਬੋਝਲ ਸੀ, ਚਾਰੇ ਪਾਸੇ ਸ਼ੰਕਿਆਂ ਦੇ ਪ੍ਰੇਤ ਨੱਚਦੇ ਮਹਿਸੂਸ ਹੁੰਦੇ ਸਨ। ਪ੍ਰਭਾਤ ਦੀ ਲਾਲੀ ਜਿਵੇਂ ਰੱਤ ਦੇ ਹੰਝੂ ਟਪਕਾ ਰਹੀ ਸੀ, ਪੰਛੀਆਂ ਦੀ ਟਹਿਕ ਵਿਚ ਮਸਤੀ ਨਹੀਂ ਸੀ। ਕੋਤਵਾਲੀ ਅਤੇ ਲਾਲ ਕਿਲ੍ਹੇ ਵਿਚ ਤਾਂ ਮਾਤਮ ਛਾਇਆ ਹੋਇਆ ਸੀ। ਮਹਿਲ ਵਿਚ, ਬੇਗਮਾਂ ਤੋਂ ਲੈ ਕੇ ਖ਼ਾਦਮਾਂ ਤਕ, ਸਾਰੇ ਇੰਜ ਮੋਨ ਤੇ ਜੰਤਰਵਤ ਤੁਰ ਫਿਰ ਰਹੇ ਸਨ, ਜਿਵੇਂ ਕੋਈ ਦੁਰਘਟਨਾ ਵਾਪਰ ਗਈ ਹੋਵੇ। ਬੀਤੇ ਤਿੰਨ ਦਿਨਾਂ ਤੋਂ ਉਹ ਬਾਦਸ਼ਾਹ ਦੇ ਘੋਰ ਅਤਿਆਚਾਰ ਤੇ ਮਜ਼ਹਬੀ ਜਨੂੰਨ ਦਾ ਨੰਗਾ ਨਾਚ ਵੇਖ ਰਹੇ ਸਨ-ਸਾਰੇ ਦਿੱਲੀ-ਵਾਸੀਆਂ ਨੇ ਦੀਵਾਨ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਜਾਂਦਾ, ਸਤੀ ਦਾਸ ਦਾ ਅੰਗ-ਅੰਗ ਕੱਟਿਆ ਜਾਂਦਾ ਅਤੇ ਦਿਆਲ ਦਾਸ ਨੂੰ ਖੌਲਦੇ ਤੇਲ ਵਿਚ ਉਬਲਦਾ ਵੇਖਿਆ ਸੀ। ਕਿਹੜੀ ਕਠੋਰ ਅੱਖ ਸੀ, ਜਿਹੜੀ ਬਾਦਸ਼ਾਹ ਦੀ ਬੇਰਹਿਮੀ ਉਤੇ ਰੋਈ ਨਹੀਂ ਸੀ ਕਿਹੜਾ ਪੱਥਰ ਹਿਰਦਾ ਸੀ, ਜਿਸ ਨੇ ਅੰਦਰ ਹੀ ਅੰਦਰ ਔਰੰਗਜ਼ੇਬ ਵਿਰੁੱਧ ਬਗ਼ਾਵਤ ਨਾ ਕਰ ਦਿੱਤੀ ਹੋਵੇ ? ਪੂਰੇ ਨਗਰ ਉਤੇ ਮਾਤਮ ਦੀਆਂ ਘਟਾਵਾਂ ਪਸਰਦੀਆਂ ਜਾ ਰਹੀਆਂ ਸਨ ! ਲਾਲ ਲਾਲ ਹਨ੍ਹੇਰੀ ਫੈਲਦੀ ਜਾ ਰਹੀ ਸੀ, ਵਾਤਾਵਰਣ ਵਿਚ ਘੱਟਾ ਉੱਡਣ ਲੱਗ ਪਿਆ ਸੀ। ਮੁਸਲਮਾਨਾਂ ਨੇ ਵੀ ਔਰੰਗ ਦੇ ਇਸ ਮੂੜ੍ਹ ਜਨੂੰਨ ਉਤੇ ਤੋਬਾ ਕਰ ਲਈ ਸੀ।

'ਯਾ ਅੱਲਾਹ, ਇਹ ਮਾਜਰਾ ਕੀ ਹੈ?' ਕਹਿੰਦਾ ਕਹਿੰਦਾ ਔਰੰਗਜ਼ੇਬ ਲਾਲ ਕਿਲ੍ਹੇ ਅੰਦਰ ਆਪਣੇ ਮਹਿਲ ਦੀ ਛੱਤ ਉਤੇ ਕਚੀਚੀਆਂ ਵਟਦਾ ਘੁੰਮ ਰਿਹਾ ਸੀ। ਉਸ ਦੀ ਉਦਾਸ ਪਰ ਅਸ਼ਾਂਤ ਨਜ਼ਰ ਕਦੇ ਪਿਛੇ ਵਹਿੰਦੀ ਯਮਨਾ ਦੇ ਪਾਣੀਆਂ ਨੂੰ ਘੂਰਦੀ ਅਤੇ ਕਦੀ ਸਾਹਮਣੇ ਚਾਂਦਨੀ ਚੌਂਕ ਦੀ ਕੋਤਵਾਲੀ ਉਤੇ ਟਿਕ ਜਾਂਦੀ ਸੀ। ਵਾਰ ਵਾਰ ਉਸਦਾ ਵਿਸ਼ਵਾਸ ਡੋਲ ਜਾਂਦਾ ਸੀ। ਉਸਦੀ ਕਾਰਵਾਈ ਠੀਕ ਤਾਂ ਹੈ, ਰੱਬ ਦੇ ਪਿਆਰਿਆਂ ਨੂੰ ਦਿੱਤਾ ਦੰਡ ਕਿਥੋਂ ਤਕ ਜਾਇਜ਼ ਹੈ, ਕਿਧਰੇ ਉਹ ਗ਼ਲਤੀ ਤਾਂ ਨਹੀਂ ਕਰ ਰਿਹਾ ? ਕਾਸ਼! ਉਹ ਬ੍ਰਾਹਮਣਾਂ ਦੀ ਸ਼ਰਤ ਹੀ ਪਰਵਾਨ ਨਾ ਕਰਦਾ: ਉਹ ਜਾਣਦਾ ਸੀ ਕਿ ਗੁਰੂ ਦੇ ਮੁਸਲਮਾਨ ਬਣ ਜਾਣ ਨਾਲ ਭਾਰਤ ਵਿੱਚੋਂ ਹਿੰਦੂਤਵ ਦਾ ਬੀਜ ਨਾਸ ਹੋ ਸਕਦਾ ਹੈ, ਅਤੇ ਉਹ 'ਮੁਹਾਫਜ਼-ਏ-ਦੀਨ' ਅਖਵਾਉਣ ਦੀ ਆਪਣੀ ਚਿਰੋਕੀ ਉਮੰਗ ਪੂਰੀ ਕਰ ਸਕਦਾ ਹੈ। ਪਰ ਇਹ ਗੁਰੂ, ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੈ ਕਿ ਸਾਥੀਆਂ ਦੀ ਮੌਤ ਪਿੱਛੋਂ ਵੀ ਡੋਲ੍ਹਿਆ ਨਹੀਂ, ਡਿੱਗਾ ਨਹੀਂ ਅਤੇ ਨਾ ਹੀ ਡਰਿਆ ਹੈ। ਅਜੀਬ ਮਨੁੱਖ ਹੈ ਕਿ ਦ੍ਰਿੜ੍ਹ ਵਿਸ਼ਵਾਸ ਨਾਲ ਖੁਸ਼ੀ-ਖੁਸ਼ੀ ਮੌਤ ਨੂੰ ਗਲ਼ੇ ਮਿਲਣ ਲਈ ਤਿਆਰ ਬੈਠਾ ਹੈ, ਜਿਵੇਂ ਜ਼ਿੰਦਗੀ ਤੋਂ ਕੋਈ ਬਦਲਾ ਲੈ ਰਿਹਾ ਹੋਵੇ:

ਗੁਰੂ ਵਲੋਂ ਇਸਲਾਮ ਕਬੂਲ ਨਾ ਕਰਨ ਕਰਕੇ ਉਸਦਾ ਦਾਰ-ਅਲ-ਇਸਲਾਮ ਕਾਇਮ ਕਰਨ ਦਾ ਸੁਪਨਾ ਭੰਗ ਹੋ ਰਿਹਾ ਸੀ ਅਤੇ ਉਹ ਖਿਝ, ਨਮੋਸ਼ੀ ਅਤੇ ਅਫ਼ਸੋਸ ਦੀ ਪੀੜਾ ਤੋਂ ਦੁਖੀ ਹੋ ਕੇ ਜ਼ਿਆਦਾ ਤੋਂ ਜ਼ਿਆਦਾ ਕੁਝ ਹੋਰ ਕਰਨਾ ਚਾਹੁੰਦਾ ਸੀ।

'ਔਰੰਗ, ਤੂੰ ਚੰਗਾ ਨਹੀਂ ਕੀਤਾ, ਰੱਬ ਦੇ ਬੰਦਿਆਂ ਨਾਲ ਅਜਿਹੀ ਬਦ-ਸਲੂਕੀ? ਪ੍ਰਮਾਤਮਾ ਤੈਨੂੰ ਬਖ਼ਸ਼ੇਗਾ ਨਹੀਂ, ਇੱਕ ਆਵਾਜ਼ ਮਹਿਸੂਸ ਹੋਈ।

'ਕੌਣ ਹੈਂ ਤੂੰ ? ਤੇਰੀ ਇਹ ਹਿੰਮਤ ਕਿ ਮੈਨੂੰ, ਆਲਮਗੀਰ ਨੂੰ, ਲਲਕਾਰੇਂ, ਜ਼ੁਬਾਨ ਖਿਚਵਾ ਦੇਵਾਂਗਾ ਤੇਰੀ, ਸਾਹਮਣੇ ਆ।'

'ਔਰੰਗ ਕਿਉਂ ਆਪਣੇ ਆਪ ਨਾਲ ਲੜਦਾ ਹੈਂ। ਤੇਰੀ ਜ਼ਮੀਰ ਹਾਂ ਮੈ, ਸਾਹਮਣੇ ਨਹੀਂ, ਜ਼ਰਾ ਦਿਲ ਦੇ ਸੀਸ਼ੇ ਵਿਚ ਝਾਤ ਮਾਰ ਕੇ ਵੇਖ, ਤੇਰੇ ਗੁਨਾਹਾਂ ਦੀ ਕੋਈ ਹੱਦ ਵੀ ਹੈ। ਝੂਠੀ ਹੈਂਕੜ ਦੀ ਆੜ ਵਿਚ ਤੂੰ ਹਜ਼ਾਰਾਂ ਬੇਗੁਨਾਹਾਂ ਦੀ ਹੱਤਿਆ ਕਰਵਾ ਕੇ ਆਪਣੀ ਹਵਸ ਹੀ ਤਾਂ ਪੂਰੀ ਕੀਤੀ ਹੈ। ਦੇਵੀ ਦੇਵਤੇ ਤੈਨੂੰ ਲਾਹਨਤਾਂ ਪਾਉਣਗੇ, ਤੈਨੂੰ ਔਰੰਗ: ਤੂੰ ਕਦੀ ਸੁਖ ਚੈਨ ਨਾਲ ਨਹੀਂ ਰਹਿ ਸਕੇਂਗਾ, ਆਪਣੀਆਂ ਹੀ ਕਾਲੀਆਂ ਕਰਤੂਤਾਂ ਦੇ ਜਾਲ ਵਿਚ ਫਸ ਕੇ ਤੂੰ ਤੜਪੇਂਗਾ ਅਤੇ ਤੈਨੂੰ ਕੋਈ ਪਾਣੀ ਦੇਣ ਵਾਲਾ ਵੀ ਨਹੀਂ ਹੋਵੇਗਾ।

'ਹਾਂ ! ਕੀ ਬਕ ਰਹੀ ਹੈਂ। ਆਲਮਗੀਰ ਦੀ ਜ਼ਮੀਰ ਉਸਦੀ ਅਕਲ ਦੀ ਗ਼ੁਲਾਮ ਹੈ, ਤੇਰੀ ਸੰਘੀ ਤਾਂ ਉਦੋਂ ਹੀ ਘੁੱਟ ਦਿੱਤੀ ਸੀ ਜਦੋਂ ਧੋਖੇ ਨਾਲ ਮੁਰਾਦ, ਸੁਜਾ ਅਤੇ ਦਾਰਾ ਨੂੰ ਮਰਵਾ ਕੇ ਮੈਂ ਰਾਜ ਭਾਗ ਸੰਭਾਲਿਆ ਸੀ। ਇਹ ਮੇਰੀ ਅਕਲ ਦਾ ਇਨਾਮ ਸੀ, ਤੇਰੀਆਂ ਥੋਥੀਆਂ ਦਲੀਲਾਂ ਦਾ ਨਹੀਂ। ਖ਼ਬਰਦਾਰ, ਜੇ ਫਿਰ ਕਦੀ ਮੇਰਾ ਰਸਤਾ ਉਲੰਘਿਆ। ਔਰੰਗ ਕੋਲ ਜ਼ਮੀਰ ਨਾਂ ਦੀ ਕੋਈ ਚੀਜ਼ ਨਹੀਂ।

ਹਨ੍ਹੇਰੀ ਦਾ ਇੱਕ ਜ਼ੋਰਦਾਰ ਝੋਂਕਾ ਆਇਆ। ਅੱਖਾਂ ਵਿਚ ਧੂੜ ਦੇ ਕੁਝ ਕਣ ਪੈ ਜਾਣ ਕਾਰਨ ਅੱਖਾਂ ਮਲਦਿਆਂ ਔਰੰਗਜ਼ੇਬ ਦਾ ਧਿਆਨ ਭੰਗ ਹੋਇਆ। 'ਨਹੀਂ, ਜ਼ਮੀਰ ਝੂਠੀ ਹੈ। ਰੱਬ ਦੇ ਰਾਹ ਉਤੇ ਤੁਰਦਿਆਂ ਮੇਰਾ ਹਰ ਕਦਮ ਸਲਤਨਤ-ਏ-ਮੁਗ਼ਲੀਆ ਦੀ ਨਾਮਵਰੀ ਦੀ ਸਾਖੀ ਭਰਦਾ ਹੈ। ਮੈਂ ਗੁਰੂ ਹੀ ਨਹੀਂ, ਸਗੋਂ ਗੁਰੂ ਦੇ ਰਸਤੇ ਉਤੇ ਚਲਣ ਵਾਲੇ ਹਰ ਰਾਹੀ ਨੂੰ ਮਿਟਾ ਕੇ ਹੀ ਦਮ ਲਵਾਂਗਾ। ਅਜਿਹੇ ਵਿਚਾਰਾਂ ਵਿਚ ਹੀ ਡੁੱਬਿਆ ਹੋਇਆ ਉਹ ਆਪਣੇ ਵਿਸ਼ਰਾਮ-ਘਰ ਵਿਚ ਚਲਾ ਗਿਆ ਅਤੇ ਸਜਦੇ ਵਿਚ ਝੁਕ ਗਿਆ।

'ਹਜ਼ੂਰ, ਗੁਰੂ ਹਾਜ਼ਰ ਹੈ। ਤੁਸੀਂ ਬੁਲਾਉਣ ਲਈ ਹੁਕਮ ਕੀਤਾ ਸੀ।'

'ਹਾਂ, ਪੇਸ਼ ਕਰੋ।'

ਔਰੰਗ ਇੰਨਾ ਕਹਿ ਕੇ ਆਪਣੇ ਆਸਨ ਉਤੇ ਬੈਠ ਜਾਂਦਾ ਹੈ ਅਤੇ ਉਸੇ ਵੇਲੇ ਚੋਬਦਾਰ ਦੇ ਨਾਲ ਗੁਰੂ ਤੇਗ ਬਹਾਦਰ ਅੰਦਰ ਆਉਂਦੇ ਹਨ। ਗੁਰੂ ਜੀ ਸਾਦਾ, ਸ਼ਾਂਤ ਅਤੇ

ਗੰਭੀਰ ਹਨ, ਬੜੇ ਸੁਭਾਵਕ ਤੇ ਸਹਿਨਸ਼ੀਲ ਜਾਪਦੇ ਹਨ। ਔਰੰਗ ਦੇ ਆਸਨ ਤੋਂ ਕੁਝ ਨੀਵੇਂ ਇੱਕ ਹੋਰ ਸਾਧਾਰਨ ਆਸਨ ਉਤੇ ਬਹਿਣ ਲਈ ਉਨ੍ਹਾਂ ਨੂੰ ਇਸ਼ਾਰਾ ਕੀਤਾ ਜਾਂਦਾ ਹੈ। ਮੁਸਲਮਾਨੀ ਤਰਜ ਨਾਲ ਕੱਟੀਆਂ ਹੋਈਆਂ ਮੁੱਛਾਂ ਤੇ ਅੱਖਾਂ ਵਿੱਚੋਂ ਔਰੰਗ ਦੀ ਹਲਕੀ ਹਲਕੀ ਮੁਸਕਰਾਹਟ ਝਲਕਣ ਲਗਦੀ ਹੈ। ਅੱਖਾਂ ਦੀ ਚਮਕ ਤੋਂ ਔਰੰਗ ਦਾ ਅਭਿਮਾਨ ਤੇ ਅਧਿਕਾਰ ਪ੍ਰਗਟ ਹੋ ਰਹੇ ਹਨ। ਕੁਝ ਪਲ ਉਸ ਗੁਰੂ ਵਲ ਘੂਰ ਕੇ ਵੇਖਿਆ ਅਤੇ ਨਫ਼ਰਤ ਦਾ ਨਾਟਕ ਜਿਹਾ ਕਰਦਿਆਂ ਬੋਲਿਆ, 'ਆਪਣੇ ਤਿੰਨਾਂ ਸਾਥੀਆਂ ਦਾ ਹਾਲ ਵੇਖਿਆ ਹੈ ?'

'ਪਰਮਾਤਮਾ ਨੂੰ ਇੰਜ ਹੀ ਮਨਜ਼ੂਰ ਹੋਵੇਗਾ'

'ਹੁਣ ਵੀ ਮੌਕਾ ਹੈ, ਤੁਸੀਂ ਚਾਹੋ ਤਾਂ ਆਪਣੇ ਆਪ ਨੂੰ ਬਚਾ ਸਕਦੇ ਹੋ- ਮੁਸਲਮਾਨ ਬਣ ਜਾਓ,  ਸੋਹਣੀਆਂ ਤੋਂ ਸੋਹਣੀਆਂ ਤੀਵੀਆਂ ਅਤੇ ਜ਼ਿੰਦਗੀ ਦੀ ਹਰ ਨਿਆਮਤ ਤੁਹਾਨੂੰ ਹਾਸਲ ਹੋਵੇਗੀ।'

'ਸ਼ਾਇਦ ਪ੍ਰਮਾਤਮਾ ਨੂੰ ਅਜਿਹਾ ਮਨਜ਼ੂਰ ਨਹੀਂ। ਔਰਤਾਂ ਤੇ ਨਿਆਮਤਾਂ ਉਸ ਪਰਮਾਤਮਾ ਦੀ ਕਿਰਪਾ ਸਾਹਮਣੇ ਮਿੱਟੀ ਹਨ, ਬਾਦਸ਼ਾਹ  ! ਗੁਰੂ ਜੀ ਨੇ ਹੱਸ ਕੇ ਜੁਆਬ ਦਿੱਤਾ। 'ਪਰਮਾਤਮਾ ਦੇ ਦਰਬਾਰ ਤੋਂ ਆਪਣੇ ਗੁਨਾਹ ਬਖ਼ਸ਼ਵਾ ਲੈ, ਕੌਣ ਜਾਣਦੈ ਕੱਲ੍ਹ ਤੇਰੀ ਹਕੂਮਤ ਹੋਵੇਗੀ ਵੀ ਜਾਂ ਨਹੀਂ।'

'ਕੀ ਕਹਿੰਦੇ ਹੋ ?' ਔਰੰਗ ਬੁਖਲਾਇਆ, 'ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਮੁਲਕ ਦੀ ਹਕੂਮਤ ਖੋਹਣ ਲਈ ਕੋਈ ਤਾਕਤ ਪੈਦਾ ਹੋ ਰਹੀ ਹੈ ? ਉਹ ਪਹਾੜੀ ਚੂਹਾ ਮੇਰਾ ਕੀ ਵਿਗਾੜੇਗਾ ਅਤੇ ਤੁਹਾਡਾ ਉਹ ਛੋਕਰਾ। ਚੁਟਕੀ ਵਿਚ ਮਸਲ ਦੇਵਾਂਗਾ ਉਸਨੂੰ', ਕਹਿੰਦਿਆਂ ਬਾਦਸ਼ਾਹ ਨੇ ਨੱਕ ਚੜ੍ਹਾਇਆ।

'ਭੁਲੇਖੇ ਵਿੱਚ ਹੋ ਬਾਦਸ਼ਾਹ। ਹੁੰਦਾ ਉਹੀ ਹੈ ਜੋ ਪਰਮਾਤਮਾ ਚਾਹੁੰਦਾ ਹੈ। ਇਨਸਾਨ ਦੇ ਵੱਸ ਵਿਚ ਕੁਝ ਨਹੀਂ। ਅੱਜ ਤੱਕ ਕੌਣ ਕਿਸੇ ਨੂੰ ਮਾਰ ਸਕਿਆ ਹੈ ?' ਗੁਰੂ ਜੀ ਨੇ ਬੜੇ ਸ਼ਾਂਤ ਭਾਵ ਵਿੱਚ ਕਿਹਾ, 'ਮੈਂ ਸ਼ਿਵਾ ਦੀ ਗੱਲ ਨਹੀਂ ਕਰਦਾ ਤੇਰੀ ਬੇਇਨਸਾਫ਼ੀਆਂ ਦੀ ਗੱਲ ਕਰਦਾ ਹਾਂ-ਤੇਰੇ ਗੁਨਾਹਾਂ ਦਾ ਘੜਾ ਹੁਣ ਭਰ ਚੁੱਕਾ ਹੈ। ਯਾਦ ਰੱਖ, ਆਖ਼ਰੀ ਵਕਤ, ਕੋਈ ਤੇਰੀ ਆਵਾਜ਼ ਸੁਣਨ ਵਾਲਾ ਨਹੀਂ ਹੋਵੇਗਾ, ਤੇਰੇ ਕੋਲ।'

ਔਰੰਗ ਬੁੜਬੜਾਇਆ, 'ਮੈਨੂੰ ਛੱਡੋ, ਆਪਣੀ ਮੌਤ ਦੀ ਸੋਚੋ।'

'ਮੌਤ ? ਸਾਡੇ ਧਰਮ ਵਿਚ ਮੌਤ ਕੁਝ ਵੀ ਨਹੀਂ, ਫਿਰ ਜਿਸ ਮੌਤ ਤੋਂ ਅਸੀਂ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਕਲਪਨਾ ਕਰਦੇ ਹਾਂ, ਉਸ ਦੀ ਕੀ ਚਿੰਤਾ ? ਉਹ ਤਾਂ ਖ਼ੁਸ਼ੀ ਦਾ ਮੌਕਾ ਹੈ।'

'ਫਿਰ ਬਹਿਕ ਰਹੇ ਹੋ।' ਔਰੰਗ ਮੁਸਕਰਾਇਆ, 'ਓ-ਕੀ ਇਹ ਸਮਝਦੇ ਹੋ ਕਿ ਮੇਰੇ ਰਾਜ ਵਿਚ ਕੁਝ ਮੇਰੇ ਤੋਂ ਵੀ ਲੁਕਾਇਆ ਜਾ ਸਕਦਾ ਹੈ, ਕਿਉਂ ਚਾਰ ਦਿਨ ਪਹਿਲਾਂ ਤੁਸੀਂ ਆਪਣੀ ਬੇਬਸੀ ਦੀ ਕਹਾਣੀ ਆਪਣੇ ਲੜਕੇ ਨੂੰ ਨਹੀਂ ਲਿਖ ਭੇਜੀ ਸੀ? ਮੈਂ ਚਾਹੁੰਦਾ ਤਾਂ ਤੁਹਾਡਾ ਖ਼ਤ ਰੋਕ ਵੀ ਸਕਦਾ ਸੀ-ਕੀ ਰੌਣਾ ਰੋਇਆ ਸੀ ਉਸ ਵਿਚ! ਉਹ ਨੌਂ ਸਾਲ ਦਾ ਬੱਚਾ ਕੀ ਦੇਵੇਗਾ ਤੁਹਾਨੂੰ ? ਹਾਏ-ਬੇਬਸੀ ਤੇ ਮਜ਼ਬੂਰੀ:

*'ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।*

*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।।'*

'ਬੜੀ ਹਮਦਰਦੀ ਹੈ ਮੈਨੂੰ ਤੁਹਾਡੇ ਨਾਲ। ਤੁਸੀਂ ਮੇਰੀ ਸ਼ਰਤ ਮੰਨ ਕਿਉਂ ਨਹੀਂ ਲੈਂਦੇ, ਤੇਗ ਬਾਦਸ਼ਾਹ ਖਿੱਲੀ ਉਡਾਂਦਿਆਂ ਬੋਲਿਆ।

'ਨਹੀਂ ਬਾਦਸ਼ਾਹ ', ਗੁਰੂ ਜੀ ਨੇ ਬੜੇ ਨਿਮਰਤਾ ਭਰਪੂਰ ਤੇ ਅਡੋਲ ਲਹਿਜ਼ੇ ਵਿੱਚ ਕਿਹਾ, 'ਹੁਣ ਤਾਂ ਮੈਨੂੰ ਉਹ ਬੇਬਸੀ ਵੀ ਨਹੀਂ ਰਹੀ। ਸ਼ੇਰ ਦੇ ਬੱਚੇ ਸ਼ੇਰ ਹੀ ਹੁੰਦੇ ਹਨ। ਮੈਨੂੰ ਚਿੰਤਾ ਸੀ, ਕਿਧਰੇ ਗੋਬਿੰਦ ਡੋਲ ਨਾ ਜਾਏ ਲੇਕਿਨ ਅੱਜ ਮੈਨੂੰ ਉਸਦਾ ਉੱਤਰ ਮਿਲ ਚੁੱਕਿਆ ਹੈ। ਹੁਣ ਮੈਨੂੰ ਪੂਰੀ ਤਸੱਲੀ ਹੈ, ਤੂੰ ਤਾਂ ਕੀ, ਦੁਨੀਆ ਦੀ ਕੋਈ ਵੀ ਤਾਕਤ ਗੋਬਿੰਦ ਨੂੰ ਧਰਮ ਦੇ ਮਾਰਗ ਤੋਂ ਨਹੀਂ ਹਟਾ ਸਕਦੀ। ਉਸ ਦੀ ਦ੍ਰਿੜ੍ਹਤਾ, ਉਸਦੀ ਨਿਰਭੈਤਾ, ਵੀਰਤਾ ਅਤੇ ਉਦਾਰਤਾ ਧਰਮ ਦੀ ਰੱਖਿਅਕ ਹੋਵੇਗੀ, ਤੂੰ ਉਸਦਾ ਵਾਲ ਵੀ ਵਿੰਗਾ ਨਹੀਂ ਕਰ ਸਕੇਂਗਾ, ਬਾਦਸ਼ਾਹ !'

'ਜਾਣਨਾ ਚਾਹੁੰਦੇ ਹੋ, ਕੀ ਉੱਤਰ ਦਿੱਤਾ ਹੈ, ਉਸ ਨੌਂ ਸਾਲ ਦੇ ਬਾਲਕ ਨੇ ਮੇਰੇ ਖ਼ਤ ਦਾ ਦੇਖੇ -

*'ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ।*

*ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।'*

ਇੱਕ ਇੱਕ ਸ਼ਬਦ ਸਲਤਨਤ ਦੇ ਕਫ਼ਨ ਦਾ ਕਿੱਲ ਹੈ। ਪਰਮਾਤਮਾ ਉਤੇ ਅਡਿੱਗ ਵਿਸ਼ਵਾਸ ਅਤੇ ਸਹਿਜ ਸ਼ਕਤੀ ਉਸਦੇ ਸੰਗ ਸਾਥ ਹਨ। ਮੈਂ ਨਿਸ਼ਚਿੰਤ ਹਾਂ, ਬਾਦਸ਼ਾਹ ! ਤੁਸੀਂ ਆਪਣੀ ਰੱਖਿਆ ਵਾਸਤੇ ਤਾਵੀਜ਼ ਲਿਖਵਾ ਲਵੋ।'

ਬਾਦਸ਼ਾਹ ਸੜਦਾ ਬਲਦਾ ਉੱਥੋਂ ਉੱਠ ਗਿਆ। 'ਜੋ ਤੁਧੁ ਭਾਵੈ ਸਾਈ ਭਲੀ ਕਾਰ। ਕਹਿੰਦੇ ਹੋਏ ਗੁਰੂ ਜੀ ਦੀ ਨਿਰਵਿਘਨ ਨਿਸ਼ਚਿੰਤਤਾ ਵੇਖ ਕੇ ਚੋਬਦਾਰ ਵੀ ਹੈਰਾਨ ਹੋਇਆ। ਕੋਈ ਖੁਸ਼ੀ ਨਾਲ ਵੀ ਮਰ ਸਕਦਾ ਹੈ, ਮੁਸਲਮਾਨਾਂ ਲਈ ਇਹ ਇੱਕ ਅਚੰਭਾ ਸੀ-ਜ਼ਿੰਦਗੀ ਦੇ ਨਜ਼ਰੀਏ ਦਾ ਬੁਨਿਆਦੀ ਫ਼ਰਕ।'

ਗੁਰੂ ਜੀ ਨੂੰ ਕੋਤਵਾਲੀ ਵੱਲ ਲੈ ਗਏ। ਚਿਹਰੇ ਉਤੇ ਨੂਰ, ਮੂੰਹ ਵਿੱਚ ਵਾਹਿਗੁਰੂ ਦਾ ਨਾਮ, ਦਿਲ ਵਿਚ ਧਰਮ ਲਈ ਕੁਰਬਾਨੀ ਦੇਣ ਦਾ ਸੰਕਲਪ ਅਤੇ ਚਾਲ ਵਿੱਚ ਦ੍ਰਿੜ੍ਹਤਾ ਤੇ ਧਰਮ ਲਈ ਅਡੋਲਤਾ-ਉਸ ਤੇਜੱਸਵੀ ਮੂਰਤ ਨੂੰ ਵੇਖ ਕੇ ਰਾਹ ਜਾਂਦੇ ਲੋਕ ਆਪ ਮੁਹਾਰੇ ਝੁਕ ਜਾਂਦੇ। ਸ਼ੇਰਾਂ ਵਾਲੀ ਮਸਤ ਤੋਰ ਤੁਰਦੇ ਹੋਏ ਗੁਰੂ ਜੀ ਕੋਤਵਾਲੀ ਵਿੱਚ ਦਾਖਲ ਹੋਏ ਹੀ ਸਨ ਕਿ ਕਾਜ਼ੀ ਅਬੁਲ ਬਹਿਬ ਬੌਰਾ ਬਾਦਸ਼ਾਹ ਦਾ ਹੁਕਮਨਾਮਾ ਲੈ ਆਇਆ।

'ਆਲਮਗੀਰ ਦਾ ਹੁਕਮ ਹੈ ਕਿ ਅੱਜ ਹੀ, ਇੱਕ ਪਹਿਰ ਦਿਨ ਬੀਤਣ ਪਿੱਛੋਂ ਤੁਹਾਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ, ਤੇਗ ਬਹਾਦਰ। 'ਕਾਜ਼ੀ ਨੇ ਰਹੱਸਮਈ ਢੰਗ ਵਿਚ ਆਖਿਆ, 'ਚਾਹੋ ਤਾਂ, ਮੈਂ ਤੁਹਾਨੂੰ ਹੁਣ ਵੀ ਬਚਾ ਸਕਦਾ ਹਾਂ ਕਿਉਂ ਅਜਾਈਂ ਜ਼ਿੰਦਗੀ ਗੁਆਉਂਦੇ ਹੋ, ਖ਼ੁਦਾ ਵਿਚ ਈਮਾਨ ਲੈ ਆਓ, ਬਾਦਸ਼ਾਹ ਤੁਹਾਡੇ ਅਮਲਾਂ ਤੋਂ ਬਹੁਤ ਨਾਰਾਜ਼ ਹੈ, ਮੈਂ ਉਸ ਨੂੰ ਮਨਾ ਲਵਾਂਗਾ।'

'ਸ਼ੁਕਰੀਆ, ਕਾਜ਼ੀ ਸਾਹਿਬ। ਆਪਣੇ ਆਲਮਗੀਰ ਨੂੰ ਕਹੋ ਕਿ ਇਨਸਾਨਾਂ ਦੇ ਬਾਦਸ਼ਾਹ ਦਾ ਬਾਦਸ਼ਾਹ ਅਸਲੀ ਖ਼ਾਲਿਕ ਹੈ- ਉਸ ਦੇ ਹੁਕਮ ਤੋਂ ਬਗ਼ੈਰ ਪੱਤਾ ਨਹੀਂ ਝੁਲਦਾ। ਉਹੀ ਹੋਵੇਗਾ, ਜੋ ਉਸਨੂੰ ਮਨਜ਼ੂਰ ਹੋਵੇਗਾ। ਤੁਹਾਡੇ ਆਲਮਗੀਰ ਵਰਗੇ ਹਜ਼ਾਰਾਂ ਉਸ ਦੀ ਦਰਗਾਹ ਵਿਚ ਮਿੱਟੀ ਦੇ ਜ਼ੱਰਿਆਂ ਵਾਂਗ ਰੁਲਦੇ ਫਿਰਦੇ ਹਨ', ਗੁਰੂ ਜੀ ਨੇ ਸਹਿਜ ਭਾਵ ਵਿੱਚ ਕਿਹਾ।

'ਇਹ ਤਾਂ ਕੁਫਰ ਹੈ, ਤੇਗ! ਬਾਦਸ਼ਾਹ ਅੱਲਾਹ ਦਾ ਨੁਮਾਇੰਦਾ ਹੈ। ਹੁਣ ਆਖ਼ਰੀ ਵਕਤ ਉਸਨੂੰ ਮੰਨ ਲਵੋ, ਇਸ ਨਾਲ ਤੁਹਾਡੇ ਗੁਨਾਹਾਂ ਦੀ ਮੁਆਫ਼ੀ ਹੋਵੇਗੀ', ਕਾਜ਼ੀ ਬੋਲਿਆ।

'ਮੈਂ ਸਿਰਫ਼ ਇੱਕ ਖ਼ੁਦਾ ਨੂੰ ਹੀ ਮੰਨਦਾ ਹਾਂ। ਉਹੀ ਗੁਨਾਹਾਂ ਤੋਂ ਮੁਕਤ ਕਰਦਾ ਹੈ, ਕਾਜ਼ੀਓ, ਇਹ ਬਾਦਸ਼ਾਹ ਅਤੇ ਉਸਦੇ ਤੇਰੇ ਵਰਗੇ ਅਹਿਲਕਾਰ ਸਭ ਮਿਟ ਜਾਣ', ਗੁਰੂ ਜੀ ਨੇ ਸਮਝਾਇਆ।

ਕਾਜ਼ੀ ਹੁਕਮ ਸੁਣਾ ਕੇ ਚਲਾ ਗਿਆ। ਸਵੇਰ ਤੋਂ ਹੀ ਹਨ੍ਹੇਰੀ ਦੇ ਜਿਹੜੇ ਸੰਕੇਤ ਮਿਲ ਰਹੇ ਸਨ, ਉਹ ਵਧਦੇ ਗਏ, ਅਕਾਸ਼ ਉਤੇ ਗਰਦਾ ਛਾ ਗਿਆ, ਵਿੱਚੋਂ ਵਿੱਚੋਂ ਵਾਵਰੋਲੇ ਉੱਠਣ ਲੱਗ ਪਏ। ਇੰਜ ਲਗਦਾ ਸੀ ਕਿ ਤੂਫਾਨ ਆਵੇਗਾ-ਤੂਫਾਨ ਤੋਂ ਪਹਿਲਾਂ ਸਮੁੰਦਰੀ ਕੰਢੇ ਦੀ ਸ਼ਾਂਤੀ ਵਾਂਗ ਵਾਤਾਵਰਣ ਗੰਭੀਰ ਤੇ ਸਹਿਮਿਆ ਹੋਇਆ ਸੀ। ਲੋਕ ਗੁਰੂ ਜੀ ਨੂੰ ਮਿਲਣ

ਵਾਲੀ ਸਜ਼ਾ ਦਾ ਅਨਿਆ ਪੂਰਨ ਦ੍ਰਿਸ਼ ਵੇਖਣ ਲਈ ਇੱਕਠੇ ਹੋਣ ਲੱਗ ਪਏ ਸਨ। ਮਾਣ ਅਤੇ ਮੁਸਲਮਾਨ, ਦੁਖੀ ਹਿੰਦੂ, ਬਾਦਸ਼ਾਹ ਦੇ ਕੁਕਰਮ ਨੂੰ ਬੇਇਨਸਾਫ਼ੀ ਸਮਝਣ ਵਾਲੇ ਸੁਤੰਤਰ ਵਿਚਾਰਾਂ ਵਾਲੇ ਅਧਿਕਾਰੀ, ਦਿੱਲੀ ਦੇ ਗੁਰਸਿੱਖ, ਸਾਰੇ ਕੋਤਵਾਲੀ ਚੌਂਕ ਵਿਚ ਇਕੱਤਰ ਹੋਣ ਲੱਗ ਪਏ। ਕਿਸੇ ਦੀਆਂ ਅੱਖਾਂ ਭਿੱਜੀਆਂ ਹੋਈਆਂ ਸਨ, ਕਿਸੇ ਦਾ ਮਨ ਡੋਲਿਆ ਹੋਇਆ ਸੀ, ਕੋਈ ਆਪਣੀ ਬੇ-ਬਸੀ ਉੱਤੇ ਖਿਝਦਾ ਅਤੇ ਕੋਈ ਬਾਦਸ਼ਾਹ ਦੀ ਨੌਕਰੀ ਉਤੇ ਲਾਹਨਤ ਪਾ ਰਿਹਾ ਸੀ। ਇਸ ਸੋਗ ਭਰਪੂਰ ਵਾਤਾਵਰਣ ਵਿਚ ਸਿਰਫ਼ ਗੁਰੂ ਤੇਗ ਬਹਾਦਰ ਜੀ ਸ਼ਾਂਤ ਸੀ, ਉਹਨਾਂ ਦੇ ਮੁਖੜੇ ਉਤੇ ਚਮਕ ਅਤੇ ਮਨ ਵਿਚ ਪ੍ਰਭੂ ਮਿਲਣ ਦਾ ਅਗੰਮ ਉਤਸ਼ਾਹ ਸੀ। ਉਸ ਵਕਤ ਇੱਕ ਸਿੱਖ ਨੇ ਜੇਰਾ ਕਰਕੇ ਅੱਗੇ ਵਧਦਿਆਂ ਗੁਰੂ ਜੀ ਦੇ ਚਰਨ ਪਕੜ ਲਏ। ਰੋ ਕੇ ਬੋਲਿਆ, 'ਮੇਰੇ ਮਾਲਕ, ਇੱਕ ਵਾਰ ਮੇਰੀ ਗੁਸਤਾਖ਼ੀ ਮੁਆਫ਼ ਕਰ ਦਿਓ। ਮੈਂ ਵਿਖਾਵਾਂ ਇਸ ਸਲਤਨਤ-ਏ-ਮੁਗ਼ਲੀਆ ਨੂੰ ਚਮਤਕਾਰ। ਕਸਮ ਹੈ ਮੈਨੂੰ ਗੁਰੂਦੇਵ ਆਪ ਦੇ ਪਵਿੱਤਰ ਚਰਨਾਂ ਦੀ, ਅੱਖ ਫੋਰ ਵਿਚ ਮੈਂ ਇਹ ਰਾਜ ਅਤੇ ਤਾਜ ਮਿੱਟੀ ਵਿੱਚ ਨਾ ਮਿਲਾ ਦੇਵਾਂ, ਤਾਂ ਗੁਰੂ ਦਾ ਸਿੱਖ ਨਹੀਂ।'

ਸਿੱਖ ਦੀ ਦਲੇਰੀ ਅਤੇ ਉਸਦੀ ਅਧਿਆਤਮਕ ਸ਼ਕਤੀ ਦੇ ਜਾਣੀ-ਜਾਣ ਗੁਰੂ ਜੀ ਨੇ ਹੱਥ ਚੁੱਕ ਕੇ ਉਸ ਨੂੰ ਸ਼ਾਂਤ ਕਰਦਿਆਂ ਕਿਹਾ, 'ਅਧਿਆਤਮਕਤਾ ਦੇ ਮਾਰਗ ਦੀਆਂ ਉਪਲਬਧੀਆਂ ਇਸ ਪ੍ਰਕਾਰ ਉੱਬਲਣ ਲਈ ਨਹੀਂ ਹੁੰਦੀਆਂ। ਬਣਨ ਤੇ ਮਿਟਾਉਣ ਵਾਲਾ ਵਾਹਿਗੁਰੂ ਆਪ ਹੈ। ਉਸ ਦੀ ਇੱਛਾ ਨੂੰ ਆਪਣੀ ਮਰਜ਼ੀ ਨਾਲ ਮੋੜਨ ਵਾਲੇ ਅਸੀਂ ਫਾਨੀ ਜੀਵ ਭਰਮ ਵਿੱਚ ਗ੍ਰਸੇ ਹੋਏ ਹਾਂ। ਤੁਹਾਡੇ ਉੱਤੇ ਵਾਹਿਗੁਰੂ ਨੇ ਕਿਰਪਾ ਕੀਤੀ ਹੈ, ਤੁਹਾਨੂੰ ਅਧਿਆਤਮ-ਪਥ ਉੱਤੇ ਪ੍ਰਾਪਤੀ ਹੋਈ ਹੈ, ਉਸਨੂੰ ਹਜ਼ਮ ਕਰੋ। ਚੁੱਪ ਰਹੋ, ਚਮਤਕਾਰ ਤੁਹਾਡਾ ਲਕਸ਼ ਨਹੀਂ।

ਸਿੱਖ ਧਾਹ ਮਾਰ ਕੇ ਰੋਂਦਿਆਂ ਉਥੇ ਹੀ ਚਰਨਾਂ ਵਿਚ ਲੰਮਾ ਪੈ ਗਿਆ ਪਰ ਗੁਰੂ ਜੀ ਘਟਨਾ ਤੋਂ ਪ੍ਰਭਾਵਤ ਹੋਏ ਬਿਨਾਂ ਚੁੱਪਚਾਪ ਅੱਗੇ ਵਧ ਗਏ। ਕੋਤਵਾਲੀ ਦੇ ਖੂਹ ਵਿੱਚੋਂ ਉਹਨਾਂ ਜਲ ਕੱਢਿਆ, ਇਸ਼ਨਾਨ ਕੀਤਾ ਅਤੇ ਉਥੇ ਹੀ ਦਰਖ਼ਤ ਹੇਠਾਂ ਚਬੂਤਰੇ ਉੱਤੇ ਵਾਹਿਗੁਰੂ ਦੇ ਧਿਆਨ ਵਿੱਚ ਲੀਨ ਹੋ ਗਏ।

ਸੁਰੱਖਿਆ ਦੇ ਪ੍ਰਬੰਧ ਕਰੜੇ ਹੋ ਗਏ ਸਨ। ਲੋਕ ਘੇਰੇ ਦੇ ਬਾਹਰੋਂ ਸਮਾਧੀ ਲਾਈ ਬੈਠੇ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ, ਸ਼ਰਧਾਲੂਆਂ ਦੀਆਂ ਅੱਖਾਂ ਵਿਚੋਂ ਲਗਾਤਾਰ ਹੰਝੂਆਂ ਦੀਆਂ ਘਾਰਾਂ ਵਗ ਰਹੀਆਂ ਸਨ। ਹਨ੍ਹੇਰੀ ਦੀ ਰਫ਼ਤਾਰ ਵੀ ਕੁਝ ਤੇਜ਼ ਹੋ ਗਈ ਸੀ। ਅਸਮਾਨ ਵਿਚ ਖਿੰਡੇ ਹੋਏ ਬੱਦਲ ਦੇ ਟੁਕੜੇ ਥੋੜ੍ਹੀ ਥੋੜ੍ਹੀ ਦੇਰ ਪਿੱਛੋਂ ਇੱਕ ਦੂਜੇ ਨਾਲ ਟਕਰਾਂਦੇ ਸਨ ਅਤੇ ਇੱਕ ਗੰਭੀਰ ਜਿਹੀ ਆਵਾਜ਼ ਪੈਦਾ ਕਰ ਦਿੰਦੇ ਸਨ। ਘਟਾ ਕਾਲੀ ਹੁੰਦੀ ਜਾ ਰਹੀ ਸੀ ਅਤੇ ਸੂਰਜ ਦੀਆਂ ਕਿਰਨਾਂ ਅਨਿਆਂ ਤੋਂ ਸਹਿਮੀਆਂ ਹੋਈਆਂ ਆਪਣੇ ਸੋਮੇ ਵਿੱਚ ਸਮਾ ਗਈਆਂ

ਸਨ। ਸੂਹੇ ਰੰਗੀ ਉਸ਼ਾ ਬੀਤੇ ਦੋ ਦਿਨਾਂ ਦੌਰਾਨ ਸੜ ਰਹੀ ਹੌਲੀ ਕਰਕੇ ਧੁਆਂਖੀ ਗਈ ਸੀ ਅਤੇ ਹੁਣ ਅੰਧਕਾਰ ਦੇ ਧੰਧੂਕਾਰੇ ਵਿੱਚ ਆਪਣਾ ਮੂੰਹ ਲੁਕਾ ਕੇ ਅੱਥਰੂ ਕੇਰਨਾ ਚਾਹੁੰਦੀ ਸੀ। ਇੱਕ ਪਾਸੇ ਬਾਦਸ਼ਾਹ ਦੀ ਦਹਿਸ਼ਤ ਸੀ ਅਤੇ ਦੂਜੇ ਪਾਸੇ ਕੁਦਰਤ ਦਾ ਭਿਅੰਕਰ ਕਰੋਧ ਸੀ, ਸੋਗ ਭਰਪੂਰ ਇਸ ਸੱਨਾਟੇ ਵਿਚ ਜਨਤਾ ਖੂਨ ਦੇ ਘੁੱਟ ਪੀ ਰਹੀ ਸੀ ਅਤੇ ਗੁਰੂ ਜੀ ਆਪਣੇ ਵਾਹਿਗੁਰੂ ਨੂੰ ਸਨਮੁਖ ਮਿਲਣ ਦੇ ਆਨੰਦ ਵਿਚ ਮੁਗਧ ਅੱਖਾਂ ਮੀਚੀ ਲਵਲੀਨ ਹੋਏ ਹੋਏ ਸਨ।

ਉਸ ਵੇਲੇ ਬਾਦਸ਼ਾਹ ਦਾ ਇੱਕ ਵਿਸ਼ੇਸ਼ ਅਧਿਕਾਰੀ ਬਾਦਸ਼ਾਹ ਦਾ ਸੰਦੇਸ਼ ਦੋਬਾਰੇ ਲੈ ਕੇ ਆਇਆ। ਗੁਰੂ ਜੀ ਨੇ ਅੱਖਾਂ ਖੋਲ੍ਹੀਆਂ, ਕਾਜ਼ੀ ਅਬੁਲ ਬਹਿਬ ਨਾਲ ਉਸ ਅਧਿਕਾਰੀ ਨੂੰ ਵੇਖ ਕੇ ਮੁਸਕਰਾਏ। ‘ਬਾਦਸ਼ਾਹ ਦੀ ਇੱਛਾ ਹੈ ਕਿ ਆਪ ਜ਼ਰੂਰ ਕੋਈ ਕਰਾਮਾਤ ਵਿਖਾਓ। ਸ਼ਾਇਦ ਉਹ ਤੁਹਾਡੀ ਜ਼ਿੰਦਗੀ ਬਖ਼ਸ਼ ਦੇਵੇ’, ਬੜੀ ਨਿਮਰਤਾ ਨਾਲ ਉਹ ਅਧਿਕਾਰੀ ਬੋਲਿਆ।

‘ਬਾਦਸ਼ਾਹ ਨੂੰ ਕਰਾਮਾਤ ਦੀ ਇੰਨੀ ਖ਼ਾਹਿਸ਼ ਹੈ, ਤਾਂ ਲਓ, ਕਹਿ ਕੇ ਗੁਰੂ ਜੀ ਮੁਸਕਰਾਏ ਅਤੇ ਉਹਨਾਂ ਨੂੰ ਕਾਗ਼ਜ਼, ਕਲਮ ਦਵਾਤ ਮੰਗਵਾਉਣ ਲਈ ਇਸ਼ਾਰਾ ਕੀਤਾ। ਦੋਵੇਂ ਚੀਜ਼ਾਂ ਆ ਜਾਣ ਉਪਰੰਤ ਉਹਨਾਂ ਨੇ ਕਾਗ਼ਜ਼ ਉਤੇ ਫ਼ਾਰਸੀ ਅੱਖਰਾਂ ਵਿੱਚ ਕੁਝ ਲਿਖਿਆ ਅਤੇ ਕਾਗ਼ਜ਼ ਨੂੰ ਤਹਿ ਕਰਕੇ ਤਾਵੀਜ਼ ਵਾਂਗ ਆਪਣੀ ਗਰਦਨ ਉੱਤੇ ਬੰਨ੍ਹ ਲਿਆ। ਥੋੜ੍ਹੀ ਦੇਰ ਪਿੱਛੋਂ ਉਸ ਅਧਿਕਾਰੀ ਨੂੰ ਕਿਹਾ 'ਦੇਖੋ ਕਰਾਮਾਤ’, ਤੁਹਾਡੇ ਜਲਾਦ ਹੱਥੋਂ ਮੇਰਾ ਸਿਰ ਕੱਟੇ ਜਾਣ ਉਪਰੰਤ ਵੀ ਹੁਣ ਨਹੀਂ ਕੱਟਿਆ ਜਾ ਸਕੇਗਾ।’ ਮੌਕੇ ਉੱਤੇ ਹਜ਼ਾਰ ਲੋਕਾਂ ਵਿੱਚੋਂ ਰੋਮਾਂਚ ਦੀ ਇਕ ਲਹਿਰ ਜਿਹੀ ਦੌੜ ਗਈ। ਗੁਰੂ ਦਰਸ਼ਨਾਂ ਲਈ ਇਕੱਤਰ ਹੋਏ ਸਿੱਖ ਉਮੜ ਪਏ, ਸ਼ਾਇਦ ਉਹ ਗੁਰੂ ਜੀ ਦੇ ਰਹੱਸ ਨੂੰ ਬੁਝ ਗਏ ਸਨ। ਗੁਰੂ ਜੀ ਨੇ ਹੱਥ ਜੋੜ ਕੇ ਸਭ ਦਾ ਸਤਿਕਾਰ ਸਵੀਕਾਰ ਕੀਤਾ ਅਤੇ ਜਲਾਦ ਜਲਾਲ-ਉਲ-ਦੀਨ ਨੂੰ ਆਖਿਆ, 'ਲੈ ਭਾਈ, ਮੈਂ ਤਾਂ ਪਰਮਾਤਮਾ ਦਾ ਕਵਚ ਪਾ ਲਿਆ ਹੈ। ਹੁਣ ਤੇਰੀਆਂ ਬਾਹਾਂ ਦੀ ਤਾਕਤ ਵੇਖਣੀ ਹੈ। ਇੰਨਾ ਕਹਿ ਕੇ ਗੁਰੂ ਜੀ ਨੇ ‘ਵਾਹਿਗੁਰੂ' ਸ਼ਬਦ ਉਚਾਰਿਆ ਅਤੇ ਲੀਨ ਹੋ ਗਏ। ਕਾਜ਼ੀ ਅਤੇ ਦੂਜੇ ਅਧਿਕਾਰੀ ਨੇ ਮਜਬੂਰ ਹੋ ਕੇ ਇੱਕ ਦੂਜੇ ਵੱਲ ਝਾਕਿਆ। ਅੱਖਾਂ ਅੱਖਾਂ ਵਿੱਚ ਕੁਝ ਕਿਹਾ ਅਤੇ ਕਾਜ਼ੀ ਨੇ ਬੜੀ ਉੱਚੀ ਆਵਾਜ਼ ਵਿੱਚ ਗੁਰੂ ਜੀ ਉੱਤੇ ਲੱਗਾ ਫਤਵਾ ਪੜ੍ਹਨਾ ਸ਼ੁਰੂ ਕੀਤਾ। ਜੱਲਾਦ ਤਿਆਰ ਸੀ, ਫਤਵੇ ਦੇ ਸਮਾਪਤ ਹੋਣ ਸਾਰ ਉਸ ਨੇ ਪੂਰੀ ਤਾਕਤ ਨਾਲ ਗੁਰੂ ਜੀ ਦੀ ਗਰਦਨ ਉੱਤੇ ਤਲਵਾਰ ਨਾਲ ਵਾਰ ਕੀਤਾ। ਉਹ ਡਰ ਰਿਹਾ ਸੀ ਕਿ ਕਿਧਰੇ ਸੱਚਮੁੱਚ ਜੇਕਰ ਗੁਰੂ ਜੀ ਦੀ ਗਰਦਨ ਨਾ ਕੱਟੀ ਗਈ ਜਾਂ ਕਟ ਕੇ ਜੁੜ ਗਈ ਤਾਂ ਕਿਧਰੇ ਉਸਨੂੰ ਬਾਦਸ਼ਾਹ ਦੇ ਕਰੋਧ ਦਾ ਸ਼ਿਕਾਰ ਨਾ ਹੋਣਾ ਪਵੇ। ਵਧੇਰੇ ਜ਼ੋਰ ਦੀ ਤਲਵਾਰ ਚੱਲਣ ਕਰਕੇ ਲਿਵਲੀਨ ਹੋਏ ਗੁਰੂ ਜੀ ਦਾ ਸਿਰ ਬੜੀ ਸਫਾਈ ਨਾਲ ਕਟ ਕੇ ਧੜ ਤੋਂ ਕਾਫ਼ੀ ਦੂਰੀ ਉੱਤੇ ਜਾ ਡਿੱਗਿਆ।

ਸਿੱਖ ਵਿਲਕ ਪਏ। ਸੁਰੱਖਿਆ ਅਧਿਕਾਰੀਆਂ ਦੇ ਘੇਰੇ ਉਤੇ ਦਬਾ ਪੈਣ ਲੱਗਾ। ਘਟਾ ਸੰਘਣੀ ਹੋ ਗਈ ਅਤੇ ਅਚਾਨਕ ਡਰਾਉਣੀ ਕਾਲੀ ਹਨ੍ਹੇਰੀ ਆਕਾਸ਼ ਉੱਤੇ ਛਾ ਗਈ। ਅਜਿਹੀ ਭਗਦੜ ਵਿੱਚ, ਜਦੋਂ ਕਿ ਧੂੜ ਕਰਕੇ ਲੋਕਾਂ ਦੀਆਂ ਅੱਖਾਂ ਘੁਟ ਰਹੀਆਂ ਸਨ, ਗੁਰੂ ਦਾ ਇੱਕ ਸਿੱਖ ਭਾਈ ਜੈਤਾ ਜਿਸ ਨੂੰ ਲੋਕ ਰੰਘਰੇਟਾ ਵੀ ਆਖਦੇ ਸਨ, ਸਿਰ ਹੱਥ ਉੱਤੇ ਰੱਖ ਕੇ, ਬਿਜਲੀ ਵਰਗੀ ਫੁਰਤੀ ਨਾਲ ਸੁਰੱਖਿਆ ਦਾ ਘੇਰਾ ਤੋੜ ਕੇ ਅੱਗੇ ਵਧਿਆ ਅਤੇ ਇਸ ਤੋਂ ਪਹਿਲਾਂ ਕਿ ਕੋਈ ਉਸਨੂੰ ਰੋਕ ਜਾਂ ਪਕੜ ਸਕੇ, ਉਹ ਗੁਰੂ ਜੀ ਦਾ ਸਿਰ ਚੁੱਕ ਕੇ ਹਾਹਾਕਾਰ ਮਚਾ ਰਹੀ ਭੀੜ ਵਿੱਚੋਂ ਨਿਕਲ ਗਿਆ। ਅਜੇ ਰੰਘਰੇਟਾ ਪਿੱਛੇ ਪਕੜੋ ਪਕੜੋ ਦੀਆਂ ਆਵਾਜ਼ਾਂ ਹਵਾ ਵਿਚ ਗੂੰਜ ਹੀ ਰਹੀਆਂ ਸਨ ਕਿ ਸ਼ਾਹੀ ਠੇਕੇਦਾਰ ਲੱਖੀ ਸ਼ਾਹ ਆਪਣੇ ਘੋੜੇ, ਊਠਾਂ ਤੇ ਗੱਡਿਆਂ ਦਾ ਪੂਰਾ ਕਾਫਲਾ ਲੈ ਕੇ ਤੇਜ਼ੀ ਨਾਲ ਲੋਕਾਂ ਨੂੰ ਬਚਣ ਤੇ ਪਾਸੇ ਹੋਣ ਲਈ ਪੁਕਾਰਦਾ ਹੋਇਆ ਉਥੋਂ ਲੰਘਿਆ। ਕਾਲੀ ਹਨ੍ਹੇਰੀ ਦਾ ਲਾਹਾ ਲੈਂਦਿਆਂ ਉਸ ਗੁਰਸਿੱਖ ਨੇ ਆਪਣੇ ਪੁੱਤਰ ਨਗਾਹੀਆ ਦੀ ਮਦਦ ਨਾਲ ਜਨਤਾ ਤੇ ਸਿਪਾਹੀਆਂ ਦੀ ਕਾਵਾਂਰੌਲੀ ਵਿਚੋਂ ਗੁਰੂ ਜੀ ਦੇ ਸ਼ਰੀਰ ਨੂੰ ਚੁੱਕ ਕੇ ਗੱਡੇ ਵਿੱਚ ਰੱਖਿਆ ਅਤੇ ਸਥਿਤੀ ਸਪਸ਼ਟ ਹੋਣ ਤੋਂ ਪਹਿਲਾਂ ਉਥੋਂ ਦੂਰ ਚਲੇ ਗਏ।

ਇਹ ਸਭ ਕੁਝ, ਕੁਝ ਹੀ ਪਲਾਂ ਵਿਚ ਵਾਪਰ ਗਿਆ। ਅੱਧੀ ਘੜੀ ਪਿੱਛੋਂ ਹਨ੍ਹੇਰੀ ਦਾ ਕਾਲਾ ਪਰਦਾ ਹਟਿਆ, ਤੇਜ਼ੀ ਕੁਝ ਘਟੀ, ਸਿਪਾਹੀਆਂ ਨੇ ਹਾਲਾਤ ਉਤੇ ਫਿਰ ਕਾਬੂ ਪਾਇਆ। ਰੋਂਦੀ ਵਿਲਕਦੀ ਜਨਤਾ ਉਤੇ ਕਾਬੂ ਪਾਇਆ। ਕਾਜ਼ੀ ਅਤੇ ਜੱਲਾਦ ਵੀ ਅੱਖਾਂ ਖੋਲ੍ਹਣ ਵਿਚ ਸਫਲ ਹੋਏ, ਤਾਂ ਸਾਰੀ ਖੇਡ ਖਤਮ ਹੋ ਚੁੱਕੀ ਸੀ। ਗੁਰੂ ਜੀ ਦਾ ਸਿਰ ਤੇ ਧੜ ਦੋਵੇਂ ਅਲੋਪ ਹੋ ਗਏ ਸਨ। 'ਇਹੋ ਕਰਾਮਾਤ, ਉਹ ਵਿਖਾਣਾ ਚਾਹੁੰਦੇ ਸਨ ?' ਅਧਿਕਾਰੀ ਬੋਲਿਆ। ਕਾਜ਼ੀ ਚਿਲਾਇਆ, 'ਚੋਰਾਂ ਨੂੰ ਪਕੜੋ, ਜ਼ਰੂਰ ਗੁਰੂ ਦੇ ਸਿੱਖਾਂ ਨੇ ਹੀ ਉਠਾਇਆ ਹੋਵੇਗਾ ਉਸ ਨੂੰ। ਸਿਪਾਹੀ ਇਧਰ ਉਧਰ ਨੱਠ ਪਏ। ਜਲਾਲ-ਉਲ-ਦੀਨ ਦੀ ਨਜ਼ਰ ਉਸੇ ਵਕਤ ਆਪਣੀ ਤਲਵਾਰ ਦੇ ਖ਼ੂਨ ਨਾਲ ਭਿੱਜਣ ਕਰਕੇ ਉਸ ਉੱਤੇ ਚਿਪਕੇ ਕਾਗ਼ਜ਼ ਦੇ ਇੱਕ ਟੋਟੇ ਉੱਤੇ ਗਈ। ਉਹ ਚੀਕਿਆ 'ਉਸ ਗੁਰੂ ਦਾ ਇਹ ਤਾਵੀਜ਼'। ਕਾਜ਼ੀ ਤੇ ਬਾਦਸ਼ਾਹ ਦਾ ਅਧਿਕਾਰੀ ਇੱਕੋ ਸਮੇਂ ਉਧਰ ਲਪਕੇ। ਗੁਰੂ ਜੀ ਦੇ ਲਹੂ ਨਾਲ ਲਾਲ ਹੋਏ ਉਸ ਕਾਗ਼ਜ਼ ਨੂੰ ਖੋਲ੍ਹ ਕੇ ਪੜ੍ਹਿਆ। ਲਿਖਿਆ ਸੀ, 'ਸਰ ਦਾਦਮ, ਸਿਰੇਂ ਖੁਦਾ ਨਾ ਦਾਦਮ '। ਦੋਹਾਂ ਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ। ਰੰਘਰੇਟਾ ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਸਿੱਧਾ ਅਨੰਦਪੁਰ ਪਹੁੰਚਿਆ। ਲਗਾਤਾਰ ਘੋੜਾ ਭਜਾਉਂਦੇ ਹੋਏ ਉਹ ਜਲਦੀ ਤੋਂ ਜਲਦੀ ਗੁਰੂ ਗੋਬਿੰਦ ਅਤੇ ਮਾਤਾ ਗੁਜਰੀ ਜੀ ਦੀ ਸ਼ਰਨ ਵਿਚ ਪਹੁੰਚ ਜਾਣਾ ਚਾਹੁੰਦਾ ਸੀ। ਸਾਰਾ ਰਸਤਾ ਉਸ ਨੇ ਦਮ ਨਹੀਂ ਲਿਆ, ਸ਼ਾਹੀ ਜਾਸੂਸਾਂ ਅਤੇ ਸੈਨਿਕਾਂ ਤੋਂ ਲੁਕਦੇ ਲੁਕਾਉਂਦੇ ਉਹ ਕੀਰਤਪੁਰ ਪਹੁੰਚਿਆ। ਜਿੱਥੇ ਖ਼ੁਦ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਅਤੇ ਮਾਤਾ ਸ੍ਰੀ ਨਾਨਕੀ ਜੀ ਨੇ ਗੁਰੂ ਜੀ ਦੇ ਸੀਸ ਨੂੰ

ਜੈਤਾ ਤੋ ਪ੍ਰਾਪਤ ਕੀਤਾ ਅਤੇ ਉਥੋਂ ਪਾਲਕੀ ਵਿਚ ਰੱਖ ਕੇ ਉਹ ਅਨੰਦਪੁਰ ਲਿਆਂਦਾ ਗਿਆ। ਬਾਲ ਗੁਰੂ ਗੋਬਿੰਦ ਸਿੰਘ ਜੀ ਨੇ ਰੰਘਰੇਟੇ ਨੂੰ ਗਲੇ ਲਗਾ ਲਿਆ ਅਤੇ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਅਸ਼ੀਰਵਾਦ ਦਿੰਦੇ ਹੋਏ ਕਿਹਾ "ਰੰਘਰੇਟਾ ਗੁਰੂ ਕਾ ਬੇਟਾ।" ਅਨੰਦਪੁਰ ਵਿਖੇ ਗੁਰੂ ਜੀ ਦੇ ਸੀਸ ਦਾ ਆਦਰ ਸਹਿਤ ਦਾਹ ਸੰਸਕਾਰ ਕੀਤਾ ਗਿਆ।

ਭਾਈ ਲੱਖੀ ਸ਼ਾਹ ਅਤੇ ਨਗਾਹੀਆ ਗੁਰੂ ਜੀ ਦੇ ਧੜ ਨੂੰ ਲੈ ਕੇ ਨੇੜੇ ਹੀ ਆਪਣੇ ਪਿੰਡ ਰੈਸੇਨਾ ਵਿਖੇ ਪੁੱਜੇ। ਇਸ ਡਰ ਤੋਂ ਕਿ ਸ਼ਾਹੀ ਸੈਨਿਕ ਉਨ੍ਹਾਂ ਦੀ ਭਾਲ ਵਿਚ ਪਹੁੰਚ ਨਾ ਜਾਣ, ਉਨ੍ਹਾਂ ਨੇ ਜਲਦੀ ਹੀ ਆਪਣੇ ਮਕਾਨ ਦੇ ਦੀਵਾਨਖ਼ਾਨੇ ਵਿਚ ਹੀ ਚਿਤਾ ਤਿਆਰ ਕਰਕੇ, ਗੁਰੂ ਜੀ ਦੇ ਧੜ ਨੂੰ ਉਸ ਤੇ ਸਜਾ ਕੇ, ਪੂਰੇ ਮਕਾਨ ਨੂੰ ਅੱਗ ਲਗਾ ਦਿੱਤੀ। ਅੰਦਰ ਚਿਤਾ ਜਲੀ ਅਤੇ ਬੁਝਣ ਤੇ ਸਰੀਰ ਦੇ ਫੁੱਲ ਇਕੱਠੇ ਕਰਕੇ ਉਨ੍ਹਾਂ ਨੂੰ ਪਿਓ ਪੁੱਤਰ ਨੇ ਕਲਸ਼ ਵਿਚ ਰੱਖ ਕੇ ਉਥੇ ਹੀ ਧਰਤੀ ਵਿੱਚ ਦਬਾ ਦਿੱਤਾ।

ਸੱਚਮੁਚ ਧਰਮ ਅਤੇ ਪਰਉਪਕਾਰ ਦੀ ਜੀਵਤ ਮੂਰਤੀ ਗੁਰੂ ਤੇਗ ਬਹਾਦਰ ਜੀ ਜਲਾਦ ਦੀ ਖੜਗ ਦੇ ਨਾਲ ਕੱਟ ਕੇ ਵੀ ਨਹੀਂ ਕੱਟ ਸਕੇ। ਉਨ੍ਹਾਂ ਦੇ ਮਹਾਨ ਬਲੀਦਾਨ ਨੇ ਦੁਸ਼ਮਣ ਦੇ ਦੰਦ ਖੱਟੇ ਕਰ ਦਿੱਤੇ। ਬੇਸਹਾਰਾ ਹਿੰਦੂਆਂ ਵਿਚ ਜਾਤੀ ਉਤਪੰਨ ਹੋਈ, ਗਿੱਦੜਾਂ ਵਿਚ ਸ਼ੇਰਾਂ ਵਾਲੀ ਤਾਕਤ ਪੈਦਾ ਹੋਈ ਅਤੇ ਦੇਸ਼ ਵਿਚੋਂ ਜ਼ੁਲਮਾਂ ਦਾ ਖਾਤਮਾ ਹੋਇਆ। ਔਰੰਗਜ਼ੇਬ ਦੇ ਸੁਪਨੇ ਮਿੱਟੀ ਵਿਚ ਮਿਲ ਗਏ। ਮੁਹਾਫਿਜ਼-ਏ-ਦੀਨ ਬਣਨ ਦੀ ਇੱਛਾ, ਦਾਰੇ-ਇਸਲਾਮ ਦੀ ਸਥਾਪਨਾ ਦੇ ਮਨਸੂਬੇ ਸਾਰੇ ਧਰੇ ਹੀ ਰਹਿ ਗਏ। ਗੁਰੂ ਜੀ ਦੇ ਅਸ਼ੀਰਵਾਦ ਨਾਲ ਭਾਰਤ ਵਿੱਚ ਰਾਸ਼ਟਰ ਸ਼ਕਤੀ ਮੁੜ ਜਾਗੀ, ਚਿੜੀਆਂ ਨੇ ਬਾਜ਼ਾਂ ਨੂੰ ਤੋੜਿਆ, ਧਰਮ ਦੀ ਰੱਖਿਆ ਲਈ ਇੱਕ ਇੱਕ ਬਹਾਦਰ ਵੀਰ ਸਵਾ ਸਵਾ ਲੱਖ ਤੇ ਭਾਰੀ ਹੋਇਆ ਅਤੇ ਕਸ਼ਮੀਰ ਤੇ ਕਾਂਸ਼ੀ ਦੇ ਬ੍ਰਾਹਮਣ ਹੀ ਨਹੀਂ, ਭਾਰਤ ਦੇ ਮਜ਼ਲੂਮਾਂ ਦੀ ਰੱਖਿਆ ਹੋਈ। ਗੁਰੂ ਦੀ ਸ਼ਰਨ ਵਿੱਚ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲੱਗੇ।

ਬਾਬਾ ਬੁੱਢਾ ਜੀ ਦੇ ਵੰਸ਼ਜ ਭਾਈ ਗੁਰਦਿੱਤਾ ਜੀ ਨੂੰ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੀ ਬੇਇਨਸਾਫ਼ੀ ਭਰੀ ਨਜ਼ਰ ਤੋਂ ਬਚਾਉਣ ਲਈ ਪਹਿਲਾਂ ਹੀ ਗੁਰੂ ਪਦ ਦਾ ਚਿੰਨ੍ਹ ਸੌਂਪ ਕੇ ਬਾਲਕ ਗੋਬਿੰਦ ਦੇ ਕੋਲ ਅਨੰਦਪੁਰ ਭੇਜ ਦਿੱਤਾ ਸੀ। ਗੁਰੂ ਜੀ ਦੇ ਨਾਲ ਹੀ ਸ਼ਹੀਦ ਹੋਣ ਦੀ ਬਲਵਾਨ ਲਾਲਸਾ ਹੁੰਦੇ ਹੋਏ ਵੀ ਉਹ ਹੁਕਮ ਅਦੂਲੀ ਨਹੀਂ ਕਰ ਸਕਿਆ, ਪਰ ਅਨੰਦਪੁਰ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਅਮਾਨਤ ਉਨ੍ਹਾਂ ਨੂੰ ਸੰਭਾਲਣ ਮਗਰੋਂ ਉਹ ਤਿਲਕ ਦੇ ਲਈ ਨਹੀਂ ਰੁਕਿਆ। ਮੌਤ ਨਾਲ ਗਲੇ ਮਿਲਣ ਦਾ ਉਸ ਨੂੰ ਇੰਨਾ ਚਾਅ ਸੀ ਕਿ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ, ਤਿਲਕ ਦੇਣ ਦਾ ਕਾਰਜ ਆਪਣੇ ਤਿੰਨ ਸਾਲ ਦੇ ਪੁੱਤਰ ਰਾਮ ਕੁੰਵਰ ਨੂੰ ਸੌਂਪ ਕੇ ਉਹ ਦਿੱਲੀ ਲਈ ਰਵਾਨਾ ਹੋ ਗਿਆ। ਦਿੱਲੀ ਦੇ ਨੇੜੇ ਪਹੁੰਚਦੇ ਹੀ ਰਾਹ ਚਲਦੇ ਲੋਕਾਂ ਦੇ ਚਿਹਰੇ 'ਤੇ ਸ਼ੋਕ ਦੀ ਛਾਇਆ ਉਸ ਤੋਂ ਛੁਪ ਨਾ

ਸਕੀ। ਹੁਣੇ ਹੁਣੇ ਹਨ੍ਹੇਰੀ ਦਾ ਜ਼ੋਰ ਘਟਿਆ ਸੀ, ਘਟਾਵਾਂ ਕੁਝ ਘਟ ਗਈਆਂ ਸਨ ਅਤੇ ਹੌਲੀ ਹੌਲੀ ਰੌਸ਼ਨੀ ਵਧ ਰਹੀ ਸੀ। ਕਿਧਰੇ ਕਿਧਰੇ ਦਰਖ਼ਤਾਂ ਹੇਠ ਪੱਤਿਆਂ ਵਿੱਚੋਂ ਪੁਣ ਕੇ ਨਿਕਲੀ ਹੋਈ ਇੱਕ ਅੱਧੀ ਸੂਰਜ ਦੀ ਕਿਰਨ ਧਰਤੀ ਨੂੰ ਚੁੰਮਣ ਵਾਸਤੇ ਮਚਲ ਰਹੀ ਸੀ। ਭਾਈ ਗੁਰਦਿੱਤਾ ਜੀ ਨੇ ਕੁਝ ਸਿੱਖਾਂ ਨੂੰ ਰੋਂਦਿਆਂ ਅਤੇ ਹੰਝੂ ਵਗਾਂਦਿਆਂ ਵੇਖ ਲਿਆ ਸੀ, ਇਸ ਦ੍ਰਿਸ਼ ਦਾ ਉਸ ਉੱਤੇ ਅਜਿਹਾ ਅਸਰ ਹੋਇਆ, ਜਿਵੇਂ ਉਸਦੀ ਸਮੁੱਚੀ ਤਾਕਤ ਕਿਸੇ ਚਮਤਕਾਰ ਕਰਕੇ ਨਿਚੋੜ ਲਈ ਹੋਵੇ। ਗੁਰੂ ਜੀ ਦੇ ਕੋਲ ਪਹੁੰਚ ਕੇ ਭਾਈ ਮਤੀਦਾਸ ਆਦਿ ਨਾਲ ਹੀ ਮਿਰਤੂ-ਪਰਣਾਮ ਦਾ ਸਮੁੱਚਾ ਉਤਸ਼ਾਹ ਠੰਢਾ ਪੈ ਗਿਆ। ਭਾਈ ਗੁਰਦਿੱਤਾ ਜੀ ਦੇ ਸਾਰੇ ਸੁਪਨੇ ਉਥੇ ਹੀ ਢੇਰੀ ਹੋ ਗਏ। ਅਚਾਨਕ ਉਹ ਘੋੜੇ ਦੀ ਪਿੱਠ ਤੋਂ ਉੱਤਰ ਗਿਆ ਅਤੇ ਮੱਥਾ ਪਕੜ ਕੇ ਉਥੇ ਹੀ ਬੈਠ ਗਿਆ। ਉਸਦਾ ਸੀਨਾ ਪਾਟ ਰਿਹਾ ਸੀ ਅਤੇ ਅੱਖਾਂ ਵਿਚੋਂ ਲਗਾਤਾਰ ਹੰਝੂ ਕਿਰ ਰਹੇ ਸਨ। ਦਿਲ ਡੋਬੂ ਪਾ ਰਿਹਾ ਸੀ, ਗੁਰੂ ਤੋਂ ਬਿਨਾਂ ਜੀਵਨ ਧ੍ਰਿਗ ਹੈ। ਉਹ ਜ਼ਿੰਦਾ ਨਹੀਂ ਰਹੇਗਾ, ਇਸ ਅਨਿਆ ਤੇ ਅੱਤਿਆਚਾਰ ਵਾਲੀ ਧਰਤੀ ਉਤੇ ਉਹ ਨਹੀਂ ਰਹੇਗਾ-ਵਾਰ ਵਾਰ ਇਹੋ ਸੰਕਲਪ ਉਹ ਆਪਣੇ ਮਨ ਹੀ ਮਨ ਵਿੱਚ ਦੁਹਰਾ ਰਿਹਾ ਸੀ।

ਕੋਲ ਹੀ ਇੱਕ ਮੁਸਲਮਾਨ ਫ਼ਕੀਰ ਦੀ ਝੌਂਪੜੀ ਸੀ। ਉਸ ਇੱਕ ਘੋੜ-ਸਵਾਰ ਨੂੰ ਆਂਦਿਆਂ ਅਤੇ ਫਿਰ ਰੁਕ ਕੇ ਮੱਥਾ ਪਕੜ ਕੇ ਬੈਠਦਿਆਂ ਵੇਖ ਲਿਆ ਸੀ। ਉਹ ਵੀ ਸਵੇਰੇ ਤੋਂ ਉਪਰਾਮ ਸੀ। ਇਬਾਦਤ ਵਿਚ ਉਸਦਾ ਮਨ ਨਹੀਂ ਲੱਗ ਰਿਹਾ ਸੀ। ਬਾਦਸ਼ਾਹ ਦੀ ਹਨ੍ਹੇਰ ਗਰਦੀ ਤੋਂ ਉਹ ਦੁਖੀ ਸੀ, ਰਹਿ ਰਹਿ ਕੇ ਉਸਨੂੰ ਬਾਦਸ਼ਾਹ ਦੇ ਬੇਈਮਾਨ ਕਾਜ਼ੀਆਂ ਉਤੇ ਗੁੱਸਾ ਆ ਰਿਹਾ ਸੀ। ਰੱਬ ਦੇ ਪਿਆਰਿਆ ਉੱਤੇ ਕੀਤਾ ਜਾਣ ਵਾਲਾ ਅਤਿਆਚਾਰ ਉਸ ਤੋਂ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ ਸੀ ਪ੍ਰੰਤੂ ਅਸਮਰੱਥ, ਜ਼ਖਮੀ ਹੋਏ ਸੱਪ ਵਾਂਗ ਅੰਦਰ, ਅੰਦਰ ਜ਼ਹਿਰ ਘੋਲ ਰਿਹਾ ਸੀ ਅਤੇ ਆਪਣੇ ਖ਼ੁਦਾ ਅੱਗੇ ਬੇਇਨਸਾਫ਼ੀਆਂ ਦਾ ਨਾਸ਼ ਕਰਨ ਲਈ ਅਰਦਾਸ ਕਰ ਰਿਹਾ ਸੀ। ਸਵੇਰ ਤੋਂ ਹੀ ਉਸਦੇ ਪਿਆਰੇ ਸ਼ਗਿਰਦ ਰਹਿਮਾਨ ਨੇ ਕਈ ਵਾਰ ਉਸਦੀ ਬਹਿਬਲਤਾ ਦਾ ਰਾਜ਼ ਜਾਣਨ ਦੀ ਕੋਸ਼ਿਸ਼ ਕੀਤੀ ਸੀ ਪਰ ਅਜੇ ਤੱਕ ਉਸਨੂੰ ਫ਼ਕੀਰ ਦੇ ਮਨ ਦੀ ਗੱਲ ਪਤਾ ਨਹੀਂ ਲੱਗੀ ਸੀ। ਭਾਈ ਗੁਰਦਿੱਤਾ ਜੀ ਨੂੰ ਉਥੇ ਹੀ ਮੂਰਛਾ ਹੋ ਕੇ ਡਿੱਗਦਿਆਂ ਵੇਖ ਕੇ ਉਸਦਾ ਮੱਥਾ ਠਣਕਿਆ।

ਭਾਈ ਗੁਰਦਿੱਤਾ ਜੀ ਦਾ ਸੰਕਲਪ ਹਰ ਪਲ ਪੱਕਾ ਹੁੰਦਾ ਜਾ ਰਿਹਾ ਸੀ। ਉਹ ਜਲਦੀ ਤੋਂ ਜਲਦੀ ਮੌਤ ਦੀ ਗੋਦ ਦਾ ਆਸਰਾ ਲੈ ਕੇ ਗੁਰੂ ਦੇਵ ਦੇ ਚਰਨਾਂ ਵਿੱਚ ਅੱਪੜ ਜਾਣਾ ਚਾਹੁੰਦਾ ਸੀ। ਉਸਦਾ ਮਨ ਚਾਹੁੰਦਾ ਸੀ ਕਿ ਧਰਤੀ ਪਾਟ ਜਾਵੇ ਅਤੇ ਉਹ ਉਸ ਵਿੱਚ ਹੀ ਆ ਜਾਵੇ, ਕਾਸ਼! ਕਿਸੇ ਤਰ੍ਹਾਂ ਉਹ ਸ਼ੀਘਰ ਮਰ ਸਕਦਾ, ਇਹੀ ਉਸ ਦੀ ਫੌਰੀ ਸਮੱਸਿਆ ਸੀ। ਗੁਰਸਿੱਖ ਸੀ, ਗੁਰੂ ਘਰ ਵਿਚ ਉਸਨੂੰ ਸਨਮਾਨ ਪ੍ਰਾਪਤ ਸੀ, ਪਰਿਵਾਰ ਦਾ ਮੁਖਤਿਆਰ ਸੀ-ਭਲੀ ਭਾਂਤ ਜਾਣਦਾ ਸੀ ਕਿ ਆਤਮ-ਹੱਤਿਆ ਸਿੱਖੀ ਜੀਵਨ ਦੇ ਉਲਟ ਹੈ। ਉਹ ਆਪਣੇ

ਆਪ ਨੂੰ ਅੱਗ ਲਾ ਲੈਣ, ਪਾਣੀ ਵਿਚ ਗਰਕ ਹੋਣ ਅਤੇ ਸ਼ਸਤਰ ਨਾਲ ਆਤਮ ਹੱਤਿਆ ਕਰਨ ਅਤੇ ਨਾ ਜਾਣੇ ਹੋਰ ਤਰ੍ਹਾਂ ਦੇ ਕਈ ਤਰੀਕੇ ਸੋਚਦਾ ਸੀ, ਇੱਕ ਇੱਕ ਨੂੰ ਆਪੇ ਰੱਦ ਕਰਦਾ ਜਾਂਦਾ ਸੀ ਅਤੇ ਵਾਹਿਗੁਰੂ ਦਾ ਨਾਂ ਲੈਂਦਾ ਸੀ, ਗੁਰੂ ਦੀ ਯਾਦ ਵਿਚ ਉੱਭੇ ਸਾਹ ਲੈਣ ਅਤੇ ਹੰਝੂ ਕੇਰਨ ਦੀ ਸ਼ੌਕਮਈ ਖੇਡ ਖੇਡ ਰਿਹਾ ਸੀ ਕਿ ਨੇੜੇ ਦੀ ਝੌਂਪੜੀ ਦਾ ਪੀਰ ਹੌਲੀ ਹੌਲੀ ਕਦਮ ਰਖਦਾ ਹੋਇਆ ਭਾਈ ਗੁਰਦਿੱਤਾ ਜੀ ਕੋਲ ਪਹੁੰਚ ਗਿਆ। ਉਸਦੀ ਅਤਿਅੰਤ ਸ਼ੋਕਮਈ ਹਾਲਤ ਵੇਖ ਕੇ ਰਹਿਮਾਨ ਦੀ ਸਹਾਇਤਾ ਨਾਲ ਉਸ ਪੀਰ ਭਾਈ ਨੂੰ ਸਹਾਰਾ ਦੇ ਕੇ ਆਪਣੀ ਝੌਂਪੜੀ ਵਿਚ ਲੈ ਆਇਆ।

ਪੀਰ ਕਰੀਮ ਬਖ਼ਸ਼ ਖੁਆਜਾ ਬਖ਼ਤਿਆਰ ਬਾਨੀ ਅਤੇ ਬਾਰਾ ਫ਼ਰੀਦ ਦੀ ਸ਼ਿਸ਼ ਪਰੰਪਰਾ ਵਿੱਚੋਂ ਇੱਕ ਸੂਫੀ ਮਹਾਤਮਾ ਸੀ। ਦਿੱਲੀ ਸ਼ਹਿਰ ਦੀਆਂ ਹੱਦਾਂ ਤੋਂ ਬਾਹਰ ਨਦੀ ਦੇ ਕੰਢੇ ਉਹਨਾਂ ਨੇ ਤਕੀਆ ਬਣਾਇਆ ਹੋਇਆ ਸੀ। ਇੱਕ ਛੋਟੀ ਜਿਹੀ ਝੌਂਪੜੀ ਸੀ, ਉਸੇ ਅੰਦਰ ਇੱਕ ਪਾਸੇ ਉਹਨਾਂ ਦੀ ਇਬਾਦਤਗਾਹ ਸੀ ਅਤੇ ਦੂਜੇ ਪਾਸੇ ਉੱਠਣ ਬੈਠਣ ਲਈ ਜਗ੍ਹਾ ਬਣੀ ਹੋਈ ਸੀ। ਪੀਰ ਸਾਹਿਬ ਸ਼ਾਗਿਰਦਾਂ ਨੂੰ ਝੌਂਪੜੀ ਤੋਂ ਬਾਹਰ ਹੀ ਮਿਲਦੇ ਅਤੇ ਅਧਿਆਤਮਕ ਵਿਚਾਰ ਵਟਾਂਦਰਾ ਕਰਦੇ ਸਨ। ਉਥੇ ਇੱਕ ਵੱਡੇ ਦਰੱਖਤ ਹੇਠਾਂ ਕਹੀ ਜ਼ਮੀਨ ਚੰਗੀ ਤਰ੍ਹਾਂ ਸਾਫ਼ ਸੁਥਰੀ ਬਣਾਈ ਹੋਈ ਸੀ, ਸ਼ਾਗਿਰਦ ਉਥੇ ਹੀ ਬਿਰਾਜਦੇ ਸਨ। ਭਾਈ ਗੁਰਦਿੱਤਾ ਜੀ ਨੂੰ ਲਿਆ ਕੇ ਉਹਨਾਂ ਉਥੇ ਹੀ ਬਿਠਾਇਆ ਅਤੇ ਪੀਰ ਸਾਹਿਬ ਦੇ ਕਹਿਣ ਉਤੇ ਹਫੇ ਹੋਏ ਭਾਈ ਨੇ ਕੁਝ ਪਾਣੀ ਪੀਤਾ। ਅਨੰਦਪੁਰ ਤੋਂ ਲੈ ਕੇ ਦਿੱਲੀ ਤੱਕ ਦੀ ਦੂਰੀ ਲਗਾਤਾਰ ਘੋੜੇ ਦੀ ਪਿੱਠ ਉਤੇ ਬੈਠ ਕੇ ਤਹਿ ਕੀਤੀ ਸੀ, ਥਕਾਵਟ ਕਰਕੇ ਵੈਸੇ ਵੀ ਮਨ ਕੁਝ ਸੋਚ ਨਹੀਂ ਸਕਦਾ ਸੀ, ਦੂਜੇ ਪਾਸੇ ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਗੁਰੂ ਜੀ ਦੀ ਸ਼ਹਾਦਤ ਦੇ ਪ੍ਰਤੱਖ ਚਿੰਨ੍ਹਾਂ ਨੇ ਉਸਨੂੰ ਨਿਰਬਲ ਕਰ ਦਿੱਤਾ ਸੀ। ਪਾਣੀ ਦੇ ਘੁੱਟ ਅੰਦਰ ਜਾਂਦਿਆ ਹੀ ਭਾਈ ਗੁਰਦਿੱਤਾ ਜੀ ਨੂੰ ਹੋਸ਼ ਜਿਹੀ ਆਈ ਅਤੇ ਉਹ ਧਾਹ ਮਾਰ ਕੇ ਰੋ ਪਿਆ। ਪੀਰ ਕਰੀਮ ਬਖ਼ਸ਼ ਕੋਲ ਬੈਠਾ ਸੀ, ਪੀੜਾ ਦੀ ਤੀਬਰਤਾ ਨੂੰ ਪਛਾਣ ਗਿਆ। ਹੰਝੂਆਂ ਦੇ ਨਾਲ ਕੁਝ ਮਨ ਦੀ ਭੜਾਸ ਨਿਕਲ ਜਾਵੇ ਤਾਂ ਚੰਗਾ ਹੋਵੇਗਾ, ਇਹ ਸੋਚ ਕੇ ਉਹ ਚੁੱਪਚਾਪ ਭਾਈ ਗੁਰਦਿੱਤਾ ਜੀ ਨੂੰ ਰੋਂਦਿਆਂ ਵਿਲਕਦਿਆਂ ਵੇਖਦਾ ਰਿਹਾ। ਹੰਝੂਆਂ ਦੇ ਭੰਡਾਰ ਖ਼ਾਲੀ ਹੋ ਗਏ, ਰੋਂਦਿਆਂ ਰੋਂਦਿਆਂ ਹਿਚਕੀ ਲੱਗ ਗਈ ਅਤੇ ਉਸਨੂੰ ਬੇਹੋਸ਼ੀ ਜਿਹੀ ਹੋਣ ਲੱਗ ਪਈ, ਤਾਂ ਫਿਰ ਕਰੀਮ ਬਖ਼ਸ਼ ਨੇ ਭਾਈ ਗੁਰਦਿੱਤਾ ਜੀ ਨੂੰ ਥੋੜਾ ਜਿਹਾ ਪਾਣੀ ਪਿਆ ਕੇ ਢਾਰਸ ਦੇਣੀ ਚਾਹੀ। ਗੁਰੂ ਦੀ ਬਲੀਦਾਨੀ ਅਤੇ ਗੁਰਦਿੱਤਾ ਜੀ ਦੇ ਦੁੱਖ ਦਾ ਸਪੱਸ਼ਟ ਸਬੰਧ ਪੀਰ ਨੂੰ ਸਮਝ ਆ ਗਿਆ ਸੀ। ਉਸ ਦੀਆਂ ਅੱਖਾਂ ਵੀ ਭਿੱਜ ਗਈਆਂ ਸਨ।

'ਤੇਰੇ ਅਫ਼ਸੋਸ ਦਾ ਕਾਰਨ ਕੀ ਹਕੂਮਤ ਦਾ ਜ਼ੁਲਮ ਹੈ ?' ਪੀਰ ਨੇ ਜਾਣ ਬੁੱਝ ਕੇ ਗੁਰੂ ਦੀ ਸਿੱਧੀ ਚਰਚਾ ਨਾ ਕਰਦਿਆਂ ਭਾਈ ਗੁਰਦਿੱਤਾ ਜੀ ਤੋਂ ਪੁੱਛਿਆ।'

'ਹਾਂ, ਮੇਰੇ ਹਮਦਰਦ', ਇੱਕ ਲੰਬੀ ਆਹ ਭਰਕੇ ਭਾਈ ਗੁਰਦਿੱਤਾ ਜੀ ਨੇ ਕਿਹਾ, 'ਅੱਜ ਮੈਨੂੰ ਮੇਰੇ ਹੱਕ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ। ਮੈਨੂੰ ਆਪਣੇ ਸਾਥੀਆਂ ਨਾਲ ਸ਼ਹੀਦ ਹੋਣ ਦਾ ਮੌਕਾ ਵੀ ਨਹੀਂ ਮਿਲ ਸਕਿਆ। ਭਾਈ ਗੁਰਦਿੱਤਾ ਜੀ ਨੇ ਹੰਝੂਆਂ ਦੀ ਛਹਿਬਰ ਨੂੰ ਰੋਕਣ ਦਾ ਅਸਫਲ ਯਤਨ ਕਰਦਿਆਂ ਆਖਿਆ।'

ਸਹਿਜ ਭਰੇ ਅਤੇ ਹਮਦਰਦੀ ਵਾਲੇ ਲਹਿਜੇ ਵਿਚ ਪੀਰ ਬੋਲਿਆ, 'ਕੀ ਤੁਹਾਡਾ ਇਸ਼ਾਰਾ ਹਿੰਦੂਆਂ ਦੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੱਲ ਹੈ ? ਸੁਣਿਆ ਹੈ ਕਿ ਬਾਦਸ਼ਾਹ ਨੇ ਗੁਰੂ ਜੀ ਅਤੇ ਉਹਨਾਂ ਦੇ ਤਿੰਨ ਸਾਥੀਆਂ ਨੂੰ ਬਿਨਾਂ ਕਿਸੇ ਕਾਰਣ ਦੇ ਬੇਰਹਿਮੀ ਨਾਲ ਕਤਲ ਕਰਵਾ ਦਿੱਤਾ ਹੈ।'

'ਹਾਂ', ਸਿਰ ਹਿਲਾਂਦਿਆਂ ਗੁਰਦਿੱਤਾ ਜੀ ਨੇ ਕਿਹਾ, 'ਚੌਥਾ ਬਦਨਸੀਬ ਸਾਥੀ ਮੈਂ ਹਾਂ, ਜਿਹੜਾ ਅਜੇ ਤੱਕ ਜ਼ਿੰਦਗੀ ਦਾ ਭਾਰ ਚੁੱਕੀ ਫਿਰਦਾਂ ਹਾਂ। ਮੇਰੇ ਤਿੰਨੋਂ ਸਾਥੀ ਭਾਗਾਂ ਵਾਲੇ ਸਨ, ਜਿਨ੍ਹਾਂ ਨੇ ਗੁਰੂਦੇਵ ਤੋਂ ਪਹਿਲਾਂ ਹੀ ਜਾਮ-ਏ-ਸ਼ਹਾਦਤ ਪੀ ਲਿਆ ਅਤੇ ਹੱਸਦੇ ਮੁਸਕੁਰਾਉਂਦੇ ਗੁਰੂ ਜੀ ਦੀ ਪਰਮ ਸ਼ਰਨ ਵਿੱਚ ਚਲੇ ਗਏ ਹਨ। ਇੱਕ ਮੈਂ ਹੀ ਅਭਾਗਾ ਹਾਂ ਕਿ ਹਮੇਸ਼ਾ ਸੇਵਾ ਵਿਚ ਰਹਿਣ ਉਤੇ ਵੀ ਆਖ਼ਰੀ ਵਕਤ ਸਾਥ ਨਹੀਂ ਨਿਭਾ ਸਕਿਆ ', ਭਾਈ ਗੁਰਦਿੱਤਾ ਜੀ ਦੇ ਨੇਤਰਾਂ ਵਿੱਚੋਂ ਦੁਬਾਰਾ ਹੰਝੂਆਂ ਦੀ ਬੁਛਾੜ ਹੋਣ ਲੱਗ ਗਈ।

'ਆਪਣੇ ਪਿਆਰਿਆਂ ਤੋਂ ਪਹਿਲਾਂ ਹੀ ਪ੍ਰਾਣ ਤਿਆਗ ਦੇਣੇ ਚਾਹੀਦੇ ਹਨ। ਕਿਉਂਕਿ ਪਿੱਛੋਂ ਜੀਣਾ ਫਜ਼ੂਲ ਹੈ', ਗੁਰਦਿੱਤਾ ਜੀ ਨੇ ਫਿਰ ਰੁਕ ਰੁਕ ਕੇ ਆਖਣਾ ਸ਼ੁਰੂ ਕੀਤਾ,

*'ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।'*

ਪੀਰ ਕਰੀਮ ਬਖ਼ਸ਼ ਭਾਈ ਗੁਰਦਿੱਤਾ ਜੀ ਦੇ ਇਹਨਾਂ ਸ਼ਬਦਾਂ ਨਾਲ ਬਹੁਤ ਪ੍ਰਭਾਵਿਤ ਹੋਇਆ ਮਰਨਾ ਵੀ ਕਿਸੇ ਲਈ ਖੁਸ਼ੀ ਦਾ ਮੌਕਾ ਹੋ ਸਕਦਾ ਹੈ -ਪੀਰ ਨੇ ਹੁਣ ਸਮਝਿਆ। ਗੁਰੂ ਅਤੇ ਸਿੱਖ ਦਾ ਪਿਆਰ ਅਤੇ ਦੇਸ਼ ਧਰਮ ਦੇ ਲਈ ਕੁਰਬਾਨ ਹੋ ਜਾਣ ਤੀ ਤੀਬਰ ਇੱਛਾ। ਪੀਰ ਨੂੰ ਇਹ ਨਿਸ਼ਾਨਾ ਚਮਤਕਾਰੀ ਗੱਲ ਲੱਗੀ। ਕੀਲਿਆ ਹੋਇਆ ਉਹ ਕੁਝ ਪਲ ਲਈ ਗੁਰਦਿੱਤਾ ਜੀ ਵੱਲ ਵੇਖਦਾ ਰਿਹਾ ਅਤੇ ਫਿਰ ਬੜੀ ਫੁਰਤੀ ਨਾਲ ਅੱਗੇ ਵਧ ਕੇ ਭਾਈ ਗੁਰਦਿੱਤਾ ਜੀ ਨੂੰ ਗਲੇ ਲਾ ਲਿਆ। ਗੁਰੂਆਂ ਅਤੇ ਪੀਰ ਦੇ ਵਡੇਰਿਆਂ ਦੇ ਆਪਸੀ ਸਨੇਹ-ਸਬੰਧ, ਅਧਿਆਤਮਕ ਚਰਚਾ ਅਤੇ ਈਸ਼ਵਰ ਦੇ ਗੁਣ ਗਾਇਨ-ਸਾਰੀਆਂ ਗੱਲਾਂ ਪੀਰ

ਨੂੰ ਯਾਦ ਆ ਗਈਆਂ। ਗਦ ਗਦ ਹੋ ਕੇ ਬੋਲਿਆ, 'ਪਰਮਾਤਮਾ ਕਦੇ ਮੁਆਫ਼ ਨਹੀਂ ਕਰੇਗਾ। ਜ਼ੁਲਮ ਦੀ ਸਜ਼ਾ ਬਾਦਸ਼ਾਹ ਨੂੰ ਮਿਲੇਗੀ, ਕੋਈ ਉਸਦੀ ਫਰਿਆਦ ਵੀ ਨਹੀਂ ਸੁਣੇਗਾ।'

ਹੁਣ ਤੱਕ ਰਹਿਮਾਨ ਤੋਂ ਇਲਾਵਾ ਪੀਰ ਕਰੀਮ ਬਖ਼ਸ਼ ਦੇ ਅਨੇਕਾਂ ਹੋਰ ਮੁਰੀਦ ਵੀ ਉਥੇ ਇੱਕਠੇ ਹੋ ਗਏ ਸਨ। ਉਹ ਚਾਂਦਨੀ ਚੌਕ ਦੀ ਭਿਅੰਕਰ ਘਟਨਾ ਨੂੰ ਪ੍ਰਤੱਖ ਵੇਖ ਕੇ ਆਏ ਸਨ। ਬੀਤੇ ਦਿਨੀਂ ਉਹਨਾਂ ਨੇ ਭਾਈ ਮਤੀ ਦਾਸ ਨੂੰ ਚੀਰੇ ਜਾਂਦੇ ਅਤੇ ਦੇਗ਼ ਵਿੱਚ ਉਬਲਦਿਆਂ ਵੀ ਵੇਖਿਆ ਸੀ, ਉਹਨਾਂ ਦੀ ਸ਼ਾਂਤ ਤੇ ਜੇਰੇ ਵਾਲੀ ਕੁਰਬਾਨੀ ਪੀਰ ਦੇ ਮੁਰੀਦਾਂ ਲਈ ਵੱਡਾ ਅਚੰਭਾ ਸੀ, ਚਮਤਕਾਰ ਸੀ ਅਤੇ ਹੁਣ ਬਾਦਸ਼ਾਹ ਦੀ ਪਕੜ ਤੋਂ ਬਚ ਕੇ ਜ਼ਿੰਦਗੀ ਪਾ ਲੈਣ ਵਾਲੇ ਵਿਅਕਤੀ ਦਾ ਮਰਨ ਦਾ ਮੌਕਾ ਖੁੰਝ ਜਾਣ ਪਿੱਛੋਂ ਤੜਪ ਵੇਖ ਕੇ ਉਹ ਦੰਦਾਂ ਹੇਠ ਉਗਲਾਂ ਦਿੱਤੀ ਖੜੇ ਸਨ। ਗੁਰੂ ਮਹਾਨ ਸਨ, ਉਹਨਾਂ ਦੇ ਚੇਲੇ ਮਹਾਨ ਸਨ। ਚਮਤਕਾਰੀ ਘਟਨਾ ਇਹ ਸੀ ਕਿ ਕਤਲ ਪਿੱਛੋਂ ਸਿਰ ਤੇ ਧੜ ਦੋਵੇਂ ਅਲੋਪ ਹੋ ਗਏ ਸਨ ਅਤੇ ਭਾਈ ਗੁਰਦਿੱਤਾ ਜੀ ਦੀ ਮੰਗ ਮਹਾਨ ਹੋਣ ਦੇ ਨਾਲ ਨਾਲ ਅਨੋਖੀ ਵੀ ਹੈ। 'ਉਹ ਕਿਉਂ ਨਹੀਂ ਮਰ ਸਕਿਆ ? ਉਸ ਨੂੰ ਮਰਨ ਦੇ ਅਧਿਕਾਰ ਤੋਂ ਕਿਉਂ ਵਾਂਝਿਆ ਰੱਖਿਆ ਗਿਆ ਹੈ ? ਉਹ ਇਸ ਗਲ ਨੂੰ ਮਾਲਕ ਦੀ ਦਇਆ ਨਾ ਮੰਨ ਕੇ ਆਪਣੇ ਕਿਸੇ ਗੁਨਾਹ ਦੀ ਸਜ਼ਾ ਸਮਝ ਰਿਹਾ ਹੈ- ਇਹ ਗੋਰਖ-ਧੰਦਾ ਉਸਦੀ ਸਮਝ ਵਿੱਚ ਨਹੀਂ ਸੀ ਆ ਰਿਹਾ।'

ਪੀਰ ਕਰੀਮ ਬਖ਼ਸ਼ ਨੇ ਹੁਣ ਭਾਈ ਗੁਰਦਿੱਤਾ ਜੀ ਨੂੰ ਬੜੇ ਪਿਆਰ ਨਾਲ ਅੰਨ ਗ੍ਰਹਿਣ ਕਰਨ ਵਾਸਤੇ ਬੇਨਤੀ ਕੀਤੀ ਪਰ ਗੁਰਦਿੱਤਾ ਜੀ, ਗੁਰੂ ਦਾ ਪਿਆਰਾ ਸਿੱਖ, ਅੰਨ ਖਾ ਕੇ ਜ਼ਿੰਦਾ ਨਹੀਂ ਰਹਿ ਸਕਦਾ। ਉਸ ਨੇ ਗੁਰੂ ਤੋਂ ਬਿਨਾਂ ਧਰਤੀ ਉਤੇ ਨਹੀਂ ਜੀਣਾ, ਉਸ ਸੰਕਲਪ ਕੀਤਾ ਹੈ ਕਿ ਉਹ ਮਰ ਜਾਵੇਗਾ। ਇੱਕ ਸੱਚੇ ਸਿੱਖ ਦੀ ਤਰ੍ਹਾਂ ਪਵਿੱਤਰ ਅੱਗ ਵਿੱਚ ਆਪਣੇ ਆਪ ਨੂੰ ਖਤਮ ਕਰ ਦੇਵੇਗਾ, ਜੀਵਨ ਵਿੱਚ ਉਪਰਾਮ ਹੋ ਕੇ ਮੌਤ ਨੂੰ ਆਵਾਜ਼ ਦੇਣੀ ਉਸਦਾ ਨਿਸ਼ਾਨਾ ਹੋਵੇਗਾ। ਪੀਰ ਦੇ ਅਨੇਕ ਵਾਰ ਸਮਝਾਉਣ ਤੇ ਮਿੰਨਤ ਤਰਲੇ ਕਰਨ ਉਤੇ ਵੀ ਭਾਈ ਗੁਰਦਿੱਤਾ ਜੀ ਨੇ ਅੰਨ ਖਾਣ ਤੋਂ ਇਨਕਾਰ ਕਰ ਦਿੱਤਾ।

ਪੀਰ ਅਤੇ ਉਸਦੇ ਮੁਰੀਦ ਇਸ ਦ੍ਰਿੜ੍ਹਤਾ ਉਤੇ ਬੜੇ ਪ੍ਰਭਾਵਤ ਹੋਏ ਸਨ। ਗੁਰੂ ਦੀ ਸੇਵਾ, ਪਿਆਰ ਅਤੇ ਉਸ ਉਤੋਂ ਆਤਮ-ਤਿਆਗ ਦਾ ਆਦਰਸ਼ ਉਹਨਾਂ ਲਈ ਸਿੱਖਿਆ ਲੈਣ ਵਾਲੀ ਗੱਲ ਸੀ। ਇਹ ਸਭ ਕੁਝ ਗੁਰੂ ਦੀ ਮਹਾਨਤਾ ਦਾ ਪ੍ਰਭਾਵ ਹੀ ਤਾਂ ਸੀ। ਉਹ ਗੁਰੂ ਦੀ ਮਹਾਨਤਾ ਦਾ ਪ੍ਰਭਾਵ ਹੀ ਤਾਂ ਸੀ। ਉਹ ਗੁਰੂ ਆਪਣੇ ਜੀਵਨ ਵਿੱਚ ਕਿਹੋ ਜਿਹਾ ਰਿਹਾ ਹੋਵੇਗਾ? ਇੱਕ ਪ੍ਰਸ਼ਨ-ਚਿੰਨ ਪੀਰ ਦੇ ਸਾਰੇ ਮੁਰੀਦਾਂ ਦੇ ਮਨ ਉਤੇ ਸਵਾਰ ਹੋ ਰਿਹਾ ਸੀ। ਅੱਜ ਉਹਨਾਂ ਨੇ ਗੁਰੂ ਨੂੰ ਮਰਦਿਆਂ ਵੇਖਿਆ ਸੀ, ਜਿਸਦੀ ਮੌਤ ਨੇ ਉਹਨਾਂ ਦੇ ਜੀਵਨ ਆਦਰਸ਼ਾਂ ਨੂੰ ਬਦਲ ਦਿੱਤਾ ਸੀ। ਉਸਦੀ ਪਵਿੱਤਰ ਜੀਵਨ-ਕਥਾ ਕੀ ਹੋਵੇਗੀ। ਜੇਕਰ ਉਹ ਜੀਵਨ ਵਿੱਚ

ਉਸਦੀ ਨੇੜਤਾ ਪਾ ਲੈਂਦੇ, ਤਾਂ ਉਹ ਅੱਜ ਸਚਮੁੱਚ ਸੋਨਾ ਬਣ ਗਏ ਹੁੰਦੇ। ਇਸ ਅਨੌਖੇ ਚਮਤਕਾਰ ਤੋਂ ਪ੍ਰੇਰਿਤ ਹੋ ਕੇ ਪੀਰ ਕਰੀਮ ਬਖ਼ਸ਼ ਦੇ ਇੱਕ ਮੁਰੀਦ ਨੇ ਉਸ ਨੂੰ ਆਖਿਆ, "ਹਜ਼ੂਰ ਅਸੀਂ ਗੁਰੂ ਜੀ ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋਏ ਹਾਂ, ਕਾਸ਼! ਇਹ ਸਾਹਿਬ ਸਾਨੂੰ ਉਹਨਾਂ ਦੇ ਜੀਵਨ ਚਰਿੱਤਰ ਤੋਂ ਜਾਣੂ ਕਰਵਾ ਸਕੇ। ਅੱਜ ਉਹਨਾਂ ਦੀ ਮੌਤ ਨੇ ਜੀਵਨ ਪ੍ਰਤੀ ਸਾਡਾ ਨਜ਼ਰੀਆ ਬਦਲ ਦਿੱਤਾ ਹੈ, ਉਸ ਮਹਾਨ ਗੁਰੂ ਦੀ ਜ਼ਿੰਦਗੀ ਬਾਰੇ ਜਾਣਕਾਰੀ ਕਿੰਨੀ ਅਨੰਦਦਾਇਕ ਹੋਵੇਗੀ।"

ਇਸ ਹੱਦ ਤੱਕ ਸੱਚਾਈ ਦਾ ਪਿਆਰ ਮਨੁੱਖ ਨੂੰ ਖੁਦਾ ਬਣਾ ਸਕਦਾ ਹੈ, ਇਹ ਧਰਮ ਦੀ ਕਹਾਣੀ ਜਾਣਨ ਦੀ ਇੱਛਾ ਹੈ, ਪੀਰ ਦਾ ਦੂਜਾ ਮੁਰੀਦ ਬੋਲਿਆ।

ਪੀਰ ਸਾਹਿਬ ਦੇ ਚਿਹਰੇ ਉਤੇ ਖੁਸ਼ੀ ਨਾਲ ਚਮਕ ਆ ਗਈ। ਸਚਮੁੱਚ ਗੁਰੂ ਜੀ ਸਾਰੇ ਸੰਸਾਰ ਦੇ ਗੁਰੂ ਸਨ। ਉਹਨਾਂ ਦਾ ਜੀਵਨ ਰੱਬ ਦੇ ਪਿਆਰਿਆਂ ਲਈ ਚਾਨਣ ਮੁਨਾਰਾ ਹੈ, ਸੂਰਜ ਦੀ ਉਹ ਕਿਰਨ ਹੈ ਜਿਹੜੀ ਰੌਸ਼ਨੀ ਦੇ ਨਾਲ ਨਾਲ ਜ਼ਿੰਦਗੀ ਦੀਆਂ ਬਰਕਤਾਂ ਵੀ ਵੰਡਦੀ ਹੈ। ਭਾਈ ਗੁਰਦਿੱਤਾ ਜੀ ਉਹਨਾਂ ਸਾਹਮਣੇ ਹੀ ਆਪਣੇ ਗੁਰੂ ਦੀ ਯਾਦ ਵਿਚ ਲੀਨ, ਮੁਰਸ਼ਦ ਤੇ ਮੁਰੀਦ ਦੀ ਆਪਸੀ ਗੱਲਬਾਤ ਤੋਂ ਬੇਖ਼ਬਰ, ਕੁਝ ਗੁਆਚਾ ਗੁਆਚਾ ਜਿਹਾ ਬੈਠਾ ਸੀ। ਪੀਰ ਨੇ ਅੱਗੇ ਵਧ ਕੇ ਉਸਦਾ ਹੱਥ ਪਕੜ ਲਿਆ ਅਤੇ ਕਿਹਾ -

'ਭਾਈ ਬੰਧੂ, ਜਿਸ ਮਹਾਨ ਗੁਰੂ ਦੀਆਂ ਯਾਦਾਂ ਵਿੱਚ ਤੁਸੀਂ ਹਮੇਸ਼ਾ ਲਈ ਗੁਆਚ ਜਾਣਾ ਚਾਹੁੰਦੇ ਹੋ, ਉਸਨੂੰ ਅਸੀਂ ਵੀ ਸਤਿਕਾਰ ਵਜੋਂ ਨਮਸਕਾਰ ਕਰਦੇ ਹਾਂ ਪਰ ਕੀ ਤੁਸੀਂ ਇੰਜ ਹੀ ਬਿਨਾਂ ਖਾਧੇ ਪੀਤੇ ਕੁਰਬਾਨੀ ਦੇਣ ਦੀ ਠਾਣੀ ਹੋਈ ਹੈ ?'

'ਮੈਨੂੰ ਇਸ ਵਿਚ ਹੀ ਸੁਖ ਮਿਲਦਾ ਹੈ ', ਭਾਈ ਗੁਰਦਿੱਤਾ ਜੀ ਨੇ ਜਿਵੇਂ ਕਿਸੇ ਡੂੰਘਾਈ ਵਿੱਚ ਉਭਰਦਿਆਂ ਕਿਹਾ।

'ਪਰ ਤੁਸੀਂ ਇਸ ਤਪੱਸਿਆ ਨੂੰ ਸਦਮੇ ਦੀ ਬਜਾਏ ਖੁਸ਼ੀ ਦੇ ਪਲਾਂ ਵਿੱਚ ਵੀ ਤਾਂ ਬਦਲ ਸਕਦੇ ਹੋ। ਘੁਲ ਘੁਲ ਕੇ ਮਰਨ ਦੀ ਬਜਾਏ ਆਪਣੇ ਗੁਰੂ ਦੀ ਉਸਤਤੀ ਵਿੱਚ ਕੁਝ ਦੱਸੋ। ਵੇਖੋ ਇਹ ਸਾਰੇ ਲੋਕ ਗੁਰੂ ਜੀ ਦੀ ਜੀਵਨ ਕਥਾ ਸੁਣਨ ਲਈ ਕਿੰਨੇ ਉਤਾਵਲੇ ਹਨ', ਪੀਰ ਨੇ ਭਾਈ ਗੁਰਦਿੱਤਾ ਜੀ ਨੂੰ ਉਕਸਾਉਂਦਿਆਂ ਆਖਿਆ।

ਭਾਈ ਗੁਰਦਿੱਤਾ ਜੀ ਦੀਆਂ ਅੱਖਾਂ ਚਮਕ ਉੱਠੀਆਂ। ਚਿਹਰੇ ਤੋਂ ਅਫ਼ਸੋਸ ਦਾ ਪਰਛਾਵਾਂ ਹੌਲੀ ਹੌਲੀ ਮਿਟਣ ਲਗ ਪਿਆ, ਉਸਦੇ ਸਾਹਮਣੇ ਜਿਵੇਂ ਜ਼ਿੰਦਗੀ ਦੇ ਬਾਕੀ ਦਿਨਾਂ ਲਈ ਟੀਚਾ ਨਿਸ਼ਚਿਤ ਹੋ ਗਿਆ ਹੋਵੇ। ਠੀਕ ਤਾਂ ਹੈ, ਉਸ ਨੇ ਪਵਿੱਤਰ ਅੱਗ ਭਾਵ ਵਿਵੇਕ ਤੇ ਸਾਧਨਾਂ ਰਾਹੀਂ ਆਤਮ ਤਿਆਗ ਭਰਨਾ ਹੈ। ਘਾਹ ਫੂਸ ਤੇ ਲੱਕੜੀ ਨਾਲ ਲੱਗ ਜਾਣ ਵਾਲੀ

ਅੱਗ ਵਿਚ ਸੜ ਕੇ ਆਤਮ ਹੱਤਿਆ ਨਹੀਂ ਕਰਨੀ, ਸਮਾਂ ਬਤੀਤ ਕਰਨ ਦਾ ਇਸ ਤੋਂ ਚੰਗਾ ਤਰੀਕਾ ਕੀ ਹੋਵੇਗਾ ਕਿ ਮਰਨ ਦੀ ਬਜਾਏ ਆਪਣੇ ਗੁਰੂ ਦੀ ਜੀਵਨ ਕਥਾ ਕਹਿਣ ਸੁਣਨ ਵਿੱਚ ਪ੍ਰੇਮ ਨਾਲ ਮਗਨ ਰਹੇ। ਇਹ ਵਿਚਾਰ ਮਨ ਵਿੱਚ ਆਉਣ ਸਾਰ ਉਹ ਖਿੜ ਗਿਆ। ਉਸਨੂੰ ਮਹਿਸੂਸ ਹੋਇਆ ਕਿ ਸ਼ਾਇਦ ਇਹ ਕੰਮ ਪੂਰਾ ਕਰਨ ਵਾਸਤੇ ਹੀ ਗੁਰੂ ਜੀ ਨੇ ਉਸਨੂੰ ਆਪਣੇ ਸਾਥ ਵਿਚੋਂ ਕੁਝ ਸਮੇਂ ਲਈ ਵੱਖ ਕਰ ਦਿੱਤਾ ਹੋਵੇਗਾ। ਇਹ ਕੰਮ ਆਤਮ ਹੱਤਿਆ ਨਾਲੋਂ ਜ਼ਿਆਦਾ ਉਸ ਦਾ ਮਰਨਾ ਸੌਖਾ ਕਰ ਦੇਵੇਗਾ ਅਤੇ ਉਹ ਲਗਾਤਾਰ ਗੁਰੂ ਜੀ ਦੀ ਯਾਦ ਵਿੱਚ ਲੀਨ ਰਹਿ ਕੇ ਆਪਣੇ ਪ੍ਰਾਣ ਤਿਆਗ ਸਕੇਗਾ। ਗੁਰੂ ਜੀ ਦੀ ਯਾਦ ਵਿੱਚ ਬਹਿਬਲ ਹੋਏ ਭਾਈ ਨੇ ਪੀਰ ਕਰੀਮ ਬਖ਼ਸ਼ ਨੂੰ ਕਿਹਾ, ਆਪ ਦੀ ਸਲਾਹ ਮੇਰੇ ਸਿਰ ਅੱਖਾਂ ਉਤੇ। ਆਪ ਦਾ ਇਹ ਮੇਰੇ ਉਤੇ ਦੂਜਾ ਅਹਿਸਾਨ ਹੋਵੇਗਾ। ਇਹਨਾਂ ਸਭ ਨੂੰ ਮੈਂ ਗੁਰੂ ਜੀ ਦੀ ਉਸਤਤੀ ਦੱਸਾਂਗਾ, ਉਹਨਾਂ ਚਰਿੱਤਰ ਦਸਦਿਆਂ ਦਸਦਿਆਂ ਮੇਰੀ ਮੌਤ ਵੀ ਸਫਲ ਹੋ ਜਾਵੇਗੀ।'

ਪੀਰ ਅਤੇ ਉਸਦੇ ਮੁਰੀਦ ਇਸ ਸਹਿਮਤੀ ਉਤੇ ਖ਼ੁਸ਼ੀ ਨਾਲ ਝੂਮ ਉੱਠੇ। ਉਹ ਕਿਹੜੇ ਸੰਸਕਾਰ ਸਨ, ਕਿਹੜੀਆਂ ਉਪਲਬੀਆਂ ਸਨ, ਕਿਹੜੇ ਰਹੱਸ ਸਨ ਅਤੇ ਕਿਹੜੀ ਸ਼ਕਤੀ ਸੀ, ਜਿਨ੍ਹਾਂ ਸਭ ਨੇ ਗੁਰੂ ਜੀ ਨੂੰ ਪਰਉਪਕਾਰ ਕਰਨ ਦੇ ਮਨੋਰਥ ਨਾਲ ਸ਼ਹਾਦਤ ਦੇਣ ਲਈ ਪ੍ਰੇਰਿਆ ਸੀ ਅਤੇ ਇਹ ਗੁਰੂ ਦਾ ਸਿੱਖ ਕਿਸ ਕਸ਼ਿਸ਼ ਦਾ ਖਿੱਚਿਆ ਹੋਇਆ ਮਰ ਕੇ ਖੁਸ਼ੀ ਪ੍ਰਾਪਤ ਕਰਨਾ ਚਾਹੁੰਦਾ ਹੈ -ਇਹ ਭੇਦ ਜਾਣਨ ਦੀ ਆਸ ਨਾਲ ਹੀ ਉਹਨਾਂ ਦੇ ਚਿਹਰਿਆਂ ਉਤੇ ਖੇੜਾ ਆ ਗਿਆ ਸੀ। ਕਰੀਮ ਬਖ਼ਸ਼ ਨੇ ਆਪ ਹੀ ਭਾਈ ਗੁਰਦਿੱਤਾ ਜੀ ਨੂੰ ਨਿਮਰਤਾ ਨਾਲ ਬੇਨਤੀ ਕੀਤੀ ਉਹ ਬਹੁਤ ਥੱਕੇ ਹੋਏ ਹਨ, ਅੱਜ ਦਾ ਬਾਕੀ ਸਮਾਂ ਉਹ ਗੁਰੂ ਚਰਨਾਂ ਵਿੱਚ ਧਿਆਨ ਟਿਕਾ ਕੇ ਆਰਾਮ ਕਰ ਲੈਣ, ਅਗਲੇ ਦਿਨਾਂ ਤੋਂ ਯਾਦਾਂ ਦੀਆਂ ਜੋਤਾਂ ਜਗਾਉਣਾ ਉਚਿੱਤ ਹੋਵੇਗਾ।

ਪੀਰ ਕਰੀਮ ਬਖ਼ਸ਼ ਦੇ ਮੁਰੀਦਾਂ ਦੀ ਮੰਡਲੀ ਸਵੇਰ ਤੋਂ ਹੀ ਵੱਡੇ ਬੋਹੜ ਹੇਠਾਂ ਇਕੱਤਰ ਹੋ ਗਈ ਸੀ। ਪੀਰ ਆਪ ਵੀ ਇਬਾਦਤ ਤੋਂ ਫਾਰਗ ਹੋ ਕੇ ਉਥੇ ਆ ਬੈਠਾ ਸੀ। ਭਾਈ ਗੁਰਦਿੱਤਾ ਜੀ ਨਿੱਤ ਕਰਮ ਤੋਂ ਵਿਹਲੇ ਹੋ ਕੇ ਇਸ਼ਨਾਨ ਕਰਨ ਵਾਸਤੇ ਨਦੀ ਤੇ ਚਲਾ ਗਿਆ ਸੀ ਅਤੇ ਉਹ ਸਾਰੇ ਲੋਕ ਬੜੀ ਬੇਸਬਰੀ ਨਾਲ ਉਸਦਾ ਰਾਹ ਵੇਖ ਰਹੇ ਸਨ। ਉਸ ਵਕਤ ਰਹਿਮਾਨ ਬੋਲਿਆ, 'ਮਜ਼ਹਬ ਨੇ ਸਾਡੇ ਬਾਦਸ਼ਾਹ ਨੂੰ ਅੰਨ੍ਹਾ ਬਣਾ ਦਿੱਤਾ ਹੈ। ਕਿਹੜੀ ਸ਼ਰੀਅਤ ਕਹਿੰਦੀ ਹੈ ਕਿ ਤਲਵਾਰ ਦੇ ਜ਼ੋਰ ਨਾਲ ਧਰਮ ਵਿੱਚ ਵਾਧਾ ਕੀਤਾ ਜਾਵੇ ?'

'ਤੁਸੀਂ ਠੀਕ ਕਹਿੰਦੇ ਹੋ ਰਹਿਮਾਨ', ਪੀਰ ਨੇ ਆਖਿਆ, 'ਪਰ ਬਾਦਸ਼ਾਹ ਆਲਮਗੀਰ ਦੇ ਹਕੂਮਤ ਵਿੱਚ ਅਕਲ ਦੀ ਕਿੱਥੇ ਜਗ੍ਹਾ ਹੈ ? ਕੁਝ ਪਾਜੀ ਤੇ ਖੁਦਗ਼ਰਜ਼ ਕਾਜ਼ੀਆਂ ਤੇ ਮੌਲਵੀਆਂ ਨੇ ਉਸਦਾ ਦਿਮਾਗ ਖਰਾਬ ਕੀਤਾ ਹੋਇਆ ਹੈ।'

'ਹਿੰਦੂ ਤੇ ਮੁਸਲਮਾਨ ਵਿਚਕਾਰ ਇਸ ਤਰ੍ਹਾਂ ਅੰਤਰ ਕੀਤਾ ਜਾ ਰਿਹਾ ਹੈ, ਜਿਵੇਂ ਦੋਹਾਂ ਦੇ ਖ਼ੂਨ ਵਿੱਚ ਰੰਗ ਦਾ ਫਰਕ ਹੋਵੇ' ਇੱਕ ਮੁਰੀਦ ਨੇ ਕਿਹਾ, 'ਜਿਸ ਗੁਰੂ ਦੇ ਬਜ਼ੁਰਗ ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ ਦਾ ਦਾਅਵਾ ਕਰਦੇ ਰਹੇ, ਉਸਨੂੰ ਕੇਵਲ ਹਿੰਦੂਆਂ ਦਾ ਪੈਗੰਬਰ ਮੰਨ ਕੇ ਮੌਤ ਦੀ ਸਜ਼ਾ ਦੇਣਾ ਤਾਂ ਮੁਸਲਮਾਨ ਵਿਚਾਰਧਾਰਾ ਦਾ ਨਿਰਾਦਰ ਹੈ।'

'ਗੁਰੂ ਤੇਗ ਬਹਾਦਰ ਜੀ ਲਈ ਮੁਸਲਮਾਨਾਂ ਦੇ ਦਿਲ ਵਿੱਚ ਵੀ ਉਨੀ ਹੀ ਇੱਜ਼ਤ ਹੈ, ਜਿੰਨੀ ਹਿੰਦੂਆਂ ਦੇ ਮਨ ਵਿੱਚ। ਬੇਇਨਸਾਫ਼ੀ ਦੀ ਨੀਂਹ ਉਤੇ ਖਲੋਤੀ ਇਹ ਹਕੂਮਤ ਜ਼ਿਆਦਾ ਟਿਕ ਨਹੀਂ ਸਕਦੀ, ' ਰਹਿਮਾਨ ਨੇ ਸੰਤਾਪ ਭਰੇ ਸ਼ਬਦਾਂ ਵਿੱਚ ਕਿਹਾ। ਉਸ ਦੀਆਂ ਅੱਖਾਂ ਵਿੱਚ ਕਰੋਧ ਤੇ ਘਿਰਣਾ ਦੇ ਭਾਵ ਸਪੱਸ਼ਟ ਤੌਰ ਤੇ ਝਲਕ ਰਹੇ ਸਨ। 'ਹੁਣ ਤਾਂ, ਪੀਰ ਸਾਹਿਬ, ਤੁਸੀਂ ਕੋਈ ਕਰਾਮਾਤ ਵਿਖਾਓ। ਰੱਬ ਨਾਲ ਪਿਆਰ ਕਰਨ ਵਾਲੇ ਇਹ ਮਜ਼ਹਬੀ ਬਾਂਦਰ ਵੱਡਾ ਨਹੀਂ ਖਾ ਸਕਦੇ। '

'ਤੁਸੀਂ ਠੀਕ ਕਹਿੰਦੇ ਹੋ ਰਹਿਮਾਨ', ਪੀਰ ਬੋਲਿਆ, 'ਪਰ ਕਰਾਮਾਤ ਈਸ਼ਵਰੀ ਇੱਛਾ ਦਾ ਵਿਰੋਧ ਹੈ, ਗੁਨਾਹ ਹੈ। ਪਰਮਾਤਮਾ ਆਪ ਗੁਨਾਹਾਂ ਦੀ ਸਜ਼ਾ ਦਿੰਦਾ ਹੈ, ਔਰੰਗਜ਼ੇਬ ਨੂੰ ਵੀ ਵਕਤ ਆਉਣ ਤੇ ਜ਼ਰੂਰ ਸਜ਼ਾ ਮਿਲੇਗੀ।'

ਇਹ ਗੱਲਾਂ ਚੱਲ ਹੀ ਰਹੀਆਂ ਸਨ ਕਿ ਭਾਈ ਗੁਰਦਿੱਤਾ ਜੀ ਨਦੀ ਵਲੋਂ ਆਉਂਦੇ ਦਿਸ ਗਏ। ਉਹਨਾਂ ਦੀ ਰਫ਼ਤਾਰ ਵਿੱਚ ਕੁਝ ਕਮਜ਼ੋਰੀ ਮਹਿਸੂਸ ਹੋ ਰਹੀ ਸੀ। ਅਨੰਦਪੁਰ ਤੋਂ ਚੱਲਣ ਪਿੱਛੋਂ ਹੁਣ ਤੱਕ ਉਹਨਾਂ ਨੇ ਅੰਨ ਨਹੀਂ ਖਾਧਾ ਸੀ। ਪੀਰ ਦੀ ਬੇਨਤੀ ਵੀ ਉਹਨਾਂ ਨੇ ਬੀਤੇ ਦਿਨ ਠੁਕਰਾ ਦਿੱਤੀ ਸੀ ਅਤੇ ਹੁਣ ਪੱਕਾ ਇਰਾਦਾ ਕਰ ਲਿਆ ਸੀ ਕਿ ਉਹ ਅੰਨ ਖਾਣ ਤੋਂ ਬਿਨਾਂ ਹੀ ਜੀਵਨ ਤਿਆਗ ਦੇਣਗੇ। ਭਾਈ ਦੀ ਇਹ ਪ੍ਰਤਿਗਿਆ ਪੀਰ ਅਤੇ ਉਸਦੀ ਮੁਰੀਦ ਮੰਡਲੀ ਨੂੰ ਹੋਰ ਵੀ ਹੈਰਾਨ ਕਰ ਰਹੀ ਸੀ।

ਹੌਲੀ ਹੌਲੀ ਕਦਮ ਪੁੱਟਦੇ ਹੋਏ ਭਾਈ ਗੁਰਦਿੱਤਾ ਜੀ ਰੱਬ ਦੇ ਪਿਆਰਿਆਂ ਦੇ ਇਕੱਠ ਵਿੱਚ ਆ ਬੈਠਾ। ਸਾਰੇ ਬਹੁਤ ਚੌਕੰਨੇ ਹੋ ਗਏ। 'ਰਾਤ ਦਾ ਤੀਸਰਾ ਪਹਿਰ ਸ਼ੁਰੂ ਹੋ ਗਿਆ ਸੀ, ਸਵੇਰ ਦੇ ਸੂਚਕ ਸਿਤਾਰਿਆਂ ਦੀ ਲੋਅ ਖਤਮ ਹੁੰਦੀ ਜਾ ਰਹੀ ਸੀ, ਪਰਮਾਤਮਾ ਨੂੰ ਪਿਆਰ ਕਰਨ ਵਾਲੇ ਮਨੁੱਖ ਬਿਸਤਰੇ ਛੱਡ ਕੇ ਆਪੋ ਆਪਣੇ ਇਸ਼ਟ ਦੇ ਧਿਆਨ ਵਿੱਚ ਮਗਨ ਸਨ। ਸਿੱਖ ਸੰਗਤ ਸ੍ਰੀ ਹਰਿਮੰਦਰ ਸਾਹਿਬ ਵਲ ਜਾਣ ਲੱਗ ਪਈ ਸੀ। ਅੰਮ੍ਰਿਤਸਰ ਸ਼ਹਿਰ ਦੇ ਲੋਕ ਪਹੁ ਫੁਟਦੇ ਹੀ ਅਕਾਲ ਤਖ਼ਤ ਸਾਹਮਣੇ ਨਮਸਕਾਰ ਕਰਦੇ ਹਨ ਅਤੇ ਗੁਰਬਾਣੀ ਦਾ ਪਾਠ ਸੁਣਦੇ ਹਨ। ਉਸ ਦਿਨ ਵੀ ਲੋਕ ਸ੍ਰੀ ਹਰਿਮੰਦਰ ਸਾਹਿਬ ਆਉਣ ਜਾਣ ਲੱਗੇ ਸਨ। ਮੇਰੇ ਪੜਦਾਦਾ ਬਾਬਾ ਬੁੱਢਾ ਜੀ ਉਦੋਂ ਗੁਰੂ ਘਰ ਦੇ ਮੁਖਤਿਆਰ ਵੀ ਸਨ ਅਤੇ ਗੁਰਬਾਣੀ

ਪਾਠ ਲਈ ਪਹਿਲੇ ਗ੍ਰੰਥੀ ਵੀ ਨਿਯੁਕਤ ਕੀਤੇ ਗਏ ਸਨ। ਪੋਥੀ ਸਾਹਿਬ ਦੇ ਸੰਪਾਦਕ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਆਪ ਉਹਨਾਂ ਨੂੰ ਇਸ ਕੰਮ ਉਤੇ ਲਾਇਆ ਸੀ। ਬਾਬਾ ਬੁੱਢਾ ਜੀ ਨੇ ਆਸਾ ਰਾਗ ਤੋਂ ਬਾਣੀ ਦਾ ਪਾਠ ਆਰੰਭ ਕੀਤਾ। ਬਾਬਰ ਅਤੇ ਅਬਦੁਲ ਨੇ ਵਾਦਕ ਯੰਤਰ ਸੰਭਾਲੇ ਅਤੇ ਕੀਰਤਨ ਸ਼ੁਰੂ ਹੋ ਗਿਆ। ਗੁਰਸਿੱਖ ਆਉਂਦੇ, ਗੁਰੂ ਜੀ ਅਤੇ ਪੋਥੀ ਸਾਹਿਬ ਸਾਹਮਣੇ ਸੀਸ ਝੁਕਾਉਂਦੇ ਅਤੇ ਸ਼ਾਂਤ ਭਾਵ ਚੁੱਪਚਾਪ ਸੰਗਤ ਵਿੱਚ ਬੈਠ ਜਾਂਦੇ ਅਤੇ ਕੀਰਤਨ ਸੁਣਨ ਲਗ ਪੈਂਦੇ। ਪਰਮਾਤਮਾ ਦੇ ਪ੍ਰੇਮ ਵਿੱਚ ਲੀਨ ਹੋਏ ਗੁਰੂ ਦਾ ਧਿਆਨ ਕਰਦੇ। ਇੱਕ ਅਲੌਕਿਕ, ਅਧਿਆਤਮਕ ਤੇ ਨਿਰਮਲ ਵਾਤਾਵਰਣ ਚਾਰੋ ਪਾਸੇ ਪਸਰਿਆ ਹੋਇਆ ਸੀ। ਉਸ ਵਕਤ ਗੁਰੂ ਘਰ ਦੇ ਇੱਕ ਖਾਸ ਵਿਅਕਤੀ ਦੀਵਾਨ ਵਿੱਚ ਆ ਕੇ ਗੁਰੂ ਜੀ ਅਤੇ ਬਾਬਾ ਬੁੱਢਾ ਜੀ ਨੂੰ ਕੁਝ ਸੂਚਨਾ ਦੇ ਕੇ ਪਰਤ ਗਿਆ।

'ਕੀਰਤਨ ਸਮਾਪਤ ਹੋਇਆ। ਬਾਬਾ ਬੁੱਢਾ ਜੀ ਨੇ ਹਾਜ਼ਰ ਸਾਧ-ਸੰਗਤ ਨੂੰ ਸੰਬੋਧਨ ਕਰਕੇ ਗੁਰੂ ਹਰਿਗੋਬਿੰਦ ਜੀ ਦੇ ਪੰਜਵੇਂ ਸਪੁੱਤਰ ਦੇ ਪੈਦਾ ਹੋਣ ਦੀ ਖੁਸ਼ਖ਼ਬਰੀ ਸੁਣਾਈ। ਇਹ ਸੁਣਨ ਸਾਰ ਹੀ ਬਾਲਕ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਮਾਤਮਾ ਦੇ ਸ਼ੁਕਰਾਨੇ ਵਜੋਂ ਸ਼ਬਦ ਦਾ ਗਾਇਨ ਆਰੰਭ ਦਿੱਤਾ:

*ਸਤਿਗੁਰ ਸਾਚੈ ਦੀਆ ਭੇਜਿ। ਚਿਰੁਜੀਵਨ ਉਪਜਿਆ ਸੰਜੋਗਿ ॥*
*ਉਦਰੈ ਮਾਹਿ ਆਇ ਕੀਆ ਨਿਵਾਸੁ। ਮਾਤਾ ਕੈ ਮਨਿ ਬਹੁਤੁ ਬਿਗਾਸੁ ॥*
*ਜੰਮਿਆ ਪੂਤੁ ਭਗਤੁ ਗੋਵਿੰਦ ਕਾ। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥*
*ਗੁਝੀ ਛੰਨੀ ਨਾਹੀ ਬਾਤ। ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥ ਰਹਾਉ ॥*

'ਮੈਂ ਇਹ ਗੱਲਾਂ ਆਪਣੇ ਪਿਤਾ ਤੋਂ ਸੁਣੀਆਂ ਸਨ। ਸੁਣ ਕੇ ਮੈਨੂੰ ਰੋਮਾਂਚ ਹੋ ਆਇਆ ਸੀ। ਮਾਤਾ ਨਾਨਕੀ ਜੀ ਦੀ ਕੁੱਖ ਤੋਂ ਪੁੱਤਰ ਨਹੀਂ, ਪ੍ਰਤੱਖ ਬ੍ਰਹਮ ਦੀ ਜੋਤ ਉਤਪੰਨ ਹੋਈ ਸੀ। ਸਾਰੇ ਭੈਣ ਭਰਾ ਖ਼ੁਸ਼ ਸਨ, ਵਧਾਈਆਂ ਦਿੱਤੀਆਂ ਗਈਆਂ। ਸਾਰੇ ਸ਼ਹਿਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਗੁਰਸਿੱਖ ਖਿੜ ਗਏ। ਹਰ ਪਾਸੇ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਸੀ। ਗੁਰੂ ਹਰਿਗੋਬਿੰਦ ਜੀ, ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਤੋਂ ਘਰ ਪਹੁੰਚੇ। ਡਿਉਢੀ ਵਿੱਚ ਹੀ ਨੇਕ ਸੁਭਾ ਵਾਲੀ ਪੁੱਤਰੀ ਬੀਬੀ ਵੀਰੋ ਨੇ ਦੌੜ ਕੇ ਗੁਰੂ ਜੀ ਨੂੰ ਛੋਟੇ ਭਰਾ ਦੇ ਆਗਮਨ ਦੀ ਗੱਲ ਦੱਸੀ। ਗੁਰੂ ਜੀ ਨੇ ਬੜੇ ਪਿਆਰ ਨਾਲ ਪੁੱਤਰੀ ਦੇ ਸਿਰ ਉਤੇ ਹੱਥ ਫੇਰਿਆ ਅਤੇ ਅੰਦਰ ਦੀਵਾਨਖ਼ਾਨੇ ਵਿੱਚ ਚਲੇ ਗਏ। ਬਾਬਾ ਬੁੱਢਾ ਜੀ ਗੁਰੂ ਘਰ ਦੇ ਮੁਖਤਿਆਰ ਸਨ, ਬੱਚੇ ਨੂੰ ਵੇਖਣ ਤੇ ਆਸ਼ੀਰਵਾਦ ਦੇਣ ਲਈ ਉਹਨਾਂ ਇਸ਼ਾਰਾ ਕੀਤਾ ਅਤੇ ਝੱਟ ਹੀ ਬੀਬੀ ਵੀਰੋ ਮਾਤਾ ਪਾਸੋਂ ਜ਼ਿੱਦ ਕਰਕੇ ਨਵੇਂ ਜੰਮੇ ਬੱਚੇ ਨੂੰ ਜ਼ਬਰਦਸਤੀ ਚੁੱਕ ਕੇ ਲੈ ਆਈ। ਆਹਾ, ਕਿੰਨਾ ਨੂਰ ਸੀ ਬੱਚੇ ਦੇ ਮੁੱਖ ਉਤੋਂ ', ਭਾਈ ਗੁਰਦਿੱਤਾ ਜੀ ਅੰਤਰ-ਦ੍ਰਿਸ਼ਟੀ ਨਾਲ ਉਸ ਦੈਵੀ ਰੂਪ ਦਾ ਦਰਸ਼ਨ ਕਰਨ ਲੱਗ ਪਿਆ ਸੀ। ਖਿਆਲਾਂ ਵਿਚ

ਗੁਆਚਿਆ ਹੋਇਆ ਬੋਲਿਆ, 'ਮੇਰੇ ਪਿਤਾ ਦੱਸਿਆ ਕਰਦੇ ਸਨ ਕਿ ਬੀਬੀ ਵੀਰੋ ਦੀ ਗੋਦ ਵਿਚ, ਜਿਸ ਨੇ ਵੀ ਉਸ ਬੱਚੇ ਨੂੰ ਦੇਖਿਆ, ਉਹ ਵੇਖਦਾ ਹੀ ਰਹਿ ਗਿਆ। ਨੂਰ ਦੇ ਇਸ ਖ਼ਜ਼ਾਨੇ ਨੂੰ ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੇ ਸਾਹਮਣੇ ਕੀਤਾ ਗਿਆ। ਮੱਥੇ ਦੀਆਂ ਰੇਖਾਵਾਂ, ਚਿਹਰੇ ਦਾ ਨੂਰ, ਅੱਖਾਂ ਦੀ ਚਮਕ ਅਨੁਭਵੀ ਅੱਖਾਂ ਤੋਂ ਲੁਕੀ ਨਹੀਂ ਰਹੀ। ਬਾਬਾ ਬੁੱਢਾ ਜੀ ਨੇ ਬਾਲਕ ਨੂੰ ਗੋਦ ਵਿੱਚ ਲੈ ਕੇ ਬੜੇ ਧਿਆਨ ਨਾਲ ਵੇਖਿਆ ਅਤੇ ਮਾਤਾ ਨਾਨਕੀ ਜੀ ਨੂੰ, ਜਿਹੜੇ ਉਸ ਕਮਰੇ ਵਿੱਚ ਨਹੀਂ ਸਨ, ਸੰਬੋਧਨ ਕਰਦਿਆਂ ਬੋਲੇ –

'ਜਾਪਦਾ ਹੈ ਕੋਈ ਮਹਾਨ ਆਤਮਾ ਪ੍ਰਗਟ ਹੋਈ ਹੈ। ਕੋਈ ਬਹੁਤ ਵੱਡਾ ਕੰਮ ਇਸ ਬਾਲਕ ਤੋਂ ਹੋਣ ਵਾਲਾ ਹੈ। ਇਸ ਦਾ ਰੋਮ ਰੋਮ ਕਿਸੇ ਰਹੱਸਮਈ ਸ਼ਕਤੀ ਦੀ ਸਾਖੀ ਭਰ ਰਿਹਾ ਹੈ, ਵਾਹਿਗੁਰੂ ਦਾ ਰੂਪ ਇਸ ਦੇ ਮੁਖਾਰਬਿੰਦ ਤੋਂ ਝਲਕਦਾ ਹੈ।' ਬਾਬਾ ਜੀ ਨੇ ਦੋਬਾਰਾ ਬੱਚੇ ਨੂੰ ਦੋਹਾਂ ਹੱਥਾਂ ਨਾਲ ਉੱਚਾ ਚੁੱਕ ਕੇ ਨੇਤਰਾਂ ਨੂੰ ਛੋਹਿਆ ਅਤੇ ਬੋਲੇ, 'ਦੇਸ਼ ਤੇ ਧਰਮ ਦਾ ਸਹਾਰਾ ਹੋਵੇਗਾ ਇਹ ਬਾਲਕ, ਪਿਤਾ ਵਾਂਗ ਇਸ ਦੇ ਗੁਣਾਂ ਦੀ ਸੁਗੰਧੀ ਚਾਰੋਂ ਪਾਸੇ ਫੈਲੇਗੀ।

ਇੰਨਾ ਕਹਿੰਦੇ ਕਹਿੰਦੇ ਬਾਬਾ ਬੁੱਢਾ ਜੀ ਨੇ ਬੱਚੇ ਨੂੰ ਬੀਬੀ ਵੀਰੋ ਵੱਲ ਨਾ ਕਰਕੇ ਗੁਰੂ ਹਰਗੋਬਿੰਦ ਜੀ ਵੱਲ ਉੱਚਾ ਕਰ ਦਿੱਤਾ। ਇੱਕੋ ਝਲਕ ਵੇਖਦਿਆਂ ਗੁਰੂ ਜੀ ਮੁਸਕਰਾ ਪਏ ਉਹਨਾਂ ਬਾਬਾ ਬੁੱਢਾ ਜੀ ਦੇ ਪੈਰ ਛੋਹੇ, ਵੇਖਣ ਵਾਲਿਆਂ ਵਿੱਚੋਂ ਬਾਬਾ ਬੁੱਢਾ ਜੀ ਅਤੇ ਗੁਰਦਾਸ ਜੀ ਨੇ ਇਸ ਰਹੱਸ ਨੂੰ ਸਮਝ ਲਿਆ। ਉਹਨਾਂ ਦੀਆਂ ਅੱਖਾਂ ਚਮਕ ਉੱਠੀਆਂ। ਬਾਬਾ ਜੀ ਨੇ ਬੱਚੇ ਨੂੰ ਚੁੱਕਿਆ ਹੋਇਆ ਸੀ ਉਸਦੇ ਪੈਰਾਂ ਨੂੰ ਆਪਣੇ ਮੱਥੇ ਨਾਲ ਛੂਹ ਲਿਆ। ਬਲੀਦਾਨ ਦੇ ਪੁੰਜ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਤਮਾ ਆਪਣੇ ਅਧੂਰੇ ਕੰਮ ਨੂੰ ਪੂਰਾ ਕਰਨ ਲਈ-ਸੰਤਾਂ ਸਾਧਾਂ ਦੀ ਰੱਖਿਆ ਤੇ ਦੁਸ਼ਟਾਂ ਦਾ ਨਾਸ ਕਰਨ ਵਾਸਤੇ-ਧਰਤੀ ਦੀ ਪੁਕਾਰ ਸੁਣ ਕੇ ਦੋਬਾਰਾ ਪ੍ਰਗਟ ਹੋ ਗਈ ਸੀ। 'ਹਾਂ', ਗੁਰੂ ਜੀ ਬੋਲੇ, 'ਬਾਲਕ ਤੇਜੱਸਵੀ ਹੈ, ਆਪਣੇ ਦਾਦੇ ਵਾਂਗ ਤਿਆਗ, ਬਲੀਦਾਨ ਅਤੇ ਲੋਕਾਂ ਦੀ ਰੱਖਿਆ ਕਰਨ ਵਾਲਾ ਹੋਵੇਗਾ।'

'ਭਾਈ ਗੁਰਦਾਸ ਜੀ ਅਜੇ ਤੱਕ ਚੁੱਪ ਸਨ ਅਤੇ ਉਚਕ ਉਚਕ ਕੇ ਬਾਲ ਗੁਰੂ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਭਾਗਵਾਨ ਸਮਝ ਰਹੇ ਸਨ। ਹੁਣ ਅੱਗੇ ਵਧ ਕੇ ਬਾਬਾ ਜੀ ਹੱਥੋਂ ਉਹਨਾਂ ਨੇ ਬਾਲਕ ਨੂੰ ਲਿਆ ਅਤੇ ਧਿਆਨ ਨਾਲ ਵੇਖ ਕੇ ਖੁਸ਼ ਹੋ ਗਏ, 'ਉਹ', ਇਹ ਜੋਤ ਤਾਂ ਲੱਖਾਂ ਲੋਕਾਂ ਦੇ ਮਨਾਂ ਵਿੱਚ ਉਦੋਂ ਤੱਕ ਰੌਸ਼ਨੀ ਕਰਦੀ ਰਹੇਗੀ, ਜਦੋਂ ਤੱਕ ਧਰਤੀ ਉਤੇ ਜ਼ੁਲਮ ਤੇ ਬੇਇਨਸਾਫ਼ੀ ਵਿਰੁੱਧ ਸੰਘਰਸ਼ ਹੋਵੇਗਾ।

'ਮਾਤਾ ਨਾਨਕੀ ਜੀ ਅਤੇ ਪਿਤਾ ਗੁਰੂ ਹਰਿਗੋਬਿੰਦ ਜੀ, ਦੋਹਾਂ ਦੇ ਗੁਣ ਬਾਲਕ ਤਿਆਗ ਰਾਏ ਵਿਚ ਮੌਜੂਦ ਸਨ। ਬਚਪਨ ਵਿੱਚ ਇਹੋ ਨਾਂ ਰੱਖਿਆ ਸੀ ਉਹਨਾਂ ਦਾ ਗੁਰੂ ਜੀ ਨੇ। ਨਾਨਕੀ ਜੀ ਦਾ ਤਿਆਗ, ਸਹਿਣਸ਼ੀਲਤਾ, ਸਰਲਤਾ ਅਤੇ ਸਦਭਾਵਨਾ ਤਿਆਗ ਰਾਏ

ਜੀ ਵਿੱਚ ਸਾਕਾਰ ਹੋ ਗਈ ਸੀ। ਨਿਮਰਤਾ ਤਾਂ ਬਾਲ ਅਵਸਥਾ ਤੋਂ ਹੀ ਸੀ, ਪਿਤਾ ਦੀ ਛਤਰ ਛਾਇਆ ਵਿੱਚ ਵੀਰਤਾ ਉਹਨਾਂ ਦੀ ਦਾਸੀ ਬਣਨ ਲਈ ਤਰਲੋ ਮੱਛੀ ਹੋ ਰਹੀ ਸੀ। ਬਾਬਾ ਬੁੱਢਾ ਜੀ ਨੇ ਉਹਨਾਂ ਨੂੰ ਅੱਖਰ-ਗਿਆਨ ਅਤੇ ਭਾਈ ਬਿਧੀ ਚੰਦ ਨੇ ਸ਼ਸ਼ਤਰ ਗਿਆਨ ਦੇਣਾ ਸ਼ੁਰੂ ਕੀਤਾ। ਪਿਤਾ ਦੇ ਸ਼ਿਕਾਰ ਅਭਿਆਸਾਂ ਵਿਚ ਵੀ ਬਾਲਕ ਤਿਆਗ ਰਾਏ ਲੋੜੀਂਦੀ ਦਿਲਚਸਪੀ ਲੈਂਦੇ ਸਨ ਅਤੇ ਆਪਣੇ ਸ਼ਸ਼ਤਰ ਦੇ ਸ਼ਾਸ਼ਤਰ ਸਿੱਖਿਆ ਦੇਣ ਵਾਲੇ ਗੁਰੂਆਂ ਵਾਸਤੇ ਉਹਨਾਂ ਦੇ ਮਨ ਵਿੱਚ ਡੂੰਘਾ ਸਤਿਕਾਰ ਸੀ। ਇਹਨਾਂ ਚਾਰੋਂ ਮਹਾਨ ਆਤਮਾਵਾਂ ਦੀ ਅਗਵਾਈ ਸਦਕਾ ਛੋਟੀ ਉਮਰ ਤੋਂ ਹੀ ਤਿਆਗ ਰਾਏ ਆਪਣੀ ਪ੍ਰਤਿਭਾ ਦੀ ਧਾਕ ਬਿਠਾਉਣ ਲੱਗ ਗਏ ਸਨ। ਆਪਣੇ ਵੱਡੇ ਭਰਾਵਾਂ ਤੇ ਭੈਣ ਵੀਰੋ ਪਾਸੋਂ ਨਿਰੰਤਰ ਪਿਆਰ ਪਾ ਕੇ ਜਿੱਥੇ ਤਿਆਗ ਰਾਏ ਤਾਕਤਵਰ, ਸੁਘੜ ਤੇ ਸਲੀਕੇ ਵਾਲੇ ਬਣ ਰਹੇ ਸਨ, ਉਥੇ ਮਾਤਾ-ਪਿਤਾ ਦੀ ਪਵਿੱਤਰ ਪ੍ਰੇਰਨਾ ਨਾਲ ਅਧਿਆਤਮਕ ਪੱਖੋਂ ਵੀ ਬਰਾਬਰ ਤਰੱਕੀ ਕਰ ਰਹੇ ਸਨ। ਅੰਮ੍ਰਿਤਰ ਵੇਲੇ ਘੰਟਿਆਂ ਬੱਧੀ ਸ਼ਾਂਤ ਤੇ ਮੋਨ ਬੈਠ ਕੇ ਸਾਧਨਾਂ ਅਭਿਆਸ ਤੇ ਆਤਮ-ਵਿਸ਼ਲੇਸ਼ਣ ਕਰਦੇ ਸਨ। ਵੱਡੇ ਭਰਾਵਾਂ ਅਣੀ ਰਾਏ ਅਤੇ ਸੂਰਜ ਮੱਲ ਨਾਲ ਖੇਡਣ ਵਕਤ ਉਹ ਅਕਸਰ ਆਪਣੀ ਚਾਲ ਛੱਡ ਦਿੰਦੇ ਸਨ।

'ਪਿਤਾ ਗੁਰੂ ਹਰਿਗੋਬਿੰਦ ਜੀ ਦੇ ਅਧਿਆਤਮਕ ਪ੍ਰਭਾਵ ਤੋਂ ਇਲਾਵਾ ਤਿਆਗ ਰਾਏ ਉੱਤੇ ਉਹਨਾਂ ਦੀ ਬਹਾਦਰੀ ਦਾ ਬੜਾ ਅਸਰ ਹੋਇਆ ਸੀ। ਬਾਲਕ ਤਿਆਗ ਰਾਏ ਦੇ ਵੇਖਦਿਆਂ ਵੇਖਦਿਆਂ ਪਿਤਾ ਨੇ ਸ਼ਿਕਾਰ ਦੌਰਾਨ ਵੱਡੇ-ਵੱਡੇ ਸ਼ੇਰਾਂ ਨੂੰ ਕੇਵਲ ਢਾਲ ਤੇ ਤਲਵਾਰ ਦੀ ਮਦਦ ਨਾਲ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਮੁਗ਼ਲ ਫੌਜਾਂ ਅਤੇ ਉਹਨਾਂ ਦੇ ਪਿੱਠੂਆਂ ਵਲੋਂ ਕੀਤੇ ਗਏ ਹਮਲਿਆਂ ਦੌਰਾਨ ਤਿਆਗ ਰਾਏ ਨੇ ਗੁਰੂ ਹਰਗੋਬਿੰਦ ਜੀ ਨੂੰ ਦਲੇਰੀ ਤੇ ਬਹਾਦਰੀ ਨਾਲ ਲੜਦਿਆਂ ਅਤੇ ਦੁਸ਼ਮਨ ਉਤੇ ਤਿੰਨ-ਤਿੰਨ ਵਾਰ ਫਤਿਹ ਪਾਂਦਿਆਂ ਵੀ ਵੇਖਿਆ ਸੀ। ਆਪਣੇ ਸ਼ਸ਼ਤਰ ਗੁਰੂ ਭਾਈ ਬਿਧੀ ਚੰਦ ਨੂੰ ਉਹ ਅਕਸਰ ਆਖਦੇ ਸਨ ਕਿ ਉਹਨਾਂ ਨੂੰ ਵੀ ਯੁੱਧ ਵਿਚ ਹਿੱਸਾ ਲੈਣ ਦਿੱਤਾ ਜਾਵੇ, ਪਰ ਪਿਆਰ ਨਾਲ ਮਨ੍ਹਾ ਕੀਤੇ ਜਾਣ ਅਤੇ ਮੌਕੇ ਦੀ ਉਡੀਕ ਕਰਨ ਲਈ ਹੁਕਮ ਮਿਲਣ ਉਤੇ ਉਹ ਚੁੱਪ ਹੋ ਜਾਂਦੇ ਸਨ।

'ਮਾਤਾ ਨਾਨਕੀ ਜੀ ਦੀਆਂ ਸਿੱਖਿਆਵਾਂ ਤਿਆਗ ਰਾਏ ਨੂੰ ਸਹੀ ਅਰਥਾਂ ਵਿੱਚ 'ਤਿਆਗ ਰਾਏ' ਬਣਾ ਰਹੀਆਂ ਸਨ। ਮਾਂ ਦੇ ਪ੍ਰਭਾਵ ਵੱਲੋਂ ਉਹਨਾਂ ਦੀ ਸਹਿਨਸ਼ੀਲਤਾ ਸਾਰੇ ਸਿੱਖ ਜਗਤ ਵਿਚ ਭਲੀ-ਭਾਂਤ ਪਤਾ ਹੈ। ਕੇਵਲ ਨਾਨਕੀ ਜੀ ਹੀ ਇੱਕੋ ਇੱਕ ਅਜਿਹੀ ਇਸਤਰੀ ਹੈ, ਜਿਨ੍ਹਾਂ ਨੇ ਜਨਮ ਤੋਂ ਮੌਤ ਤੱਕ ਤਿਆਗ ਗਏ ਅਤੇ ਬਾਦ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਪ੍ਰੇਰਨਾ ਦਾ ਸਥਾਨ ਲਿਆ ਹੈ। ਪੁੱਤਰ ਜਨਮ ਦੀ ਵਧਾਈ ਤੋਂ ਲੈ ਕੇ ਸ਼ਹਾਦਤ ਤੱਕ ਦੇ ਡੰਕੇ ਮਾਤਾ ਨਾਨਕੀ ਜੀ ਨੇ ਆਪਣੇ ਸਾਹਮਣੇ ਵਜਦੇ ਵੇਖੇ ਸਨ। ਇਹ ਮਾਤਾ ਦਾ ਪ੍ਰਭਾਵ ਹੀ ਸੀ ਕਿ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਹੀ ਤਿਆਗ ਰਾਏ ਅਤੇ ਗੁਰੂ ਤੇਗ ਬਹਾਦਰ ਜੀ ਓਤਪੋਤ ਹੋ ਗਏ ਸਨ ਅਤੇ ਉਹਨਾਂ ਨੇ ਸਹੀ ਵਾਰਸ ਹੁੰਦੇ ਹੋਏ ਭੀ ਤਿਆਗ,

ਤਪੱਸਿਆ, ਨਿਰਲੇਪਤਾ ਅਤੇ ਨਿਰਪੱਖਤਾ ਦਾ ਸਬੂਤ ਪੇਸ਼ ਕੀਤਾ ਸੀ। ਪਿਤਾ ਅਸ਼ੀਰਵਾਦ ਨਾਲ ਜਿਹੜਾ ਤਿਆਗ ਰਾਏ ਤੇਗ ਬਹਾਦਰ ਬਣਿਆ ਸੀ, ਉਹੀ ਮਾਂ ਦੀ ਅਗਵਾਈ ਵਿਚ ਫਿਰ ਅਜਿਹਾ 'ਤਿਆਗ ਰਾਏ' ਬਣਿਆ ਕਿ ਉਹਨਾਂ ਦੇ ਰਹਿੰਦੇ ਜੀਵਨ ਦੀ ਹਰ ਘਟਨਾ ਵਿੱਚੋਂ ਉਹਨਾਂ ਦਾ ਤਿਆਗ ਉੱਭਰ ਕੇ ਸਾਹਮਣੇ ਆਇਆ ਹੈ।'

'ਪੀਰ ਸਾਹਿਬ ਆਪ ਜੀ ਨੂੰ ਗੁਰੂ ਜੀ ਦੇ ਬਚਪਨ ਦੀ ਇੱਕ ਛੋਟੀ ਜਿਹੀ ਘਟਨਾ ਦਸਦਾ ਹਾਂ, 'ਭਾਈ ਗੁਰਦਿੱਤਾ ਜੀ ਨੇ ਉਥੇ ਪਏ ਇੱਕ ਪੱਥਰ ਦੀ ਟੇਕ ਲੈਂਦਿਆ ਆਖਿਆ, 'ਉਸ ਤੋਂ ਤੁਸੀਂ ਅੰਦਾਜ਼ਾ ਲਾ ਸਕੋਗੇ ਕਿ ਗੁਰੂ ਜੀ ਦਾ ਜੀਵਨ ਸ਼ੁਰੂ ਤੋਂ ਹੀ ਦੂਜਿਆਂ ਲਈ ਮਿਸਾਲ ਬਣਿਆ ਰਿਹਾ ਹੈ। ਉਹ ਕਿਸੇ ਦੂਜੇ ਨੂੰ ਅਜਿਹੀ ਗੱਲ ਨਹੀਂ ਕਹਿੰਦੇ ਸਨ ਜਿਸ ਉਤੇ ਉਹ ਆਪ ਅਮਲ ਨਾ ਕਰਦੇ ਹੋਣ। ਮੇਰੇ ਪਿਤਾ ਜੀ ਨੇ ਇੱਕ ਦਿਨ ਇਹ ਘਟਨਾ ਸੁਣਾਈ ਸੀ। ਅੰਮ੍ਰਿਤਸਰ ਦੀਆਂ ਔਰਤਾਂ ਆਮ ਕਰਕੇ ਆਪਣੇ ਬੀਮਾਰ ਬੱਚਿਆਂ ਅਤੇ ਰੋਗੀ ਔਲਾਦ ਨੂੰ ਗੁਰੂ ਜੀ ਦਾ ਅਸ਼ੀਰਵਾਦ ਦਿਵਾਉਣ ਵਾਸਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਦੀਵਾਨ ਵਿੱਚ ਲੈ ਆਉਂਦੀਆਂ ਸਨ। ਕਦੀ-ਕਦੀ ਗੁਰੂ ਜੀ ਦੇ ਹਾਜ਼ਰ ਨਾ ਹੋਣ ਸਮੇਂ ਗੁਰੂ ਜੀ ਦੇ ਪੁੱਤਰਾਂ ਨੂੰ ਅਸ਼ੀਰਵਾਦ ਦੇਣ ਲਈ ਬੇਨਤੀ ਕੀਤੀ ਜਾਂਦੀ। ਉਹਨਾਂ ਦਾ ਆਮ ਵਿਸ਼ਵਾਸ ਸੀ ਕਿ ਗੁਰੂ ਜੀ ਦੇ ਪੁੱਤਰਾਂ ਦੀ ਪ੍ਰਸੰਨਤਾ ਵੀ ਉਹਨਾਂ ਦੇ ਨਿਸ਼ਾਨੇ ਦੀ ਪੂਰਤੀ ਲਈ ਸਾਧਨ ਬਣ ਸਕਦੀ ਹੈ। ਇਸ ਆਸ਼ੇ ਨਾਲ ਇੱਕ ਦਿਨ ਇੱਕ ਔਰਤ ਆਪਣੇ ਬੀਮਾਰ ਬੱਚੇ ਨੂੰ ਲੈ ਕੇ ਗੁਰੂ ਜੀ ਦੇ ਦੁਆਰ ਉੱਤੇ ਆਈ। ਬਾਲਕ ਤਿਆਗ ਰਾਏ ਨੂੰ ਵੇਖ ਕੇ ਉਸਨੂੰ ਹੀ ਬੇਨਤੀ ਕਰਨ ਲੱਗ ਗਈ ਕਿ ਉਹ ਉਸਦੇ ਬੱਚੇ ਦੀ ਅਰੋਗਤਾ ਲਈ ਵਰਦਾਨ ਦੇਣ। ਤਿਆਗ ਰਾਏ ਦੇ ਮਨ੍ਹਾ ਕਰਨ ਦੇ ਬਾਵਜੂਦ ਜਦੋਂ ਉਹ ਔਰਤ ਉਹਨਾਂ ਦਾ ਪੱਲਾ ਫੜ ਕੇ ਬੈਠ ਗਈ ਅਤੇ ਬਿਨਾਂ ਅਸ਼ੀਰਵਾਦ ਪ੍ਰਾਪਤ ਕੀਤੇ ਜਾਣ ਲਈ ਤਿਆਰ ਨਹੀਂ ਸੀ, ਤਾਂ ਤਿਆਗ ਰਾਏ ਨੇ ਉਸਨੂੰ ਚਾਰ ਦਿਨਾਂ ਪਿੱਛੋਂ ਆਉਣ ਲਈ ਕਿਹਾ। ਔਰਤ ਚਲੀ ਗਈ, ਚੌਥੇ ਦਿਨ ਉਸ ਫਿਰ ਆ ਕੇ ਤਿਆਗ ਰਾਏ ਦਾ ਪੱਲਾ ਪਕੜ ਲਿਆ ਅਤੇ ਢਾਹਾਂ ਮਾਰ ਕੇ ਬੇਨਤੀ ਕਰਨ ਲੱਗ ਪਈ। ਤਿਆਗ ਰਾਏ ਮੁਸਕਰਾ ਕੇ ਬੋਲੇ, 'ਬੀਬੀ, ਤੇਰੇ ਬੱਚੇ ਨੂੰ ਕੋਈ ਰੋਗ ਨਹੀਂ ਹੈ, ਬੱਸ ਉਸ ਨੂੰ ਗੁੜ ਨਾ ਖਾਣ ਦਿਆ ਕਰੋ। ਬਿਲਕੁਲ ਠੀਕ ਹੋ ਜਾਵੇਗਾ।'

ਔਰਤ ਗੁੱਸੇ ਵਿਚ ਆ ਗਈ। ਕੀ ਇੰਨੀ ਹੀ ਗੱਲ ਸੀ ਜਿਸ ਵਾਸਤੇ ਉਸਨੂੰ ਚੌਥੇ ਦਿਨ ਬੁਲਾਇਆ ਸੀ। ਇਹ ਸੋਚ ਕੇ ਹੱਥ ਜੋੜ ਕੇ ਤਿਆਗ ਰਾਏ ਨੂੰ ਬੇਨਤੀ ਕੀਤੀ, 'ਮਹਾਰਾਜ ਸਿਰਫ਼ ਗੁੜ ਨਾ ਖਾਣ ਦੀ ਗੱਲ ਸੀ, ਤਾਂ ਤੁਸੀਂ ਮੈਨੂੰ ਉਸ ਦਿਨ ਕਹਿ ਦਿੰਦੇ।'

'ਨਹੀਂ ਬੀਬੀ', ਤਿਆਗ ਰਾਏ ਬੋਲੇ, 'ਉਦੋਂ ਕਹਿਣਾ ਠੀਕ ਨਹੀਂ ਸੀ, ਮੈਂ ਵੀ ਖੂਬ ਗੁੜ ਖਾਂਦਾ ਸੀ। ਤੈਨੂੰ ਆਣ ਲਈ ਆਖਣ ਤੋਂ ਪਿੱਛੋਂ ਮੈਂ ਗੁੜ ਨਾ ਖਾਣ ਦੀ ਆਦਤ ਕਰਕੇ ਹੀ

ਅੱਜ ਕਿਸੇ ਨੂੰ ਉਹ ਗੱਲ ਕਹਿਣ ਲਈ ਹੌਸਲਾ ਕੀਤਾ ਹੈ। ਜਿਹੜਾ ਕੰਮ ਮੈਂ ਆਪ ਕਰਦਾ ਹਾਂ ਉਸ ਲਈ ਦੂਜਿਆਂ ਨੂੰ ਮੈਂ ਕਿਸ ਤਰ੍ਹਾਂ ਮਨ੍ਹਾਂ ਕਰ ਸਕਦਾ ਹਾਂ।

'ਔਰਤ ਆਪਣੇ ਬੱਚੇ ਨੂੰ ਲੈ ਕੇ ਚਲੀ ਗਈ। ਤਿਆਗ ਰਾਏ ਦੀ ਗੱਲ ਦਾ ਉਸ ਉੱਤੇ ਕੀ ਪ੍ਰਭਾਵ ਪਿਆ, ਇਹ ਤਾਂ ਮੈਂ ਨਹੀਂ ਕਹਿ ਸਕਦਾ। ਹਾਂ ਇਹ ਹੈ ਕਿ ਇਸ ਤੋਂ ਗੁਰੂ ਜੀ ਦਾ ਸੱਚ ਨਾਲ ਪਿਆਰ ਤੇ ਆਤਮ-ਸੰਜਮ ਜ਼ਰੂਰ ਉਘੜਦਾ ਹੈ।

ਤੁਹਾਨੂੰ ਇੱਕ ਗੱਲ ਹੋਰ ਦੱਸਾਂਗਾਂ, ਫਿਰ ਆਰਾਮ ਕਰਾਂਗਾ। ਕੁਝ ਥਕਾਵਟ ਜਿਹੀ ਮਹਿਸੂਸ ਹੋਣ ਲੱਗ ਪਈ ਹੈ, ਭਾਈ ਗੁਰਦਿੱਤਾ ਨੇ ਆਖਿਆ, ਰਹਿਮਾਨ ਭਾਈ ਉਦੋਂ ਤੱਕ ਤੁਸੀਂ ਉਥੇ ਛਾਂ ਹੇਠਾਂ ਮੇਰੇ ਲਈ ਘਾਹ-ਫੂਸ ਵਿਛਾ ਦਿਓ, ਮੈਂ ਲੇਟਾਂਗਾ।'

ਜਦੋਂ ਤੱਕ ਰਹਿਮਾਨ ਵਾਪਸ ਆਇਆ, ਪੀਰ ਕਰੀਮ ਬਖ਼ਸ਼ ਨੇ ਕਿਹਾ, 'ਭਰਾਵਾ ਸੁਣਿਆ ਹੈ ਇੱਕ ਸੂਫ਼ੀ ਫਕੀਰ ਜਿਹੜਾ ਕਾਦਰੀ ਫਿਰਕੇ ਨਾਲ ਸਬੰਧ ਰੱਖਦਾ ਸੀ, ਸਿੱਖ ਗੁਰੂ ਜੀ ਦਾ ਨਿਕਟੀ ਮਿੱਤਰ ਸੀ। ਉਹ ਕੌਣ ਸੀ? ਕੀ ਉਹ ਸ਼ਹੀਦ ਗੁਰੂ ਜੀ ਨੂੰ ਮਿਲਿਆ ਸੀ?

'ਉਹ, ਸ਼ਾਇਦ ਤੁਸੀਂ ਹਜ਼ਰਤ ਮੀਆਂ ਮੀ ਜੀ ਦੀ ਗੱਲ ਕਰ ਰਹੇ ਹੋ ', ਭਾਈ ਗੁਰਦਿੱਤਾ ਜੀ ਦੀਆਂ ਅੱਖਾਂ ਵਿੱਚ ਚਮਕ ਆ ਗਈ, 'ਮੈਂ ਪਹਿਲਾਂ ਤੁਹਾਨੂੰ ਉਹਨਾਂ ਦੀ ਹੀ ਗੱਲ ਸੁਣਾ ਦਿੰਦਾ ਹਾਂ।' ਰਹਿਮਾਨ ਵੀ ਆ ਕੇ ਸਰੋਤਿਆਂ ਵਿੱਚ ਬੈਠ ਗਿਆ।

'ਰੱਬ ਦੇ ਪਿਆਰਿਆਂ ਵਿੱਚ ਹਿੰਦੂ ਤੇ ਮੁਸਲਮਾਨ ਦਾ ਕਾਹਦਾ ਫਰਕ ? ਹਜ਼ਰਤ ਮੀਆਂ ਮੀਰ, ਨਮਸਕਾਰ ਹੈ ਉਹਨਾਂ ਦੇ ਨਾਂ ਨੂੰ ਵੀ। ਸੱਚਮੁਚ ਹਜ਼ਰਤ ਮਰਦ-ਏ-ਕਾਮਿਲ ਸਨ। ਸ਼ਹੀਦ ਗੁਰੂ ਦੇ ਦਾਦਾ ਜੀ ਗੁਰੂ ਅਰਜਨ ਦੇਵ ਜੀ ਵੀ ਸਾਡੇ ਇਤਿਹਾਸ ਵਿੱਚ ਬੜੇ ਮਹਾਨ ਸ਼ਹੀਦ ਹੋਏ ਹਨ। ਉਹਨਾਂ ਦੇ ਦੋਸਤ ਸਨ ਮੀਆਂ ਮੀਰ।

'ਗੁਰੂ ਜੀ ਤੇ ਮੀਆਂ ਮੀਰ ਦੀ ਦੋਸਤੀ ਮੁਸਲਮਾਨਾਂ ਅਤੇ ਗ਼ੈਰ-ਮੁਸਲਮਾਨ ਵਿਚਕਾਰ ਪਿਆਰ ਤੇ ਏਕਤਾ ਦੀ ਜਿੰਦਾ ਮਿਸਾਲ ਹੈ। ਗੁਰੂ ਸਾਹਿਬਾਨ ਦਾ ਸਦਾ ਹੀ ਇਹ ਨਿਸ਼ਾਨਾ ਰਿਹਾ ਹੈ- ਉਹ ਧਰਮ ਦੇ ਆਧਾਰ ਉਤੇ ਭੇਦ-ਭਾਵ ਨੂੰ ਨਹੀਂ ਮੰਨਦੇ ਅਤੇ ਸਾਰਿਆਂ ਨਾਲ ਪਿਆਰ ਕਰਦੇ ਸਨ। ਉਹਨਾਂ ਦਾ ਨਾਤਾ ਅਧਿਆਤਮਕ ਸੀ। ਹਜ਼ਰਤ ਮੀਆਂ ਮੀਰ ਨਾਲ ਅਧਿਆਤਮਕ ਵਿਚਾਰ ਵਟਾਂਦਰਾ ਕਰਦਿਆਂ ਗੁਰੂ ਅਰਜਨ ਦੇਵ ਜੀ ਜਾਂ ਗੁਰੂ ਹਰਿਗੋਬਿੰਦ ਜੀ ਆਨੰਦ ਵਿਚ ਮਗਨ ਹੋ ਜਾਂਦੇ ਸਨ। ਇਸ ਆਨੰਦ ਦੀ ਹੀ ਅਭਿਲਾਸ਼ਾ ਸੀ, ਜਿਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਸਾਡੇ ਅੰਮ੍ਰਿਤਸਰ ਵਾਲੇ ਪ੍ਰਸਿੱਧ ਹਰਿਮੰਦਰ ਸਾਹਿਬ ਦੀ ਨੀਂਹ ਆਪਣੇ ਪਰਮ ਮਿੱਤਰ ਹਜ਼ਰਤ ਮੀਆਂ ਮੀਰ ਹੱਥੋਂ ਰਖਵਾਈ ਸੀ।'

'ਕੀ ਸਚਮੁੱਚ ? ਮੀਰ ਕਰੀਮ ਬਖ਼ਸ਼ ਦਾ ਇੱਕ ਮੁਰੀਦ ਵਿਸਮਾਦ ਵਿਚ ਲੀਨ ਹੋਇਆ ਬੋਲਿਆ, 'ਹਜ਼ਰਤ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਵਾਹ ! ਇਹ ਸੀ ਰੱਬ ਦੇ

ਪਿਆਰਿਆਂ ਦੀ ਇਕਸੁਰਤਾ ਅਤੇ ਇਧਰ ਬਾਦਸ਼ਾਹ ਦਾ ਮਜ਼ਹਬੀ ਜਨੂੰਨ ! ਲਾਹਨਤ ਹੈ। ਇੱਕ ਹੋਰ ਮੁਰੀਦ ਨੇ ਵੀ 'ਲਾਹਨਤ' ਵਿਚ ਸਾਥ ਦਿੱਤਾ।

ਭਾਈ ਗੁਰਦਿੱਤਾ ਜੀ ਹੱਥ ਉਪਰ ਕਰਕੇ ਉਹਨਾਂ ਨੂੰ ਸ਼ਾਂਤ ਕਰਦਿਆਂ ਬੋਲੇ, 'ਹਾਂ ਸਚਮੁੱਚ! ਗੁਰੂ ਜੀ ਦਾ ਹਜ਼ਰਤ ਨਾਲ ਇੰਨਾ ਸਨੇਹ ਤੇ ਪਿਆਰ ਸੀ ਕਿ ਜਦੋਂ ਤੱਕ ਉਹ ਜਿਉਂਦੇ ਰਹੇ ਗੁਰੂ-ਘਰ ਵਿਚ ਉਹਨਾਂ ਦੇ ਆਉਣ-ਜਾਣ ਤੇ ਮਿਲਣ ਦਾ ਸਿਲਸਿਲਾ ਜਾਰੀ ਰਿਹਾ। ਪਿਤਾ ਗੁਰੂ ਅਰਜਨ ਦੇਵ ਜੀ ਦੇ ਸਰੀਰ ਤਿਆਗਣ ਤੋਂ ਪਿਛੋਂ ਇੱਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਹਜ਼ਰਤ ਸਾਹਿਬ ਨੂੰ ਮਿਲਣ ਲਾਹੌਰ ਗਏ। ਦੂਜੇ ਪਾਸੇ, ਜਦੋਂ ਮੀਆਂ ਸਾਹਿਬ ਨੂੰ ਪਤਾ ਲੱਗਾ ਕਿ ਗੁਰੂ ਹਰਿਗੋਬਿੰਦ ਸਾਹਿਬ ਆ ਰਹੇ ਹਨ ਤਾਂ ਆਪਣੀ ਖ਼ਾਨਗਾਹ ਤੋਂ ਗੁਰੂ ਜੀ ਦੇ ਸੁਆਗਤ ਲਈ ਨੰਗੇ ਪੈਰੀਂ ਚਲ ਪਏ। ਗੁਰੂ ਹਰਿਗੋਬਿੰਦ ਸਾਹਿਬ ਤੇਜ਼ ਘੋੜਾ ਦੌੜਾਂਦੇ ਹੋਏ ਸਾਹਮਣੇ ਆਏ ਅਤੇ ਹਜ਼ਰਤ ਨੂੰ ਵੇਖ ਕੇ ਤੁਰੰਤ ਘੋੜੇ ਤੋਂ ਛਲਾਂਗ ਮਾਰ ਦਿੱਤੀ। ਦੋ ਮਹਾਨ ਆਤਮਾਵਾਂ ਦਾ ਗਲ-ਮਿਲਣਾ ਯਾਦਗਾਰੀ ਘਟਨਾ ਹੋਵੇਗੀ। ਪਿਤਾ ਜੀ ਦੱਸਿਆ ਕਰਦੇ ਸਨ ਕਿ ਫਿਰ ਤਾਂ ਗੁਰੂ ਜੀ ਅਤੇ ਹਜ਼ਰਤ ਮੀਆਂ ਮੀਰ ਅਕਸਰ ਮਿਲਦੇ ਰਹਿੰਦੇ ਸਨ। ਅਧਿਆਤਮਕ ਚਰਚਾ ਕਰਦੇ ਅਤੇ ਅਨਿਸ਼ਚਿਤ ਸਮੇਂ ਤੱਕ ਸਮਾਧੀ ਲਾਈ ਰੱਖਦੇ ਸਨ। ਹਜ਼ਰਤ ਦੀ ਖ਼ਾਨਗਾਹ ਉੱਤੇ ਹੀ ਗੁਰੂ ਹਰਿਗੋਬਿੰਦ ਜੀ ਦੀ ਇੱਕ ਹੋਰ ਪਵਿੱਤਰ ਆਤਮਾ ਨਾਲ ਜਾਣ ਪਛਾਣ ਹੋਈ। ਇਹ ਪਵਿੱਤਰ ਜੀਵਨ ਦੀ ਪਰਮ ਅਭਿਲਾਸ਼ੀ ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਬੇਟੀ ਬੀਬੀ ਕੌਲਾਂ ਸੀ। ਹਜ਼ਰਤ ਮੀਆਂ ਮੀਰ ਦੇ ਉਪਦੇਸ਼ਾਂ ਅਤੇ ਰੱਬ ਦੀ ਪੂਜਾ ਤੋਂ ਉਹ ਲੜਕੀ ਇੰਨੀ ਪ੍ਰਭਾਵਤ ਸੀ, ਕਿ ਪਿਤਾ ਦੀ ਇੱਛਾ ਦੇ ਵਿਰੁੱਧ ਆਮ ਤੌਰ ਤੇ ਉਹ ਖ਼ਾਨਗਾਹ ਵਿਚ ਹੀ ਮੌਜੂਦ ਰਹਿੰਦੀ ਸੀ।

'ਕਾਜ਼ੀ ਰੁਸਤਮ ਖਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣਾ ਦੁਸ਼ਮਣ ਸਮਝਦਾ ਸੀ। ਘੋੜਿਆਂ ਦੇ ਸੌਦੇ ਵਿੱਚ ਇੱਕ ਵਾਰ ਗੁਰੂ ਜੀ ਦੇ ਸਿੱਖ ਕਾਜ਼ੀ ਤੋਂ ਬਾਜ਼ੀ ਮਾਰ ਗਏ ਸਨ। ਉਦੋਂ ਤੋਂ ਹੀ ਉਹ ਗੁਰੂ ਜੀ ਤੋਂ ਈਰਖਾ ਕਰਨ ਲੱਗ ਪਿਆ ਸੀ। ਬੀਬੀ ਕੌਲਾਂ ਆਪਣੇ ਕਾਜ਼ੀ ਪਿਤਾ ਦੇ ਆਚਰਣ ਤੇ ਵਿਹਾਰ ਦੇ ਬਿਲਕੁਲ ਉਲਟ ਬੜਾ ਪਵਿੱਤਰ ਜੀਵਨ ਹੰਢਾਉਂਦੀ ਅਤੇ ਪਰਮਾਤਮਾ ਨੂੰ ਯਾਦ ਕਰਨ ਵਾਲੀ ਲੜਕੀ ਸੀ। ਵਿਆਹ ਜਾਂ ਘਰ-ਗ੍ਰਿਹਸਥੀ ਵਿਚ ਉਸਦੀ ਉੱਕਾ ਦਿਲਚਸਪੀ ਨਹੀਂ ਸੀ। ਉਹ ਜੀਵਨ ਭਰ ਪਰਮਾਤਮਾ ਦੀ ਭਜਨ ਬੰਦਗੀ ਕਰਨ ਵਿੱਚ ਵਿਸ਼ਵਾਸ ਰੱਖਦੀ ਸੀ ਪਰ ਮੁਸ਼ਕਲ ਇਹ 'ਹੋ ਗਈ ਕਿ ਹਜ਼ਰਤ ਦੀ ਖ਼ਾਨਗਾਹ ਵਿਚ ਨਿਯਮ ਅਨੁਸਾਰ ਜਵਾਨੀ ਦੇ ਆਲਮ ਵਿੱਚ ਪੈਰ ਰੱਖਣ ਪਿੱਛੋਂ ਕੋਈ ਲੜਕੀ ਖ਼ਾਨਗਾਹ ਵਿਚ ਨਹੀਂ ਰਹਿ ਸਕਦੀ ਸੀ। ਉਸਨੂੰ ਆਪਣੇ ਮਾਤਾ-ਪਿਤਾ ਕੋਲ ਜਾ ਕੇ ਅਤੇ ਘਰ-ਗ੍ਰਿਹਸਥੀ ਸੰਭਾਲਣੀ ਪੈਂਦੀ ਸੀ ਅਤੇ ਜੇ ਕੋਈ ਤਿਆਗ ਤਪੱਸਿਆ ਦਾ ਜੀਵਨ ਬਿਤਾਉਣ ਦਾ ਫੈਸਲਾ ਕਰਦੀ ਸੀ, ਤਾਂ ਉਸਨੂੰ ਕਿਸੇ ਗ੍ਰਿਹਸਥੀ ਮਹਾਤਮਾ ਕੋਲ ਰਹਿਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਸੀ।

'ਬੀਬੀ ਕੌਲਾਂ ਦੀ ਜਦੋਂ ਇਹ ਸਥਿਤੀ ਆਈ ਤਾਂ ਨਿਯਮ ਅਨੁਸਾਰ ਉਸ ਨੂੰ ਘਰ ਜਾਣ ਲਈ ਕਿਹਾ ਗਿਆ। ਉਹ ਉਮਰ ਭਰ ਤਪੱਸਿਆ ਕਰਨ ਦਾ ਸੰਕਲਪ ਕਰ ਚੁੱਕੀ ਸੀ। ਉਸ ਘਰ ਪਰਤਣ ਤੋਂ ਇਨਕਾਰ ਕਰ ਦਿੱਤਾ। ਕਾਜ਼ੀ-ਰੁਸਤਮ ਖਾਂ ਇਸ ਗੱਲ ਉਤੇ ਬੜਾ ਔਖਾ ਹੋਇਆ ਪਰ ਕੋਲਾਂ ਆਪਣੇ ਫੈਸਲੇ ਉਤੇ ਕਾਇਮ ਰਹੀ। ਅਖੀਰ ਹਜ਼ਰਤ ਮੀਆਂ ਮੀਰ ਨੇ ਗ੍ਰਿਹਿਸਥੀ ਸੰਤ ਦੇ ਨਾਤੇ ਉਸ ਨੂੰ ਗੁਰੂ ਹਰਿਗੋਬਿੰਦ ਜੀ ਨਾਲ ਰਹਿਣ ਦਾ ਹੁਕਮ ਦਿੱਤਾ। ਆਪਣੇ ਮੁਰਸ਼ਦ ਦੇ ਆਦੇਸ਼ ਦੀ ਪਾਲਣਾ ਕਰਨ ਵਾਸਤੇ ਉਹ ਅੰਮ੍ਰਿਤਸਰ ਵਿਖੇ ਗੁਰੂ ਜੀ ਕੋਲ ਜਾਣ ਲਈ ਤਿਆਰ ਹੋ ਗਈ। ਰੁਸਤਮ ਖਾਂ ਦੇ ਵਿਰੋਧ ਕਰਨ ਤੇ ਬਾਵਜੂਦ, ਕੌਲਾਂ ਹਜ਼ਰਤ ਦੀ ਖ਼ਾਨਗਾਹ ਦੇ ਪੰਜ ਫਕੀਰਾਂ ਦੀ ਰਖਵਾਲੀ ਵਿਚ ਅੰਮ੍ਰਿਤਸਰ ਲਈ ਰਵਾਨਾ ਹੋਈ।'

ਗੁਰੂ ਜੀ ਕੌਲਾਂ ਦੇ ਈਸ਼ਵਰ-ਪ੍ਰੇਮ, ਅਧਿਆਤਮਕ ਪ੍ਰਾਪਤੀਆਂ ਤੇ ਪਵਿੱਤਰ ਜੀਵਨ ਤੋਂ ਚੰਗੀ ਤਰ੍ਹਾਂ ਜਾਣੂ ਸਨ। ਸੂਚਨਾ ਮਿਲਣ ਤੇ ਉਹਨਾਂ ਨੇ ਹਜ਼ਰਤ ਨੂੰ ਵਿਸ਼ਵਾਸ ਦਿਵਾਇਆ ਕਿ ਕੌਲਾਂ ਨੂੰ ਲੋੜੀਂਦਾ ਸਨਮਾਨ ਤੇ ਸੁਰੱਖਿਆ ਉਥੇ ਮਿਲਦੀ ਰਹੇਗੀ। ਗੁਰੂ ਕੇ ਮਹਲ ਅਤੇ ਹਰਿਮੰਦਰ ਸਾਹਿਬ ਵਿਚਕਾਰ, ਆਪਣੇ ਘਰ ਤੋਂ ਥੋੜ੍ਹੀ ਦੂਰ, ਇੱਕ ਛੋਟੇ ਜਿਹੇ ਪਰ ਸਾਫ਼ ਸੁਥਰੇ ਮਕਾਨ ਵਿਚ ਗੁਰੂ ਜੀ ਨੇ ਕੌਲਾਂ ਦੇ ਠਹਿਰਨ ਦਾ ਪ੍ਰਬੰਧ ਕਰਵਾ ਦਿੱਤਾ। ਕੁਝ ਦਾਸੀਆਂ ਵੀ ਭੇਜ ਦਿੱਤੀਆਂ, ਤਾਂ ਜੋ ਕੌਲਾਂ ਦੀਆਂ ਨਿੱਜੀ ਲੋੜਾਂ ਦਾ ਧਿਆਨ ਰੱਖਿਆ ਜਾ ਸਕੇ। ਬੀਬੀ ਕੌਲਾਂ ਉਸ ਸਮੇਂ ਤੋਂ ਲੈ ਕੇ ਆਖ਼ਰੀ ਸਵਾਸ ਪੂਰਾ ਹੋਣ ਤੱਕ ਉਸ ਮਕਾਨ ਵਿੱਚ ਨਿਰਲੇਪ ਰਹਿੰਦੀ ਰਹੀ ਮੁਸਲਮਾਨਾਂ ਨੇ ਵਿਰੋਧਤਾ ਵੀ ਕੀਤੀ ਪਰ ਰੁਸਤਮ ਖ਼ਾਂ ਨੇ ਉਥੇ ਤੱਕ ਪਹੁੰਚਣ ਦਾ ਜੇਰਾ ਨਾ ਕੀਤਾ।

'ਸਿੱਖ ਇਤਿਹਾਸ ਵਿੱਚ ਤਪੱਸਵੀ ਪਾਵਨ-ਆਤਮਾ ਦੇ ਰੂਪ ਵਿਚ ਜਿਹੜਾ ਸਥਾਨ ਮੁਸਲਮਾਨ ਬੀਬੀ ਕੌਲਾਂ ਨੂੰ ਪ੍ਰਾਪਤ ਹੋਇਆ, ਉਹ ਸ਼ਾਇਦ ਹੀ ਕਿਸੇ ਹੋਰ ਸਿੱਖ ਔਰਤ ਨੂੰ ਮਿਲ ਸਕਿਆ। ਆਪਣੀ ਪਰਮ ਸਾਧਨਾ ਦੇ ਬਲਬੂਤੇ ਕੌਲਾਂ ਸਰੀਰ ਤਿਆਗ ਕੇ ਇਸ ਤਰ੍ਹਾਂ ਅਮਰ ਹੋ ਗਈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ, ਉਸ ਦੀਆਂ ਅਧਿਆਤਮਕ ਪ੍ਰਾਪਤੀਆਂ ਨੂੰ ਸਾਕਾਰ ਕਰਨ ਵਾਸਤੇ ਅਮਰ ਯਾਦਗਾਰ ਦੀ ਉਸਾਰੀ ਕਰਵਾਈ। ਹਰਿਮੰਦਰ ਸਾਹਿਬ ਦੇ ਸਰੋਵਰ ਦੇ ਨਜ਼ਦੀਕ ਹੀ ਗੁਰੂ ਜੀ ਨੇ ਕੌਲਾਂ ਦੇ ਨਾਂ ਉੱਤੇ ਇੱਕ ਹੋਰ ਸਰੋਵਰ ਬਣਵਾਇਆ, ਜਿਸ ਨੂੰ ਅੱਜਕੱਲ੍ਹ ਕੌਲ ਸਰ ਆਖਿਆ ਜਾਂਦਾ ਹੈ। ਗੁਰੂ ਜੀ ਨੇ ਫ਼ਰਮਾਇਆ ਕਿ ਕੌਲ-ਸਰ ਵਿਚ ਇਸ਼ਨਾਨ ਕਰਨ ਵਾਲੇ ਨੂੰ ਲਾਜ਼ਮੀ ਤੌਰ ਤੇ ਮੁਕਤੀ ਪ੍ਰਾਪਤ ਹੋਵੇਗੀ। ਅੱਜ ਇਸ ਲਈ ਸਿੱਖ ਜਗਤ ਵਿੱਚ ਅੰਮ੍ਰਿਤ ਸਰੋਵਰ ਵਾਂਗ ਹੀ ਕੌਲ-ਸਰ ਦਾ ਸਨਮਾਨ ਹੈ, ਲੋਕਾਂ ਦਾ ਦਿਲਾਂ ਵਿਚ ਉਸ ਦਾ ਅਸੀਮ ਸਤਿਕਾਰ ਹੈ।'

ਭਾਈ ਗੁਰਦਿੱਤਾ ਜੀ ਇੰਨਾ ਕਹਿੰਦੇ-ਕਹਿੰਦੇ ਸ਼ਰਧਾ ਨਾਲ ਝੁਕ ਗਏ, ਫਿਰ ਬੋਲੇ, 'ਬੱਸ ਭਾਈ, ਥੋੜ੍ਹਾ ਆਰਾਮ ਕਰਾਂਗਾ, ਬਾਕੀ ਗੱਲਾਂ ਸ਼ਾਮ ਵੇਲੇ ਕਰਾਂਗੇ। ਤੁਸੀਂ ਲੋਕ ਵੀ

ਆਪਣਾ ਅੰਨ ਪਾਣੀ ਦਾ ਪ੍ਰਬੰਧ ਕਰ ਲਵੋ। ਚਿੰਤਾ ਨਹੀਂ, 'ਗੁਰਦਿੱਤਾ ਜੀ ਨੇ ਜ਼ਰਾ ਹਸਦੇ ਹੋਏ ਲਹਿਜ਼ੇ ਵਿਚ ਕਿਹਾ, 'ਹੁਣ ਤਾਂ ਮੈ ਗੁਰੂ ਕਥਾ ਕਹਿ ਕੇ ਹੀ ਮਰਾਂਗਾ।'

ਤਰਕਾਲਾਂ ਵੇਲੇ ਭਾਈ ਗੁਰਦਿੱਤਾ ਜੀ ਚੁਸਤ ਲੱਗ ਰਹੇ ਸਨ, ਉਹਨਾਂ ਆਪ ਉੱਠ ਕੇ ਪੀਰ ਕਰੀਮ ਬਖ਼ਸ਼ ਦਾ ਸੁਆਗਤ ਕੀਤਾ ਅਤੇ ਮੁਸਕਰਾ ਕੇ ਦੂਜੇ ਸ਼ਹੀਦਾਂ ਦੇ ਸਤਿਕਾਰ ਦਾ ਉੱਤਰ ਦਿੰਦੇ ਰਹੇ। ਜਦੋਂ ਸਾਰੇ ਲੋਕ ਆ ਗਏ ਤਾਂ ਭਾਈ ਗੁਰਦਿੱਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦੀਆਂ ਗੱਲਾਂ ਦੀ ਅਗਲੀ ਲੜੀ ਆਰੰਭ ਦਿੱਤੀ। ਬੋਲੇ, 'ਤਿਆਗ ਰਾਏ ਦੀ ਮੁਲਾਕਾਤ ਵੀ ਹਜ਼ਰਤ ਮੀਆਂ ਮੀਰ ਨਾਲ ਹੋਈ ਸੀ। ਉਹਨਾਂ ਦੇ ਜੀਵਨ ਉਤੇ ਹਜ਼ਰਤ ਅਤੇ ਬੀਬੀ ਕੌਲਾਂ ਦੇ ਜੀਵਨ ਦਾ ਡੂੰਘਾ ਪ੍ਰਭਾਵ ਸੀ। ਉਹਨਾਂ ਦੇ ਜੀਵਨ ਵਿੱਚ ਬੀਬੀ ਕੌਲਾਂ ਵਾਂਗ ਸਾਧਨਾ ਅਤੇ ਹਜ਼ਰਤ ਸਾਹਿਬ ਦੀ ਤਰ੍ਹਾਂ ਸ਼ਾਂਤ ਸੁਭਾਅ ਨੂੰ ਅਪਣਾਇਆ ਸੀ ਅਤੇ ਤੁਸੀਂ ਵੇਖਿਆ ਹੀ ਹੈ ਕਿ ਮੌਤ ਨੂੰ ਵੇਖ ਕੇ ਵੀ ਉਹਨਾਂ ਦੀ ਮਾਨਸਿਕ ਸ਼ਾਂਤੀ ਸਦਾ ਵਾਂਗ ਬਰਕਰਾਰ ਰਹੀ, ਮੱਥੇ ਉੱਤੇ ਤਿਉੜੀ ਨਹੀਂ ਆਈ।

'ਮੈਂ ਤਾਂ ਉਦੋਂ ਬਹੁਤ ਛੋਟਾ ਸੀ, 2-4 ਸਾਲਾਂ ਦਾ ਹੋਵਾਂਗਾ, ਜਦੋਂ ਹਜ਼ਰਤ ਮੀਆਂ ਮੀਰ ਇੱਕ ਵਾਰ ਗੁਰੂ ਹਰਿਗੋਬਿੰਦ ਜੀ ਨੂੰ ਮਿਲਣ ਅਤੇ ਆਪਣੀ ਮੁਰੀਦ ਬੀਬੀ ਕੌਲਾਂ ਦੀ ਖ਼ੈਰ ਖ਼ੈਰੀਅਤ ਦੀ ਸੰਭਾਲ ਕਰਨ ਲਈ ਅੰਮ੍ਰਿਤਸਰ ਆਏ ਸਨ। ਤਿਆਗ ਰਾਏ ਉਦੋਂ ਤਕਰੀਬਨ ਸੱਤ ਸਾਲਾਂ ਦੇ ਹੋਣਗੇ। ਬੀਬੀ ਕੌਲਾਂ ਨੂੰ ਬਾਲਕ ਤਿਆਗ ਰਾਏ ਨਾਲ ਨਿੱਘਾ ਪਿਆਰ ਸੀ। ਉਹ ਵੀ ਆਪਣੇ ਵੀਰ ਅਟਲ ਰਾਏ ਨਾਲ ਹਰ ਰੋਜ਼ ਬੀਬੀ ਕੌਲਾਂ ਦੇ ਘਰ ਦੇ ਸਾਹਮਣੇ ਮੈਦਾਨ ਵਿਚ ਖੇਡਣ ਜਾਂਦੇ ਸਨ। ਕਹਿੰਦੇ ਹਨ ਕਿ ਬੀਬੀ ਅਕਸਰ ਦੋਹਾਂ ਭਰਾਵਾਂ ਨੂੰ ਆਪਣੇ ਕੋਲ ਬੁਲਾ ਲੈਂਦੀ ਸੀ ਅਤੇ ਘੰਟਿਆਂ ਬੱਧੀ ਉਹਨਾਂ ਦੀਆਂ ਰਸਦਾਇਕ ਅਧਿਆਤਮਕ ਗੱਲਾਂ ਵਿੱਚ ਗੁਆਚੀ ਰਹਿੰਦੀ ਸੀ। ਉਹਨਾਂ ਦਿਨਾਂ ਵਿੱਚ ਜਦੋਂ ਹਜ਼ਰਤ ਮੀਆਂ ਮੀਰ ਉਥੇ ਆਏ ਤਾਂ ਤਿਆਗ ਰਾਏ ਨੂੰ ਵੇਖ ਕੇ ਮੋਹਿਤ ਹੋ ਗਏ।

'ਮੇਰੇ ਪਿਤਾ ਜੀ ਨੇ ਇੱਕ ਵਾਰ ਦੱਸਿਆ ਸੀ ਕਿ ਹਜ਼ਰਤ ਕਾਫ਼ੀ ਬਿਰਧ ਹੋ ਗਏ ਸਨ। ਲੰਬਾ ਚੋਗਾ ਉਹਨਾਂ ਪਾਇਆ ਹੋਇਆ ਸੀ, ਸਫ਼ੈਦ ਦਾੜ੍ਹੀ ਅਤੇ ਸਿਰ ਉੱਤੇ ਕਲੰਦਰੀ ਟੋਪੀ ਸੀ। ਚਿਹਰੇ ਉਤੇ ਤੇਜ਼ ਅਤੇ ਅੱਖਾਂ ਵਿੱਚ ਨੂਰ ਡਲ੍ਹਕ ਰਿਹਾ ਸੀ, ਵੇਖਣ ਸਾਰ ਸ਼ਰਧਾ ਨਾਲ ਸਿਰ ਝੁਕ ਜਾਂਦਾ ਸੀ। ਉਹਨਾਂ ਦੇ ਨਾਲ ਗੁਰੂ ਹਰਿਗੋਬਿੰਦ ਸਾਹਿਬ ਆਪ ਵੀ ਸਨ। ਬੀਬੀ ਦੇ ਘਰ ਵਲ ਆਉਦਿਆਂ ਸਾਹਮਣੇ ਅਟਲ ਰਾਏ ਅਤੇ ਤਿਆਗ ਰਾਏ ਉਤੇ ਨਜ਼ਰ ਪਈ। ਪਹਿਲੀ ਤੱਕਣੀ ਵਿੱਚ ਹੀ ਹਜ਼ਰਤ ਮੀਆਂ ਮੀਰ ਅਤੇ ਤਿਆਗ ਰਾਏ ਇੱਕ ਦੂਜੇ ਨੂੰ ਵੇਖਦੇ ਹੀ ਰਹਿ ਗਏ, ਜਿਵੇਂ ਦੋ ਵਿਛੜੀਆਂ ਆਤਮਾਵਾਂ ਨੇ ਇੱਕ ਦੂਜੇ ਨੂੰ ਪਛਾਣ ਲਿਆ ਹੋਵੇ। ਜਿਵੇਂ ਇੱਕ ਹੀ ਰਾਹ ਦੇ ਦੋ ਰਾਹਗੀਰਾਂ ਨੇ ਅੱਖਾਂ ਹੀ ਅੱਖਾਂ ਵਿੱਚ ਇੱਕ ਦੂਜੇ ਨੂੰ ਪਰਖਿਆ ਤੇ ਸਹਿਜੇ ਹੀ ਸਵੀਕਾਰ ਕਰ ਲਿਆ ਹੋਵੇ। ਦੋਹਾਂ ਲੜਕਿਆਂ ਦਾ ਸਨਿਮਰ ਪ੍ਰਣਾਮ ਸਵੀਕਾਰ

ਕਰਦਿਆਂ ਹਜ਼ਰਤ ਬੋਲੇ, 'ਗੁਰੂ ਸਾਹਿਬ: ਇਹ ਦੋਵੇਂ ਲੜਕੇ ਬੜੇ ਤੇਜੱਸਵੀ ਹਨ। ਇਹ ਵੱਡੇ ਵਾਲਾ ਤਾਂ ਹੁਣੇ ਤੋਂ ਹੀ ਰੁਹਾਨੀ ਉਡਾਰੀਆਂ ਮਾਰਨ ਲੱਗ ਪਿਆ ਹੈ, ਅਤੇ ਛੋਟਾ, ਬਿਲਕੁਲ ਤੁਹਾਡਾ ਰੂਪ! ਮੈਨੂੰ ਜਾਪਦਾ ਹੈ ਕਿ ਇਹ ਦੋਵੇਂ ਦੁਨੀਆ ਵਿੱਚ ਰੂਹਾਨੀ ਪ੍ਰਕਾਸ਼ ਫੈਲਾਉਣਗੇ।

ਤਿਆਗ ਰਾਏ ਉਤੇ ਇਸ ਮੁਲਾਕਾਤ ਦਾ ਬੜਾ ਅਸਰ ਹੋਇਆ ਸੀ। ਹਜ਼ਰਤ ਦੇ ਵਿਅਕਤੀਤਵ ਦੀ ਅਜਿਹੀ ਛਾਪ ਤਿਆਗ ਰਾਏ ਉਤੇ ਲੱਗੀ ਕਿ ਉਹ ਸਾਰੀ ਉਮਰ ਏਕਤਾ, ਭਾਈਚਾਰਾ, ਸਾਦਗੀ ਅਤੇ ਈਸ਼ਵਰ-ਪ੍ਰੇਮ ਦਾ ਸੰਦੇਸ਼ ਦਿੰਦੇ ਰਹੇ। ਹਜ਼ਰਤ ਮੀਆਂ ਮੀਰ ਨਾਲ ਸ਼ਹੀਦ ਗੁਰੂ ਦੀ ਬੱਸ ਇਹੋ ਇੱਕ ਮੁਲਾਕਾਤ ਹੋਈ ਸੀ, ਹਾਂ ਇਹਨਾਂ ਦੇ ਪਿਤਾ ਦੇ ਦਾਦਾ ਨੂੰ ਉਹ ਕਈ ਵਾਰ ਮਿਲੇ ਸਨ। ਗੁਰੂ ਪਰਿਵਾਰ ਨਾਲ ਉਹਨਾਂ ਦਾ ਨਾਤਾ ਬੜਾ ਸੁਖਦਾਈ ਅਤੇ ਸੰਜੀਵੀ ਸੀ। ਕਾਦਰੀ ਫਿਰਕੇ ਦੇ ਲੋਕਾਂ ਨਾਲ ਅੱਜ ਵੀ ਸਿੱਖਾਂ ਦੇ ਚੰਗੇ ਸਬੰਧ ਹਨ।'

ਕੁਝ ਰੁਕ ਕੇ ਭਾਈ ਗੁਰਦਿੱਤਾ ਜੀ ਨੇ ਫਿਰ ਕਹਿਣਾ ਸ਼ੁਰੂ ਕੀਤਾ ਕਿ ਤਿਆਗ ਰਾਏ ਦੇ ਜੀਵਨ ਉਤੇ ਆਪਣੇ ਵੱਡੇ ਵੀਰ ਅਤੇ ਖੇਡ ਵਿੱਚ ਰੋਜ਼ ਸਾਥ ਦੇਣ ਵਾਲੇ ਅਟਲ ਰਾਏ ਦੀ ਦੈਵੀ ਮੌਤ ਦਾ ਅਮਿਟ ਪ੍ਰਭਾਵ ਪਿਆ। ਇਸ ਮੌਤ ਨਾਲ ਭਾਵੀ ਗੁਰੂ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਅਤੇ ਧੀਰਜ ਤੇ ਸ਼ਹਿਣਸ਼ੀਲਤਾ ਦੀ ਦ੍ਰਿੜ੍ਹ ਸਿੱਖਿਆ ਮਿਲੀ। ਬੜੀ ਹੀ ਬਚਿੱਤਰ ਘਟਨਾ ਸੀ ਇਹ, ਤੁਹਾਨੂੰ ਸੁਣਾਈਏ ਤਾਂ ਤੁਹਾਨੂੰ ਪਤਾ ਲੱਗੇ ਕਿ ਗੁਰੂ ਜੀ ਨੇ ਸਰਵ ਸ਼ਕਤੀਮਾਨ ਹੁੰਦੇ ਹੋਇਆ ਵੀ ਬਾਦਸ਼ਾਹ ਦੇ ਕਹਿਣ ਤੇ ਕਿਉਂ ਕੋਈ ਕਰਾਮਤ ਨਹੀਂ ਵਿਖਾਈ। ਉਹ ਚਾਹੁੰਦੇ ਤਾਂ ਅੱਖ-ਫੇਰ ਵਿਚ ਸਾਰੀ ਬਾਦਸ਼ਾਹਤ ਮਿਟਾ ਦਿੰਦੇ ਪਰ ਅਕਾਲ ਪੁਰਖ ਦਾ ਭਾਣਾ ਮੰਨ ਕੇ ਸਥਿਤੀ ਨੂੰ ਸਵੀਕਾਰ ਕਰਨ ਵਿਚ ਜਿਹੜਾ ਮਜ਼ਾ ਹੈ, ਉਹ ਉਸਦਾ ਸ਼ਰੀਕ ਬਣਨ ਵਿੱਚ ਤਾਂ ਨਹੀਂ। ਕਰਾਮਾਤ ਪਰਮਾਤਮਾ ਦੀ ਸ਼ਕਤੀ ਨੂੰ ਲਲਕਾਰਨਾ ਹੀ ਤਾਂ ਹੈ, ਗੁਰਮਤਿ ਇਸ ਦੇ ਵਿਰੁੱਧ ਹੈ।

'ਤਾਂ ਹੀ ਸ਼ਾਇਦ ਬਾਦਸ਼ਾਹ ਦੇ ਇੰਨਾ ਜ਼ੋਰ ਦੇਣ ਉੱਤੇ ਵੀ ਗੁਰੂ ਜੀ ਨੇ ਕਰਾਮਾਤ ਵਿਖਾਉਣ ਤੋਂ ਇਨਕਾਰ ਕੀਤਾ ਹੋਵੇਗਾ', ਰਹਿਮਾਨ ਗੰਭੀਰਤਾ ਨਾਲ ਬੋਲਿਆ, 'ਅਤੇ ਜਨੂੰਨੀ ਆਲਮਗੀਰ ਸਮਝਿਆ ਹੋਵੇਗਾ ਕਿ ਗੁਰੂ ਵਿਚ ਕੋਈ ਰੂਹਾਨੀ ਤਾਕਤ ਹੀ ਨਹੀਂ। ਪਲ ਭਰ ਲਈ ਮੁਰੀਦਾਂ ਦੀ ਸਮੁੱਚੀ ਸ਼੍ਰੇਣੀ ਵਿੱਚ ਦਬਦਬਾ ਜਿਹਾ ਬੈਠ ਗਿਆ ਲੱਗਿਆ, ਤਾਂ ਪੀਰ ਕਰੀਮ ਬਖ਼ਸ਼ ਬੋਲੇ, 'ਹਾਂ ਭਰਾਵਾ ਤੁਸੀਂ ਅਟਲ ਰਾਏ ਸਬੰਧੀ ਕੁਝ ਕਹਿਣ ਲੱਗੇ ਸੀ। ਅਚਾਨਕ ਕੀ ਗੱਲ ਹੋ ਗਈ ਕਿ ਉਹਨਾਂ ਨੂੰ ਨੌਂ ਵਰ੍ਹਿਆਂ ਦੀ ਉਮਰ ਵਿੱਚ ਹੀ ਇਸ ਧਰਤੀ ਤੋਂ ਜਾਣਾ ਪਿਆ ?

ਭਾਈ ਗੁਰਦਿੱਤਾ ਜੀ ਨੇ ਉਭਾ ਸਾਹ ਲਿਆ ਅਤੇ ਬੋਲੇ, ਬੜੀ ਹੀ ਦੁਖਦਾਈ ਘਟਨਾ ਹੈ, ਮੈਂ ਅਜੇ 4-5 ਸਾਲਾਂ ਦਾ ਸੀ। ਗੁਰੂ ਘਰ ਦੇ ਸਾਰੇ ਬੱਚੇ ਬੀਬੀ ਕੌਲਾਂ ਦੇ ਘਰ ਵੱਲ ਖੇਡਣ

ਜਾਇਆ ਕਰਦੇ ਸਨ। ਸ਼ਾਇਦ ਕੁਝ ਹੋਰ ਚੰਗੇ ਘਰਾਂ ਦੇ ਲੜਕੇ ਵੀ ਉਥੇ ਖੇਡਣ ਆ ਜਾਇਆ ਕਰਦੇ ਸਨ। ਜ਼ਿਆਦਾਤਰ ਦਰਖ਼ਤਾਂ ਦੀਆਂ ਅੱਗੇ ਮੁੜੀਆਂ ਟਾਹਣੀਆਂ ਵੱਢ ਲੈਂਦੇ ਸੀ ਅਤੇ ਉਸ ਨਾਲ ਖਿੱਦੋ ਖੇਡਦੇ ਸੀ। ਬੀਬੀ ਕੌਲਾਂ ਆਪਣੀ ਖਿੜਕੀ ਵਿਚੋਂ ਗੁਰੂ ਘਰ ਦੇ ਬੱਚਿਆਂ ਨੂੰ ਵੇਖਿਆ ਕਰਦੀ ਸੀ, ਕਦੀ ਪਿਆਰ ਨਾਲ ਬੁਲਾ ਕੇ ਉਹਨਾਂ ਨਾਲ ਗੱਲਾਂ ਵੀ ਕਰਦੀ ਸੀ। ਮੈਨੂੰ ਉਸ ਵੇਲੇ ਦੀ ਬੜੀ ਪਤਲੀ ਜਿਹੀ ਯਾਦ ਹੈ।

'ਸ਼ਹਿਰ ਦੇ ਇੱਕ ਵਪਾਰੀ ਸਿੱਖ ਦਾ 8-9 ਵਰ੍ਹਿਆਂ ਦਾ ਮੁੰਡਾ ਮੋਹਨ ਅਟੱਲ ਰਾਏ ਦਾ ਪੱਕਾ ਦੋਸਤ ਸੀ। ਦੋਵੇਂ ਪਿਆਰ ਨਾਲ ਖੇਡਦੇ ਤੇ ਮਿਲ ਕੇ ਰਹਿੰਦੇ ਸਨ। ਤਿਆਗ ਰਾਏ ਵੀ ਉਹਨਾਂ ਦੋਹਾਂ ਨਾਲ ਰਹਿੰਦੇ ਸਨ। ਗੁਰੂ ਜੀ ਦੇ ਬਾਕੀ ਪੁੱਤਰ ਬਾਬਾ ਗੁਰਦਿੱਤਾ, ਸੂਰਜ ਮੱਲ ਅਤੇ ਅਣੀ ਰਾਏ ਹੁਣ ਸਮਝਦਾਰ ਹੋ ਗਏ ਸਨ। ਬਾਬਾ ਗੁਰਦਿੱਤਾ ਦਾ ਤਾਂ ਵਿਆਹ ਵੀ ਹੋ ਚੁੱਕਾ ਸੀ, ਇਸ ਲਈ ਉਹ ਤਿੰਨਾਂ ਛੋਟੇ ਭਰਾਵਾਂ ਦੀ ਖਿੱਦੋ ਖੇਡਣ ਵਿੱਚ ਨਾਲ ਨਹੀਂ ਹੁੰਦੇ ਸਨ। ਇੱਕ ਸ਼ਾਮ ਖੇਡ ਵਿਚ ਦੇਰ ਹੋ ਗਈ। ਮੋਹਨ ਨੇ ਵਾਰੀ ਦੇਣੀ ਸੀ, ਪਰ ਹਨ੍ਹੇਰਾ ਹੋਣ ਕਰਕੇ ਖੇਡ ਅਗਲੇ ਦਿਨ ਲਈ ਛੱਡਣੀ ਪਈ ਅਤੇ ਫੈਸਲਾ ਇਹ ਹੋਇਆ ਕਿ ਸਾਰੇ ਬੱਚੇ ਅਗਲੇ ਦਿਨ ਤੀਜੇ ਪਹਿਰ ਜ਼ਰਾ ਜਲਦੀ ਇਕੱਠੇ ਹੋ ਜਾਣਗੇ। ਪਹਿਲਾਂ ਅੱਜ ਦੀ ਵਾਰੀ ਪੂਰੀ ਕਰਨਗੇ ਅਤੇ ਫਿਰ ਨਵੀਂ ਖੇਡ ਬਾਰੇ ਸੋਚਣਗੇ। ਅਟਲ ਰਾਏ ਸਾਰਿਆਂ ਦੇ ਆਗੂ ਸਨ, ਉਹਨਾਂ ਫੈਸਲਾ ਸੁਣਾ ਦਿੱਤਾ ਅਤੇ ਮੋਹਨ ਨੂੰ ਖਾਸ ਤੌਰ ਤੇ ਜਲਦੀ ਆਉਣ ਦਾ ਆਦੇਸ਼ ਦੇ ਕੇ ਸਾਰੇ ਆਪੋ ਆਪਣੇ ਘਰੀਂ ਚਲੇ ਗਏ।'

'ਪਰਮਾਤਮਾ ਦੀ ਮਰਜ਼ੀ' ਉਸ ਰਾਤ ਮੋਹਨ ਨੂੰ ਬੁਖ਼ਾਰ ਚੜ੍ਹਿਆ ਅਤੇ ਕੁਝ ਹੀ ਪਹਿਰਾਂ ਵਿੱਚ ਉਸ ਦੀ ਜੀਵਨ ਜੋਤ ਬੁਝ ਗਈ। ਅਗਲੇ ਦਿਨ ਸ਼ਾਮੀਂ ਜਦੋਂ ਅਟਲ ਰਾਏ, ਤਿਆਗ ਰਾਏ ਤੇ ਹੋਰ ਸਾਰੇ ਮਿੱਤਰ ਖੇਡਣ ਲਈ ਇਕੱਠੇ ਹੋਏ, ਤਾਂ ਮੋਹਨ ਨੂੰ ਮੌਜੂਦ ਨਾ ਵੇਖਦੇ ਅਟਲ ਰਾਏ ਨੂੰ ਹੈਰਾਨੀ ਹੋਈ। ਉਸ ਤਾਂ ਵਾਰੀ ਦੇਣੀ ਸੀ। ਸ਼ਾਇਦ ਉਹ ਜਾਣ ਬੁਝ ਕੇ ਨਹੀਂ ਆਇਆ। ਲੜਕਿਆਂ ਸੋਚਿਆ ਕਿਉਂ ਨਾ ਉਸ ਨੂੰ ਘਰੋਂ ਬੁਲਾ ਲਿਆ ਜਾਵੇ। ਬਸ ਅਟੱਲ ਰਾਏ ਦੀ ਅਗਵਾਈ ਹੇਠ ਸਾਰੇ ਮੁੰਡੇ ਮੋਹਨ ਨੂੰ ਸੱਦਣ ਵਾਸਤੇ ਚੱਲ ਪਏ। ਮੋਹਨ ਦੇ ਪਿੱਟ-ਸਿਆਪਾ ਪਿਆ ਸੀ। ਲਾਸ਼ ਨੂੰ ਸ਼ਮਸ਼ਾਨ ਲੈ ਜਾਣ ਦੀ ਤਿਆਰੀ ਹੋ ਰਹੀ ਸੀ। ਮੋਹਨ ਦਾ ਮੁਰਦਾ ਸਰੀਰ ਵਿਹੜੇ ਵਿੱਚ ਚਾਦਰ ਨਾਲ ਢੱਕਿਆ ਪਿਆ ਸੀ। ਇਹ ਵੇਖ ਕੇ ਸਾਰੇ ਮੁੰਡੇ ਹੱਕੇ ਬੱਕੇ ਹੋ ਗਏ। ਮੌਤ ਨੇ ਉਹਨਾਂ ਦੇ ਸਾਥੀ ਨੂੰ ਖੋਹ ਲਿਆ ਸੀ। ਇਹ ਵੇਖ ਕੇ ਸਾਰੇ ਮੁੰਡੇ ਹੱਕੇ ਬੱਕੇ ਹੋ ਗਏ। ਮੌਤ ਨੇ ਉਹਨਾਂ ਦੇ ਸਾਥੀ ਨੂੰ ਖੋਹ ਲਿਆ ਸੀ ਪਰ ਗੁਰੂ ਪੁੱਤਰ ਅਟਲ ਰਾਏ ਇੰਜ ਹਾਰਨ ਵਾਲੇ ਨਹੀਂ ਸਨ। ਆਪਣੇ ਨਾਂ ਨੂੰ ਸਾਰਥਕ ਕਰਦੇ ਹੋਏ, ਉਹ ਮੋਹਨ ਨੂੰ ਆਪਣੇ ਨਾਲ ਖੇਡਣ ਵਾਸਤੇ ਲੈ ਜਾਣ ਲਈ ਅਟੱਲ ਸਨ। ਮੋਹਨ ਨੇ ਚੱਲ ਕੇ ਵਾਰੀ ਦੇਣੀ ਸੀ – ਮੌਤ ਨੂੰ ਵੀ ਹੱਕ ਨਹੀਂ ਕਿ ਉਹਨਾਂ ਦੀ ਖੇਡ ਵਿੱਚ ਅੜਚਨ ਪੈਦਾ ਕਰੇ। ਇਹ ਸੋਚ ਕੇ ਅਟੱਲ ਅੱਗੇ ਵਧੇ।

'ਸਾਰੇ ਪਾਸੇ ਹੈਰਾਨੀ ਛਾ ਗਈ। ਇਕੱਠੇ ਹੋਏ ਲੋਕ ਗੁਰੂ ਪੁੱਤਰ ਨੂੰ ਵਧਦਾ ਵੇਖ ਕੇ ਅਸਚਰਜ ਹੋ ਗਏ। ਵਿਰਲਾਪ ਕਰਦੀਆਂ ਔਰਤਾਂ ਉਸ ਪਲ ਲਈ ਥੰਮ੍ਹ ਗਈਆਂ ਅਤੇ ਇੱਕ ਟਕ ਮੋਹਨ ਦੇ ਮੁਰਦਾ ਸਰੀਰ ਵੱਲ ਵੇਖਣ ਲਗ ਪਈਆਂ। ਸਾਰੇ ਸਾਥੀ ਬੇਲੀ ਸਹਿਮ ਕੇ ਦੂਰੋਂ ਹੀ ਅੱਗੇ ਵਾਪਰਨ ਵਾਲੀ ਗੱਲ ਬਾਰੇ ਵਿਚਾਰ ਕਰਨ ਲਗ ਪਏ। ਅਟਲ ਰਾਏ ਬੜੇ ਦ੍ਰਿੜ੍ਹ ਸੰਕਲਪ ਨਾਲ ਦੇਹ ਕੋਲ ਗਏ ਅਤੇ ਮੁਰਦਾ ਮੋਹਨ ਦੀ ਬਾਂਹ ਪਕੜ ਕੇ ਕਹਿਣ ਲੱਗੇ, 'ਓ ਮੋਹਨ! ਕੀ ਚਾਦਰ ਤਾਣਕੇ ਸੌਂ ਰਿਹਾ ਹੈਂ। ਦਿਸਦਾ ਨਹੀਂ, ਕਿ ਸ਼ਾਮ ਹੋ ਗਈ ਹੈ, ਚੱਲ ਕੇ ਸਾਡੀ ਕਲ੍ਹ ਵਾਲੀ ਵਾਰੀ ਉਤਾਰ।'

ਤਾਂ ਹੀ ਬਹੁਤ ਸਾਰੀਆਂ ਅੱਖਾਂ ਨੇ ਇੱਕ ਵਿਸ਼ਵਾਸ ਨਾ ਆਉਣ ਵਾਲੀ ਗੱਲ ਵੇਖੀ ਮੁਰਦਾ ਮੋਹਨ ਜਿੰਦਾ ਹੋ ਗਿਆ ਅਤੇ ਇਕਦਮ ਆਪਣੇ ਸਾਥੀਆਂ ਨਾਲ ਵਾਰੀ ਦੇਣ ਵਾਸਤੇ ਮੈਦਾਨ ਵਿਚ ਚਲਾ ਗਿਆ। ਰੋਂਦੀਆਂ, ਕੁਰਲਾਂਦੀਆਂ ਅੱਖਾਂ ਚਮਕ ਉੱਠੀਆਂ। ਮੋਹਨ ਦੇ ਮਾਪਿਆਂ ਨੇ ਅਟਲ ਦੇ ਰੂਪ ਵਿਚ ਪ੍ਰਗਟ ਹੋਏ ਰੱਬ ਦੇ ਦਰਸ਼ਨ ਕੀਤੇ ਅਤੇ ਆਪਣੇ ਮੁਰਸ਼ਦ ਵੱਲ ਸੀਸ ਝੁਕਾਇਆ। ਮੁਰਦੇ ਨੂੰ ਜਿੰਦਾ ਕਰਨ ਦੀ ਇਹ ਸਾਖੀ ਅੰਮ੍ਰਿਤਸਰ ਸ਼ਹਿਰ ਵਿਚ ਪਲ-ਛੋਰ ਵਿੱਚ ਧੁੰਮ ਗਈ। ਕੁਝ ਲੋਕਾਂ ਨੇ ਅਟਲ ਰਾਏ ਅਤੇ ਤਿਆਗ ਰਾਏ ਦੇ ਘਰ ਅਪੜਨ ਤੋਂ ਪਹਿਲਾਂ, ਸਲਾਹੁਣਾ ਕਰਦਿਆਂ ਇੱਕ ਕਰਾਮਾਤ ਦੀ ਗੱਲ ਗੁਰੂ ਹਰਗੋਬਿੰਦ ਜੀ ਨੂੰ ਜਾ ਸੁਣਾਈ। ਗੁਰੂ ਜੀ ਇਹ ਸੁਣ ਕੇ ਗੰਭੀਰ ਹੋ ਗਏ, 'ਇਹ ਨਹੀਂ ਹੋ ਸਕਦਾ, ਗੁਰੂਘਰ ਵਿਚ ਕਰਾਮਾਤ ਦੀ ਮਨਾਹੀ ਹੈ, ਮੁੰਡੇ ਨੇ ਬੇਸਮਝੀ ਵਿਚ ਇਹ ਕੀ ਕਰ ਦਿੱਤਾ ਹੈ ?' ਗੁਰੂ ਹਰਿਗੋਬਿੰਦ ਜੀ ਅੰਦਰੋਂ ਹੀ ਅੰਦਰ ਅਟਲ ਰਾਏ ਨਾਲ ਗੁੱਸੇ ਸਨ ਪਰ ਇਹ ਖਬਰ ਸੁਣ ਕੇ ਉਹਨਾਂ ਕੋਈ ਟਿੱਪਣੀ ਨਾ ਕੀਤੀ।'

'ਇੰਨੇ ਵਿਚ ਦੋਵੇਂ ਮੁੰਡੇ ਗੇਂਦ ਉਛਾਲਦੇ ਹੋਏ ਘਰ ਪਰਤੇ। ਮੋਹਨ ਦੇ ਘਰ ਵਧਾਈਆਂ ਮਿਲਣ ਲਗ ਗਈਆਂ ਸਨ, ਹਰ ਕੋਈ ਉਸਨੂੰ ਪਿਆਰ ਦੀ ਨਜ਼ਰ ਨਾਲ ਵੇਖਦਾ ਸੀ, ਗੱਲ੍ਹਾਂ ਤੇ ਪਿਆਰ ਦਿੰਦਾ ਸੀ ਅਤੇ ਪਿੱਠ ਉਤੇ ਹੱਥ ਫੇਰਦਾ ਸੀ ਜਦੋਂ ਕਿ ਅਟਲ ਰਾਏ ਅਤੇ ਤਿਆਗ ਰਾਏ ਪਿਆਰ। ਨਾਲ ਪਿਤਾ ਵਲ ਵਧੇ ਤਾਂ ਗੁਰੂ ਹਰਿਗੋਬਿੰਦ ਜੀ ਨੇ ਮੂੰਹ ਫੇਰ ਲਿਆ, 'ਅਟੱਲ, ਤੂੰ ਅੱਜ ਗੁਰੂਘਰ ਦੀ ਮਰਿਆਦਾ ਭੰਗ ਕੀਤੀ ਹੈ, ਕਰਾਮਾਤ ਦਾ ਸਹਾਰਾ ਲੈ ਕੇ ਈਸ਼ਵਰ ਦੀ ਇੱਛਾ ਵਿੱਚ ਵਿਘਨ ਪਾਇਆ ਹੈ, ਇਹ ਠੀਕ ਨਹੀਂ ਹੋਇਆ।' ਗੁਰੂ ਹਰਿਗੋਬਿੰਦ ਜੀ ਨੇ ਮੂੰਹ ਫੇਰੇ ਫੇਰੇ ਹੀ ਕਿਹਾ, 'ਮੈਨੂੰ ਤੁਹਾਡੀ ਇਹ ਗੱਲ ਪਰਵਾਨ ਨਹੀਂ, ਤੁਸੀਂ ਮੇਰੇ ਸਾਹਮਣੇ ਨਾ ਆਓ।' 'ਗੁਰੂ ਜੀ ਦੇ ਬੋਲਾਂ ਵਿੱਚ ਨਾਰਾਜ਼ਗੀ ਪ੍ਰਤੱਖ ਸੀ।

'ਅਟੱਲ ਰਾਏ ਆਪਣੀ ਗਲਤੀ ਸਮਝ ਗਏ ਪਰ ਹੁਣ ਕੀ ਕੀਤਾ ਜਾ ਸਕਦਾ ਸੀ। ਹੱਥ ਜੋੜ ਕੇ ਬੜੇ ਸਤਿਕਾਰ ਨਾਲ ਬੋਲੇ, 'ਪਿਤਾ ਜੀ ਮੈਨੂੰ ਮੂਰਖ ਗੰਵਾਰ ਨੂੰ ਮੁਆਫ਼ ਕਰ

ਦਿਓ। ਮੈਂ ਆਪਣੀ ਗਲਤੀ ਵਾਸਤੇ ਪਛਤਾਵਾ ਕਰਾਂਗਾ। ਜੇ ਤੁਸੀਂ ਮੈਨੂੰ ਖ਼ਿਮਾ ਕਰੋਗੇ ਤਾਂ ਹੀ ਮੇਰਾ ਪਛਤਾਵਾ ਸਕਾਰਥ ਹੋਵੇਗਾ, ਵਰਨਾ ਮੈਂ ਪ੍ਰਭੂ ਚਰਨਾਂ ਤੋਂ ਟੁੱਟ ਕੇ ਕਿੱਥੇ ਜਾਵਾਂਗਾ, ਗੁਰਦੇਵ ! ਗੁਰੂ ਹਰਿਗੋਬਿੰਦ ਜੀ ਦਾ ਗੁੱਸਾ ਇਹ ਸ਼ਬਦ ਸੁਣ ਕੇ ਕੁਝ ਠੰਢਾ ਹੋਇਆ ਅਤੇ ਉਹਨਾਂ ਨੇ ਅਟਲ ਰਾਏ ਵਲ ਵੇਖੇ ਬਿਨਾਂ ਆਪਣਾ ਸਿਰ ਹਿਲਾ ਦਿੱਤਾ। ਇਸ਼ਾਰਾ ਸਮਝਦੇ ਅਟਲ ਰਾਏ ਗੁਰੂ ਜੀ ਦੇ ਕਮਰੇ ਵਿਚੋਂ ਸਿਰ ਝੁਕਾ ਕੇ ਬਾਹਰ ਆ ਗਏ ਅਤੇ ਉਹਨਾਂ ਨੇ ਮਾਤਾ ਨਾਨਕੀ ਜੀ ਦੇ ਕਮਰੇ ਵਿਚ ਜਾ ਕੇ ਉਹਨਾਂ ਨੂੰ ਨਮਸਕਾਰ ਕੀਤਾ। ਮਾਤਾ ਜੀ ਨੂੰ ਆਪਣੇ ਪੁੱਤਰ ਦੀ ਪ੍ਰਾਪਤੀ ਉਤੇ ਗੌਰਵ ਮਹਿਸੂਸ ਹੋ ਰਿਹਾ ਸੀ ਪਰ ਪਤੀ ਦੇ ਆਦੇਸ਼ ਨੂੰ ਖਿਆਲ ਵਿਚ ਰੱਖ ਕੇ ਚੁਪ ਸਨ। ਪੁੱਤਰ ਨੂੰ ਰੋਟੀ ਪਾ ਕੇ ਦੇਣ ਲੱਗੇ ਤਾਂ ਅਟਲ ਰਾਏ ਬੋਲੇ, 'ਨਹੀਂ ਮਾਤਾ ਜੀ ਹੁਣ ਮੈਨੂੰ ਭੋਜਨ ਨਹੀਂ ਚਾਹੀਦਾ, ਮੈਂ ਗ਼ਲਤੀ ਲਈ ਪਛਤਾਵਾ ਕਰਨਾ ਹੈ।'

ਇੰਨਾ ਕਹਿ ਕੇ ਮਾਤਾ ਦੇ ਆਵਾਜ਼ ਦੇਣ ਦੇ ਬਾਵਜੂਦ ਅਟਲ ਰਾਏ ਰੁਕੇ ਨਹੀਂ ਅਤੇ ਉਥੇ ਸਿੱਧੇ ਹਰਿਮੰਦਰ ਦੇ ਸਰੋਵਰ ਉਤੇ ਆਏ, ਤਿਆਗ ਰਾਏ ਉਹਨਾਂ ਦੀ ਇਹ ਹਾਲਤ ਵੇਖ ਕੇ ਘਬਰਾ ਹੀ ਗਏ ਸਨ, ਹੋਰ ਬਹੁਤ ਸਾਰੇ ਲੋਕ ਵੀ ਵੱਖ ਵੱਖ ਕਿਆਸ ਕਰ ਰਹੇ ਸਨ। ਅਟਲ ਰਾਏ ਨੇ ਸਰੋਵਰ ਉਤੇ ਅਪੜ ਕੇ ਇਸ਼ਨਾਨ ਕੀਤਾ ਅਤੇ ਉਥੇ ਹੀ ਨਿਰਵਾਣ-ਸਮਾਧੀ ਵਿਚ ਲੀਨ ਹੋ ਗਏ। ਦੋ ਘੜੀਆਂ ਵਿੱਚ ਲੋਕਾਂ ਵੇਖਿਆ ਕਿ ਉਹਨਾਂ ਦਾ ਸਰੀਰ ਹਿੱਲਣਾ ਜੁਲਣਾ ਬੰਦ ਹੋ ਗਿਆ ਹੈ ਅਤੇ ਪ੍ਰਾਣ ਨਿਕਲ ਚੁੱਕੇ ਹਨ। ਆਪਣੇ ਮਿੱਤਰ ਨੂੰ ਜੀਵਨ ਦੇ ਕੇ ਉਸਦੇ ਬਦਲੇ ਵਿਚ ਪਰਮਾਤਮਾ ਦਾ ਹੁਕਮ ਪਰਤਾਉਣ ਵਾਸਤੇ ਅਟਲ ਰਾਏ ਨੇ ਆਪਣੇ ਆਪ ਨੂੰ ਨਿਛਾਵਰ ਕਰ ਦਿੱਤਾ ਗੁਰੂ ਪੁੱਤਰ ਨੇ ਮਰਿਆਦਾ-ਉਲੰਘਣ ਵਾਸਤੇ ਪਛਤਾਵਾ ਕਰਨ ਲਈ ਆਪਣੇ ਜੀਵਨ ਦੀ ਕੀਮਤ ਚੁਕਾਈ ਅਤੇ ਮਰ ਕੇ ਅਮਰ ਹੋ ਗਿਆ।

'ਸਮੁੱਚੇ ਗੁਰੂ ਪਰਿਵਾਰ ਵਿੱਚ ਇਸ ਘਟਨਾ ਕਰਕੇ ਹਾਹਾਕਾਰ ਮੱਚ ਗਈ। ਇੰਨੇ ਕਠੋਰ ਪਸ਼ਚਾਤਾਪ ਬਾਰੇ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ। ਮਾਤਾ ਨਾਨਕੀ ਦੌੜ ਕੇ ਗੁਰੂ ਹਰਿਗੋਬਿੰਦ ਜੀ ਦੇ ਚਰਨਾਂ ਨੂੰ ਚਿੰਮੜ ਗਏ ਅਤੇ ਕਿਰਪਾਲਤਾ ਦੀ ਭੀਖ ਮੰਗਣ ਲੱਗ ਪਈ ਪਰ ਗੁਰੂ ਜੀ ਗੰਭੀਰ ਸਨ ਸ਼ਾਂਤ, ਸਹਜ ਅਵਸਥਾ ਵਿੱਚ ਅਭਿੱਜ ਪ੍ਰਤੀਤ ਹੋ ਰਹੇ ਸਨ। ਆਪਣੇ ਸੇਵਕਾਂ ਨਾਲ ਉਹ ਅਟਲ ਰਾਏ ਦੀ ਦੇਹ ਕੋਲ ਪਹੁੰਚੇ, ਥੋੜ੍ਹੀ ਦੇਰ ਉਸਦੇ ਕੋਲ ਖੜ੍ਹੇ ਰਹੇ ਅਤੇ ਫਿਰ ਦ੍ਰਿੜ੍ਹ ਆਵਾਜ਼ ਵਿਚ ਚਿਤਾ ਤਿਆਰ ਕਰਨ ਲਈ ਹੁਕਮ ਦਿੱਤਾ। ਹਰਿਮੰਦਰ ਦੇ ਨਜ਼ਦੀਕ ਹੀ ਖੁਲ੍ਹੇ ਮੈਦਾਨ ਵਿੱਚ ਜਿਥੇ ਹੁਣ ਬਾਬਾ ਅਟਲ ਯਾਦਗਾਰ ਬਣੀ ਹੋਈ ਹੈ, ਚੰਦਨ ਦੀ ਚਿਤਾ ਉਤੇ ਅਟਲ ਰਾਏ ਦਾ ਸੰਸਕਾਰ ਕਰ ਦਿੱਤਾ ਗਿਆ। ਗੁਰੂ ਜੀ ਨੇ ਹੁਕਮ ਦਿੱਤਾ ਕਿ ਉਥੇ ਅਟਲ ਰਾਏ ਦੀ ਨੌਂ ਮੰਜ਼ਲੀ ਯਾਦਗਾਰ ਬਣੇਗੀ-ਉਸ ਵਕਤ ਅਟਲ ਰਾਏ ਨੌਂ ਸਾਲਾਂ ਦੇ ਸਨ।

'ਹੁਣ ਤੁਸੀਂ ਆਪ ਹੀ ਦੱਸੋ, ਪੀਰ ਜੀ, ਜਿਸ ਗੁਰਮਤਿ ਵਿਚ ਕਰਾਮਾਤ ਵਾਸਤੇ ਵੱਡੇ ਭਰਾ ਨੂੰ ਇੰਨਾ ਕਠੋਰ ਪਛਤਾਵਾ ਕਰਦਿਆਂ ਤਿਆਗ ਰਾਏ ਨੇ ਵੇਖਿਆ ਸੀ, ਉਥੇ ਉਹ ਆਪ

ਜੇਕਰ ਬਾਦਸ਼ਾਹ ਦੇ ਹੁਕਮ ਉਤੇ ਕਰਾਮਾਤ ਵਿਖਾਉਂਦੇ, ਤਾਂ ਕੀ ਉਹਨਾਂ ਦੀ ਵਡਿਆਈ ਹੋਣੀ ਸੀ। ਮੇਰੇ ਗੁਰਦੇਵ ਸ਼ਹੀਦਾਂ ਦੇ ਸਿਰਤਾਜ ਹਨ – ਉਹਨਾਂ ਸਿਰ ਦੇਣਾ ਪ੍ਰਵਾਨ ਕੀਤਾ ਹੈ, ਸਿਰ ਨਹੀਂ ਦਿੱਤਾ। ਇਸ ਗੱਲ ਵਿਚ ਹੀ ਉਹਨਾਂ ਦੀ ਮਹਾਨਤਾ ਹੈ।

'ਭਰਾਵਾ ! ਮੈਂ ਅੱਜ ਮੰਨ ਗਿਆ ਹਾਂ ਕਿ ਇਹ ਕਰਾਮਾਤ ਦੈਵੀ ਚੋਰੀ ਹੈ। ਲੋਕਾਂ ਵਿੱਚ ਆਪਣਾ ਦਬਦਬਾ ਬਿਠਾਉਣ ਲਈ ਸਾਡੇ ਧਰਮ ਵਿਚ ਪੀਰ ਫ਼ਕੀਰ ਇੰਜ ਕਰਦੇ ਹੀ ਰਹਿੰਦੇ ਹਨ, ਪੀਰ ਕਰੀਮ ਬਖ਼ਸ਼ ਨੇ ਟਿੱਪਣੀ ਕੀਤੀ, 'ਪਰ ਭਰਿਆ ਭਾਂਡਾ ਕਦੇ ਨਹੀਂ ਛਲਕਦਾ, ਇਹ ਗੁਰੂ ਜੀ ਦੇ ਜੀਵਨ ਤੋਂ ਸਪਸ਼ਟ ਹੈ, ਮੈਂ ਸਿਰ ਝੁਕਾਉਂਦਾ ਹਾਂ, ਉਹਨਾਂ ਨੂੰ। '

'ਵਾਹਿਗੁਰੂ, ਵਾਹਿਗੁਰੂ। ਭਾਈ ਗੁਰਦਿੱਤਾ ਜੀ ਨੇ ਪਰਮਾਤਮਾ ਨੂੰ ਯਾਦ ਕੀਤਾ ' ਅਤੇ ਬੋਲੇ, 'ਹੁਣ ਬੈਠਾਂਗੇ, ਅੱਜ ਇੱਥੇ ਹੀ ਬੰਦ ਕਰਦੇ ਹਾਂ।

ਪਰ ਕਰੀਮ ਬਖ਼ਸ਼ ਅਤੇ ਉਹਨਾਂ ਦੇ ਮੁਰੀਦ ਸਾਰੇ ਸ਼ਰਸਾਰ ਹੋ ਗਏ। ਭਾਈ ਗੁਰਦਿੱਤਾ ਜੀ ਉਥੇ ਹੀ ਦਰੱਖਤ ਹੇਠਾਂ ਘਾਹ ਉਤੇ ਵਾਹਿਗੁਰੂ ਨੂੰ ਯਾਦ ਕਰਨ ਲਈ ਜੁੜ ਗਏ।

ਪ੍ਰਭਾਤ ਦੀ ਲਾਲੀ ਚਾਰੋਂ ਪਾਸੇ ਫੈਲ ਰਹੀ ਸੀ, ਉਜਾਲਾ ਹੋ ਚੁੱਕਿਆ ਸੀ। ਲੋਕ ਜਮਨਾ ਉਤੇ ਇਸ਼ਨਾਨ ਕਰਨ ਵਾਸਤੇ ਆਉਣ ਲਗ ਪਏ ਸਨ। ਬੋਹੜ ਉਤੇ ਪੰਛੀਆਂ ਦੇ ਚਹਿਕਣ ਦੀ ਆਵਾਜ਼ ਵਧਦੀ ਜਾ ਰਹੀ ਸੀ। ਉਸ ਵੇਲੇ ਸੂਰਜ ਦੀ ਪਹਿਲੀ ਕਿਰਨ ਨੇ ਪੀਰ ਕਰੀਮ ਬਖ਼ਸ਼ ਦੀ ਝੌਂਪੜੀ ਉਤੇ ਦਸਤਕ ਦਿੱਤੀ। ਪੀਰ ਨੇ 'ਯਾ ਅੱਲਾ !' ਕਹਿੰਦਿਆਂ ਦਰਵਾਜ਼ਾ ਖੋਲ੍ਹਿਆ ਅਤੇ ਸਾਹਮਣੇ ਦਾ ਨਜ਼ਾਰਾ ਵੇਖ ਕੇ ਬਿਨਾਂ ਅੱਖ ਝਮਕੇ ਵੇਖਦਾ ਰਹਿ ਗਿਆ। ਸਾਹਮਣੇ ਬੋਹੜ ਹੇਠਾਂ ਭਾਈ ਗੁਰਦਿੱਤਾ ਜੀ ਕੰਵਲ ਆਸਨ ਲਾ ਕੇ ਲੀਨ ਹੋਇਆ ਬੈਠਾ ਸੀ। ਮੂੰਹ ਹਨ੍ਹੇਰੇ ਉਹ ਨਦੀ ਉਤੇ ਇਸ਼ਨਾਨ ਕਰਨ ਪਿੱਛੋਂ ਉਥੇ ਹੀ ਆ ਕੇ ਬੈਠ ਗਿਆ ਸੀ। ਜਪੁਜੀ ਅਤੇ ਆਸਾ ਦੀ ਵਾਰ ਦਾ ਪਾਠ ਕਰਕੇ ਹੁਣ ਉਹ ਵਾਹਿਗੁਰੂ ਦੀ ਯਾਦ ਵਿੱਚ ਜੁੜਿਆ ਹੋਇਆ ਸੀ। ਦਾਹੜੀ ਤੇ ਖੁੱਲ੍ਹੇ ਕੇਸ ਹਵਾ ਵਿੱਚ ਉੱਡ ਰਹੇ ਸਨ। ਭਾਈ ਨੇ ਸਤਿਕਾਰ ਵਜੋਂ ਕੱਪੜੇ ਨਾਲ ਸਿਰ ਢਕਿਆ ਹੋਇਆ ਸੀ। ਚਿਹਰੇ ਉਤੇ ਨੂਰ ਸੀ ਪਰ ਅੰਨ ਨਾ ਗ੍ਰਹਿਣ ਕਰਨ ਕਰਕੇ ਮਾਮੂਲੀ ਕਮਜ਼ੋਰੀ ਵੀ ਸੀ ਪਰ ਸੰਤੋਖ ਦੀ ਝਲਕ ਨੇ ਕਮਜ਼ੋਰੀ ਪ੍ਰਗਟ ਨਹੀਂ ਹੋਣ ਦਿੱਤੀ ਸੀ। ਸੂਰਜ ਦੀ ਇੱਕ ਕਿਰਨ ਛੋਪਲੇ ਜਿਹੇ ਬੋਹੜ ਦੀਆਂ ਟਾਹਣੀਆਂ ਵਿੱਚੋਂ ਰਾਹ ਬਣਾਉਂਦੀ ਹੋਈ ਭਾਈ ਗੁਰਦਿੱਤਾ ਜੀ ਦਾ ਮੂੰਹ ਚੁੰਮਣ ਦੀ ਲਾਲਸਾ ਪੂਰੀ ਕਰਨ ਵਿਚ ਸਫਲ ਨਹੀਂ ਸੀ ਹੋ ਰਹੀ। ਸਾਹਮਣੇ ਦੀ ਧਰਤੀ ਉਤੇ ਪੰਛੀ ਕਲੋਲਾਂ ਕਰ ਰਹੇ ਸਨ ਉਹ ਚਹਿਕਦੇ ਕੁੱਦਦੇ, ਨੱਚਦੇ-ਟਪਦੇ ਪਰਮਾਤਮਾ ਦੇ ਪਿਆਰੇ ਦੀ ਸੁਰੱਖਿਆ ਪ੍ਰਾਪਤ ਕਰ ਲੈਣ ਤੇ ਖੁਸ਼ੀ ਪ੍ਰਗਟਾ ਰਹੇ ਸਨ। ਪੀਰ ਕਰੀਮ ਬਖ਼ਸ਼ ਕੁਝ ਪਲ ਉਸ ਸੁੰਦਰ ਤੇ ਦਿਲ ਖਿੱਚਵੇਂ ਦ੍ਰਿਸ਼ ਨੂੰ ਵੇਖਦਾ ਰਿਹਾ ਅਤੇ ਪ੍ਰਮਾਤਮਾ ਦੇ ਪਿਆਰੇ ਭਾਈ ਗੁਰਦਿੱਤਾ ਉੱਤੇ ਹੋਈਆਂ ਰਹਿਮਤਾਂ ਦਾ ਆਨੰਦ ਮਾਣਦਾ ਰਿਹਾ, ਤਾਂ ਉਸਨੂੰ ਸਾਹਮਣੇ ਪਾਸਿਓਂ ਰਹਿਮਾਨ ਆਉਂਦਾ ਦਿਸਿਆ।

ਰਹਿਮਾਨ ਦੇ ਨੇੜੇ ਆ ਜਾਣ ਉਤੇ ਪੀਰ ਕਰੀਮ ਬਖ਼ਸ਼ ਨੇ ਉਸ ਦਾ ਸਤਿਕਾਰ ਸਵੀਕਾਰ ਕਰਦਿਆਂ ਉਸਦਾ ਹਾਲ ਚਾਲ ਪੁੱਛਿਆ। ਦੋ ਚਾਰ ਮੁਰੀਦ ਹੋਰ ਵੀ ਪਹੁੰਚ ਗਏ। ਗੱਲਾਂ ਦੀ ਮੱਧਮ ਆਵਾਜ਼ ਕਰਕੇ ਭਾਈ ਗੁਰਦਿੱਤਾ ਜੀ ਦਾ ਧਿਆਨ ਭੰਗ ਹੋਇਆ। ਵਾਹਿਗੁਰੂ ਕਹਿੰਦਿਆਂ ਅੱਖਾਂ ਖੋਲ੍ਹ ਲਈਆਂ। ਝੌਂਪੜੀ ਦੇ ਨੇੜੇ ਪੀਰ ਸਾਹਿਬ ਅਤੇ ਕੁਝ ਮੁਰੀਦਾਂ ਨੂੰ ਵੇਖ ਕੇ ਉਸਨੂੰ ਗੁਰੂ ਗਾਥਾ ਕਹਿ ਸੁਨਾਉਣ ਦੀ ਖੁਸ਼ੀ ਹੋਈ। ਸਰੋਤਿਆਂ ਦੇ ਮਨਾਂ ਵਿੱਚ ਗੁਰੂ ਤੇਗ਼ ਬਹਾਦਰ ਦੇ ਜੀਵਨ ਬਾਰੇ ਦਿਲਚਸਪੀ ਲੈਂਦਿਆਂ ਵੇਖ ਕੇ ਉਸਨੂੰ ਬਹੁਤ ਫ਼ਖ਼ਰ ਮਹਿਸੂਸ ਹੋਣ ਲੱਗ ਪਿਆ। ਇੰਨੀ ਦੇਰ ਵਿਚ ਪੀਰ ਤੇ ਉਸਦੇ ਮੁਰੀਦ ਨਜ਼ਦੀਕ ਆ ਗਏ। ਭਾਈ ਨੂੰ ਸਲਾਮ ਕਹਿ ਕੇ ਕੋਲ ਧਰਤੀ ਉਤੇ ਬੈਠ ਗਏ ਅਤੇ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਉਸ ਵੱਲ ਤੱਕਣ ਲੱਗ ਪਏ। ਗੁਰੂ ਜੀ ਲਈ ਉਹਨਾਂ ਗ਼ੈਰ-ਮਜ਼ਹਬੀ ਸੱਚੇ ਸੁੱਚੇ ਜੀਵਾਂ ਦੇ ਮਨ ਵਿੱਚ ਪ੍ਰੇਮ ਦਾ ਅਥਾਹ ਸਾਗਰ ਉਮੜ ਰਿਹਾ ਸੀ। ਇੱਕ ਪਾਸੇ ਝੂਠੇ ਕਾਜ਼ੀ ਤੇ ਮੁੱਲਾਂ ਸਨ, ਜਿਨ੍ਹਾਂ ਨੇ ਬਾਦਸ਼ਾਹ ਨੂੰ ਜਨੂੰਨੀ ਬਣਾਇਆ ਹੋਇਆ ਸੀ, ਦੂਜੀ ਤਰਫ ਇਹ ਪੀਰ ਕਰੀਮ ਬਖ਼ਸ਼ ਸੀ ਜਿਹੜਾ ਆਪਣੇ ਮੁਰੀਦਾਂ ਵਿੱਚ ਮਾਨਵਤਾ ਦਾ ਪਿਆਰ ਵਧਾ ਰਿਹਾ ਸੀ-ਧਰਤ ਲੜਨ ਵਾਸਤੇ ਨਹੀਂ ਹੈ, ਮਿਲ ਬੈਠ ਕੇ ਪ੍ਰਮਾਤਮਾ ਦੀ ਪਹਿਚਾਨ ਕਰਨ ਦਾ ਸਾਧਨ ਹੈ। ਪ੍ਰਮਾਤਮਾ ਦੇ ਬੰਦਿਆਂ ਦਾ ਕਤਲ ਕਰਕੇ ਰੱਬ ਨੂੰ ਖ਼ੁਸ਼ ਕਰਨ ਦੇ ਸੁਪਨੇ ਭੁਲੇਖਾ ਹੀ ਤਾਂ ਹੈ। ਪਰਮਾਤਮਾ ਉਹਨਾਂ ਵਿੱਚ ਆਪਸੀ ਪ੍ਰੇਮ ਪਿਆਰ, ਸਬਰ ਤੇ ਠਰ੍ਹੰਮਾ ਚਾਹੁੰਦਾ ਹੈ, ਇਹੀ ਸੱਚਾਈ ਪੀਰ ਉਜਾਗਰ ਕਰ ਰਿਹਾ ਸੀ।

ਤਿਆਗ ਰਾਏ ਨੇ ਘਰ ਵਿੱਚ ਸਭ ਤੋਂ ਪਹਿਲਾਂ ਮੌਤ ਅਟਲ ਰਾਏ ਦੀ ਹੀ ਵੇਖੀ ਸੀ। ਭਾਈ ਗੁਰਦਿੱਤਾ ਜੀ ਨੇ ਸਰੋਤਿਆਂ ਨੂੰ ਦੱਸਣਾ ਸ਼ੁਰੂ ਕੀਤਾ, "ਇਸ ਦਾ ਉਹਨਾਂ ਦੇ ਜੀਵਨ ਉਤੇ ਬੜਾ ਡੂੰਘਾ ਅਸਰ ਹੋਇਆ। ਉਹਨਾਂ ਸਮਝ ਲਿਆ ਮੌਤ ਲਾਜ਼ਮੀ ਹੈ। ਉਹ ਗੁਰੂ ਦੇ ਹੁਕਮ ਦੀ ਪਾਲਣਾ ਵਿੱਚ ਹੋਵੇ ਜਾਂ ਪਰਮਾਤਮਾ ਦੀ ਇੱਛਾ ਦੀ ਪੂਰਤੀ ਵਿੱਚ, ਸਭ ਤਰ੍ਹਾਂ ਮਨਜ਼ੂਰ ਹੈ। ਉਸ ਦਾ ਖੰਡਨ ਕਰਨਾ ਦਰਅਸਲ ਅਵਿਸ਼ਵਾਸ ਹੈ, ਜਿਸ ਲਈ ਗੁਰਸਿੱਖ ਤਿਆਰ ਨਹੀਂ ਹੋ ਸਕਦਾ। ਮਨਮੁੱਖ ਜੀਵ ਹੀ ਮੌਤ ਤੋਂ ਡਰਦੇ ਹਨ, ਦੂਰ ਭੱਜਦੇ ਹਨ, ਗੁਰਮੁਖ ਤਾਂ ਮੌਤ ਨੂੰ ਤਿਉਹਾਰ ਮੰਨਦੇ ਹਨ, ਗੁਰੂ ਜੀ ਆਪ ਫਰਮਾਇਆ ਹੈ –

*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥*
*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥*
*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥*
*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*

ਪ੍ਰਭੂ ਦਾ ਨਾਮ ਮੌਤ ਦਾ ਡਰ ਦੂਰ ਕਰਕੇ ਗੁਰਮੁਖ ਭਗਤ ਨੂੰ ਨਿਰਲੇਪ ਬਣਾਉਂਦਾ ਹੈ। ਜਦੋਂ ਇੱਕ ਵਾਰ ਗੁਰੂ ਜੀ ਤੋਂ ਕਿਸੇ ਪੁੱਛਿਆ, ਭਗਤ ਕੌਣ ਹੈ ? ਤਾਂ ਉਹਨਾਂ ਸਪੱਸ਼ਟ ਸ਼ਬਦਾਂ ਵਿੱਚ ਉੱਤਰ ਦਿੱਤਾ ਕਿ ਭਗਤ ਦੀਆਂ ਤਿੰਨ ਅਵਸਥਾਵਾਂ ਹਨ - ਪਹਿਲੀ, ਭਗਤ ਉਹਨਾਂ ਸਾਰੀਆਂ ਚੀਜ਼ਾਂ ਤੋਂ ਮੂੰਹ ਮੋੜ ਲੈਂਦਾ ਹੈ ਜਿਹੜੀਆਂ ਉਸ ਦੇ ਪ੍ਰਭੂ ਦੇ ਰਾਹ ਉਤੇ ਤੁਰਨ ਵਿੱਚ ਰੋੜਾ ਬਣਦੀਆਂ ਹਨ; ਦੂਜਾ, ਉਹ ਈਸ਼ਵਰ ਨਾਲ ਇੰਨਾ ਡੂੰਘਾ ਪਿਆਰ ਕਰਦਾ ਹੈ ਕਿ ਬਾਕੀ ਸਭ ਕੁਝ ਦੀ ਸੁੱਧ ਬੁੱਧ ਗੁਆ ਬੈਠਦਾ ਹੈ, ਅਤੇ ਤੀਜੀ ਅਵਸਥਾ ਵਿਚ ਭਗਤ ਦੀ ਅੰਤਰ-ਆਤਮਾ ਵਿਚ ਸਿਰਫ਼ ਪਰਮਾਤਮਾ। ਹੀ ਵੱਸ ਜਾਂਦਾ ਹੈ-ਤੀਜੀ ਅਵਸਥਾ ਵਿਚ ਅੱਪੜ ਕੇ ਹੀ ਭਗਤ ਸੱਚੀ ਭਗਤੀ ਦਾ ਦਾਅਵਾ ਕਰ ਸਕਦਾ ਹੈ। ਇਹੀ ਨਿਰਲੇਪਤਾ ਦੀ ਅਵਸਥਾ ਹੈ।

'ਇਹ ਤਿੰਨੋਂ ਗੱਲਾਂ ਹੀ ਸਾਡੇ ਇਸ਼ਕ-ਹਕੀਕੀ ਦੇ ਅਸੂਲ ਵਿਚ ਮਿਲਦੀਆਂ ਹਨ, ‘ਪੀਰ ਕਰੀਮ ਬਖ਼ਸ਼, ਖੁਸ਼ ਹੋ ਕੇ ਬੋਲਿਆ, ‘ਗੁਰੂ ਜੀ ਦੇ ਅਸੂਲ ਤਾਂ ਸੂਫੀਆਂ ਦੇ ਇਸ਼ਕ ਅਤੇ ਵਜਦ ਦਾ ਹੀ ਰੂਪ ਦਿਸਦੇ ਹਨ।’

‘ਹਾਂ’, ਗੁਰੂ ਜੀ ਪਿਆਰ ਦੇ ਫਲਸਫੇ ਨੂੰ ਨਿਰਵਾਣ ਪ੍ਰਾਪਤੀ ਲਈ ਬੜੀ ਮਹਾਨਤਾ ਦਿੰਦੇ ਹਨ। ਸੂਫੀ ਸਿਧਾਂਤ ਉਹਨਾਂ ਨੂੰ ਪਰਵਾਨ ਸਨ। ਸੰਤਾਂ, ਮਹਾਤਮਾਵਾਂ ਤੇ ਅਧਿਆਤਮਕ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਵਿਚ ਤਾਂ ਕਦੀ ਕੋਈ ਫਰਕ ਨਹੀਂ ਹੁੰਦਾ। ਇਹ ਤਾਂ ਉਹਨਾਂ ਦੇ ਨਾ-ਸਮਝ ਪੈਰੋਕਾਰ ਹੁੰਦੇ ਹਨ, ਜਿਹੜੇ ਹਿੰਦੂ-ਮੁਸਲਮਾਨ ਦਾ ਸੁਆਲ ਪੈਦਾ ਕਰਦੇ ਹਨ ਅਤੇ ਅੱਲਾ-ਈਸ਼ਵਰ ਤੇ ਭਗਤੀ-ਇਬਾਦਤ ਵਿਚ ਅੰਤਰ ਸਮਝਦੇ ਹਨ ਅਤੇ ਅਜਿਹੀਆਂ ਗੱਲਾਂ ਪਿੱਛੇ ਲੜਦੇ ਝਗੜਦੇ ਰਹਿੰਦੇ ਹਨ। ਦਰਅਸਲ ਵਿੱਚ ਉਹ ਆਪਣੇ ਗੁਰੂ, ਪੀਰ ਜਾਂ ਮੁਰਸ਼ਦ ਦੀ ਅਵੱਗਿਆ ਕਰਦੇ ਹਨ ਅਤੇ ਉਸਦਾ ਮਾਣ ਵਧਾਉਣ ਵਿੱਚ ਸਹਾਈ ਨਹੀਂ ਹੁੰਦੇ। ‘ਭਾਈ ਗੁਰਦਿੱਤਾ ਜੀ ਨੇ ਪੀਰ ਦੀ ਗੱਲ ਦੀ ਸਾਖੀ ਭਰੀ।

'ਅਟੱਲ ਰਾਇ ਦੀ ਮੌਤ ਪਿੱਛੋਂ ਅਚਾਨਕ ਗੁਰੂ ਹਰਿਗੋਬਿੰਦ ਜੀ ਨੂੰ ਮੁਗ਼ਲਾਂ ਨਾਲ ਯੁੱਧ ਕਰਨਾ ਪਿਆ। ਇੱਕ ਦਿਨ ਅੰਮ੍ਰਿਤਸਰ ਦੇ ਨਜ਼ਦੀਕ ਇੱਕ ਜੰਗਲ ਵਿੱਚ ਗੁਰੂ ਜੀ ਆਪਣੇ ਸਾਥੀਆਂ ਨਾਲ ਸ਼ਿਕਾਰ ਖੇਡ ਰਹੇ ਸਨ। ਉਸੇ ਜੰਗਲ ਵਿੱਚ ਬਾਦਸ਼ਾਹ ਸ਼ਾਹ ਜਹਾਨ ਦੇ ਕੁਝ ਅਧਿਕਾਰੀ ਵੀ ਸ਼ਿਕਾਰ ਵਾਸਤੇ ਨਿਕਲੇ ਸਨ। ਦੋਹਾਂ ਦਲਾਂ ਦੀ ਨਜ਼ਰ ਇੱਕ ਸੁੰਦਰ ਚਿੱਟੇ ਬਾਜ਼ ਉੱਤੇ ਪਈ। ਦੋਵੇਂ ਦਲ ਉਸਨੂੰ ਫੜਨਾ ਚਾਹੁੰਦੇ ਸਨ। ਗੁਰੂ ਜੀ ਦੇ ਦਲ ਨੇ ਆਪਣੇ ਬਾਜ਼ ਦੀ ਮੱਦਦ ਨਾਲ ਉਹ ਚਿੱਟਾ ਬਾਜ਼ ਪਕੜ ਲਿਆ। ਬਾਦਸ਼ਾਹ ਦੇ ਅਫਸਰਾਂ ਨੇ ਸਿੱਖ ਦਲ ਨੂੰ ਡਰਾ ਧਮਕਾ ਕੇ ਉਹਨਾਂ ਤੋਂ ਬਾਜ਼ ਲੈਣਾ ਚਾਹਿਆ, ਪਰ ਆਜ਼ਾਦੀ ਦੀ ਭਾਵਨਾ ਨਾਲ ਸੁਜੱਗ ਗੁਰਸਿੱਖ ਬਾਜ਼ ਦੇਣ ਲਈ ਤਿਆਰ ਨਾ ਹੋਏ। ਸ਼ਿਕਾਰ ਦੇ ਨਿਯਮ ਅਨੁਸਾਰ, ਜਿਸ ਨੇ

ਪਕੜਿਆ, ਬਾਜ਼ ਉਸੇ ਦੀ ਮਲਕੀਅਤ ਸੀ। ਇਸ ਗੱਲ ਤੋਂ ਦੋਹਾਂ ਦਲਾਂ ਵਿੱਚ ਤਕਰਾਰ ਤੂੰ ਤੂੰ ਮੈਂ ਮੈਂ ਤੋਂ ਸ਼ੁਰੂ ਹੋ ਕੇ ਤਲਵਾਰ ਦੀ ਝੁਣਕਾਰ ਤੱਕ ਅੱਪੜ ਗਈ।

ਇਸ ਝਗੜੇ ਦਾ ਸਿੱਟਾ ਹੀ ਸੀ ਗੁਰੂ ਜੀ ਦਾ ਮੁਗ਼ਲਾਂ ਨਾਲ ਪਹਿਲਾ ਯੁੱਧ। ਗੁਰੂ ਜੀ ਨੇ ਆਪਣੀ ਪੁੱਤਰੀ ਬੀਬੀ ਵੀਰੋ ਦਾ ਵਿਆਹ ਰਚਾਇਆ ਸੀ, ਬਰਾਤ ਆਉਣ ਵਾਲੀ ਸੀ, ਉਸ ਵਕਤ ਹੀ ਸ਼ਿਕਾਰ ਵਿਚ ਹਾਰਿਆ ਹੋਇਆ ਮੁਗ਼ਲ ਦਲ ਲਾਹੌਰ ਵਿੱਚ ਬਾਦਸ਼ਾਹ ਕੋਲ ਪਹੁੰਚਿਆ ਹੋਵੇਗਾ। ਸ਼ਾਹ ਜਹਾਨ ਨੇ ਗੱਦੀ ਉੱਤੇ ਬੈਠਦਿਆਂ ਹੀ ਗੁਰੂ ਹਰਿਗੋਬਿੰਦ ਜੀ ਨਾਲ ਆਪਣੇ ਸਬੰਧ ਵਿਗਾੜ ਲਏ। ਸ਼ਿਕਾਰੀ ਦਲ ਦੀਆਂ ਗੱਲਾਂ ਸੁਣ ਕੇ ਕਾਜ਼ੀ ਰੁਸਤਮ ਖਾਂ ਦੀ ਗੱਲ ਦਾ ਬਦਲਾ ਲੈਣ ਵਾਸਤੇ, ਬਾਦਸ਼ਾਹ ਨੇ ਮੁਖਲਿਸ ਖਾਂ ਦੀ ਅਗਵਾਈ ਵਿੱਚ ਇੱਕ ਭਾਰੀ ਫੌਜੀ ਟੁਕੜੀ ਗੁਰੂ ਜੀ ਵਿਰੁੱਧ ਭੇਜ ਦਿੱਤੀ। ਪਤਾ ਲੱਗਣ ਉੱਤੇ, ਗੁਰੂ ਜੀ ਨੇ ਸੰਦੇਸ਼ ਭੇਜ ਕੇ ਬਰਾਤ ਨੂੰ ਲਾਗਲੇ ਪਿੰਡ ਵਿਚ ਹੀ ਉਡੀਕ ਕਰਨ ਲਈ ਰੋਕ ਦਿੱਤਾ। ਸ਼ਹਿਰ ਵਿੱਚੋਂ ਇਸਤਰੀਆਂ ਤੇ ਬੱਚਿਆਂ ਨੂੰ ਹਟਾ ਦਿੱਤਾ ਗਿਆ ਅਤੇ ਰਾਤੋ ਰਾਤ ਜਦੋਂ ਔਰਤਾਂ ਤੇ ਬੱਚੇ ਸੁਰੱਖਿਅਤ ਭੇਜ ਦਿੱਤੇ ਗਏ, ਤਾਂ ਸਵੇਰ ਸਾਰ ਸਿੱਖਾਂ ਨੇ ਮੁਗ਼ਲ ਫੌਜ ਉਤੇ ਜ਼ੋਰਦਾਰ ਧਾਵਾ ਬੋਲ ਦਿੱਤਾ। ਮੁਖਲਿਸ ਖਾਂ ਗੁਰੂ ਜੀ ਹੱਥੋਂ ਤਲਵਾਰ ਦੀ ਲੜਾਈ ਵਿੱਚ ਮਾਰਿਆ ਗਿਆ ਅਤੇ ਉਸਦੀ ਫੌਜ ਭੱਜ ਖਲੋਤੀ। ਗੁਰੂ ਜੀ ਦੇ ਅਨੇਕ ਸੈਨਿਕ ਸ਼ਹੀਦ ਹੋਏ ਪਰ ਜਿੱਤ ਦਾ ਸਿਹਰਾ ਗੁਰੂ ਜੀ ਦੇ ਸਿਰ ਉਤੇ ਹੀ ਬੱਝਿਆ।

'ਮੁਗ਼ਲਾਂ ਉੱਤੇ ਜਿੱਤ ਪਾ ਕੇ ਗੁਰੂ ਜੀ ਆਪਣੇ ਸਾਥੀਆਂ ਸਮੇਤ ਝਬਾਲ ਪਹੁੰਚੇ, ਜਿਥੇ ਉਡੀਕ ਰਹੇ ਦੂਲ੍ਹੇ ਨਾਲ ਬੀਬੀ ਵੀਰੋ ਦਾ ਵਿਆਹ ਰਚਾਇਆ ਗਿਆ। ਇਹ ਸਭ ਕੁਝ ਬੜੀ ਫੁਰਤੀ ਨਾਲ ਕੀਤਾ ਗਿਆ। ਉਸ ਪਿੱਛੋਂ ਗੁਰੂ ਹਰਿਗੋਬਿੰਦ ਜੀ ਸਹਿਤ ਪਰਿਵਾਰ ਅੰਮ੍ਰਿਤਸਰ ਵਾਪਸ ਜਾਣ ਦੀ ਬਜਾਏ ਆਪਣੇ ਵੱਡੇਰਿਆਂ ਦੇ ਘਰ ਗੋਇੰਦਵਾਲ ਦੀ ਯਾਤਰਾ ਉੱਤੇ ਚੱਲ ਪਏ। ਉਹਨਾਂ ਤਰਨਤਾਰਨ ਖਡੂਰ, ਡਰੌਲੀ ਤੇ ਕਰਤਾਰਪੁਰ ਦੀ ਯਾਤਰਾ ਕੀਤੀ। ਗੁਰੂ ਜੀ ਪਰਿਵਾਰ ਦੇ ਵੱਖ ਵੱਖ ਲੋਕਾਂ ਨੂੰ ਮਿਲੇ। ਤਿਆਗ ਰਾਏ ਇਸ ਸਾਰੀ ਯਾਤਰਾ ਕਰਕੇ ਬਹੁਤ ਖੁਸ਼ ਹੋਏ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਦੇ ਸਾਕ ਸਬੰਧੀਆਂ ਨੂੰ ਮਿਲ ਕੇ ਤਿਆਗ ਰਾਏ ਨੂੰ ਬੜੀ ਖੁਸ਼ੀ ਹੋਈ। ਨਾਮ ਭਜਨ ਵਿਚ ਲੀਨ ਹੋਈਆਂ ਉਹਨਾਂ ਮੁਕਤ-ਆਤਮਾਵਾਂ ਦੇ ਦਰਸ਼ਨ ਕਰਕੇ ਜਿੱਥੇ ਅਜੀਬ ਕਿਸਮ ਦੀ ਪ੍ਰਸੰਨਤਾ ਪ੍ਰਾਪਤ ਹੋਈ, ਉਥੇ ਈਸ਼ਵਰ-ਪ੍ਰੇਮ ਦੀ ਪੁੱਠ ਵੀ ਚੜ੍ਹੀ।

ਅਗਲੇ ਹੀ ਸਾਲ ਗੁਰੂ ਹਰਿਗੋਬਿੰਦ ਜੀ ਆਪਣੇ ਪੁੱਤਰ ਸੂਰਜ ਮੱਲ ਨੂੰ ਵਿਆਹੁਣ ਲਈ ਕਰਤਾਰਪੁਰ ਗਏ। ਭਰ ਜੁਆਨ ਹੋ ਚੁੱਕਿਆ ਛੋਟਾ ਭਰਾ ਤਿਆਗ ਰਾਏ ਵੀ ਨਾਲ ਸੀ। ਵਿਆਹ ਦੌਰਾਨ ਹੀ ਕਰਤਾਰਪੁਰ ਦੇ ਇੱਕ ਖੱਤਰੀ ਜੋੜੇ ਲਾਲ ਚੰਦ ਤੇ ਬਿਸ਼ਨ ਕੌਰ ਦੀ ਨਜ਼ਰ ਗੱਭਰੂ ਤਿਆਗ ਰਾਏ ਉੱਤੇ ਪਈ। ਉਹਨਾਂ ਨੂੰ ਆਪਣੀ ਪੁੱਤਰੀ ਗੁਜਰੀ ਲਈ ਯੋਗ ਵਰ ਪ੍ਰਤੀਤ ਹੋਇਆ। ਇਸ ਲਈ, ਸੂਰਜ ਮੱਲ ਦੇ ਵਿਆਹ ਦੀ ਵਧਾਈ ਦੇਣ ਦੇ ਪੱਜ ਲਾਲ ਚੰਦ,

ਗੁਰੂ ਜੀ ਨੂੰ ਮਿਲਿਆ ਅਤੇ ਆਪਣੀ ਬੇਟੀ ਨੂੰ ਤਿਆਗ ਰਾਏ ਦੀ ਸੇਵਾ ਵਾਸਤੇ ਪਰਵਾਨ ਕਰਨ ਲਈ ਬੇਨਤੀ ਕੀਤੀ ਦਿਆਲਤਾ ਦੀ ਪਤੱਖ ਮੂਰਤ ਗੁਰੂ ਹਰਿਗੋਬਿੰਦ ਜੀ ਸੱਚੇ ਮਨ ਨਾਲ ਕੀਤੀ ਗਈ ਬੇਨਤੀ ਨੂੰ ਠੁਕਰਾ ਨਾ ਸਕੇ। ਰਿਸ਼ਤਾ ਤਹਿ ਹੋ ਗਿਆ ਅਤੇ ਵਿਆਹ ਦੀ ਤਾਰੀਖ਼ ਵੀ ਨਿਸ਼ਚਿਤ ਹੋ ਗਈ।

'ਇਸ ਦੌਰਾਨ ਤਿਆਗ ਰਾਏ ਨੂੰ ਤਿੰਨ ਦੁਖਦਾਈ ਮੌਤਾਂ ਅਤੇ ਮੁਗ਼ਲਾਂ ਵਿਰੁੱਧ ਪਿਤਾ ਦੇ ਦੋ ਹੋਰ ਯੁੱਧ ਵੇਖਣ ਦਾ ਕਠੋਰ ਤਜਰਬਾ ਹੋਇਆ। ਤਿਆਗ ਰਾਏ ਦੇ ਦੋਵੇਂ ਗਿਆਨ ਗੁਰੂ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਜੋਤੀ ਜੋਤ ਸਮਾ ਗਏ ਸਨ। ਭਾਈ ਅਣੀ ਰਾਏ ਅਚਾਨਕ ਬੀਮਾਰ ਪੈ ਗਏ ਅਤੇ ਰੱਬ ਨੂੰ ਪਿਆਰੇ ਹੋ ਗਏ। ਮੁਗ਼ਲ ਫ਼ੌਜਾਂ ਨਾਲ ਯੁੱਧ ਦੌਰਾਨ ਵੀ ਅਨੇਕਾਂ ਪਿਆਰੇ ਲੋਕ ਮਾਰੇ ਗਏ ਸਨ। ਇਸ ਤਰ੍ਹਾਂ ਤਿਆਗ ਰਾਏ ਨੇ ਘੋਰ ਸੰਤਾਪ ਭੋਗਿਆ ਸੀ ਪਰ ਸਭ ਕੁਝ ਨੂੰ ਪ੍ਰਮਾਤਮਾ ਦਾ ਭਾਣਾ ਮੰਨ ਕੇ ਬਰਦਾਸ਼ਤ ਕੀਤਾ ਸੀ। ਉਦੋਂ ਕਿਸੇ ਨੇ ਪੁੱਛਿਆ, 'ਪਰਮਾਤਮਾ ਆਪਣੇ ਪਿਆਰਿਆਂ ਨੂੰ ਕਿਉਂ ਸੰਤਾਪ ਦਿੰਦਾ ਹੈ। 'ਬਾਲਕ ਤਿਆਗ ਰਾਏ ਇਕਦਮ ਵਿਰੋਧ ਕਰਦਿਆਂ ਬੋਲੇ, 'ਪਰਮਾਤਮਾ ਇਸ ਲਈ ਦੁੱਖ ਦਿੰਦਾ ਹੈ ਕਿ ਜੀਵ ਇਸ ਧਰਤੀ ਦੇ ਬੁਨਿਆਦੀ ਗੁਣ 'ਦੁੱਖ' ਨੂੰ ਪਛਾਣ ਸਕੇ। ਭੌਤਿਕ ਸੁੱਖਾਂ ਦਾ ਘਰ ਇਹ ਸੰਸਾਰ ਰਾਮ ਭਜਨ ਕਰਨ ਵਾਲਿਆਂ ਨੂੰ ਨਹੀਂ ਭਾਉਂਦਾ। ਉਹਨਾਂ ਨੇ ਆਪਣੀ ਪਵਿੱਤਰ ਬਾਣੀ ਵਿਚ ਕਿਹਾ ਵੀ ਤਾਂ ਹੈ:-

*ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥*
*ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥*

ਠੀਕ ਤਾਂ ਹੈ, ਦੁਨੀਆਂ ਦੇ ਦੁੱਖਾਂ ਦਾ ਖਾਤਮਾ ਕੇਵਲ ਖ਼ੁਦਾ ਦੇ ਨਾਲ-ਨਾਲ ਹੀ ਸੰਭਵ ਹੈ। ਇੱਕ ਸਰੋਤੇ ਨੇ ਝੂਮਦਿਆਂ ਸਵੀਕਾਰ ਕੀਤਾ 'ਕਿਉਂ ਜੀ, ਇੰਨੀਆਂ ਮੌਤਾਂ ਵੇਖ ਕੇ ਦੁਨੀਆਂ ਦੀਆਂ ਦੁੱਖ ਮੁਸੀਬਤਾਂ ਨੂੰ ਜਾਣਦਿਆਂ ਵੀ ਤਿਆਗ ਰਾਏ ਨੇ ਫਿਰ ਵਿਆਹ ਕਰਵਾਉਣਾ ਕਿਉਂ ਪਰਵਾਨ ਕੀਤਾ ? '

ਸਿੱਖ ਧਰਮ ਗ੍ਰਹਿਸਤੀਆਂ ਦਾ ਧਰਮ ਹੈ। ਸਾਡੇ ਗੁਰੂਆਂ ਨੇ ਦੁੱਖ ਦਾ ਇਲਾਜ ਪ੍ਰਭੂ ਨਾਮ ਦਾ ਸਿਮਰਨ ਦੱਸਿਆ ਹੈ। ਦੁੱਖ ਤੋਂ ਬਚਣ ਲਈ ਸੰਸਾਰਕ ਜੀਵਨ ਦਾ ਤਿਆਗ ਕਰਨਾ ਉਹਨਾਂ ਨੂੰ ਪਰਵਾਨ ਨਹੀਂ ਸੀ। ਵੈਰਾਗ ਤੇ ਇਸਤਰੀ ਬੱਚਿਆਂ ਤੋਂ ਮੂੰਹ ਫੇਰ ਲੈਣਾ ਗੁਰੂ ਜੀ ਦਾ ਸੰਦੇਸ਼ ਨਹੀਂ। ਗੁਰਬਾਣੀ ਵਿਚ ਚੰਗੇ ਗ੍ਰਹਿਸਤੀ ਜੀਵ ਰਾਹੀਂ ਮੁਕਤੀ ਦੀ ਵਿਸ਼ੇਸ਼ ਮਹਾਨਤਾ ਦੱਸੀ ਗਈ ਹੈ - ਇੱਕੋ ਇੱਕ ਸ਼ਰਤ ਗੁਰੂ ਦੀ ਸ਼ਰਨ ਪ੍ਰਾਪਤ ਕਰਨ ਦੀ ਹੈ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ ਵਿਚੇ ਹੋਵੈ ਮੁਕਤਿ ॥*

ਉਦੋਂ ਤਿਆਗ ਰਾਏ ਲਗਭਗ ਗਿਆਰਾਂ ਵਰ੍ਹਿਆਂ ਦੇ ਸਨ, ਵਿਆਹ ਦੇ ਦਿਨ ਨਜ਼ਦੀਕ ਸਨ। ਸਾਕ ਸਬੰਧੀ ਇਕੱਠੇ ਹੋ ਰਹੇ ਸਨ। ਖੰਡੂਰ, ਗੋਇੰਦਵਾਲ, ਡਰੌਲੀ ਆਦਿ

ਜਗ੍ਹਾ ਤੋਂ ਗੁਰੂ ਪਰਿਵਾਰਾਂ ਦੇ ਰਿਸ਼ਤੇਦਾਰ ਕੁਝ ਦਿਨ ਪਹਿਲਾਂ ਹੀ ਆ ਗਏ ਸਨ। ਘਰ ਵਿਚ ਵਾਹਵਾ ਰੌਣਕਾਂ ਸਨ। ਉਸ ਵਕਤ ਤੱਕ ਮੈਂ ਵੀ ਗੁਰੂ ਘਰ ਵਿਚ ਅਕਸਰ ਆਉਣ ਜਾਣ ਲੱਗ ਪਿਆ ਸੀ। ਉਦੋਂ ਮੇਰੇ ਦਾਦਾ ਭਾਈ ਭਾਨਾ ਮੁਖਤਿਆਰ ਸਨ। ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਸ਼ਾਦ ਲੈਣ ਲਈ ਅਸੀਂ ਰੋਜ਼ ਜਾਂਦੇ ਸੀ। ਤਿਆਗ ਰਾਏ ਨਾਲ ਕੁਝ ਨੇੜਤਾ ਵੀ ਹੋ ਗਈ ਸੀ। ਉਹਨਾਂ ਦੇ ਵਿਆਹ ਦੀਆਂ ਤਿਆਰੀਆਂ ਵੇਖ-ਵੇਖ ਕੇ ਮੈਂ ਮਚਲਦਾ ਸੀ। ਕਿਸੇ ਸ਼ਹਿਜ਼ਾਦੇ ਦੇ ਵਿਆਹ ਦੀ ਵੀ ਇੰਨੀ ਸ਼ਾਨ ਨਹੀਂ ਹੋਵੇਗੀ ਜਿੰਨੀ ਗੁਰੂ-ਪੁੱਤਰ ਦੇ ਵਿਆਹ ਦੀ ਸੀ। ਪੰਜ ਛੇ ਦਿਨ ਪਹਿਲਾਂ ਹੀ ਹਲਵਾਈ ਬੁਲਾ ਲਏ ਗਏ ਸਨ। ਕਈ ਦਿਨ ਲਗਾਤਾਰ, ਸਾਰੇ ਸ਼ਹਿਰ ਦਾ ਭੋਜ ਚਲਦਾ ਰਿਹਾ ਸੀ। ਸਜਾਵਟ ਤੇ ਆਤਿਸ਼ਬਾਜ਼ੀ ਦਾ ਕੋਈ ਹਿਸਾਬ ਹੀ ਨਹੀਂ ਸੀ। ਆਤਿਸ਼ਬਾਜ਼ ਕਾਸ਼ੀ ਤੋਂ ਆਏ ਸਨ। ਰਾਤ ਨੂੰ ਆਤਿਸ਼ਬਾਜ਼ੀ ਦੇ ਸਿਤਾਰੇ ਸਾਰੇ ਅਸਮਾਨ ਉੱਤੇ ਛਾ ਜਾਂਦੇ ਸਨ। ਚਾਰੋਂ ਪਾਸੇ ਇੱਕ ਅਨੋਖਾ ਮਾਹੌਲ ਬਣ ਜਾਂਦਾ ਸੀ।

ਜਿਸ ਦਿਨ ਬਰਾਤ ਜਾਣਾ ਸੀ, ਅਸੀਂ ਬੜੇ ਖੁਸ਼ ਸੀ। ਸਾਫ ਸੁਥਰੇ ਕੱਪੜੇ ਪਾ ਕੇ ਮੈਂ ਦੂਜੇ ਬੱਚਿਆਂ ਵਿਚ ਤਿੱਤਲੀਆਂ ਵਾਂਗ ਭੁੜਕਦਾ ਫਿਰਦਾ ਸੀ। ਤਿਆਗ ਰਾਏ ਦੀ ਤਾਂ ਸ਼ਾਨ ਹੀ ਨਿਰਾਲੀ ਸੀ। ਸੁਨਹਿਰੀ ਜ਼ਰੀਦਾਰ ਕਪੜੇ ਦਾ ਚੋਗਾ ਪਾਇਆ ਹੋਇਆ ਸੀ, ਤਿਆਗ ਰਾਏ ਨੇ ਚਿੱਟਾ ਚੂੜੀਦਾਰ ਪਜਾਮਾ ਪਾਇਆ ਹੋਇਆ ਸੀ ਅਤੇ ਸਿਰ ਉਤੇ ਕਲਗੀ ਵਾਲੀ ਦਸਤਾਰ ਸਜਾਈ ਹੋਈ ਸੀ ਜਿਸ ਵਿਚ ਸੁਨਹਿਰੀ ਤਾਰਾਂ ਝਿਲਮਿਲ-ਝਿਲਮਿਲ ਚਮਕ ਰਹੀਆਂ ਸਨ। ਸੁੰਦਰ ਮੱਥੇ ਉਤੇ ਸੋਨੇ ਦੀ ਲਹਿਰਾਂ ਵਾਲਾ ਫੁੱਲਾਂ ਨਾਲ ਗੁੰਦਿਆ ਸਿਹਰਾ ਸੀ, ਲੱਕ ਉਤੇ ਤਲਵਾਰ ਸਜੀ ਹੋਈ ਸੀ, ਘੋੜੀ ਉਤੇ ਬੈਠਾ ਤਿਆਗ ਰਾਏ ਇੱਕ ਯਾਦਗਾਰੀ ਦ੍ਰਿਸ਼ ਦਾ ਮੁਜੱਸਮਾ ਸੀ। ਸਾਰੇ ਸਾਕ-ਸਬੰਧੀਆਂ ਤੇ ਸਿੱਖ ਸੰਗਤ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ ਪਾਇਆ ਜਾਂਦਾ। ਸਭ ਦੀਆਂ ਅੱਖਾਂ ਵਿੱਚ ਅਥਾਹ ਚਮਕ ਸੀ। ਗੁਰੂ ਹਰਿਗੋਬਿੰਦ ਜੀ ਭੀ ਆਪ ਬਰਾਤ ਨਾਲ ਸਭ ਤੋਂ ਅੱਗੇ ਅੱਗੇ ਚੱਲ ਰਹੇ ਸਨ। ਬਾਬਾ ਸੁੰਦਰ ਜੀ ਦੇ ਹੱਥ ਵਿੱਚ ਸਿੱਕਿਆਂ ਵਾਲੀ ਥੈਲੀ ਫੜੀ ਹੋਈ ਸੀ, ਉਹ ਥੋੜ੍ਹੀ ਥੋੜ੍ਹੀ ਦੇਰ ਪਿੱਛੋਂ ਮੁਠਾਂ ਭਰ ਕੇ ਲਾੜੇ ਉੱਤੋਂ ਦੀ ਸੁੱਟ ਰਹੇ ਸਨ। ਸ਼ਹਿਰ ਦੇ ਗਰੀਬਾਂ ਲਈ ਤਾਂ ਸੋਨੇ ਦੀ ਛਹਿਬਰ ਲੱਗ ਗਈ ਸੀ। ਧਨ ਲੁੱਟਣ ਵਾਸਤੇ ਉਹ ਇੱਕ ਦੂਜੇ ਤੋਂ ਵਧ ਕੇ ਹੱਥ ਮਾਰ ਰਹੇ ਸਨ। ਘੋੜੀ ਉਤੇ ਲਾੜੇ ਤਿਆਗ ਰਾਏ ਨੂੰ ਸਭ ਤੋਂ ਪਹਿਲਾਂ ਗੁਰੂ ਕੇ ਮਹੱਲ ਤੋਂ ਸ੍ਰੀ ਹਰਿਮੰਦਰ ਸਾਹਿਬ ਲਿਆਂਦਾ ਗਿਆ। ਰਸਤੇ ਵਿਚ ਮਿਸ਼ਾਲਾਂ ਦੀ ਰੌਸ਼ਨੀ ਨੇ ਰਾਤ ਨੂੰ ਦਿਨ ਵਿੱਚ ਬਦਲ ਦਿੱਤਾ। ਸੀ। ਉਥੇ ਗੁਰੂ ਹਰਿਗੋਬਿੰਦ ਜੀ ਆਪ ਪੋਥੀ ਸਾਹਿਬ ਦੇ ਅੱਗੇ ਪ੍ਰਸ਼ਾਦ ਚੜ੍ਹਾਇਆ ਅਰਦਾਸ ਕੀਤੀ ਅਤੇ ਤਿਆਗ ਰਾਏ ਨੂੰ ਮੱਥਾ ਟਿਕਾ ਕੇ ਵਾਪਸ ਡੇਰੇ ਉੱਤੇ ਲੈ ਗਏ।

ਅਗਲੀ ਸਵੇਰ ਬਰਾਤ ਕਰਤਾਰਪੁਰ ਲਈ ਰਵਾਨਾ ਹੋਈ। ਗੁਰੂ ਹਰਿਗੋਬਿੰਦ ਜੀ ਤਿਆਗ ਰਾਏ, ਭਾਈ ਚੰਦ ਅਤੇ ਦੋ ਹੋਰ ਸਿੱਖ ਘੋੜਿਆਂ ਉਤੇ ਸਵਾਰ ਹੋਏ। ਹੋਰ ਸਾਰੇ ਲੋਕ, ਗੱਡਿਆਂ ਤੇ ਪਾਲਕੀਆਂ ਵਿੱਚ ਨਾਲ ਨਾਲ ਚੱਲੇ। ਗੁਰੂਘਰ ਦੀਆਂ ਅਨੇਕ ਇਸਤਰੀਆਂ ਵੀ

ਬਰਾਤ ਵਿੱਚ ਗਈਆਂ। ਅਣਗਿਣਤ ਹਥਿਆਰਬੰਦ ਸਿੱਖ ਚਾਰੋਂ ਪਾਸੇ ਘੇਰਾ ਪਾ ਕੇ ਘੋੜਿਆਂ ਉਤੇ ਚੱਲ ਰਹੇ ਸਨ। ਰਸਤੇ ਵਿੱਚ ਜਿੱਥੇ ਕਿਧਰੇ ਪੜਾਅ ਕੀਤਾ, ਤਾਂ ਕਿਸੇ ਬਾਦਸ਼ਾਹ ਦੇ ਪੜਾਅ ਦਾ ਹੀ ਭੁਲੇਖਾ ਪੈਂਦਾ ਸੀ। ਰਾਤ ਵੇਲੇ ਮਿਸਾਲਾਂ ਦੀ ਰੌਸ਼ਨੀ ਕਰਕੇ ਜੰਗਲ ਵਿੱਚ ਮੰਗਲ ਹੋ ਗਿਆ। ਉਸ ਦਿਨ ਦੀ ਯਾਦ ਅੱਜ ਵੀ ਮੈਨੂੰ ਭੁਲਦੀ ਨਹੀਂ।

ਕਰਤਾਰਪੁਰ ਵਿਚ ਲਾਲ ਚੰਦ ਨੇ ਆਪ ਗੁਰੂ ਜੀ ਦਾ ਸੁਆਗਤ ਕੀਤਾ, ਉਸਦੇ ਸਾਰੇ ਰਿਸ਼ਤੇਦਾਰਾਂ ਨੇ ਗੁਰੂ ਜੀ ਦੇ ਚਰਨੀਂ ਹੱਥ ਲਾਏ ਅਤੇ ਬਰਾਤੀਆਂ ਦਾ ਬਹੁਤ ਆਦਰ ਮਾਣ ਕੀਤਾ।

ਦੁਲਹਨ ਗੁਜਰੀ ਇਸ ਤਰ੍ਹਾਂ ਸਜੀ ਹੋਈ ਸਾਹਮਣੇ ਆਈ, ਮਾਨੋਂ ਕੋਈ ਪਰਲੋਕ ਦੀ ਅਪਸਰਾ ਹੋਵੇ। ਲਾਲ ਸ਼ਾਲ ਵਿਚ ਲਪੇਟੀ, ਲੱਜਾ ਦੀ ਸਾਕਾਰ ਮੂਰਤ, ਆਪਣੇ ਆਪ ਵਿਚ ਸੁੰਗੜੀ ਹੋਈ ਸਹੇਲੀਆਂ ਦਾ ਸਹਾਰਾ ਲੈ ਕੇ ਤਿਆਗ ਰਾਏ ਦੇ ਸਾਹਮਣੇ ਆਈ। ਕੁੜਮਾਂ ਦੇ ਗਲ਼ੇ ਮਿਲ ਕੇ ਮਿਲਣੀ ਹੋਈ, ਧਨ ਦੀ ਸੋਟ ਕੀਤੀ ਗਈ ਅਤੇ ਫਿਰ ਲਾੜੇ ਤੇ ਦੁਲਹਨ ਨੇ ਇੱਕ ਦੂਜੇ ਨੂੰ ਵਰ-ਮਾਲਾ ਪਾਈ। 'ਵਾਹਿਗੁਰੂ ' ਗੁਰੂ ਹਰਿਗੋਬਿੰਦ ਜੀ ਬੋਲੇ ਅਤੇ ਫਿਰ ਉਹਨਾਂ ਨੇ ਨੂੰਹ ਪੁੱਤਰ ਦੇ ਸਿਰ ਉਤੇ ਹੱਥ ਰੱਖ ਕੇ ਕੁਝ ਪਲ ਪਰਮਾਤਮਾ ਦਾ ਧਿਆਨ ਕੀਤਾ ਅਤੇ ਫਿਰ ਉਹਨਾਂ ਨੂੰ ਅਸ਼ੀਰਵਾਦ ਦਿੰਦੇ ਹੋਏ ਬੋਲੇ, 'ਬੱਚਿਓ, ਸਤਿਗੁਰੂ ਦੀ ਸ਼ਰਨ ਵਿੱਚ ਆਓ, ਦੋਹਾਂ ਜਹਾਨਾਂ ਦੀਆਂ ਨਿਆਮਤਾਂ ਤੁਹਾਡੇ ਤੋਂ ਕੁਰਬਾਨ ਹੋਣਗੀਆਂ। '

ਲਾਲ ਚੰਦ ਨੇ ਬਰਾਤ ਦਾ ਸ਼ਾਹੀ ਢੰਗ ਨਾਲ ਸੁਆਗਤ ਕੀਤਾ, ਤਿੰਨ ਦਿਨ ਉਸ ਬਰਾਤ ਦੀ ਆਓ-ਭਗਤ ਕੀਤੀ। ਉਹ ਆਪ ਹੱਥ ਜੋੜ ਕੇ ਇੱਕ ਇੱਕ ਬਰਾਤੀ ਨੂੰ ਉਸ ਦੀ ਲੋੜ ਬਾਰੇ ਪੁਛਦਾ ਅਤੇ ਅੱਖ ਫੋਰ ਵਿੱਚ ਪੂਰੀ ਕਰ ਦਿੰਦਾ ਸੀ। ਇਸ ਦੌਰਾਨ ਵਿਆਹ ਦੀ ਰਸਮ ਪੂਰੀ ਹੋਈ। ਮੇਰੇ ਦਾਦਾ ਭਾਈ ਭਾਨਾ ਨੇ ਵਿਆਹ ਦੀ ਰਸਮ ਦਾ ਕੰਮ ਸੰਭਾਲਿਆ। ਅਗਨੀ ਦੀ ਹਾਜ਼ਰੀ ਵਿੱਚ ਤਿਆਗ ਰਾਏ ਅਤੇ ਗੁਜਰੀ ਨੇ ਇੱਕ ਦੂਜੇ ਨੂੰ ਜੀਵਨ ਸਾਥੀ ਮੰਨਿਆ। ਰਾਗੀ ਨੇ ਸਿੱਖਿਆ ਦੇਣ ਲਈ ਕੀਰਤਨ ਆਰੰਭ ਕੀਤਾ।

*ਜਿਤੁ ਘਰਿ ਪਿਰਿ ਸੋਹਾਗੁ ਬਣਾਇਆ। ਤ੍ਰਿਤ ਘਰਿ ਸਖੀਏ ਮੰਗਲੁ ਗਾਇਆ ॥*
*ਅਨਦ ਬਿਨੋਦ ਤਿਤੈ ਘਰ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥*
*ਸਾ ਗੁਣਵੰਤੀ ਸਾ ਵਡਭਾਗਣਿ। ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥*
*ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥*
*ਅਚਾਰਵੰਤਿ ਸਾਈ ਪਰਧਾਨੇ। ਸਭ ਸਿੰਗਾਰ ਬਣੇ ਤਿਸ ਗਿਆਨੇ ॥*
*ਸਾ ਕੁਲਵੰਤੀ ਸਾ ਸਭਰਾਈ ਜੋ ਪਿਰ ਕੇ ਰੰਗਿ ਸਵਾਰੀ ਜੀਉ ॥*
*ਮਹਿਮਾ ਤਿਸ ਕੀ ਕਹਣੁ ਨ ਜਾਏ ਜੋ ਪਿਰਿ ਮੇਲਿ ਲਈ ਅੰਗਿ ਲਾਏ ॥*
*ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਓ ॥*

(ਮਾਝ ਮਹਲਾ ਅੰਕ)

ਗੁਰੂ ਜੀ ਨੇ ਦੁਲਹਨ ਉੱਤੋਂ ਸੈਂਕੜੇ ਰੁਪਏ ਦੀ ਸੋਟ ਕੀਤੀ। ਜਦੋਂ ਬਰਾਤ ਪਰਤਣ ਲੱਗੀ ਤਾਂ ਲਾਲ ਚੰਦ ਅਤੇ ਉਸਦੀ ਸੁਪਤਨੀ ਹੱਥ ਬੰਨ੍ਹ ਕੇ ਗੁਰੂ ਜੀ ਦੇ ਸਾਹਮਣੇ ਆ ਕੇ ਬੇਨਤੀ ਕਰਨ ਲਗੇ, 'ਸੱਚੇ ਪਾਤਸ਼ਾਹ ! ਅਸੀਂ ਆਪ ਜੀ ਦੀ ਸੇਵਾ ਨਹੀਂ ਕਰ ਸਕੇ, ਲੜਕੀ ਵਿੱਚ ਵੀ ਕੋਈ ਵਿਸ਼ੇਸ਼ ਗੁਣ ਨਹੀਂ ਹੈ – ਆਪਣੀ ਬੱਚੀ ਸਮਝ ਕੇ ਖਿਮਾ ਕਰ ਦੇਣਾ ਅਤੇ ਆਪਣੇ ਚਰਨਾਂ ਵਿੱਚ ਉਸਨੂੰ ਜਗ੍ਹਾ ਬਖ਼ਸ਼ਣੀ ਗੁਰੂਦੇਵ। ਗੁਰੂ ਹਰਿਗੋਬਿੰਦ ਜੀ ਲਾਲ ਚੰਦ ਦੀ ਨਿਮਰਤਾ ਤੋਂ ਪ੍ਰਭਾਵਤ ਹੋਏ ਤੇ ਫ਼ੁਰਮਾਇਆ 'ਭਰਾਵਾ: ਆਪਣੀ ਲੜਕੀ ਤੂੰ ਸਾਨੂੰ ਦੇ ਦਿੱਤੀ ਹੈ, ਇਸ ਤੋਂ ਵੱਡੀ ਜਾਇਦਾਦ ਸਾਨੂੰ ਹੋਰ ਕੀ ਚਾਹੀਦੀ ਹੈ? ਪਰਮਾਤਮਾ ਇਹਨਾਂ ਬੱਚਿਆਂ ਨੂੰ ਸੁਮੱਤ ਬਖ਼ਸ਼ੇ, ਇਹ ਉਸ ਦੀ ਸ਼ਰਨ ਵਿੱਚ ਜੁੜ ਰਹਿਣ, ਬਸ ਇਸੇ ਵਿੱਚ ਹੀ ਜੀਵਨ ਦੀ ਸਾਰਥਕਤਾ ਹੈ।' ਇੰਨਾ ਕਹਿੰਦੇ ਕਹਿੰਦੇ ਗੁਰੂ ਜੀ ਨੇ ਆਪਣੇ ਕੁੜਮ ਲਾਲ ਚੰਦ ਨੂੰ ਸੀਨੇ ਨਾਲ ਲਗਾ ਲਿਆ। ਉਸ ਦੀਆਂ ਛਲਕ ਰਹੀਆਂ ਅੱਖਾਂ ਨੂੰ ਆਪ ਪੂੰਝਿਆ ਅਤੇ ਪਿਆਰ ਨਾਲ ਬੋਲੇ, 'ਹੁਣ ਗੁਜਰੀ ਮੇਰੀ ਬੇਟੀ ਹੈ, ਤੁਸੀਂ ਕੋਈ ਚਿੰਤਾ ਨਾ ਕਰੋ।'

ਤਿਆਗ ਰਾਏ ਤੇ ਗੁਜਰੀ, ਆਪਸ ਵਿੱਚ ਦੁਪੱਟੇ ਦੀ ਗੰਢ ਨਾਲ ਬੱਝੇ, ਜਦੋਂ ਚੱਲਣ ਲੱਗੇ ਤਾਂ ਗੁਜਰੀ ਜੀ ਦੀਆਂ ਅੱਥਰੂਆਂ ਭਿੱਜੀਆਂ ਨਜ਼ਰਾਂ ਆਪਣੇ ਇਕਲੌਤੇ ਭਰਾ ਕਿਰਪਾਲ ਉਤੇ ਪਈਆਂ। ਉਸਦੇ ਮੂੰਹ ਉਤੇ ਵਿਛੋੜੇ ਦਾ ਦੁੱਖ ਸਪੱਸ਼ਟ ਤੌਰ ਤੇ ਦਿਸ ਰਿਹਾ ਸੀ। ਗੁਜਰੀ ਜੀ ਦੇ ਤੁਰਦੇ ਕਦਮ ਥਿੜਕ ਗਏ। ਭਰਾ ਦੇ ਕੋਲ ਹੋ ਕੇ ਬੋਲੀ, 'ਕਿਉਂ ਵੀਰ, ਇਹ ਉਦਾਸੀ? 'ਕਿਰਪਾਲ ਦੀਆਂ ਅੱਖਾਂ ਵਿੱਚੋਂ ਅਥਰੂ ਵਹਿ ਤੁਰੇ। ਸਿਸਕਦਿਆਂ ਬੋਲਿਆ, 'ਭੈਣ, ਤੇਰੇ ਤੋਂ ਬਿਨਾਂ ਮੈਂ ਇੱਥੇ ਕਿਵੇਂ ਰਹਾਂਗਾ? ਗੁਰੂ ਜੀ ਨੂੰ ਕਹਿ ਕੇ ਮੈਨੂੰ ਉਹਨਾਂ ਦੀ ਫ਼ੌਜ ਵਿੱਚ ਰਹਿਣ ਦਾ ਮੌਕਾ ਦਿਵਾ ਦੇ - ਤੇਰੇ ਨੇੜੇ ਰਹਿ ਕੇ ਤੈਨੂੰ ਵੇਖ ਤਾਂ ਲਿਆ ਕਰਾਂਗਾ। '

ਗੁਰੂ ਹਰਿਗੋਬਿੰਦ ਜੀ ਨੇ ਕਿਰਪਾਲ ਦੀ ਗੱਲ ਸੁਣ ਲਈ, ਉਹਨਾਂ ਦਾ ਦਿਲ ਕਰੁਣਾ ਤੇ ਸਨੇਹ ਨਾਲ ਉਮੜ ਆਇਆ। ਕਿਰਪਾਲ ਦੇ ਸਿਰ ਉੱਤੇ ਹੱਥ ਰੱਖ ਕੇ ਬੋਲੇ, 'ਮਾਤਾ-ਪਿਤਾ ਪ੍ਰਤੀ ਵੀ ਤੁਹਾਡੀ ਕੋਈ ਜ਼ਿੰਮੇਦਾਰੀ ਹੈ। ਉਹਨਾਂ ਦੀ ਦੇਖਭਾਲ ਕੌਣ ਕਰੇਗਾ? ਉਹਨਾਂ ਨਾਲ ਸਲਾਹ ਕਰਕੇ ਅਤੇ ਉਹਨਾਂ ਦਾ ਪ੍ਰਬੰਧ ਹੋ ਜਾਣ ਪਿੱਛੋਂ ਤੁਸੀਂ ਜਦੋਂ ਚਾਹੋ, ਮੇਰੇ ਕੋਲ ਆ ਜਾਣਾ।'

ਬਰਾਤ ਵਿਦਾ ਹੋਈ। ਗੁਜਰੀ ਜੀ ਇੱਕ ਬੜੀ ਸਜੀ-ਸੰਵਰੀ ਪਾਲਕੀ ਵਿਚ ਬੈਠੇ। ਪਾਲਕੀ ਰੱਥ ਵਰਗੀ ਸੀ, ਜਿਸ ਨੂੰ ਦੋ ਘੋੜੇ ਖਿੱਚ ਰਹੇ ਸਨ। ਪਾਲਕੀ ਦੇ ਸੱਜੇ ਪਾਸੇ ਤਿਆਗ ਰਾਏ ਦਾ ਦੁਲਕੀ ਘੋੜਾ ਜ਼ੋਰ ਜ਼ੋਰ ਦੀ ਪੈਰ ਮਾਰਦਾ ਚੱਲ ਰਿਹਾ ਸੀ। ਗੁਰੂ ਜੀ ਅਤੇ ਪੰਜ ਸਿੱਖ

ਅੱਗੇ ਸਨ, ਪਿੱਛੇ ਸਾਰੇ ਰਿਸ਼ਤੇਦਾਰਾਂ ਤੇ ਸਾਕ-ਸਬੰਧੀਆਂ ਦੇ ਰੱਥ 'ਤੇ ਗੱਡੀਆਂ ਸਨ। ਫੌਜ ਪਹਿਲਾਂ ਦੀ ਤਰ੍ਹਾਂ ਦੂਰੋਂ ਦੂਰੋਂ ਬਰਾਤ ਨੂੰ ਆਪਣੇ ਘੇਰੇ ਲਈ ਵਿੱਚ ਚੱਲ ਰਹੀ ਸੀ।

ਉਸੇ ਤਰ੍ਹਾਂ ਰਸਤੇ ਵਿੱਚ ਇੱਕ ਰਾਤ ਦਾ ਪੜਾਅ ਕਰਕੇ ਬਰਾਤ ਘਰ ਵਾਪਸ ਆਈ। ਮਾਤਾ ਨਾਨਕੀ ਜੀ ਨੇ ਨੂੰਹ ਤੇ ਪੁੱਤਰ ਦਾ ਸੁਆਗਤ ਕੀਤਾ। ਦਰਵਾਜ਼ੇ ਉਤੇ ਤੇਲ ਚੋਇਆ। ਤਿਆਗ ਰਾਏ ਨੇ ਘੋੜੇ ਤੋਂ ਉੱਤਰ ਕੇ, ਗੁਜਰੀ ਜੀ ਨੇ ਪਾਲਕੀ ਵਿੱਚੋਂ ਬਾਹਰ ਆ ਕੇ ਮਾਤਾ ਨਾਨਕੀ ਦੇ ਚਰਨ ਛੂਹੇ, ਮਾਤਾ ਨੇ ਦੋਹਾਂ ਨੂੰ ਛਾਤੀ ਨਾਲ ਲਾ ਲਿਆ। ਸਿਰ ਉਤੇ ਪਿਆਰ ਦਿੱਤਾ ਅਤੇ ਫਿਰ ਦੋਹਾਂ ਉੱਤੇ ਪਾਣੀ ਵਾਰ ਕੇ ਪੀਤਾ। ਗੱਭਰੂ ਤੇ ਉਸਦੀ ਵਹੁਟੀ ਸੱਚਮੁੱਚ ਚੰਨ-ਚਾਂਦਨੀ ਵਾਂਗ ਇੱਕ ਰੂਪ ਹੋਏ ਪ੍ਰਤੀਤ ਹੁੰਦੇ ਸਨ। ਸ਼ਹਿਰ ਦੀਆਂ ਔਰਤਾਂ ਉਹਨਾਂ ਨੂੰ ਵੇਖ ਵੇਖ ਕੇ ਬਲਿਹਾਰੇ ਜਾ ਰਹੀਆਂ ਸਨ ਉਸ ਵਕਤ ਗੁਰੂ ਜੀ ਨੇ ਪ੍ਰਸ਼ਾਦ ਤਿਆਰ ਕਰਵਾ ਕੇ ਅਤੇ ਇੱਕ ਵੱਡਮੁੱਲੀ ਪੁਸ਼ਾਕ ਲੈ ਕੇ ਨੂੰਹ ਪੁੱਤਰ ਨੂੰ ਹਰਿਮੰਦਰ ਸਾਹਿਬ ਵਿਚ ਚਲਣ ਲਈ ਆਦੇਸ਼ ਦਿੱਤਾ। ਸੈਂਕੜੇ ਇਸਤਰੀਆਂ ਦੇ ਗਲੇ ਵਿੱਚੋਂ ਸੰਗੀਤ ਫੁੱਟ ਪਿਆ ਅੱਗੇ ਅੱਗੇ ਸ਼ਹਿਨਾਈ ਦੀ ਧੁਨੀ ਚੱਲ ਰਹੀ ਸੀ, ਪਿੱਛੇ ਪੁਸ਼ਾਕ ਤੇ ਪ੍ਰਸ਼ਾਦ ਦੀਆਂ ਪਰਾਤਾਂ ਕਈ ਸੇਵਕ ਚੁੱਕੀ ਤੁਰ ਰਹੇ ਸਨ। ਗੁਰੂ ਜੀ, ਨਾਨਕੀ, ਲਾੜਾ ਤੇ ਦੁਲਹਨ ਅਨੇਕ ਇਸਤਰੀਆਂ ਵਿਚਕਾਰ ਘਿਰੇ ਹੋਏ ਸ੍ਰੀ ਹਰਿਮੰਦਰ ਸਾਹਿਬ ਵਲ ਚੱਲ ਪਏ। ਪਰਿਵਾਰ ਦੀਆਂ ਨੂੰਹਾਂ ਗਾ ਰਹੀਆਂ ਸਨ।

*ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿਰਾਮ ਜੀਉ ॥*
*ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥*
*ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥*

ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੋਥੀ ਸਾਹਿਬ ਦੀ ਹਜ਼ੂਰੀ ਵਿਚ ਪੁਸ਼ਾਕ ਤੇ ਪ੍ਰਸ਼ਾਦ ਭੇਟਾ ਕੀਤਾ, ਵਾਹਿਗੁਰੂ ਦਾ ਸ਼ੁਕਰਾਨਾ ਕੀਤਾ, ਨਵੀਂ ਜੋੜੀ ਨੇ ਝੁਕ ਕੇ ਧਰਤੀ ਉੱਤੇ ਮੱਥਾ ਟੇਕਿਆ ਅਤੇ ਪਰਮਾਤਮਾ ਪਾਸੋਂ ਕਿਰਪਾ ਤੇ ਨਦਰ ਦੀ ਦਾਤ ਮੰਗੀ। ਅਰਦਾਸ ਪਿੱਛੋਂ ਸਾਰਿਆਂ ਨੂੰ ਕੜਾਹ ਪ੍ਰਸ਼ਾਦ ਵੰਡਿਆ ਗਿਆ। ਚਾਰੋਂ ਪਾਸੇ ਖੁਸ਼ੀ ਦੀ ਲਹਿਰ ਫੈਲ ਗਈ। ਸਾਰੇ ਲੋਕ ਆਪੋ ਆਪਣੇ ਘਰੀਂ ਪਰਤ ਗਏ।

'ਵਾਹ ! ਗੁਰੂ ਦੀ ਕਥਾ ਦਾ ਇੱਕ ਇੱਕ ਹਿੱਸਾ ਕਿੰਨਾ ਸੁਆਦਲਾ ਹੈ, 'ਸਰੋਤਿਆਂ ਵਿਚੋਂ ਇੱਕ ਦੇ ਮੂੰਹ ਤੋਂ ਅਚਾਨਕ ਆਵਾਜ਼ ਨਿਕਲੀ। 'ਰੂਹਾਨੀਅਤ ਤੇ ਦੁਨੀਆਦਾਰੀ ਨੂੰ ਕਿਸ ਹੱਦ ਤੱਕ ਨਿਭਾਉਂਦੇ ਸਨ ਗੁਰੂ ਜੀ, ਹੈਰਾਨੀ ਹੁੰਦੀ ਹੈ, 'ਪੀਰ ਕਰੀਮ ਬਖ਼ਸ਼ ਨੇ ਉਸ ਆਵਾਜ਼ ਵਿੱਚ ਆਪਣੀ ਆਵਾਜ਼ ਮਿਲਾਈ। 'ਕਿਉਂ ਭਾਈ, ਇਹ ਗੁਜਰੀ ਜੀ ਤਾਂ ਅਜੇ ਹੋਣਗੇ ?'

'ਹਾਂ, ਪੀਰ ਸਾਹਿਬ, ਗੁਜਰੀ ਜੀ ਅਤੇ ਮਾਤਾ ਨਾਨਕੀ ਜੀ ਅਜੇ ਦੋਵੇਂ ਹਨ। ਆਪਣੇ ਪਤੀ ਅਤੇ ਆਪਣੇ ਪੁੱਤਰ ਦੀ ਕੁਰਬਾਨੀ ਉਤੇ ਸੱਚਾ ਫਖ਼ਰ ਕਰਨ ਵਾਸਤੇ ਦੋਵੇਂ ਜ਼ਿੰਦਾ ਹਨ।

'ਭਾਈ ਗੁਰਦਿੱਤਾ ਜੀ ਨੇ ਠੰਢਾ ਹੌਕਾ ਭਰਿਆ। 'ਵਿਆਹ ਤੋਂ ਸਾਲ ਪਿੱਛੋਂ ਤਿਆਗ ਰਾਏ ਤੇਗ਼ ਬਹਾਦਰ ਬਣੇ'। 'ਉਹ ਕਿਸ ਤਰ੍ਹਾਂ ? ' ਜ਼ਰੂਰ ਇਹ ਵੀ ਕੋਈ ਮਜ਼ੇਦਾਰ ਘਟਨਾ ਹੋਵੇਗੀ। 'ਰਹਿਮਾਨ ਨੇ ਭਾਈ ਗੁਰਦਿੱਤਾ ਜੀ ਦੀ ਗੱਲ ਵਿਚ ਦਿਲਚਸਪੀ ਲੈਦਿਆਂ ਪੁੱਛਿਆ। ਇਸ ਦਾ ਕਾਰਣ ਸੀ ਗੁਰੂ ਹਰਗੋਬਿੰਦ ਜੀ ਦਾ ਮੁਗ਼ਲਾਂ ਨਾਲ ਚੌਥਾ ਤੇ ਆਖ਼ਰੀ ਯੁੱਧ। ਇਸ ਯੁੱਧ ਵਿੱਚ ਤਿਆਗ ਰਾਏ ਨੇ ਪਹਿਲੀ ਤੇ ਆਖਰੀ ਵਾਰ ਹਥਿਆਰ ਚੁੱਕੇ ਅਤੇ ਇਹਨਾਂ ਦੀ ਯੁੱਧ ਕਲਾ ਅਤੇ ਇਹਨਾਂ ਦੇ ਸ਼ਸ਼ਤਰ ਵੇਖ ਕੇ ਗੁਰੂ ਭਾਈ ਬਿਧੀ ਚੰਦ ਦੰਦਾਂ ਹੇਠ ਉਂਗਲਾਂ ਦੇ ਕੇ ਰਹਿ ਗਏ।

ਇੱਕ ਅਨਾਥ ਪਠਾਣ ਬਾਲਕ ਪੈਂਦਾ ਖ਼ਾਨ ਨੂੰ ਗੁਰੂ ਜੀ ਨੇ ਆਪਣੀ ਸ਼ਰਨ ਵਿੱਚ ਲਿਆ ਸੀ। ਉਹ ਗੁਰੂ ਹਰਿਗੋਬਿੰਦ ਜੀ ਦੇ ਪਰਿਵਾਰ ਵਿੱਚ ਇੰਨਾ ਰਚ ਮਿਚ ਗਿਆ ਸੀ ਕਿ ਗੁਰੂ ਜੀ ਉਸ ਨੂੰ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੇ ਅਤੇ ਉਸੇ ਤਰ੍ਹਾਂ ਉਸ ਦਾ ਪਾਲਣ ਪੋਸ਼ਣ ਕਰਦੇ ਸਨ। ਗੁਰੂ ਜੀ ਨੇ ਉਸਦੇ ਜੁਆਨ ਹੋਣ ਤੇ ਉਸਦਾ ਆਪਣੇ ਹੱਥੀਂ ਵਿਆਹ ਕੀਤਾ ਅਤੇ ਜਦੋਂ ਉਸਦੇ ਘਰ ਲੜਕੀ ਪੈਦਾ ਹੋਈ ਤਾਂ ਉਸਦਾ ਜਨਮ ਉਤਸਵ ਵੀ ਮਨਾਇਆ। ਗੁਰੂ ਜੀ ਜਾਣਦੇ ਸਨ ਕਿ ਪੈਂਦਾ ਖ਼ਾਨ ਦੀ ਇਹ ਪੁੱਤਰੀ ਕਲੇਸ਼ ਦਾ ਮੂਲ ਸੀ ਅਤੇ ਉਸ ਕਰਕੇ ਜਿਹੜੀ ਜੰਗ ਹੋਵੇਗੀ, ਉਸ ਵਿੱਚ ਹਜ਼ਾਰਾਂ ਨਿਰਦੋਸ਼ ਵਿਅਕਤੀ ਮਾਰੇ ਜਾਣਗੇ ਪਰ ਸਿੱਖ ਮੱਤ ਵਿਚ ਤਾਂ 'ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲ। ' ਉਹ ਅੰਤਰਜਾਮੀ ਸਨ, ਭਾਵੀ ਨੂੰ ਪਛਾਣਦੇ ਸਨ ਪਰ ਈਸ਼ਵਰ ਇੱਛਾ ਦੇ ਸੁਆਗਤ ਦੀ ਮਨਸ਼ਾ ਨਾਲ ਲੜਕੀ ਦੇ ਪੈਦਾ ਹੋਣ ਉਤੇ ਖੁਸ਼ੀ ਮਨਾਈ। ਪੈਂਦਾ ਖ਼ਾਨ ਗੁਰੂ ਜੀ ਦੀ ਸੱਜੀ ਬਾਂਹ ਸੀ। ਹਰ ਵਕਤ ਸੇਵਾ ਲਈ ਤਿਆਰ ਰਹਿੰਦਾ ਸੀ। ਗੁਰੂ ਜੀ ਨੇ ਹੀ ਉਸਨੂੰ ਸ਼ਸਤਰ ਵਿੱਦਿਆ ਦਿੱਤੀ ਸੀ, ਯੁੱਧ ਨੀਤੀ ਸਿਖਾਈ ਸੀ ਅਤੇ ਉਸਦੀ ਰਗ ਰਗ ਵਿਚ ਵੀਰਤਾ ਤੇ ਦਲੇਰੀ ਭਰ ਦਿੱਤੀ ਸੀ। ਉਹ ਘਰ ਪਰਿਵਾਰ ਆਬਾਦ ਹੋ ਜਾਣ ਉਤੇ ਪ੍ਰਸੰਨ ਸੀ ਅਤੇ ਗੁਰੂ ਜੀ ਦੇ ਗੁਣ ਗਾਉਂਦਾ ਹੋਇਆ ਸੁੱਖ ਅਨੁਭਵ ਕਰਦਾ ਸੀ।

'ਪੈਂਦਾ ਖ਼ਾਨ ਦੀ ਲੜਕੀ ਜਦੋਂ ਮੁਟਿਆਰ ਹੋਈ ਤਾਂ ਉਸਦਾ ਵਿਆਹ ਉਸਮਾਨ ਖ਼ਾਨ ਨਾਂ ਦੇ ਇੱਕ ਗੱਭਰੂ ਨਾਲ ਹੋਣਾ ਤਹਿ ਹੋਇਆ। ਗੁਰੂ ਜੀ ਦੀ ਸਹਿਮਤੀ ਮਿਲਣ ਉਤੇ, ਪੈਂਦਾ ਖ਼ਾਨ ਨੇ ਧੂਮਧਾਮ ਨਾਲ ਲੜਕੀ ਦੀ ਸ਼ਾਦੀ ਕਰ ਦਿੱਤੀ ਅਤੇ ਕਿਉਂਕਿ ਲੜਕੀ ਉਸਦੀ ਇੱਕੋ ਇੱਕ ਔਲਾਦ ਸੀ, ਉਸ ਉਸਮਾਨ ਖ਼ਾਨ ਨੂੰ ਘਰ-ਜਵਾਈ ਵਾਂਗ ਰਹਿਣ ਲਈ ਪ੍ਰੇਰਿਤ ਕੀਤਾ। ਉਸਮਾਨ ਲਾਲਚੀ ਸੁਭਾਅ ਦਾ ਗੱਭਰੂ ਸੀ, ਇਸ ਲਈ ਘਰ ਜਵਾਈ ਬਣਨ ਵਾਸਤੇ ਰਾਜ਼ੀ ਹੋ ਗਿਆ।

ਉਹਨੀਂ ਦਿਨੀ ਇੱਕ ਧਨਵਾਨ ਸਿੱਖ ਨੇ ਬਹੁਤ ਕੀਮਤੀ ਇੱਕ ਸੁਨਹਿਰੀ ਪੁਸ਼ਾਕ ਤੇ ਉੱਤਮ ਜਾਤੀ ਦਾ ਇੱਕ ਸ਼ਿਕਾਰੀ ਬਾਜ਼ ਭੇਟ ਕੀਤਾ। ਗੁਰੂ ਜੀ ਨੇ ਸਿੱਖ ਨੂੰ ਅਸ਼ੀਰਵਾਦ ਦਿੱਤਾ ਅਤੇ ਖੁੱਲ੍ਹ-ਦਿਲੇ ਸੁਭਾਅ ਕਰਕੇ ਪੁਸ਼ਾਕ ਪੈਂਦਾ ਖ਼ਾਨ ਨੂੰ ਅਤੇ ਬਾਜ਼ ਵੱਡੇ ਪੁੱਤਰ ਗੁਰਦਿੱਤਾ ਜੀ

ਨੂੰ ਦੇ ਦਿੱਤਾ। ਪੈਂਦਾ ਖ਼ਾਨ ਨੇ ਜਦੋਂ ਪੁਸ਼ਾਕ ਪਾਈ, ਤਾਂ ਗੁਰੂ ਜੀ ਉਸਨੂੰ ਵੇਖ ਕੇ ਬੇਹੱਦ ਪ੍ਰਸੰਨ ਹੋਏ। ਉਸ ਪੁਸ਼ਾਕ ਵਿੱਚ, ਉਹ ਸ਼ਹਿਜ਼ਾਦਾ ਪ੍ਰਤੀਤ ਹੁੰਦਾ ਸੀ। ਗੁਰੂ ਜੀ ਨੇ ਹੁਕਮ ਦਿੱਤਾ, 'ਪੈਂਦਾ ਖ਼ਾਨ, ਤੂੰ ਹਮੇਸ਼ਾ 3 ਦਿਨ ਤਿਉਹਾਰ ਦੇ ਮੌਕੇ ਇਹ ਪੁਸ਼ਾਕ ਪਾਇਆ ਕਰ। ਮੈਨੂੰ ਬਹੁਤ ਚੰਗੇ ਲੱਗ ਰਹੇ ਹੋ।

ਪੈਂਦਾ ਖ਼ਾਨ ਜਦੋਂ ਆਪਣੇ ਘਰ ਗਿਆ ਅਤੇ ਉਸਮਾਨ ਖ਼ਾਨ ਨੇ ਉਸਦੀ ਪੁਸ਼ਾਕ ਵੇਖੀ ਤਾਂ ਉਹ ਪੁਸ਼ਾਕ ਪ੍ਰਾਪਤ ਕਰਨ ਲਈ ਜ਼ਿੱਦ ਕਰਨ ਲਗਾ। ਪੈਂਦਾ ਖ਼ਾਨ ਧਰਮ ਸੰਕਟ ਵਿਚ ਫਸ ਗਿਆ। ਗੁਰੂ ਜੀ ਦਾ ਹੁਕਮ ਸੀ ਕਿ ਪੈਂਦਾ ਖ਼ਾਨ ਆਪ ਪੁਸ਼ਾਕ ਪਾਵੇ, ਇਧਰ ਉਸਮਾਨ ਖ਼ਾਨ ਦੀ ਜ਼ਿਦ ਜਵਾਈ ਵਾਲੀਆਂ ਧਮਕੀ ਦੀ ਭਰੀ ਹੋਈ ਸੀ। ਪੈਂਦਾ ਖ਼ਾਨ ਪੁਸ਼ਾਕ ਦੇਣ ਲਈ ਰਾਜ਼ੀ ਨਹੀਂ ਸੀ ਪਰ ਉਸਦੀ ਪਤਨੀ ਦਬਾਅ ਪਾ ਰਹੀ ਸੀ ਕਿ ਲੜਕੀ ਨੂੰ ਖ਼ੁਸ਼ ਰੱਖਣ ਵਾਸਤੇ ਜਵਾਈ ਦੀ ਗੱਲ ਮੰਨਣੀ ਠੀਕ ਸੀ। ਪੈਂਦਾ ਖ਼ਾਨ ਘਰ ਵਿੱਚ ਹੀ ਹਾਰ ਗਿਆ। ਪੁਸ਼ਾਕ ਉਸਮਾਨ ਖ਼ਾਨ ਨੂੰ ਦੇ ਦਿੱਤੀ ਗਈ ਗਈ। ਵੇਲੇ ਕੁਵੇਲੇ ਗੁਰੂ ਜੀ ਦੇ ਪੁੱਛਣ ਉਤੇ ਵੀ ਪੈਂਦਾ ਖ਼ਾਨ ਇਧਰ ਉਧਰ ਦੀਆਂ ਗੱਲਾਂ ਮਾਰ ਕੇ ਟਾਲਣ ਲੱਗ ਗਿਆ। ਅੰਤਰਜਾਮੀ ਗੁਰੂ ਜੀ ਜਾਣਦੇ ਸਨ ਕਿ ਪੈਂਦਾ ਖ਼ਾਨ ਦੀ ਮਜਬੂਰੀ ਵੀ ਸਮਝਦੇ ਸਨ, ਪਰ ਉਹਨਾਂ ਨੂੰ ਝੂਠ ਤੋਂ ਚਿੜ ਸੀ। ਪੈਂਦਾ ਖ਼ਾਨ ਵੀ ਜੇਕਰ ; ਸਪਸ਼ਟ ਕਹਿੰਦਾ ਤਾਂ ਗੱਲ ਕੁਝ ਵੀ ਨਹੀਂ ਸੀ। ਪਰ ਭਾਵੀ ਕਲੇਸ਼ ਨੇ ਉਸ ਦੀ ਮਤ ਉਤੇ ਕਿਉਂ ਪਰਦਾ ਪਾ ਦਿੱਤਾ ਸੀ।

ਬਲਦੀ ਉਤੇ ਤੇਲ ਉਸ ਵੇਲੇ ਪਿਆ ਜਦੋਂ ਈਰਖਾ ਦੇ ਮਾਰੇ ਉਸਮਾਨ ਖ਼ਾਨ ਨੇ ਗੁਰੂ ਪੁੱਤਰ ਗੁਰਦਿੱਤਾ ਦਾ ਬਾਜ਼ ਚੋਰੀ ਕਰ ਲਿਆ। ਪੈਂਦਾ ਖ਼ਾਨ ਨੇ ਬਾਜ਼ ਵੇਖ ਕੇ ਉਸਮਾਨ ਖ਼ਾਨ ਨੂੰ ਸਮਝਾਇਆ, ਪਰ ਉਹ ਨਾ ਮੰਨਿਆ। ਪੈਂਦਾ ਖ਼ਾਨ ਦੀ ਪਤਨੀ ਨੇ ਵੀ ਉਸਮਾਨ ਖ਼ਾਨ ਦਾ ਪੱਖ ਪੂਰਿਆ 'ਗੁਰੂ ਨੇ ਬਾਜ਼ ਕੀ ਕਰਨਾ ਹੈ, ਲੜਕੇ ਦਾ ਸ਼ੌਂਕ ਹੈ, ਖੇਡਣ ਦਿਓ ਉਸ ਨੂੰ ਗੁਰੂ ਜੀ ਨਾਲ ਕੋਈ ਪੱਜ ਪਾ ਦੇਣਾ, ' ਪੈਂਦਾ ਦੀ ਪਤਨੀ ਨੇ ਸਮਝਾਇਆ। ਹੋਣੀ ਹੌਲੀ ਹੌਲੀ ਪੈਂਦਾ ਦੀ ਬੁੱਧੀ ਭ੍ਰਿਸ਼ਟ ਕਰ ਰਹੀ ਸੀ। ਇਸ ਲਈ, ਪੈਦਾ ਖ਼ਾਨ ਇਸਤਰੀ ਮੋਹ ਵਿਚ ਗ਼ਲਤ ਗੱਲ ਵੀ ਮੰਨ ਗਿਆ। ਗੁਰੂ ਜੀ ਨੇ ਜਦੋਂ ਬਾਜ਼ ਬਾਰੇ ਪੁੱਛਿਆ ਤਾਂ ਉਸਮਾਨ ਨੂੰ ਬਚਾਉਣ ਲਈ ਪੈਂਦਾ ਖ਼ਾਨ ਨੇ ਦੁਬਾਰਾ ਝੂਠ ਬੋਲਿਆ। ਉਹ ਸਾਫ਼ ਹੀ ਮੁਕਰ ਗਿਆ ਕਿ ਉਸਨੇ ਉਸਮਾਨ ਕੋਲ ਚੋਰੀ ਕੀਤਾ ਬਾਜ਼ ਵੇਖਿਆ ਹੈ। ਜਾਣੀ-ਜਾਣ ਗੁਰੂ ਜੀ ਨੇ ਪੈਂਦਾ ਖ਼ਾਨ ਦੇ ਉਥੇ ਬੈਠਿਆਂ ਭਾਈ ਬਿਧੀ ਚੰਦ ਨੂੰ ਸੱਚਾਈ ਪਤਾ ਕਰਨ ਲਈ ਪੈਂਦਾ ਖ਼ਾਨ ਦੇ ਭੇਜਿਆ। ਭਾਈ ਬਿਧੀ ਚੰਦ ਕਿਸੇ ਜ਼ਮਾਨੇ ਵਿੱਚ ਲਾਹੌਰ ਅੰਮ੍ਰਿਤਸਰ ਦਰਮਿਆਨ ਆਤੰਕ ਬਣਿਆ ਹੋਇਆ ਸੀ। ਬੜਾ ਦਲੇਰ ਡਾਕੂ ਸੀ ਉਹ। ਗੁਰਸਿੱਖਾਂ ਦੀ ਸੰਗਤ ਵਿਚ ਉਹ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿੱਚ ਆ ਗਿਆ ਸੀ। ਉਸਮਾਨ ਖ਼ਾਨ ਉਸ ਲਈ ਬੱਚਾ ਸੀ। ਭਾਈ ਬਿਧੀ ਚੰਦ ਬੜੇ ਆਰਾਮ ਨਾਲ ਉਸਮਾਨ ਨੂੰ ਉਸਦੀ ਮੰਜੀ ਨਾਲ ਬੰਨ੍ਹ ਕੇ ਚੋਰੀ ਕੀਤਾ ਹੋਇਆ ਬਾਜ ਉਸਦੇ ਘਰੋਂ ਲੱਭ ਕੇ ਲੈ ਆਇਆ

ਅਤੇ ਸਾਰਿਆਂ ਦੇ ਸਾਹਮਣੇ ਭਰੇ ਦਰਬਾਰ ਵਿੱਚ ਗੁਰੂ ਜੀ ਦੇ ਹਜ਼ੂਰ ਪੇਸ਼ ਕਰ ਦਿੱਤਾ। ਪੈਂਦਾ ਖ਼ਾਨ ਪੀਲਾ ਪੈ ਗਿਆ। ਸ਼ਰਮ ਨਾਲ ਉਹ ਡੁੱਬ ਰਿਹਾ ਸੀ ਅਤੇ ਗੁਰੂ ਦਰਬਾਰ ਵਿੱਚ ਇੱਜ਼ਤ ਗੁਆਚਣ ਦੀ ਉਸ ਨੂੰ ਠੇਸ ਲੱਗੀ ਸੀ। ਉਸ ਵਕਤ ਗੁਰੂ ਜੀ ਨੇ ਗੰਭੀਰਤਾ ਨਾਲ ਪੈਂਦਾ ਖ਼ਾਨ ਨੂੰ ਸੰਬੋਧਨ ਕਰਕੇ ਝੂਠ ਬੋਲਣ ਦਾ ਕਾਰਨ ਪੁੱਛਿਆ। ਪੈਂਦਾ ਖ਼ਾਨ ਵਿਚ ਬਗ਼ਾਵਤ ਦੀ ਰੁਚੀ ਵੇਖ ਕੇ ਗੁਰੂ ਜੀ ਨੇ ਉਸਨੂੰ ਤੁਰੰਤ ਦਰਬਾਰ ਵਿਚੋਂ ਨਿਕਲ ਜਾਣ ਦਾ ਹੁਕਮ ਦਿੱਤਾ।

'ਅਜਿਹੇ ਨਮਕ-ਹਰਾਮ, ਨੂੰ ਸਿਰਫ਼ ਦਰਬਾਰ ਵਿੱਚੋਂ ਕੱਢ ਦਿੱਤਾ? ਉਸਦਾ ਸਿਰ ਕਿਉਂ ਨਹੀਂ ਵੱਢ ਦਿੱਤਾ ? ਰਹਿਮਾਨ ਵਿਚੋਂ ਬੋਲਿਆ, 'ਗੁਰੂ ਜੀ ਦੀ ਸਖਾਵਤ ਹੀ ਤਾਂ ਪਿਛੋਂ ਮੁਸੀਬਤ ਬਣੀ ਹੋਵੇਗੀ ' 'ਹਾਂ', ਰਹਿਮਾਨ ਭਾਈ ਗੁਰੂ ਜੀ ਦੀ ਉਦਾਰਤਾ ਹੀ ਸਮਝੋ, ਪਰ ਸੋਚੋ ਤਾਂ ਸਹੀ ਕਿ ਉਹ ਆਪਣੇ ਹੱਥੀਂ ਪੁੱਤਰਾਂ ਵਾਂਗ ਪਾਲੇ ਪੈਂਦਾ ਖ਼ਾਨ ਨੂੰ ਹੋਰ ਕੋਈ ਸਜ਼ਾ ਕਿਵੇਂ ਦਿੰਦੇ। ਉਹਨਾਂ ਦਾ ਖਿਆਲ ਸੀ ਕਿ ਉਹ ਆਪਣੀ ਗਲਤੀ ਮੰਨ ਕੇ ਖ਼ਿਮਾ ਮੰਗ ਲਵੇਗਾ ਪਰ ਜਿਸਦੇ ਘਰ ਵਿਚ ਕਲੇਸ਼ ਅਵਤਾਰ ਧਾਰ ਚੁੱਕਾ ਹੋਵੇ, ਭਲਾ ਉਹ ਕਦੋਂ ਨਿਮਰ ਹੋ ਸਕਦਾ ਹੈ? ਦੁਖੀ ਤੇ ਸ਼ਰਮਿੰਦਾ ਪੈਂਦਾ ਖ਼ਾਨ ਜਦੋਂ ਆਪਣੇ ਘਰ ਵਾਪਸ ਆਇਆ, ਤਾਂ ਪਤਨੀ, ਪੁੱਤਰੀ ਤੇ ਜਵਾਈ ਨੇ ਉਸਨੂੰ ਯੋਗ ਸਲਾਹ ਦੇਣ ਦੀ ਬਜਾਏ, ਉਸ ਨੂੰ ਹੋਰ ਗੁੰਮਰਾਹ ਕੀਤਾ। ਉਸਮਾਨ ਨੇ ਕਿਹਾ, 'ਜਿੰਨੀ ਸੇਵਾ ਤੁਸੀਂ ਗੁਰੂ ਦੀ ਕੀਤੀ ਹੈ, ਉਨੀ ਜੇਕਰ ਆਪਣੀ ਮੁਗ਼ਲ ਸਲਤਨਤ ਦੀ ਕਰਦੇ ਤਾਂ ਅੱਜ ਇਲਾਮ ਪਾ ਚੁੱਕੇ ਹੁੰਦੇ। ਗੁਰੂ ਤੁਹਾਡੇ ਬਲਬੂਤੇ ਹੀ ਲੜਾਈਆਂ ਜਿੱਤਦਾ। ਰਿਹਾ ਹੈ, ਉਸ ਕੋਲ ਤਾਕਤ ਵੀ ਕੀ ਹੈ ? ' ਪਤਨੀ ਬੋਲੀ। ਪੁੱਤਰੀ ਤਾਂ ਪ੍ਰਤੱਖ ਕਲੇਸ਼ ਸੀ, ਬੋਲੀ, 'ਅੱਬਾ-ਕੀ ਗੁਰੂ ਦੀ ਸ਼ਿਕਾਇਤ ਕਰੀਏ ਅਤੇ ਇਸ ਉਤੇ ਹਮਲਾ ਕਰਕੇ ਇਸ ਨੂੰ ਬਰਬਾਦ ਕਰ ਦੇਵਾਂਗੇ। ਬਾਦਸ਼ਾਹ ਤੋਂ ਮਦਦ ਵੀ ਮਿਲੇਗੀ।'

ਇਹਨਾਂ ਗੱਲਾਂ ਨਾਲ ਪੈਂਦਾ ਖ਼ਾਨ ਦਾ ਸਿਰ ਹੋਰ ਵੀ ਫਿਰ ਗਿਆ। ਅਖ਼ੀਰ ਇਹੀ ਫ਼ੈਸਲਾ ਹੋਇਆ ਕਿ ਉਹ ਬਾਦਸ਼ਾਹ ਸ਼ਾਹ ਜਹਾਨ ਕੋਲ ਗੁਰੂ ਜੀ ਦੀ ਸ਼ਿਕਾਇਤ ਕਰਨ ਅਤੇ ਮੁਗ਼ਲ ਫੌਜ ਦੀਆਂ ਪਿਛਲੀਆਂ ਤਿੰਨ ਹਾਰਾਂ ਦਾ ਵੀ ਬਦਲਾ ਲੈਣ। ਪੈਂਦਾ ਖ਼ਾਨ ਨੇ ਮੰਨ ਲਿਆ ਅਤੇ ਉਸ ਦੀ ਗ਼ੈਰ ਹਾਜ਼ਰੀ ਵਿੱਚ ਗੁਰੂ ਕਮਜ਼ੋਰ ਪੈ ਗਏ ਹੋਣਗੇ- ਜਿਵੇਂ ਟਟਹਿਰੀ ਅਕਾਸ਼ ਨੂੰ ਆਪਣੇ ਪੈਰਾਂ ਉੱਤੇ ਟਿਕਿਆ ਹੀ ਸਮਝਦੀ ਹੈ।

ਪੈਂਦਾ ਖ਼ਾਨ ਜਲੰਧਰ ਦੇ ਸੂਬੇਦਾਰ ਕੁਤਬ ਖ਼ਾਨ ਕੋਲ ਆਇਆ। ਪੈਂਦਾ ਖ਼ਾਨ ਆਪਣੀ ਬੇਇਜ਼ਤੀ ਤੋਂ ਦੁਖੀ ਸੀ ਪਰ ਉਸਮਾਨ ਖ਼ਾਨ ਉਸਨੂੰ ਲਗਾਤਾਰ ਗੁਰੂ ਜੀ ਵਿਰੁੱਧ ਭੜਕਾ ਰਿਹਾ ਸੀ। ਕੁਤਬ ਖ਼ਾਨ ਨੇ ਗੁਰੂ ਜੀ ਵਿਰੁੱਧ ਪੈਦਾ ਖ਼ਾਨ ਨੂੰ ਸਹਾਇਤਾ ਦੇਣ ਦਾ ਵਚਨ ਦਿੱਤਾ। ਉਹ ਜਾਣਦਾ ਸੀ ਕਿ ਲਾਹੌਰ ਵਿੱਚ ਬਾਦਸ਼ਾਹ ਨੂੰ ਗੁਰੂ ਜੀ' ਵਿਰੁੱਧ ਤਾਂ ਹੀ ਭੜਕਾਇਆ ਜਾ ਸਕਦਾ ਹੈ, ਜੇਕਰ ਉਥੋਂ ਦਾ ਸੂਬੇਦਾਰ ਵਜ਼ੀਰ ਖ਼ਾਨ ਰਸਤੇ ਵਿਚ ਰੁਕਾਵਟ ਨਾ ਬਣੇ ਉਹਨਾਂ ਦੀ ਬਦਨਸੀਬੀ ਹੀ ਸਮਝੋ ਕਿ ਉਨ੍ਹੀ ਦਿਨੀਂ ਵਜ਼ੀਰ ਖਾਨ ਦਾ ਤਬਾਦਲਾ ਆਗਰੇ ਹੋ ਗਿਆ।

ਵਜ਼ੀਰ ਖ਼ਾਨ ਗੁਰੂ ਪਰਿਵਾਰ ਦਾ ਪੁਰਾਣਾ ਮਿੱਤਰ ਸੀ। ਉਸ ਦੇ ਆਗਰਾ ਜਾਣ ਸਾਰ ਹੀ ਕੁਤਬ ਖ਼ਾਂ ਪੈਂਦਾ ਖ਼ਾਨ ਦਲ ਨੂੰ ਲੈ ਕੇ ਲਾਹੌਰ ਆ ਪਹੁੰਚਿਆ। ਲਾਹੌਰ ਵਿੱਚ ਕੁਤਬ ਖ਼ਾਨ ਦੀ ਸਹਾਇਤਾ ਨਾਲ ਪੈਂਦਾ ਖ਼ਾਨ ਬਾਦਸ਼ਾਹ ਨੂੰ ਮਿਲਿਆ। ਅਨੇਕ ਝੂਠੀਆਂ ਸੱਚੀਆਂ ਗੱਲਾਂ ਸੁਣਾ ਕੇ ਸ਼ਾਹ ਜਹਾਨ ਨੂੰ ਭੜਕਾਇਆ ਗਿਆ। ਇਹ ਗੱਲ ਵੀ ਕਹੀ ਗਈ ਕਿ ਹੁਣ ਗੁਰੂ ਜੀ ਦੀ ਸੱਜੀ ਬਾਂਹ, ਇੱਕ ਤਰ੍ਹਾਂ ਨਾਲ ਕੱਟ ਹੀ ਚੁੱਕੀ ਹੈ। ਉਹਨਾਂ ਪਹਿਲਾਂ ਤਿੰਨ ਯੁੱਧ ਪੈਂਦਾ ਖ਼ਾਨ ਦੀ ਬਦੌਲਤ ਹੀ ਜਿੱਤੇ ਸਨ, ਹੁਣ ਉਹਨਾਂ ਨੂੰ ਹਰਾਉਣਾ ਕੋਈ ਵੱਡੀ ਗੱਲ ਨਹੀਂ ਹੈ।

ਬਾਦਸ਼ਾਹ ਭੜਕ ਪਿਆ। ਉਸ ਇੱਕ ਤਲਵਾਰ ਹੱਥਾਂ ਵਿੱਚ ਫੜ ਕੇ ਉਥੇ ਹਾਜ਼ਰ ਸਾਰੇ ਬਹਾਦਰਾਂ ਨੂੰ ਵੰਗਾਰਦਿਆਂ ਕਿਹਾ, 'ਹੈ ਕੋਈ ਬਹਾਦਰ, ਜਿਹੜਾ ਗੁਰੂ ਜੀ ਨੂੰ ਜੀਂਦਾ ਜਾਂ ਮੁਰਦਾ ਮੇਰੇ ਸਾਹਮਣੇ ਪੇਸ਼ ਕਰੇ। 'ਜਿਸ ਨੂੰ ਆਪਣੀ ਬਹਾਦਰੀ ਉਤੇ ਮਾਣ ਹੈ, ਉਹ ਅੱਗੇ ਵਧ ਕੇ ਇਹ ਤਲਵਾਰ ਚੁੱਕ ਲਵੇ। ਪਿਸ਼ਾਵਰ ਦਾ ਸੂਬੇਦਾਰ ਕਾਲੇ ਖ਼ਾਨ ਗੁਰੂ ਜੀ ਤੋਂ ਆਪਣੇ ਭਰਾ ਮੁਖ਼ਲਿਸ ਖ਼ਾਨ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ, ਉਹ ਅੱਗੇ ਵਧਿਆ ਅਤੇ ਸ਼ਮਸ਼ੀਰ ਚੁੱਕ ਲਈ। ਉਸ ਦੇ ਨਾਲ ਪੈਂਦਾ ਖ਼ਾਨ, ਉਸਮਾਨ ਖ਼ਾਨ ਅਤੇ ਕੁਤਬ ਖ਼ਾਨ ਵਰਗੇ ਜਰਨੈਲ ਅਤੇ ਪੰਜਾਹ ਹਜ਼ਾਰ ਮੁਗ਼ਲ ਸੈਨਾ ਗੁਰੂ ਹਰਿਗੋਬਿੰਦ ਜੀ ਉਤੇ ਹਮਲਾ ਕਰਨ ਵਾਸਤੇ ਭੇਜ ਦਿੱਤੀ ਗਈ।

ਇਧਰ ਗੁਰੂ ਜੀ ਕੀਰਤਪੁਰ ਜਾਣ ਲਈ ਤਿਆਰੀ ਕਰ ਰਹੇ ਸਨ। ਰਾਜਾ ਕਲਿਆਣ ਚੰਦ ਨੇ ਖ਼ਾਸ ਤੌਰ ਤੇ ਆਪਣੇ ਪੁੱਤਰ ਤਾਰਾ ਚੰਦ ਨੂੰ ਉਹਨੂੰ ਲੈਣ ਵਾਸਤੇ ਭੇਜਿਆ ਸੀ। ਲਾਹੌਰ ਦੀ ਸਿੱਖ ਸੰਗਤ ਨੇ ਮੁਗ਼ਲ ਸੈਨਾ ਦੀ ਚੜ੍ਹਾਈ ਦੀ ਸੂਚਨਾ ਗੁਰੂ ਜੀ ਨੂੰ ਭਿਜਵਾ ਦਿੱਤੀ। ਗੁਰੂ ਹਰਿਗੋਬਿੰਦ ਜੀ ਪੈਂਦਾ ਖ਼ਾਨ ਦੀ ਚਾਲ ਸਮਝ ਗਏ। ਕਲੇਸ਼ ਤਾਂ ਅਕਾਲ ਪੁਰਖ ਦਾ ਹੁਕਮ ਸੀ। ਇਹ ਗੱਲ ਗੁਰੂ ਜੀ ਜਾਣਦੇ ਸਨ। ਉਹਨਾਂ ਕੁਝ ਦਿਨਾਂ ਲਈ ਕੀਰਤਪੁਰ ਜਾਣਾ ਮੁਲਤਵੀ ਕਰ ਦਿੱਤਾ ਅਤੇ ਮੁਗ਼ਲ ਸੈਨਾ ਅਤੇ ਖਾਸ ਕਰਕੇ ਨੂੰ ਸਬਕ ਸਿਖਾਉਣ ਦੀਆਂ ਤਜਵੀਜ਼ਾਂ ਸੋਚਣ ਲੱਗ ਪਏ। ਗੁਰੂ ਜੀ ਦੇ ਬਾਂਕੇ ਵੀਰ ਭਾਈ ਬਿਧੀ ਚੰਦ, ਜਾਤੀ ਮਲ, ਲਖੂ ਆਦਿ ਲੜਨ ਲਈ ਤਿਆਰ ਹੋ ਗਏ। ਗੁਰੂ ਹਰਿਗੋਬਿੰਦ ਜੀ ਦਾ ਮਿੱਤਰ ਮੁਸਲਿਮ ਸਰਦਾਰ, ਰਾਏ ਜੋਧ ਦੋ ਹਜ਼ਾਰ ਸਿਪਾਹੀ ਨਾਲ ਲੈ ਕੇ ਸਹਾਇਤਾ ਵਾਸਤੇ ਪਹੁੰਚ ਗਏ। ਇਹ ਪਹਿਲਾ ਮੌਕਾ ਸੀ, ਜਦੋਂ ਗੁਰੂ ਜੀ ਨੇ ਆਪਣੇ ਪਰਿਵਾਰ ਵਿੱਚੋਂ ਵੱਡੇ ਪੁੱਤਰ ਗੁਰਦਿੱਤਾ ਅਤੇ ਤਿਆਗ ਰਾਏ ਨੂੰ ਵੀ ਯੁੱਧ ਵਿੱਚ ਹਿੱਸਾ ਲੈਣ ਲਈ ਇਜਾਜ਼ਤ ਦੇ ਦਿੱਤੀ। ਸਾਰੇ ਲੋਕ ਆਪੋ ਆਪਣੀਆਂ ਫੌਜੀ ਟੁਕੜੀਆਂ ਲੈ ਕੇ ਯੁੱਧ ਭੂਮੀ ਵਿੱਚ ਉੱਤਰ ਆਏ।

ਦੂਜੇ ਪਾਸੇ ਵੱਡੀ ਗਿਣਤੀ ਤੇ ਖ਼ਤਰਨਾਕ ਹਥਿਆਰਾਂ ਨਾਲ ਲਾਮਬੰਦ ਹੋਈ ਅੱਗੇ ਵਧਦੀ ਮੁਗ਼ਲ ਸੈਨਾ ਸਿੱਖ ਫੌਜੀ ਟੁਕੜੀਆਂ ਦੇ ਘੇਰੇ ਵਿੱਚ ਪੂਰੀ ਤਰ੍ਹਾਂ ਘਿਰ ਗਈ ਤਾਂ ਅਚਾਨਕ ਚਾਰੇ ਪਾਸਿਆਂ ਤੋਂ ਸਿੱਖ ਸੈਨਾ ਨੇ ਮੁਗ਼ਲ ਫੌਜ ਉੱਤੇ ਧਾਵਾ ਬੋਲ ਦਿੱਤਾ। ਘਮਸਾਨ ਦਾ ਯੁੱਧ ਹੋਇਆ। ਮੁਗ਼ਲ ਫੌਜਾਂ ਚਾਰੋਂ ਪਾਸਿਉਂ ਘਿਰ ਜਾਣ ਕਰਕੇ ਕੋਈ ਵਿਸ਼ੇਸ਼ ਵਿਉਂਤ

ਤਿਆਰ ਹੀ ਨਾ ਕਰ ਸਕੀ। ਗੁਰੂ ਦੀ ਸੈਨਾ ਇੰਨੀ ਫੁਰਤੀ ਤੇ ਚਲਾਕੀ ਨਾਲ ਦੁਸ਼ਮਨ ਉਤੇ ਟੁੱਟ ਪਈ ਸੀ ਕਿ ਮੁਗ਼ਲ ਫੌਜ ਨੂੰ ਕੁਝ ਵਿਉਂਤਬੰਦੀ ਕਰਨ ਦਾ ਅਵਸਰ ਹੀ ਨਾ ਮਿਲਿਆ। ਪੈਂਦਾ ਖ਼ਾਨ ਦੇ ਮਨ ਵਿਚ ਗੁਰੂ ਜੀ ਤੋਂ ਬਦਲਾ ਲੈਣ ਦੀ ਅੱਗ ਮਚ ਰਹੀ ਸੀ। ਸੈਨਿਕ ਟੁਕੜੀਆਂ ਨੂੰ ਚੀਰਦਾ ਹੋਇਆ ਉਹ ਗੁਰੂ ਹਰਿਗੋਬਿੰਦ ਜੀ ਦੇ ਨਜ਼ਦੀਕ ਪਹੁੰਚਿਆ। ਉਸ ਸੋਚਿਆ ਸੀ ਕਿ ਗੁਰੂ ਜੀ ਦਾ ਧਿਆਨ ਮਾਰ ਕਾਟ ਵਿਚ ਹੋਣ ਕਰਕੇ ਉਹ ਛੋਪਲੇ ਜਿਹੇ ਘਾਤ ਲਾ ਲਵੇਗਾ ਪਰ ਗੁਰੂ ਜੀ ਚਾਰੋਂ ਪਾਸਿਆਂ ਤੋਂ ਪੂਰੀ ਤਰ੍ਹਾਂ ਨਿਸ਼ਚਿੰਤ ਸਨ। ਅੱਗੇ ਵਧਦੇ ਹੋਏ ਪੈਂਦਾ ਖ਼ਾਨ ਦੀ ਬੁਰੀ ਨਜ਼ਰ ਨੂੰ ਭਾਂਪ ਗਏ ਅਤੇ ਉਹਨਾਂ ਨੇ ਘੋੜੇ ਨੂੰ ਕੁਦਾ ਕੇ ਇੱਕ ਜ਼ੋਰ ਦੀ ਠੋਕਰ ਪੈਂਦਾ ਖ਼ਾਨ ਦੀ ਛਾਤੀ ਵਿੱਚ ਮਾਰੀ। ਉਹ ਧਰਤੀ ਉਤੇ ਢਹਿ ਢੇਰੀ ਹੋ ਗਿਆ। ਗੁਰੂ ਜੀ ਨੂੰ ਫਿਰ ਸ਼ਾਇਦ ਧਿਆਨ ਆ ਗਿਆ ਕਿ ਉਸਨੂੰ ਤਾਂ ਉਹਨਾਂ ਪੁੱਤਰਾਂ ਵਾਂਗ ਪਾਲਿਆ ਸੀ, ਉਹ ਆਪ ਘੋੜੇ ਤੋਂ ਉੱਤਰੇ ਅਤੇ ਪੈਂਦਾ ਖ਼ਾਨ ਨੂੰ ਚੁੱਕੇ ਉਸ ਤੋਂ ਹੱਥ ਵਿਚ ਤਲਵਾਰ ਦਿੰਦਿਆਂ ਬੋਲੇ, 'ਪੈਂਦਾ, ਚੰਗਾ ਤਾਂ ਇਹ ਹੁੰਦਾ ਕਿ ਤੂੰ ਮਆਫ਼ੀ ਮੰਗ ਲੈਂਦਾ।' ਅਜੇ ਗੁਰੂ ਜੀ ਇਹ ਸ਼ਬਦ ਕਹਿ ਹੀ ਰਹੇ ਸਨ ਕਿ ਪੈਂਦਾ ਖ਼ਾਨ ਨੇ, ਪੂਰੇ ਤਾਣ ਨਾਲ ਫਿਰ ਵਾਰ ਕਰ ਦਿੱਤਾ।

'ਨਹੀਂ ਪੈਂਦਾ ਖ਼ਾਨ, ਇੰਜ ਨਹੀਂ, ਗੁਰੂ ਜੀ ਨੇ ਸਾਵਧਾਨੀ ਨਾਲ ਵਾਰ ਰੋਕਿਆ।

'ਅਜੇ ਵੀ ਪੈਂਦਾ ਖ਼ਾਨ ਦਾ ਗੁੱਸਾ ਠੰਢਾ ਨਹੀਂ ਹੋਇਆ ਸੀ। ਉਸ ਉੱਪਰੋ ਥਲੀ ਦੋ ਚਾਰ ਵਾਰ ਗੁਰੂ ਜੀ ਉਤੇ ਕਰ ਦਿੱਤੇ। ਗੁਰੂ ਜੀ ਨੇ ਆਪਣੀ ਢਾਲ ਉਤੇ ਸਾਰੇ ਵਾਰ ਰੋਕਦਿਆਂ ਪੈਂਦਾ ਖ਼ਾਨ ਨੂੰ ਸੁਚੇਤ ਕੀਤਾ, 'ਲੈ ਹੁਣ ਤੂੰ ਬਚ', ਕਹਿੰਦੇ ਹੋਏ ਗੁਰੂ ਜੀ ਨੇ ਮੋਲਵਾਂ ਪੈਂਦਾ ਖ਼ਾਨ ਉਤੇ ਵਾਰ ਕੀਤਾ। ਪੈਂਦਾ ਖ਼ਾਨ ਜ਼ਮੀਨ ਉਤੇ ਡਿੱਗ ਪਿਆ। 'ਇਹ ਕੀ ? ਗੁਰੂ ਜੀ ਗੋਡੇ ਭਾਰ ਪੈਂਦਾ ਖ਼ਾਨ ਉਤੇ ਝੁਕ ਗਏ। ਆਪ ਜ਼ਮੀਨ ਉਤੇ ਬੈਠ ਕੇ ਉਸਦੇ ਸਿਰ ਨੂੰ ਆਪਣੇ ਗੋਡਿਆਂ ਉਤੇ ਟਿਕਾ ਕੇ ਗੁਰੂ ਜੀ ਨੇ ਬੜੇ ਅਫ਼ਸੋਸ ਭਰੇ ਲਹਿਜੇ ਵਿੱਚ ਪੈਂਦਾ ਖ਼ਾਨ ਨੂੰ ਪੁਕਾਰਿਆ, 'ਹਾਂ, ਗੁਰੂਦੇਵ ! ਮੇਰੇ ਤੋਂ ਗਲਤੀ ਹੋਈ ਹੈ ਮੇਰੇ ਮਾਲਕ, ਮੈਨੂੰ ਮੁਆਫ਼ ਕਰ ਦੇਣਾ। ਆਪ ਦੇ ਪੱਟਾਂ ਉਤੇ ਸਿਰ ਰੱਖ ਕੇ ਮਰ ਰਿਹਾ ਹਾਂ, ਇਹੀ 'ਤਾਂ ਸੀ ਮੇਰਾ ਸਵਰਗ '। ਆਪਣੀ ਢਾਲ ਨਾਲ ਗੁਰੂ ਜੀ ਨੇ ਮਰਦੇ ਹੋਏ ਪੈਂਦਾ ਖ਼ਾਨ ਉਤੇ ਪੈਂਦੀ ਧੁੱਪ ਨੂੰ ਰੋਕਿਆ।

ਉਸਮਾਨ ਖ਼ਾਨ ਨੇ ਪੈਂਦਾ ਖ਼ਾਨ ਨੂੰ ਡਿੱਗਦਿਆਂ ਵੇਖ ਲਿਆ ਸੀ। ਮੁਗ਼ਲ ਫੌਜ ਦੇ ਕਦਮ ਉਖੜ ਚੁੱਕੇ ਸਨ, ਭਗਦੜ ਮੱਚ ਗਈ ਸੀ। ਸਭ ਤੋਂ ਤੇਜ਼ ਤਲਵਾਰ ਤਿਆਗ ਰਾਏ ਦੀ ਚੱਲ ਰਹੀ ਸੀ। ਉਸਦੀ ਟੁਕੜੀ ਨੇ ਗਿਣਤੀ ਵਿਚ ਸਭ ਤੋਂ ਵੱਧ ਦੁਸ਼ਮਣ ਕੱਟੇ ਸਨ ਅਤੇ ਮੁਗ਼ਲ ਫੌਜ ਨੂੰ ਚੀਰਦੀ ਹੋਈ ਦੂਰ ਅੰਦਰ ਤੱਕ ਵਧ ਗਈ ਸੀ। ਬਾਬਾ ਗੁਰਦਿੱਤਾ ਜੀ ਵੀ ਘਟ ਨਹੀਂ ਸਨ, ਉਹਨਾਂ ਦੀ ਟੁਕੜੀ ਮਾਰ ਕਾਟ ਕਰਦੀ ਹੋਈ ਦੌੜ ਰਹੀ ਮੁਗ਼ਲ ਫ਼ੌਜ ਦਾ ਪਿੱਛਾ ਕਰ ਰਹੀ ਸੀ। ਉਸਮਾਨ ਖ਼ਾਨ ਨੇ ਇਸ ਸਮੇਂ ਜਦੋਂ ਗੁਰੂ ਜੀ ਨੂੰ ਧਰਤੀ ਉੱਤੇ ਅਚੇਤ ਬੈਠੇ ਵੇਖਿਆ ਤਾਂ ਉਹਨਾਂ ਉੱਤੇ ਘਾਤਕ ਵਾਰ ਕਰਨ ਲਈ ਉਸ ਪਾਸੇ ਵੱਲ ਵਧਿਆ। ਬਾਬਾ

ਗੁਰਦਿੱਤਾ ਵੀ ਉਧਰ ਵੱਲ ਵਧ ਰਹੇ ਸਨ। ਉਹਨਾਂ ਨੇ ਉਸਮਾਨ ਦੀ ਨੀਯਤ ਨੂੰ ਪਛਾਣ ਲਿਆ ਅਤੇ ਉਥੋਂ ਹੀ ਨਿਸ਼ਾਨਾ ਜੰਮਾ ਕੇ ਤੀਰ ਛੱਡ ਦਿੱਤਾ। ਗੁਰੂ ਜੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਸਮਾਨ ਦੇ ਪ੍ਰਾਣ ਖੰਭ ਲਾ ਕੇ ਉੱਡ ਗਏ। ਸੈਨਾਪਤੀ ਕਾਲੇ ਖ਼ਾਨ ਪਹਿਲਾਂ ਹੀ ਮਰ ਚੁੱਕਾ ਸੀ। ਗੁਰੂ ਜੀ ਦੀ ਜਿੱਤ ਹੋਈ।

ਉਥੇ ਹੀ ਯੁੱਧ ਭੂਮੀ ਵਿਚ ਤਿਆਗ ਰਾਏ ਗੁਰੂ ਜੀ ਕੋਲ ਪਹੁੰਚੇ ਤਾਂ ਉਹਨਾਂ ਉੱਠ ਕੇ ਤਿਆਗ ਰਾਏ ਨੂੰ ਛਾਤੀ ਨਾਲ ਲਾ ਲਿਆ ਅਤੇ ਉਸਦੀ ਪਿੱਠ ਥਾਪੜ ਕੇ ਉਸਨੂੰ ਸ਼ਾਬਾਸ਼ ਦਿੱਤੀ। ਯੁੱਧ ਦੇ ਮੈਦਾਨ ਵਿੱਚ ਤਿਆਗ ਰਾਏ ਸਭ ਤੋਂ ਛੋਟੀ ਉਮਰ ਦੇ ਵੀਰ ਸਨ ਅਤੇ ਉਸ ਯੁੱਧ ਵਿੱਚ ਸਭ ਤੋਂ ਵੱਧ ਮਾਰ ਕਾਟ ਵੀ ਉਹਨਾਂ ਹੀ ਕੀਤੀ ਸੀ। ਗੁਰੂ ਹਰਿਗੋਬਿੰਦ ਜੀ ਹੱਸ ਕੇ ਬੋਲੇ, 'ਕੀ ਤੁਸੀਂ ਤਿਆਗ ਰਾਏ ਹੋ ? ਨਹੀਂ ਤਿਆਗ ਰਾਏ ਤੁਹਾਡਾ ਉਚਿਤ ਨਾਂ ਨਹੀਂ। ਅੱਜ ਤੋਂ ਤਿਆਗ ਤੁਸੀਂ ਮੇਰੇ ਤੇਗ਼ ਬਹਾਦਰ ਹੋ। ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੂੰ ਦੁਬਾਰਾ ਪਿਆਰ ਤੇ ਸਨਮਾਨ ਦਿੱਤਾ।

'ਤਾਂ ਸ਼ਹੀਦ ਗੁਰੂ ਤੇਗ਼ ਦੇ ਵੀ ਧਨੀ ਸਨ ! ਪੀਰ ਕਰੀਮ ਬਖ਼ਸ਼ ਜਿਵੇਂ ਸੁਪਨਾ ਵੇਖਦਿਆਂ ਚੇਤਨਾ ਵਿੱਚ ਆ ਕੇ ਬੋਲੇ, 'ਤਿਆਗ ਰਾਏ ਅਤੇ ਤੇਗ਼ ਬਹਾਦਰ-ਦੋਵੇਂ ਅਰਥ ਭਰਪੂਰ ! ਕਾਸ਼ ਮੈਨੂੰ ਵੀ ਉਹਨਾਂ ਦੇ ਦਰਸ਼ਨਾਂ ਦਾ ਮੌਕਾ ਮਿਲਦਾ।'

'ਮੈ ਤਾਂ, ਪੀਰ ਸਾਹਿਬ, ਉਹਨਾਂ ਨੂੰ ਵੇਖਿਆ ਹੈ, ਰਹਿਮਾਨ ਨੇ ਕਿਹਾ, 'ਉਸ ਦਿਨ ਕੋਤਵਾਲੀ ਦੇ ਆਂਗਣ ਵਿੱਚ ਜਦੋਂ ਬਾਦਸ਼ਾਹ ਦੀ ਬੇਇਨਸਾਫ਼ੀ ਨੰਗਾ ਨਾਚ ਕਰ ਰਹੀ ਸੀ, ਤਾਂ ਉਹਨਾਂ ਨੂੰ ਸਮਾਧੀ ਲਾ ਕੇ ਲੀਨ ਹੋਏ ਵੇਖਿਆ ਸੀ। ਨੂਰ ਵਸਦਾ ਸੀ ਉਹਨਾਂ ਦੇ ਚਿਹਰੇ ਉਤੇ, ਲੰਬੀਆਂ ਬਾਹਾਂ ਤੇ ਚੌੜੀ ਛਾਤੀ ਉਹਨਾਂ ਦੇ ਤੇਗ ਬਹਾਦਰ ਹੋਣ ਦੀ ਸਾਖੀ ਭਰ ਰਹੀਆਂ ਸਨ। ਜਿਸ ਸਬਰ ਤੇ ਸ਼ਾਂਤੀ ਨਾਲ ਉਹ ਮੌਤ ਦਾ ਰਸਤਾ ਵੇਖ ਰਹੇ ਸਨ, ਉਸ ਤੋਂ ਸਪਸ਼ਟ ਹੀ ਸੀ ਕਿ ਮੌਤ ਉਤੇ ਤਾਂ ਉਹਨਾਂ ਪਹਿਲਾਂ ਹੀ ਜਿੱਤ ਪ੍ਰਾਪਤ ਕੀਤੀ ਹੋਈ ਹੈ। ਉਹ ਤਾਂ ਸਿਰਫ਼ ਪਰਮਾਤਮਾ ਨਾਲ ਮੇਲ ਦੀ ਉਡੀਕ ਵਿੱਚ ਸਨ।

'ਤਿਆਗ ਰਾਏ, ਉਹਨਾਂ ਤੋਂ ਵੱਡਾ ਤਿਆਗ ਰਾਏ ਹੋਰ ਕੌਣ ਹੋਵੇਗਾ ? ' ਸਰੋਤਿਆਂ ਵਿੱਚੋਂ ਛੋਟੀ ਕੱਟੀ ਹੋਈ ਦਾਹੜੀ ਵਾਲੇ ਇੱਕ ਮੁਰੀਦ ਨੇ ਆਖਿਆ, 'ਸਭ ਕੁਝ ਤਾਂ ਉਹਨਾਂ ਤਿਆਗ ਦਿੱਤਾ। ਜਿਸ ਨੇ ਇਸ਼ਟ ਤੇ ਧਰਮ ਲਈ ਦੁਨੀਆ ਦੇ ਸਾਰੇ ਸਬੰਧ ਤੋੜ ਕੇ ਆਪਣੇ-ਆਪ ਦਾ ਵੀ ਤਿਆਗ ਕਰ ਦਿੱਤਾ, ਉਹ ਤਾਂ ਸਚਮੁੱਚ ਤਿਆਗੀਆਂ ਦਾ ਰਾਏ ਭਾਵ ਬਾਦਸ਼ਾਹ ਹੈ।'

ਭਾਈ ਗੁਰਦਿੱਤਾ ਜੀ ਨੇ ਸ਼ਾਂਤ ਰਹਿ ਕੇ ਸਰੋਤਿਆਂ ਦੀਆਂ ਟਿੱਪਣੀਆਂ ਸੁਣੀਆਂ ਅਤੇ ਉਚਿਤ ਮਾਣ ਕਰਦੇ ਹੋਏ ਬੋਲੇ, 'ਤਿਆਗ ਤੇ ਸੂਰਬੀਰਤਾ ਦੇ ਨਾਲ ਨਾਲ ਮੇਰੇ ਮਾਲਕ ਵਿੱਚ

ਪ੍ਰੇਮ ਤੇ ਉਦਾਰਤਾ ਵੀ ਉਨੀ ਹੀ ਹੈ ਕਿ ਉਹਨਾਂ ਦੀ ਰੂਹਾਨੀ ਪੂੰਜੀ ਇਹਨਾਂ ਗੁਣਾਂ ਤੋਂ ਡਲ੍ਹਕ ਡਲ੍ਹਕ ਪੈਂਦੀ ਸੀ।'

'ਭਰਾਵਾ' ਰਹਿਮ ਤੇ ਤਰਸ ਭਰੀ ਇੱਕ ਨਜ਼ਰ ਪੀਰ ਕਰੀਮ ਬਖ਼ਸ਼ ਨੇ ਭਾਈ ਗੁਰਦਿੱਤਾ ਜੀ ਉਤੇ ਪਾਂਦਿਆ ਕਿਹਾ, 'ਤੁਸੀਂ ਸਾਰੇ ਥੱਕ ਗਏ ਹੋ, ਸ਼ਾਮ ਤੱਕ ਆਰਾਮ ਕਰੋ। ਸਾਨੂੰ ਤਾਂ ਸ਼ਹੀਦ ਗੁਰੂ ਦੀ ਜ਼ਿੰਦਗੀ ਦੀ ਕਥਾ ਸੁਣ ਕੇ ਹੈਰਾਨੀ ਹੋ ਰਹੀ ਹੈ। ਖਾਣ ਪੀਣ ਦੀ ਵੀ ਸੁੱਧ ਨਹੀਂ। ਇੰਜ ਕਹਿੰਦਿਆਂ ਪੀਰ ਸਾਹਿਬ ਬੈਠਕ ਵਿਚੋਂ ਉੱਠੇ ਅਤੇ ਉਹਨਾਂ ਨਾਲ ਹੀ ਸਾਰੇ ਮੁਰੀਦ ਵੀ ਉੱਠ ਗਏ। ਰਹਿਮਾਨ ਸਹਾਰਾ ਦੇ ਕੇ ਭਾਈ ਗੁਰਦਿੱਤਾ ਜੀ ਨੂੰ ਬੋਹੜ ਦੀ ਛਾਂ ਹੇਠਾਂ ਲੈ ਗਿਆ, ਜਿਥੇ ਘਾਹ ਫੂਸ ਵਿਛਾ ਕੇ ਉਹਨਾਂ ਦੇ ਸੌਣ ਲਈ ਪ੍ਰਬੰਧ ਕੀਤਾ ਸੀ।

ਸ਼ਾਮ ਦੀ ਬੈਠਕ ਵਿੱਚ ਭਾਈ ਗੁਰਦਿੱਤਾ ਜੀ ਨੇ ਕਥਾ ਦਾ ਸਿਲਸਿਲਾ ਫਿਰ ਸ਼ੁਰੂ ਕੀਤਾ। 'ਗੁਰੂ ਹਰਗੋਬਿੰਦ ਜੀ ਛੇਵੇਂ ਗੁਰੂ ਸਨ ਅਤੇ ਗੁਰੂ ਤੇਗ ਬਹਾਦਰ ਜੀ ਨੌਂਵੇਂ। ਪਿਤਾ ਦੀ ਗੱਦੀ ਸਿੱਧੇ ਸਪੁੱਤਰ ਨੂੰ ਨਹੀਂ ਸੀ ਮਿਲੀ। ਗੁਰੂ ਹਰਿਗੋਬਿੰਦ ਜੀ ਜੋਤੀ ਜੋਤ ਸਮਾਉਣ ਵਾਲੇ ਸਨ ਤਾਂ ਉਹਨਾਂ ਬਾਬਾ ਤੇਗ ਬਹਾਦਰ ਜੀ ਅਤੇ ਮਾਤਾ ਨਾਨਕੀ ਨੂੰ ਕੋਲ ਬੁਲਾ ਕੇ ਆਦੇਸ਼ ਦਿੱਤਾ ਕਿ ਉਹ ਆਪਣੇ ਨਾਨਕੇ ਬਾਬਾ ਬਕਾਲਾ ਚਲੇ ਜਾਣ। ਜਦੋਂ ਮਾਤਾ ਨਾਨਕੀ ਨੇ ਆਪਣੇ ਸਪੁੱਤਰ ਦੇ ਭਵਿੱਖ ਬਾਰੇ ਚਿੰਤਾ ਪ੍ਰਗਟ ਕੀਤੀ ਤਾਂ ਗੁਰੂ ਜੀ ਬੋਲੇ, 'ਭਵਿੱਖ ਤੇਗ ਬਹਾਦਰ ਦਾ ਹੀ ਹੈ, ਫ਼ਿਕਰ ਨਾ ਕਰੋ, ਪ੍ਰਮਾਤਮਾ ਕਿਰਪਾ ਕਰੇਗਾ। 'ਇੰਨਾ ਕਹਿ ਕੇ ਉਹਨਾਂ ਇੱਕ ਨਾਰੀਅਲ ਮੰਗਵਾਇਆ ਅਤੇ ਪੰਜ ਪੈਸੇ ਤੇ ਨਾਰੀਅਲ ਬਾਬਾ ਹਰਿਰਾਇ ਅੱਗੇ ਰੱਖ ਕੇ ਆਪ ਪ੍ਰਣਾਮ ਕੀਤਾ। ਗੁਰੂ ਪਦ ਦੇ ਬਾਕੀ ਚਿੰਨ੍ਹ ਵੀ ਬਾਬਾ ਹਰਿਰਾਇ ਨੂੰ ਸੌਂਪ ਦਿੱਤੇ ਅਤੇ ਉਹਨਾਂ ਨੂੰ ਗੁਰੂ ਨਾਨਕ ਦੀ ਗੁਰਗੱਦੀ ਉਤੇ ਸੱਤਵਾਂ ਗੁਰੂ ਸਥਾਪਤ ਕਰਕੇ, ਆਪ ਗੁਰੂ ਹਰਿਗੋਬਿੰਦ ਜੀ ਨਿਰਵਾਣ ਸਮਾਧੀ ਲਾ ਕੇ ਲੀਨ ਹੋ ਗਏ। ਕੁਝ ਹੀ ਪਲਾਂ ਪਿੱਛੋਂ ਉਹਨਾਂ ਦੇ ਭੌਤਿਕ ਸਰੀਰ ਵਿਚੋਂ ਪ੍ਰਾਣ ਨਿਕਲ ਗਏ। ਬਾਬਾ ਹਰਿਰਾਏ ਜੀ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਸਪੁੱਤਰ ਭਾਈ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸਨ।

ਗੁਰੂ ਹਰਿਗੋਬਿੰਦ ਜੀ ਨੇ ਅੰਤਮ ਆਦੇਸ਼ ਦੇ ਤੌਰ ਤੇ ਕੁਝ ਗੱਲਾਂ ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਨੂੰ ਆਖੀਆਂ ਸਨ। ਉਹਨਾਂ ਨੂੰ ਬਾਈ ਸੌ ਘੋੜ-ਸਵਾਰਾਂ ਦੀ ਫੌਜ ਹਰ ਵਕਤ ਤਿਆਰ ਰੱਖਣ ਵਾਸਤੇ ਕਿਹਾ ਸੀ। ਜਿਥੋਂ ਤੱਕ ਸੰਭਵ ਹੋ ਸਕੇ, ਮੁਗ਼ਲਾਂ ਨਾਲ ਯੁੱਧ ਟਾਲਣ ਅਤੇ ਸਿੱਖ-ਮੱਤ ਦਾ ਭਰਪੂਰ ਪ੍ਰਚਾਰ ਕਰਨ ਵਾਸਤੇ ਵੀ ਆਦੇਸ਼ ਦਿੱਤਾ ਸੀ। ਇਹਨਾਂ ਤਿੰਨਾਂ ਗੱਲਾਂ ਉਤੇ ਉਹਨਾਂ ਆਪਣੀ 17 ਸਾਲ ਦੀ ਗੁਰਿਆਈ ਦੌਰਾਨ ਚੰਗੀ ਤਰ੍ਹਾਂ ਪਹਿਰਾ ਦਿੱਤਾ ਸੀ। ਜਦੋਂ ਤੱਕ ਸ਼ਾਹ ਜਹਾਨ ਜ਼ਿੰਦਾ ਰਿਹਾ, ਉਹਨਾਂ ਦਾ ਮੁਗ਼ਲਾਂ ਨਾਲ ਕੋਈ ਝਗੜਾ ਨਹੀਂ ਹੋਇਆ। ਉੱਤਰ-ਅਧਿਕਾਰ ਲਈ ਯੁੱਧ ਵਕਤ ਔਰੰਗਜ਼ੇਬ ਦੇ ਡਰ ਕਾਰਨ ਦਾਰਾ

ਸਿਕੋਹ ਆਗਰਾ ਤੋਂ ਭੱਜਿਆ, ਔਰੰਗਜ਼ੇਬ ਦੀ ਫ਼ੌਜ ਉਸਦਾ ਪਿੱਛਾ ਕਰ ਰਹੀ ਸੀ। ਉਹਨੀਂ ਦਿਨੀਂ ਭੱਜਦਾ ਹੋਇਆ ਦਾਰਾ ਸ਼ਿਕੋਹ ਜਦੋਂ ਪੰਜਾਬ ਵਿੱਚੋਂ ਲੰਘਿਆ, ਤਾਂ ਉਸ ਪੁਰਾਣੀ ਮਿੱਤਰਤਾ ਦੇ ਆਧਾਰ ਉਤੇ ਗੁਰੂ ਜੀ ਦੀ ਸ਼ਰਨ ਵਿੱਚ ਆ ਕੇ ਸਹਾਇਤਾ ਲਈ ਬੇਨਤੀ ਕੀਤੀ। ਦਿਆਲੂ ਤੇ ਤਰਸਵਾਨ ਗੁਰੂ ਜੀ ਨੇ ਉਸਨੂੰ ਬਚ  ਕੇ ਦੌੜ ਜਾਣ ਵਿੱਚ ਮਦਦ ਕੀਤੀ।

'ਸੱਤਵੇਂ ਗੁਰੂ ਜੀ ਨੂੰ ਤਾਂ ਉਹਨਾਂ ਦੇ ਦਾਦੇ ਨੇ ਮੁਗ਼ਲਾਂ ਨਾਲ ਯੁੱਧ ਨਾ ਕਰਨ ਦੀ ਸਲਾਹ ਦਿੱਤੀ ਸੀ। 'ਰਹਿਮਾਨ ਵਿੱਚੋਂ ਹੀ ਬੋਲ ਉੱਠਿਆ ਸੀ।

'ਹਾਂ, ਤਾਂ ਹੀ ਯੁੱਧ ਟਾਲਣਾ ਚਾਹੁੰਦੇ ਸੀ ਪਰ ਸ਼ਰਨ ਆਏ ਦੀ ਸਹਾਇਤਾ ਨਾ ਕਰਨਾ ਵੀ ਤਾਂ ਗੁਰੂ ਜੀ ਦੀ ਸ਼ਾਨ ਵਿਰੁੱਧ ਗੱਲ ਸੀ। ਉਹਨਾਂ ਔਰੰਗਜ਼ੇਬ ਨਾਲ ਲੜਾਈ ਨਹੀਂ ਕੀਤੀ, ਸਿਰਫ਼ ਆਪਣੀ ਘੋੜ ਸਵਾਰ ਸੈਨਾ ਨੂੰ ਦਰਿਆ ਦੇ ਕੰਢੇ ਉਤੇ ਪਿਛਾ ਕਰ ਰਹੀ ਫੌਜ ਨੂੰ ਥੋੜ੍ਹੀ ਦੇਰ ਰੋਕੀ ਰੱਖਣ ਲਈ ਹੁਕਮ ਦਿੱਤਾ ਸੀ। ਦਾਰਾ ਨੂੰ ਦੂਰ ਨਿਕਲ ਜਾਣ ਦਾ ਮੌਕਾ ਹੀ ਦਿੱਤਾ ਕੁਝ ਦੇਰ ਪਿੱਛੋਂ ਫ਼ੌਜ ਰਸਤੇ ਵਿਚੋਂ ਹਟ ਗਈ, ਲੜੀ ਨਹੀਂ, ਭਾਈ ਗੁਰਦਿੱਤਾ ਜੀ ਨੇ ਸਪਸ਼ਟ ਕੀਤਾ ਅਤੇ ਫਿਰ ਗੁਰੂ ਹਰਿਰਾਇ ਜੀ ਸੁਭਾਅ ਕਰਕੇ ਸ਼ਾਂਤੀ ਚਾਹੁਣ ਵਾਲੇ ਅਤੇ ਪੱਕੇ ਇਰਾਦੇ ਵਾਲੇ ਮਨੁੱਖ ਸਨ। ਉਹਨਾਂ ਦੇ ਵਕਤ ਸ਼ਾਂਤੀ ਕਾਇਮ ਰਹਿਣ ਕਰਕੇ ਸਿੱਖ ਧਰਮ ਖੂਬ ਵਧਿਆ ਫੁੱਲਿਆ। ਮੈਨੂੰ ਉਹਨਾਂ ਕਰਕੇ ਹੀ ਗੁਰੂ ਘਰ ਦੀ ਸੇਵਾ ਦਾ ਮੌਕਾ ਮਿਲਿਆ ਸੀ।

'ਜਦੋਂ ਔਰੰਗਜ਼ੇਬ ਦੇ ਹਕੂਮਤ ਹਾਸਲ ਕਰਨ ਲਈ ਸਾਰੇ ਕੰਡੇ ਕੱਢ ਦਿੱਤੇ ਤਾਂ ਆਪਣੀ ਮਜ਼ਹਬੀ ਨੀਤੀ ਕਰਕੇ ਸ਼ਾਂਤ ਸੰਪਰਦਾਵਾਂ ਨਾਲ ਛੇੜਖ਼ਾਨੀ ਕਰਨ ਲੱਗ ਪਿਆ। ਉਸ ਵਕਤ ਉਸਨੂੰ ਗੁਰੂ ਜੀ ਦਾ ਖਿਆਲ ਆਇਆ। ਔਰੰਗਜ਼ੇਬ ਗੁਰੂ ਜੀ ਵਲੋਂ ਦਾਰਾ ਨੂੰ ਦਿੱਤੀ ਗਈ ਮਾਮੂਲੀ ਜਿਹੀ ਮਦਦ ਨੂੰ ਵੀ ਭੁਲਾ ਨਹੀਂ ਸੀ ਸਕਿਆ। ਉਸ ਗੁਰੂ ਹਰਿਰਾਏ ਜੀ ਨੂੰ ਆਪਣੇ ਦਰਬਾਰ ਵਿੱਚ ਹਾਜ਼ਰ ਹੋਣ ਲਈ ਫ਼ੁਰਮਾਨ ਭਿਜਵਾ ਦਿੱਤਾ। ਗੁਰੂ ਜੀ ਉਸ ਦੀ ਮਾੜੀ ਚਾਲ ਨੂੰ ਸਮਝ ਗਏ, ਇਸ ਲਈ ਉਹਨਾਂ ਆਪ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਆਪਣਾ ਪ੍ਰਤੀਨਿਧ ਥਾਪ ਕੇ ਭੇਜ ਦਿੱਤਾ। ਔਰੰਗਜ਼ੇਬ ਪੱਕਾ ਸੁੰਨੀ ਮੁਸਲਮਾਨ ਸੀ, ਉਹ ਵੇਖਣਾ ਚਾਹੁੰਦਾ ਸੀ ਕਿ ਸਿੱਖਾਂ ਦਾ ਧਰਮ ਮੁਸਲਮਾਨਾਂ ਦੇ ਵਿਰੁੱਧ ਤਾਂ ਨਹੀਂ ਸੀ। ਉਹ ਆਪ ਰਾਮ ਰਾਏ ਨੂੰ ਅਨੇਕਾਂ ਪ੍ਰਸ਼ਨ ਪੁੱਛੇ। ਸੱਚੇ ਸੁੱਚੇ ਵਿਚਾਰਾਂ ਨਾਲ ਭਰਪੂਰ ਰਾਮ ਰਾਏ ਨੇ ਔਰੰਗਜ਼ੇਬ ਦੇ ਸੁਆਲਾਂ ਦਾ ਜਵਾਬ ਬਿਲਕੁਲ ਠੀਕ ਅਤੇ ਬੜੀ ਸਿਆਣਪ ਨਾਲ ਦਿੱਤਾ। ਰਾਮ ਰਾਏ ਨੇ ਸਿੱਧ ਕਰ ਦਿੱਤਾ ਕਿ ਸਿੱਖ ਧਰਮ ਸੰਤ-ਮਾਰਗ ਹੈ, ਕਿਸੇ ਹੋਰ ਧਰਮ ਜਾਂ ਫ਼ਿਰਕੇ ਦੇ ਵਿਰੁੱਧ ਨਹੀਂ ਪਰ ਆਖਰ ਵਿੱਚ ਔਰੰਗਜ਼ੇਬ ਦੇ ਇੱਕ ਪ੍ਰਸ਼ਨ ਸਾਹਮਣੇ ਉਹ ਵੀ ਨਾ ਟਿਕ ਸਕਿਆ ਅਤੇ ਆਪਣੀ ਇੱਕ ਕਦੇ ਨਾ ਬਖ਼ਸ਼ੀ ਜਾਣ ਵਾਲੀ ਗ਼ਲਤੀ ਕਰਕੇ ਉਹ ਗੁਰੂ ਜੀ ਦੀਆਂ ਨਜ਼ਰਾਂ ਵਿੱਚ ਅਜਿਹਾ ਅਪਰਾਧੀ ਬਣਿਆ ਕਿ ਜ਼ਿੰਦਗੀ ਭਰ ਸ਼ਾਂਤ ਨਹੀਂ ਰਹਿ ਸਕਿਆ।

'ਅਜਿਹੀ ਭੁੱਲ ਕਰ ਬੈਠਾ ਵਿਚਾਰਾ ਲੜਕਾ ? ਕੀ ਗੁਰੂ ਜੀ ਨੇ ਉਸਨੂੰ ਫਿਰ ਕਦੀ ਮੁਆਫ਼ ਨਹੀਂ ਕੀਤਾ ?' ਵਧੇਰੇ ਜਾਣਕਾਰੀ ਹਾਸਲ ਕਰਨ ਵਾਸਤੇ ਇੱਕ ਸਰੋਤੇ ਨੇ ਪੁੱਛਿਆ।

'ਹਾਂ, ਅਜਿਹੀ ਹੀ ਗ਼ਲਤੀ ਸੀ ਉਹ। ਗੁਰੂ ਅਰਜਨ ਦੇਵ ਜੀ, ਪੰਜਵੇਂ ਪਾਤਸ਼ਾਹ ਨੇ ਪੋਥੀ ਸਾਹਿਬ ਦੀ ਸੰਪਾਦਨਾ ਕੀਤੀ ਸੀ। ਉਸ ਪੋਥੀ ਸਾਹਿਬ ਦੀ ਬਾਣੀ ਸਿੱਖਾਂ ਵਿੱਚ ਇੰਨੀ ਪਵਿੱਤਰ ਮੰਨੀ ਜਾਂਦੀ ਹੈ ਕਿ ਅਸੀਂ ਉਸਨੂੰ ਗੁਰੂ ਦਾ ਪ੍ਰਗਟ ਰੂਪ ਮੰਨਦੇ ਹਾਂ। ਗੱਲ ਗੁਰਬਾਣੀ ਉਤੇ ਆ ਗਈ, 'ਭਾਈ ਗੁਰਦਿੱਤਾ ਜੀ ਕਹਿਣ ਲੱਗੇ, ਔਰੰਗਜ਼ੇਬ ਨੇ ਰਾਮ ਰਾਏ ਨੂੰ ਪੁੱਛਿਆ ਕਿ ਜੇ ਤੁਹਾਡੀ ਮਜਹਬ ਵਿਰੋਧੀ ਨਹੀਂ ਹੈ ਤਾਂ ਪੋਥੀ ਸਾਹਿਬ ਵਿਚ ਮੁਸਲਮਾਨਾਂ ਨੂੰ ਬੁਰਾ ਭਲਾ ਕਿਉਂ ਕਿਹਾ ਗਿਆ ਹੈ ?'

'ਇੰਜ ਕਿਧਰੇ ਵੀ ਨਹੀਂ, ਰਾਮ ਰਾਏ ਨੇ ਦ੍ਰਿੜ੍ਹਤਾ ਨਾਲ ਆਖਿਆ।

'ਹੈ ਕਿਉਂ ਨਹੀਂ! ਕੀ ਆਸਾ ਦੀ ਵਾਰ ਵਿਚ ਲਿਖਿਆ ਨਹੀਂ ? '

*ਮਿਟੀ ਮੁਸਲਮਾਨ ਦੀ ਪੇੜੈ ਪਈ ਕੁਮਿਆਰ ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥*

'ਰਾਮ ਰਾਏ ਵਿਹੜਾ ਹੁਣ ਤੱਕ ਦੀ ਬਾਦਸ਼ਾਹ ਨਾਲ ਹੋਈ ਗੱਲਬਾਤ ਵਿੱਚ ਉਸ ਦੀ ਕਿਰਪਾ ਦਾ ਪਾਤਰ ਬਣ ਗਿਆ ਸੀ, ਇਸ ਅਚਾਨਕ ਦੀ ਨਿਕਲੀ ਗੱਲ ਨਾਲ ਬਾਦਸ਼ਾਹ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ। ਵਕਤ ਟਾਲਣ ਵਾਸਤੇ ਉਸ ਗੁਰਬਾਣੀ ਵਿੱਚ ਆਏ ਸ਼ਬਦ ਮੁਸਲਮਾਨ ਨੂੰ ਹੀ ਗ਼ਲਤ ਠਹਿਰਾ ਦਿੱਤਾ।

"ਨਹੀਂ, ਬਾਦਸ਼ਾਹ ਸ਼ਾਇਦ ਉਹ ਗ਼ਲਤ ਲਿਖ ਗਿਆ ਹੈ, ਅਸਲੀ ਸ਼ਬਦ 'ਮੁਸਲਮਾਨ' ਨਹੀਂ, 'ਬੇਈਮਾਨ' ਹੈ, ਰਾਮ ਰਾਏ ਨੇ ਸਥਿਤੀ ਸੰਭਾਲਣ ਦੀ ਇੱਛਾ ਨਾਲ ਕਹਿ ਦਿੱਤਾ।

'ਔਰੰਗਜ਼ੇਬ ਤਾਂ ਸੰਤੁਸ਼ਟ ਹੋ ਗਿਆ ਪਰ ਇਸ ਗੱਲ ਦੀ ਸੂਚਨਾ ਮਿਲਣ ਉਤੇ ਗੁਰੂ ਹਰਿਰਾਇ ਜੀ ਸਖ਼ਤ ਨਾਰਾਜ਼ ਹੋ ਗਏ। ਰਾਮ ਰਾਏ ਡਰ ਕੇ ਗੁਰਬਾਣੀ ਨੂੰ ਗ਼ਲਤ ਕਹਿ ਦੇਵੇ, ਇਹ ਗੁਰੂ ਜੀ ਤੋਂ ਬਰਦਾਸ਼ਤ ਨਾ ਹੋ ਸਕਿਆ। ਉਹਨਾਂ ਉਸੇ ਵਕਤ ਰਾਮ ਰਾਏ ਨੂੰ ਗੁਦਗੱਦੀ ਦੇ ਅਧਿਕਾਰਾਂ ਦੇ ਅਯੋਗ ਕਰਾਰ ਦੇ ਦਿੱਤਾ। ਉਹਨਾਂ ਦੀ ਨਜ਼ਰ ਵਿਚ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਇੱਕ ਅੱਖਰ ਦਾ ਵੀ ਫੇਰ ਬਦਲ ਨਾ ਕੇਵਲ ਗ਼ੈਰ-ਮੁਆਫ਼ੀਯੋਗ ਹੈ, ਸਗੋਂ ਇੱਕ ਘ੍ਰਿਣਾ-ਪੂਰਵ ਅਪਰਾਧ ਵੀ ਹੈ। ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਬਾਬਾ ਹਰਿਕ੍ਰਿਸ਼ਨ ਜੀ ਜੋ ਕਿ ਉਸ ਵਕਤ ਕੇਵਲ ਪੰਜ ਸਾਲਾਂ ਦੇ ਸੀ, ਨੂੰ ਗੁਰਗੱਦੀ ਦਾ ਮਾਲਕ ਕਰਾਰ ਦੇ ਦਿੱਤਾ। ਰਾਮ ਰਾਏ ਨੇ ਪਿਤਾ ਤੋਂ ਮੁਆਫ਼ੀ ਮੰਗਣ ਦੀ ਬਹੁਤ ਕੋਸ਼ਿਸ਼ ਕੀਤੀ, ਪਰੰਤੂ ਸਭ ਵਿਅਰਥ।

'ਮੈਂ ਗੁਰੂ ਹਰਿਰਾਇ ਜੀ ਦੇ ਸਰੀਰ ਤਿਆਗਣ ਤੋਂ ਪਿਛੋਂ ਆਪਣੇ ਹੱਥੀਂ ਬਾਬਾ ਹਰਿਕ੍ਰਿਸ਼ਨ ਜੀ ਦਾ ਤਿਲਕ ਕੀਤਾ ਸੀ। ਹੈ ਤਾਂ ਉਦੋਂ ਉਹ ਬਾਲਕ ਹੀ ਸੀ, ਪੰਜ ਸਾਲਾਂ ਦੀ ਉਮਰ ਤਾਂ ਦੁਨੀਆ ਵਿੱਚ ਅਬੋਧ ਹੀ ਮੰਨੀ ਜਾਂਦੀ ਹੈ ਪਰ ਉਸ ਛੋਟੀ ਜਿਹੀ ਉਮਰ ਵਿਚ ਹੀ ਉਹਨਾਂ ਨੇ ਉਹ ਅਧਿਆਤਮਕ ਮੱਲਾਂ ਮਾਰ ਲਈਆਂ ਸਨ, ਜਿਹੜੀਆਂ ਕਈ ਵਾਰ ਪੰਜਾਹ ਪੰਜਾਹ ਸਾਲਾਂ ਦੀ ਤਪੱਸਿਆ ਕਰਨ ਤੇ ਵੀ ਪ੍ਰਾਪਤ ਨਹੀਂ ਹੁੰਦੀਆਂ ਉਹਨਾਂ ਦੇ ਗੁਰਗੱਦੀ ਸੰਭਾਲਣ ਉਤੇ ਵੱਡੇ ਭਰਾ ਰਾਮ ਰਾਏ ਨੇ ਬੜਾ ਰੌਲ਼ਾ ਗੌਲ਼ਾ ਕੀਤਾ। ਔਰੰਗਜ਼ੇਬ ਦੀ ਅਦਾਲਤ ਵਿੱਚ ਵੀ ਉਸ ਸਹਾਇਤਾ ਲਈ ਅਰਜ਼ ਕੀਤੀ ਸੀ। ਉਸ ਔਰੰਗਜ਼ੇਬ ਦਾ ਨਿਕਟੀ ਹੋਣ ਦਾ ਵੀ ਦਾਅਵਾ ਕੀਤਾ, ਪਰ ਸਾਰੇ ਹੀਲੇ ਵਿਅਰਥ ਰਹੇ। ਉਸ ਦੀਆਂ ਆਏ ਦਿਨ ਦੀਆਂ ਅਰਜ਼ੀਆਂ ਤੋਂ ਤੰਗ ਆ ਕੇ ਔਰੰਗਜ਼ੇਬ ਨੇ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ, ਜਿਹੜੇ ਉਸ ਵਕਤ ਸਿਰਫ਼ ਅੱਠ ਵਰਸ਼ ਦੇ ਸਨ, ਨੂੰ ਦਿੱਲੀ ਬੁਲਾਇਆ। ਔਰੰਗਜ਼ੇਬ ਸੱਚ ਤੇ ਝੂਠ ਦਾ ਨਿਸਤਾਰਾ ਕਰਨਾ ਚਾਹੁੰਦਾ ਸੀ।

'ਜਦੋਂ ਗੁਰੂ ਜੀ ਦਿੱਲੀ ਪਹੁੰਚੇ ਤਾਂ ਮਿਰਜ਼ਾ ਰਾਜਾ ਜੈ ਸਿੰਘ ਅਤੇ ਰਾਜਾ ਮਾਨ ਸਿੰਘ ਕੋਲ ਉਹਨਾਂ ਨੂੰ ਠਹਿਰਾਇਆ ਗਿਆ। ਉਹ ਬੜੀ ਤਿੱਖੀ ਸੂਝ ਬੂਝ ਵਾਲੇ ਸਨ ਅਤੇ ਉਹਨਾਂ ਨੂੰ ਗੁਰੂ-ਘਰ ਵਿੱਚ ਵਿਸ਼ਵਾਸ ਵੀ ਸੀ। ਇਸ ਲਈ, ਉਹਨਾਂ ਗੁਰੂ ਜੀ ਨੂੰ ਔਰੰਗਜ਼ੇਬ ਸਾਹਮਣੇ ਜਾਣ ਹੀ ਨਹੀਂ ਦਿੱਤਾ ਆਪਣੇ ਘਰ ਹੀ ਖ਼ੂਬ ਆਦਰ ਮਾਣ ਕੀਤਾ। ਬਾਦਸ਼ਾਹ ਦੇ ਕਹਿਣੇ ਉਤੇ ਉਸ ਗੁਰੂ ਜੀ ਦੀ ਪਰੀਖਿਆ ਵੀ ਲਈ। ਦਿੱਲੀ ਦੇ ਲੋਕ ਉਹਨਾਂ ਦਿਨਾਂ ਵਿੱਚ ਗੁਰੂ ਹਰਿਕ੍ਰਿਸ਼ਨ ਜੀ ਨੂੰ 'ਬਾਲਾ ਗੁਰੂ' ਕਹਿ ਕੇ ਪੁਕਾਰਦੇ ਸਨ। ਪਰੀਖਿਆ ਵਾਸਤੇ ਰਾਜਾ ਨੇ ਆਪਣੀ ਮਹਾਰਾਣੀ ਨੂੰ ਨੌਕਰਾਂ ਵਾਲੇ ਕੱਪੜੇ ਪੁਆ ਕੇ ਨੌਕਰਾਣੀਆਂ ਦੀ ਭੀੜ ਵਿੱਚ ਬਿਠਾ ਦਿੱਤਾ। ਬਾਲਾ ਗੁਰੂ ਨੂੰ ਮਹਾਰਾਣੀ ਨੂੰ ਲੱਭਣ ਵਾਸਤੇ ਕਿਹਾ ਗਿਆ। ਅਸੀਂ ਲੋਕ, ਜਿਹੜੇ ਸਿੱਖ ਗੁਰੂ ਜੀ ਨਾਲ ਦਿੱਲੀ ਆਏ ਸੀ, ਇਸ ਤਰ੍ਹਾਂ ਦੀ ਪਰੀਖਿਆ ਲੈਣ ਉਤੇ ਬੜੇ ਤਿਲਮਲਾਏ। ਸਾਨੂੰ ਇਸ ਗੱਲ ਵਿੱਚ ਅਪਮਾਨ ਜਿਹਾ ਮਹਿਸੂਸ ਹੋਇਆ ਪਰ ਗੁਰੂ ਜੀ ਨੇ ਸਾਨੂੰ ਸ਼ਾਂਤ ਰਹਿਣ ਵਾਸਤੇ ਇਸ਼ਾਰਾ ਕੀਤਾ ਅਤੇ ਆਪ ਵੱਡੀ ਗਿਣਤੀ ਵਿੱਚ ਇਸਤਰੀਆਂ ਵਿੱਚ ਘਿਰੀ ਹੋਈ ਨੌਕਰਾਣੀ ਦੀ ਪੁਸ਼ਾਕ ਵਿੱਚ ਬੈਠੀ ਮਹਾਰਾਣੀ ਦੀ ਗੋਦ ਵਿੱਚ ਜਾ ਬੈਠੇ। ਸਾਰੇ ਹੈਰਾਨ ਰਹਿ ਗਏ।

'ਔਰੰਗਜ਼ੇਬ ਵੀ ਇਹ ਜਾਣ ਕੇ ਸੰਤੁਸ਼ਟ ਹੋ ਗਿਆ ਕਿ ਸੱਤਵੇਂ ਗੁਰੂ ਦੀ ਚੋਣ ਠੀਕ ਸੀ। ਉਸ ਰਾਮ ਰਾਏ ਦਾ ਦਾਅਵਾ ਖਾਰਜ ਕਰ ਦਿੱਤਾ ਅਤੇ ਉਸ ਦੀ ਤਸੱਲੀ ਲਈ ਦੇਹਰਾਦੂਨ ਦੇ ਕੋਲ ਉਸ ਨੂੰ ਕੁਝ ਜਾਗੀਰ ਦੇ ਕੇ ਚੁੱਪ ਕਰਵਾ ਦਿੱਤਾ ਗਿਆ।

ਦਿੱਲੀ ਤੋਂ ਵਾਪਸ ਪਰਤਣ ਤੋਂ ਪਹਿਲਾਂ ਹੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਤੇਜ਼ ਬੁਖ਼ਾਰ ਹੋਇਆ। ਦੋ ਹੀ ਦਿਨਾਂ ਵਿੱਚ ਚੇਚਕ ਦੇ ਦਾਣੇ ਉਹਨਾਂ ਦੇ ਸਰੀਰ ਉਤੇ ਚਮਕਣ ਲਗ ਪਏ।

ਰੋਗ ਹੌਲੀ ਹੌਲੀ ਲਾ-ਇਲਾਜ ਹੋ ਗਿਆ। ਆਪਣਾ ਅੰਤਮ ਸਮਾਂ ਉਹਨਾਂ ਨਜ਼ਦੀਕ ਵੇਖ ਕੇ ਇਕ ਨਾਰੀਅਲ ਅਤੇ ਪੰਜ ਪੈਸੇ ਮੰਗਵਾਏ ਅਤੇ ਉਹ ਮੈਨੂੰ ਸੌਂਪ ਕੇ ਆਪਣਾ ਹੱਥ ਤਿੰਨ ਵਾਰ ਹਵਾ ਵਿਚ ਹਿਲਾ ਕੇ ਕਿਹਾ, 'ਗੁਰੂ ਬਾਬਾ ਬਕਾਲੇ।' ਇਹਨਾਂ ਸ਼ਬਦਾਂ ਨਾਲ ਹੀ ਕੁਝ ਅੱਠ ਵਰ੍ਹਿਆਂ ਦੀ ਉਮਰ ਵਿੱਚ ਗੁਰੂ ਹਰਿਕ੍ਰਿਸ਼ਨ ਜੀ ਨੇ ਸਰੀਰ ਤਿਆਗ ਦਿੱਤਾ।

ਗੁਰੂ-ਪਦ ਦੇ ਚਿੰਨ੍ਹ ਅਤੇ ਤਿਲਕ ਦਾ ਨਾਰੀਅਲ ਮੇਰੇ ਕੋਲ ਸਨ, ਗੁਰੂ ਜੀ ਦੇ ਆਖਰੀ ਸ਼ਬਦਾਂ ਤੋਂ ਕੇਵਲ ਇੰਨਾ ਹੀ ਸਪਸ਼ਟ ਸੀ ਕਿ ਨੌਵੇਂ ਪਾਤਸ਼ਾਹ ਬਕਾਲਾ ਵਿਖੇ ਪ੍ਰਗਟ ਹਨ ਪਰ ਉਹ ਹਨ ਕੌਣ ਇਸ ਦੀ ਠੀਕ ਜਾਣਕਾਰੀ ਪ੍ਰਾਪਤ ਕਰਕੇ ਅਸਲੀ ਹੱਕਦਾਰ ਨੂੰ ਉਸਦੀ ਅਮਾਨਤ ਸੌਂਪਣਾ, ਮੇਰੇ ਲਈ ਵੱਡੀ ਸਮੱਸਿਆ ਬਣ ਗਈ ਸੀ। ਗੁਰੂ-ਪਦ ਪ੍ਰਾਪਤ ਕਰਨ ਵਾਸਤੇ ਚਾਰੋਂ ਪਾਸੇ ਸਾਜ਼ਿਸ਼ਾਂ ਹੋ ਰਹੀਆਂ ਸਨ। ਅੰਮ੍ਰਿਤਸਰ ਵਿਚ ਹਰਿ ਜੀ ਮੀਣਾ ਆਪਣਾ ਰਸੂਖ ਬਣਾ ਰਿਹਾ ਸੀ, ਕਰਤਾਰਪੁਰ ਵਿੱਚ ਧੀਰ ਮੱਲ ਦੁਸ਼ਟਤਾ ਦੇ ਹੱਦ-ਬੰਨੇ ਪਾਰ ਕਰੀ ਜਾਂਦਾ ਸੀ, ਦਿੱਲੀ ਦਰਬਾਰ ਵਿਚ ਅਸਫ਼ਲ ਹੋ ਜਾਣ ਪਿੱਛੋਂ ਵੀ ਰਾਮ ਰਾਏ ਸ਼ਾਂਤ ਨਹੀਂ ਸੀ ਹੋਇਆ। 'ਗੁਰੂ ਬਾਬਾ ਬਕਾਲੇ ' ਵਿਚ ਆਪਣੇ ਆਪ ਵਿੱਚ ਚੌਖਾ ਗੁੰਝਲਦਾਰ ਕਥਨ ਸੀ। 'ਬਹੁਤ ਪ੍ਰੇਸ਼ਾਨ ਸੀ ਉਹਨੀਂ ਦਿਨੀਂ, ਬੱਸ ਵਾਹਿਗੁਰੂ ਨੇ ਹੀ ਲਾਜ ਰੱਖੀ ਸੀ ਮੇਰੀ, ਇੰਜ ਕਹਿੰਦਿਆਂ ਭਾਈ ਗੁਰਦਿੱਤਾ ਜੀ ਨੇ ਹੱਥ ਜੋੜ ਦਿੱਤੇ।

'ਨੌਵੇਂ ਗੁਰੂ ਨੂੰ ਲੱਭਣ ਦੀ ਸਮੱਸਿਆ ਬੜੀ ਅਜੀਬ ਬਣ ਗਈ ', ਰਹਿਮਾਨ ਨੇ ਕਿਹਾ, 'ਤੁਹਾਡੀ ਜ਼ਿੰਮੇਵਾਰੀ ਵੀ ਸਹੁਤ ਵਧ ਗਈ ਹੋਵੇਗੀ।'

'ਹਾਂ ਭਾਈ, ਮੇਰੇ ਉਤੇ ਬੜਾ ਵੱਡਾ ਭਾਰ ਆ ਪਿਆ ਸੀ, ਮੇਰੀ ਚਟਨੀ ਬਣ ਜਾਣੀ ਸੀ, ਜੇ ਪਰਮਾਤਮਾ ਆਪ ਮੇਰੀ ਮੱਦਦ ਨਾ ਕਰਦਾ। ਸਮੱਸਿਆ ਦਾ ਹੱਲ ਬੜਾ ਦਿਲਚਸਪ ਹੈ।'

'ਬਾਬਾ ਤੇਗ ਬਹਾਦਰ, ਪਿਤਾ ਗੁਰੂ ਹਰਗੋਬਿੰਦ ਜੀ ਦੀ ਆਗਿਆ ਅਨੁਸਾਰ ਆਪਣੀ ਮਾਤਾ ਨਾਨਕੀ ਜੀ ਅਤੇ ਪਤਨੀ ਗੁਜਰੀ ਜੀ ਨੂੰ ਨਾਲ ਲੈ ਕੇ ਆਪਣੇ ਨਾਨਕੇ ਜਾ ਕੇ ਬਕਾਲਾ ਵਿਖੇ ਰਹਿਣ ਲੱਗ ਗਏ ਸਨ। ਗੁਜਰੀ ਜੀ ਦਾ ਭਰਾ ਕਿਰਪਾਲ ਉਥੇ ਉਹਨਾਂ ਦੀ ਸੇਵਾ ਕਰਨ ਵਾਸਤੇ ਰਹਿਣ ਲੱਗ ਪਿਆ ਸੀ ਅਤੇ ਘਰ ਦੀਆਂ ਲੋੜਾਂ ਪੂਰੀਆਂ ਕਰਦਾ ਸੀ। ਬਾਬਾ ਤੇਗ ਬਹਾਦਰ ਜੀ ਸਾਰਾ ਦਿਨ ਭਜਨ ਬੰਦਗੀ ਵਿਚ ਮਗਨ ਰਹਿੰਦੇ ਸਨ, ਗੁਜ਼ਾਰੇ ਵਾਸਤੇ ਉਹਨਾਂ ਨੂੰ ਹਰਿਗੋਬਿੰਦਪੁਰਾ ਦੇ ਜਿਮੀਦਾਰਾਂ ਪਾਸੋਂ ਲੋੜੀਂਦੀ ਸੇਵਾ ਮਿਲ ਜਾਂਦੀ ਸੀ। ਉਹਨਾਂ ਘਰ ਦੇ ਅੰਦਰ ਹੀ ਤਪੱਸਿਆ ਵਾਸਤੇ ਇੱਕ ਭੋਰਾ ਬਣਾ ਲਿਆ ਸੀ ਅਤੇ ਆਮ ਤੌਰ ਤੇ ਉਥੇ ਹੀ ਬੈਠੇ ਰਹਿੰਦੇ ਸਨ। ਨਾਨਕੀ ਜੀ ਅਤੇ ਗੁਜਰੀ ਜੀ ਘਰ ਦਾ ਕੰਮ ਕਾਰ ਸੰਭਾਲਦੀਆਂ ਸਨ ਅਤੇ ਕਿਰਪਾਲ ਬਾਹਰ ਦਾ ਕਾਰ-ਵਿਹਾਰ ਕਰਦਾ ਸੀ।

'ਲਗਭਗ ਤੀਹ ਸਾਲ ਉਹਨਾਂ ਦੀ ਕਠੋਰ ਸਾਧਨਾ ਇਸ ਤਰ੍ਹਾਂ ਜਾਰੀ ਰਹੀ। ਗੁਰੂ ਹਰਿਕ੍ਰਿਸ਼ਨ ਜੀ ਦੀ ਗੁਰਿਆਈ ਦੌਰਾਨ ਉਹ ਇੱਕ ਦਿਨ ਵੀ ਬਕਾਲਾ ਤੋਂ ਬਾਹਰ ਨਹੀਂ ਸਨ ਨਿਕਲੇ। ਬਕਾਲਾ ਦੇ ਲੋਕ ਉਹਨਾਂ ਨੂੰ ਬਾਬਾ ਤੇਗਾ ਕਹਿ ਕੇ ਪੁਕਾਰਦੇ ਸਨ। ਉਹ ਜਦੋਂ ਵੀ ਭੋਰੇ ਵਿੱਚੋਂ ਬਾਹਰ ਆਉਂਦੇ ਸਨ, ਸਾਰਿਆਂ ਨਾਲ ਮਿੱਠਾ ਤੇ ਨਿਮਰਤਾ ਪੂਰਵਕ ਬੋਲਦੇ। ਛੋਟੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ। ਉਹ ਵੀ ਜਦੋਂ ਕਦੀ ਮੌਕਾ ਮਿਲਦਾ, ਉਹਨਾਂ ਨੂੰ ਘੇਰ ਕੇ ਪਿਆਰ ਨਾਲ ਉਹਨਾਂ ਦੀਆਂ ਗੱਲਾਂ ਸੁਣਦੇ ਅਤੇ ਉਹਨਾਂ ਤੋਂ ਸਿੱਖਿਆ ਪ੍ਰਾਪਤ ਕਰਦੇ ਸਨ। ਸੱਚਮੁੱਚ ਬਕਾਲਾ ਦੇ ਬੱਚੇ ਹਰ ਵਕਤ ਬਾਬਾ ਤੇਗ਼ ਨੂੰ ਯਾਦ ਕਰਦੇ ਸਨ। ਵੀਹ ਵਰ੍ਹਿਆਂ ਤੋਂ ਇਕੱਠੇ ਰਹਿਣ ਕਰਕੇ ਬਕਾਲਾ ਦੇ ਲੋਕ ਗੁਰੂ ਘਰ ਵਿਚ ਚੰਗੀ ਤਰ੍ਹਾਂ ਰਚ-ਮਿਚ ਗਏ ਸਨ।

'ਬਾਬਾ ਤੇਗ਼ ਬਹਾਦਰ ਨੇ ਪਵਿੱਤਰ ਜੀਵਨ ਅਤੇ ਕਠੋਰ ਤਪੱਸਿਆ ਸਦਕਾ ਉਹ ਅੰਤਰ ਦ੍ਰਿਸ਼ਟੀ ਪ੍ਰਾਪਤ ਕਰ ਲਈ ਸੀ, ਜਿਹੜੀ ਅੰਦਰੋਂ ਪਰਮਾਤਮਾ ਨਾਲ ਲੀਨ ਹੋ ਚੁੱਕੀ ਸੀ। ਰੋਜ਼ਾਨਾ ਮਿਲਾਪ ਹੁੰਦਾ ਸੀ ਅਤੇ ਉਹ ਭੋਰੇ ਵਿੱਚੋਂ ਬਾਹਰ ਆ ਕੇ ਬਾਹਰ ਦੀ ਸਮੁੱਚੇ ਹਾਲਾਤ ਬਾਰੇ ਜਾਣਕਾਰੀ ਹਾਸਲ ਕਰਦੇ ਸਨ। ਜਿਸ ਦਿਨ ਆਖ਼ਰੀ ਸਮੇਂ ਗੁਰੂ ਹਰਿਕ੍ਰਿਸ਼ਨ ਜੀ ਨੇ 'ਗੁਰੂ ਬਾਬਾ ਬਕਾਲੇ ' ਦਾ ਸੰਦੇਸ਼ ਦਿੱਤਾ ਸੀ, ਉਸੇ ਵਕਤ ਉਹਨਾਂ ਨੂੰ ਅੰਦਰੂਨੀ ਰੌਸ਼ਨੀ ਕਰਕੇ ਭਵਿੱਖ ਬਾਰੇ ਸੰਕੇਤ ਮਿਲ ਗਿਆ ਸੀ, ਪਰ ਸੁਭਾਅ ਕਰਕੇ ਉਹ ਸ਼ਾਂਤ ਅਤੇ ਮਨ ਸਾਫ਼ ਹੋਣ ਕਰਕੇ ਚੁੱਪ ਸਨ। ਆਪਣੀ ਦੈਵੀ ਨਜ਼ਰ ਨਾਲ ਉਹ ਸਭ ਕੁਝ ਵੇਖ ਰਹੇ ਸਨ ਪਰ ਸਿੱਖ ਸੰਗਤ ਦੀ ਪਰੀਖਿਆ ਲੈਣ ਵਾਸਤੇ ਚੁੱਪ ਸਨ, ਪ੍ਰਗਟ ਨਹੀਂ ਸਨ ਹੋਏ।

'ਇਧਰ ਮੇਰੇ ਅਤੇ ਭਾਈ ਦੁਰਗਾ ਮੱਲ ਦੇ ਮਨ ਵਿਚ, ਗੁਰੂ ਹਰਿਕ੍ਰਿਸ਼ਨ ਜੀ ਦੇ ਸ਼ਬਦ 'ਗੁਰੂ ਬਾਬਾ ਬਕਾਲੇ' ਸੁਣ ਕੇ ਇੱਕੋ ਵਕਤ ਇਸ ਤਰ੍ਹਾਂ ਦੇ ਵਿਚਾਰ ਆਏ। ਸਾਡਾ ਧਿਆਨ ਸਿੱਧਾ ਬਾਬਾ ਤੇਗ਼ ਬਹਾਦਰ ਵਲ ਹੀ ਗਿਆ ਅਤੇ ਅਸੀਂ ਸਮਝ ਗਏ ਸੀ ਕਿ ਹੋਵੇ ਨਾ ਹੋਵੇ 'ਬਾਬਾ ਬਕਾਲਾ' ਬਾਬਾ ਤੇਗ ਬਹਾਦਰ ਹੀ ਹੋਣਗੇ। ਉਹਨਾਂ ਤੋਂ ਇਲਾਵਾ, ਗੁਰੂ ਘਰ ਦਾ ਕੋਈ ਹੋਰ ਮੈਂਬਰ ਅਜਿਹਾ ਹੈ ਵੀ ਤਾਂ ਨਹੀਂ ਸੀ, ਜਿਹੜਾ ਗੁਰੂ ਦੀ ਪਵਿੱਤਰ ਗੱਦੀ ਦਾ ਉੱਤਰਾਅਧਿਕਾਰੀ ਹੋ ਸਕਦਾ। ਉਹਨਾਂ ਦੀ ਸਾਧਨਾ ਤੇ ਤਪੱਸਿਆ ਤੋਂ ਵੀ ਅਸੀਂ ਭਲੀ-ਭਾਂਤ ਜਾਣੂੰ ਸੀ। ਬਕਾਲਾ ਆਉਣ ਤੋਂ ਪਹਿਲਾਂ ਦੇ ਪਾਵਨ ਜੀਵਨ ਦੀ ਵੀ ਸਾਨੂੰ ਵਾਕਫ਼ੀਅਤ ਸੀ, ਇਸ ਲਈ ਇਹ ਸਾਡਾ ਪੱਕਾ ਵਿਚਾਰ ਸੀ ਕਿ ਬਾਬਾ ਤੇਗ ਬਹਾਦਰ ਜੀ ਹੀ ਗੁਰਗੱਦੀ ਦੇ ਸਹੀ ਹੱਕਦਾਰ ਸਨ ਪਰ ਸਾਡੇ ਕੋਲ ਕੋਈ ਅਜਿਹੀ ਕਸਵੱਟੀ ਨਹੀਂ ਸੀ ਜਿਸ ਨਾਲ ਅਸੀਂ ਪਰਖ ਕਰ ਸਕਦੇ। ਬਾਬਾ ਤੇਗ਼ ਬਹਾਦਰ ਜੀ ਆਪਣੇ ਆਪ ਨੂੰ ਪ੍ਰਗਟ ਕਰਦੇ ਤਾਂ ਸਾਨੂੰ ਨਿਸ਼ਚਾ ਹੋ ਜਾਂਦਾ। ਕੁਝ ਹੋਰ ਗੱਲਾਂ ਵੀ ਵਿਚਾਰਨਯੋਗ ਸਨ-ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀਜੋਤ ਸਮਾਉਣ ਵੇਲੇ ਗੁਰੂ ਪਰਿਵਾਰ ਦਾ ਇਕਲੌਤਾ ਮੈਂਬਰ ਬਾਬਾ ਤੇਗ ਬਹਾਦਰ ਜੀ ਹੀ ਬਕਾਲਾ

ਵਿਚ ਸਨ ਦੂਜਾ 'ਬਾਬਾ' ਸ਼ਬਦ ਆਮ ਤੌਰ ਤੇ ਗੁਰੂ-ਪੁੱਤਰਾਂ ਲਈ ਹੀ ਵਰਤਿਆ ਜਾਂਦਾ ਸੀ ; ਤੀਜੀ ਗੱਲ ਇਹ ਸੀ ਕਿ ਗੁਰੂ ਤੇਗ਼ ਬਹਾਦਰ ਜੀ ਰਿਸ਼ਤੇ ਵਿਚ ਵੀ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਬਾ (ਪਿਤਾ ਦਾ ਚਾਚਾ) ਲਗਦੇ ਸਨ। ਇਹਨਾਂ ਗੱਲਾਂ ਕਰਕੇ ਸਾਡੇ ਵਿਚਾਰਾਂ ਦੀ ਪੁਸ਼ਟੀ ਹੁੰਦੀ ਸੀ। ਇਸ ਲਈ, ਮੈਂ ਅਤੇ ਭਾਈ ਦੁਰਗਾ ਮੱਲ ਨੇ ਗੁਰੂ-ਪਦ ਦੀਆਂ ਨਿਸ਼ਾਨੀਆਂ ਲੈ ਕੇ ਬਾਬਾ ਬਕਾਲਾ ਵਿਖੇ ਬਾਬਾ ਤੇਗ਼ ਬਹਾਦਰ ਕੋਲ ਪਹੁੰਚਣ ਦਾ ਫ਼ੈਸਲਾ ਕੀਤਾ।

'ਇਸ ਤੋਂ ਪਹਿਲਾਂ ਕਿ ਅਸੀਂ ਬਕਾਲਾ ਪਹੁੰਚਦੇ, ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਨੌਂਵੀਂ ਪਾਤਸ਼ਾਹੀ ਬਕਾਲੇ ਵਿਚ ਪ੍ਰਗਟ ਹੋਵੇਗੀ। ਅਨੇਕਾਂ ਢੌਂਗੀ ਤੇ ਦੰਭੀ ਮਸੰਦਾਂ, ਗੁਰੂ ਪਦ ਦੇ ਲੋਭੀ ਅਡੰਬਰੀਆਂ ਅਤੇ ਪਹਿਲਾਂ ਗੁਰੂਆਂ ਵਲੋਂ ਗੱਦੀ ਤੋਂ ਵਾਂਝੇ ਰੱਖੇ ਗਏ ਲੋਕਾਂ ਨੇ ਵਧੀਆ ਮੌਕਾ ਸਮਝ ਕੇ ਬਕਾਲਾ ਵਿਖੇ ਆਪੋ ਆਪਣੀਆਂ ਗੱਦੀਆਂ ਕਾਇਮ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਿਸ ਦਿਨ ਅਸੀਂ ਦੋਵੇਂ ਬਕਾਲਾ ਪਹੁੰਚੇ ਤਾਂ ਬਕਾਲਾ ਪਿੰਡ ਵਿਚ ਲਗਭਗ ਬਾਈ ਇਸ ਤਰ੍ਹਾਂ ਦੇ ਢੌਂਗੀ ਗੁਰੂ ਆਪੋ ਆਪਣੇ ਦਾਅਵੇ ਦਾ ਪ੍ਰਚਾਰ ਕਰ ਰਹੇ ਸਨ। ਸਾਰੇ ਇਹ ਸਿੱਧ ਕਰਨਾ ਚਾਹੁੰਦੇ ਸਨ ਕਿ ਗੱਦੀ ਦੇ ਅਸਲੀ ਹੱਕਦਾਰ ਉਹ ਸਨ। ਸਾਰਿਆਂ ਨੇ ਪ੍ਰਚਾਰਕ ਨਿਯੁਕਤ ਕੀਤੇ ਹੋਏ ਸਨ, ਜਿਹੜੇ ਸਿੱਖ-ਸੰਗਤ ਨੂੰ ਵਰਗਲਾ ਕੇ ਆਪੋ ਆਪਣੇ ਮਾਲਕ ਦੇ ਪ੍ਰਭਾਵ ਵਿੱਚ ਲਿਆਉਣ ਲਈ ਯਤਨਸ਼ੀਲ ਸਨ। ਵਿਚਾਰੇ ਸਿੱਖ ਗੁੰਮਰਾਹ ਹੋਏ ਭੰਬਲਭੂਸੇ ਪਏ ਹੋਏ ਸਨ, ਉਹਨਾਂ ਨੂੰ ਚਾਨਣ ਮੁਨਾਰਾ ਨਜ਼ਰ ਨਹੀਂ ਸੀ ਆ ਰਿਹਾ। ਠੀਕ ਹੀ ਤਾਂ ਹੈ, ਮਿਸ਼ਾਲ ਤੋਂ ਬਿਨਾਂ ਕੀ ਕਦੇ ਜੁਗਨੂੰਆਂ ਦੀ ਚਮਕ ਨਾਲ ਰਸਤਾ ਲੱਭਿਆ ਜਾ ਸਕਦਾ ਹੈ ?

'ਅਸੀਂ ਮਾਤਾ ਨਾਨਕੀ ਜੀ ਦੇ ਸਹਿਯੋਗ ਨਾਲ ਬਾਬਾ ਤੇਗ਼ ਬਹਾਦਰ ਜੀ ਕੋਲ ਸਿੱਖਾਂ ਦੀ ਡਾਵਾਂਡੋਲ ਹਾਲਤ ਦਾ ਵੇਰਵਾ ਪਹੁੰਚਾਇਆ, ਗੁਰੂ-ਘਰ ਦੀ ਅਵਸਥਾ ਦੱਸੀ, ਬਾਹਰ ਬਾਈ ਲੋਕਾਂ ਵੱਲੋਂ ਕੀਤੇ ਜਾ ਰਹੇ ਕੁਝ ਦਾਅਵਿਆਂ ਦਾ ਵਾਸਤਾ ਪਾਇਆ ਪਰ ਗੱਲ ਜਿੱਥੇ ਸੀ, ਉਥੇ ਹੀ ਰਹੀ। ਬਾਬਾ ਜੀ ਨੇ ਆਪਣੀ ਚੁੱਪ ਸਾਧੀ ਰੱਖੀ, ਜਾਣਦੇ ਬੁਝਦੇ ਹੋਏ ਵੀ ਉਹਨਾਂ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ। ਬੋਲੇ, 'ਪਰਮਾਤਮਾ ਦੇ ਰਹੱਸ ਵਿੱਚ ਮੇਰਾ ਕੀ ਹੈ ? ਜੋ ਹੁਕਮ ਹੋਵੇਗਾ, ਉਂਜ ਹੀ ਹੋਵੇਗਾ ਅਤੇ ਨਾਲ ਉਡੀਕ ਕਰੋ ' ਅਤੇ ਇੰਨਾ ਕਹਿ ਕੇ ਧਿਆਨ ਮਗਨ ਹੋ ਗਏ। ਮਜਬੂਰ ਹੋ ਕੇ ਅਸੀਂ ਵੇਖਦੇ ਰਹਿ ਗਏ।

'ਉਕਤ ਬਾਈ ਮੰਜੀਆਂ ਵਿੱਚ ਗੁਰੂ-ਘਰ ਦਾ ਦੋਖੀ ਧੀਰ ਮੱਲ ਵੀ ਸੀ, ਜਿਸ ਨੂੰ ਗੁਰੂ ਹਰਿਗੋਬਿੰਦ ਜੀ ਨੇ ਹੀ ਵੱਖ ਕਰ ਦਿੱਤਾ ਸੀ।'

'ਧੀਰ ਮੱਲ ਦਾ ਨਾਂ ਤਾਂ ਤੁਸੀਂ ਪਹਿਲਾਂ ਵੀ ਦੱਸਿਆ ਸੀ। ਇਹ ਕੌਣ ਸੀ ? ' ਇੱਕ ਸਰੋਤਾ ਨੇ ਜਾਣਨਾ ਚਾਹਿਆ।

'ਧੀਰ ਮੱਲ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦਾ ਲੜਕਾ ਸੀ, ਗੁਰੂ ਹਰਿਰਾਇ ਜੀ ਦਾ ਵੱਡਾ ਭਰਾ। ਮੁੱਢ ਤੋਂ ਹੀ ਇਹ ਦੁਸ਼ਟ-ਰੁਚੀ ਤੇ ਮਾੜੇ ਸੁਭਾਅ ਦਾ ਸੀ। ਛੇਵੀਂ ਪਾਤਸ਼ਾਹੀ ਨੇ ਉਸ ਦੀਆਂ ਕਰਤੂਤਾਂ ਵੇਖ ਕੇ ਹੀ ਉਸਨੂੰ ਕਰਤਾਰਪੁਰ ਭੇਜ ਦਿੱਤਾ ਸੀ ਤਾਂ ਜੋ ਉਸਦਾ ਦੁਰਾਚਾਰ ਵਧੇਰੇ ਫੈਲੇ ਨਾ। ਕਰਤਾਰਪੁਰ ਜਾ ਕੇ ਗੁਰਗੱਦੀ ਨਾ ਮਿਲਣ ਲਈ ਗੁੱਸੇ ਕਰਕੇ ਇਸ ਨੇ ਨਾ ਕੇਵਲ ਉਥੇ ਦੇ ਮਕਾਨ ਉਤੇ ਕਬਜ਼ਾ ਕਰ ਲਿਆ ਸਗੋਂ ਪੋਥੀ ਸਾਹਿਬ ਦੀ ਜਿਹੜੀ ਅਸਲੀ ਬੀੜ ਪੰਚਮ ਪਾਤਸ਼ਾਹ ਨੇ ਤਿਆਰ ਕਰਵਾਈ ਸੀ ਉਹ ਵੀ ਕਾਬੂ ਕਰ ਲਈ। ਸਿੱਖ ਸੰਗਤਾਂ ਨੂੰ ਉਸਦੇ ਦਰਸ਼ਨ ਵੀ ਨਹੀਂ ਸੀ ਕਰਨ ਦਿੰਦਾ ਅਤੇ ਉਸ ਦੇ ਜ਼ੋਰ ਕਰਕੇ ਆਪਣੇ ਆਪ ਨੂੰ ਲੋਕਾਂ ਤੋਂ ਪੂਜਾ ਕਰਵਾਉਂਦਾ ਤੇ ਚੜ੍ਹਾਵਾ ਲੈਂਦਾ ਸੀ। '

'ਗੁਰੂ ਪਰਿਵਾਰ ਵਿਚ ਇਸ ਤਰ੍ਹਾਂ ਦੀਆਂ ਰੂਹਾਂ, ਹੈਰਾਨੀ ਦੀ ਗੱਲ ਹੈ,' ਪੀਰ ਕਰੀਮ ਬਖ਼ਸ਼ ਨੇ ਹੈਰਾਨੀ ਪ੍ਰਗਟ ਕਰਦਿਆਂ ਆਖਿਆ ', 'ਕੀ ਗੁਰੂ ਜੀ ਨੂੰ ਧੀਰ ਮੱਲ ਦੀ ਮਾੜੀ ਨੀਅਤ ਦਾ ਪਹਿਲਾਂ ਹੀ ਸ਼ੱਕ ਹੋ ਗਿਆ ਸੀ ? '

'ਹਾਂ, ਪੀਰ ਸਾਹਿਬ ! ਲੋਕ ਇਸ ਨੂੰ ਪ੍ਰਿਥੀ ਚੰਦ ਦਾ ਅਵਤਾਰ ਕਹਿੰਦੇ ਸਨ। 'ਪ੍ਰਿਥੀ ਚੰਦ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਉਸ ਜੀਵਨ ਦੇ ਅੰਤ ਤੱਕ ਗੁਰੂ ਜੀ ਨਾਲ ਵੈਰ ਕਮਾਇਆ ਸੀ-ਉਂਜ ਵੀ ਲੱਛਣ ਧੀਰ "ਮੱਲ ਵਾਲੇ ਹੀ ਸਨ। ਗੁਰੂ-ਘਰ ਵਿਚ ਅਜਿਹੀਆਂ ਆਤਮਾਵਾਂ ਦਾ ਆਉਣਾ ਸ਼ਾਇਦ ਬਾਕੀ ਪਰਿਵਾਰ ਨੂੰ ਵਧੇਰੇ ਪਵਿੱਤਰ ਬਣਾਈ ਰੱਖਣ ਲਈ ਜ਼ਰੂਰੀ ਹੋਵੇ ਸ਼ਾਇਦ ਪ੍ਰਮਾਤਮਾ ਦਾ ਇਹੀ ਵਿਧਾਨ ਹੋਵੇ। ਭਗਤ ਕਬੀਰ ਜੀ ਨੇ ਫੁਰਮਾਇਆ ਹੈ:

*ਨਿੰਦਕ ਨੇੜੈ ਰਾਖਿਓ, ਆਂਗਨ ਕੁਟੀ ਛਵਾਯ ॥*
*ਬਿਨ ਪਾਨੀ ਸਾਬੁਨ ਬਿਨਾ, ਨਿਰਮਲ ਕਰੇ ਸੁਭਾਯ ॥*

'ਉਹੀ ਧੀਰ ਮੱਲ 'ਬਾਬਾ ਬਕਾਲਾ ' ਵਾਲੀ ਖ਼ਬਰ ਸੁਣਦੇ ਸਾਰ ਆਪਣੇ ਮਿੱਤਰਾਂ ਤੇ ਸਹਿਯੋਗੀਆਂ ਨਾਲ ਗੁਰਗੱਦੀ ਦਾ ਦਾਅਵਾ ਕਰਨ ਲਈ ਸਭ ਤੋਂ ਪਹਿਲਾਂ ਬਕਾਲਾ ਅੱਪੜਿਆ। ਉਸ ਦੋ ਢੰਗ ਨਾਲ ਆਪਣੇ ਪੱਖ ਦਾ ਪ੍ਰਚਾਰ ਆਰੰਭ ਕੀਤਾ।ਇੱਕ ਤਾਂ ਉਹ ਬਕਾਲਾ ਪਹੁੰਚਣ ਵਾਲੀ ਸਿੱਖ-ਸੰਗਤ ਸਾਹਮਣੇ ਗੁਰੂ- ਪਰਿਵਾਰ ਦਾ ਲੜਕਾ ਹੋਣ ਦੇ ਨਾਤੇ, ਆਪਣੇ ਆਪ ਨੂੰ 'ਬਾਬਾ' ਦਸਦਾ ਸੀ, ਦੂਜਾ ਮੂਲ ਪੋਥੀ ਸਾਹਿਬ ਦਾ ਨਾਂ ਲੈ ਕੇ ਲੋਕਾਂ ਨੂੰ ਭਰਮਾਉਂਦਾ ਸੀ। ਇਸ ਦੇ ਸਹਿਯੋਗੀ ਲੋਕਾਂ ਵਿੱਚ ਇਸ ਤਰ੍ਹਾਂ ਦਾ ਪ੍ਰਚਾਰ ਕਰਦੇ ਸਨ ਕਿ ਪੋਥੀ ਸਾਹਿਬ ਦੇ ਨਾਂ ਨਾਲ ਉਸ ਕੋਲ ਕਾਫ਼ੀ ਚੜਾਵਾ ਆਉਣ ਲੱਗ ਪਿਆ ਸੀ। ਬਾਕੀ ਇੱਕ ਬਾਬੇ ਵੀ ਥੋੜ੍ਹੇ ਬਹੁਤ ਫ਼ਰਕ ਨਾਲ ਇਹ ਕੁਝ ਕਰ ਰਹੇ ਸਨ। ਸਾਰਿਆਂ ਦਾ ਨਿਸ਼ਾਨਾ 'ਬਾਬਾ'

ਬਣ ਕੇ ਲੋਕਾਂ ਤੋਂ ਧਨ ਵਟੋਰਨਾ ਸੀ -ਅਧਿਆਤਮ ਪੱਖ ਲਗਭਗ ਸਾਰਿਆਂ ਲਈ ਅਛੂਤਾ ਸੀ, ਕੋਈ ਵੱਡਾ ਵੀ ਹੋਵੇ, ਤਾਂ ਅਜੇ ਸਾਰੇ ਗੋਡਿਆਂ ਭਾਰ ਰਿੜ੍ਹਨ ਵਾਲੇ ਸਨ।

'ਧੀਰ ਮੱਲ ਦਾ ਇੱਕ ਸਹਾਇਕ ਸੀ ਸੀਹਾਂ। ਸੀਹਾਂ ਸਾਮ, ਦਾਮ, ਦੰਭ ਅਤੇ ਭੇਦ ਦੀਆਂ ਸਾਰੀਆਂ ਨੀਤੀਆਂ ਨੂੰ ਲੋੜ ਅਨੁਸਾਰ ਵਰਤਣਾ ਯੋਗ ਸਮਝਦਾ ਸੀ। ਉਹ ਧੀਰ ਮੱਲ ਦੇ ਪ੍ਰਚਾਰਕ ਦਲ ਦਾ ਨੇਤਾ ਸੀ, ਨੀਤੀ, ਵਿਹਾਰ ਤੇ ਆਚਰਣ ਸਾਰੇ ਪੱਖਾਂ ਤੋਂ ਦੂਸ਼ਤ। ਸੀਹਾਂ ਕਦੀ ਕਦੀ ਗੁਰੂ ਜੀ ਦੀ ਖੋਜ ਵਿੱਚ ਆਉਣ ਵਾਲੀ ਸਿੱਖ ਸੰਗਤ ਨੂੰ ਜਬਰੀ ਵੀ ਆਪਣੇ ਮਾਲਕ ਵੱਲ ਲੈ ਜਾਂਦਾ ਸੀ ਅਤੇ ਨਾਂਹ-ਨੁੱਕਰ ਕਰਨ ਵਾਲਿਆਂ ਨੂੰ ਬਨਾਰਸੀ ਠੱਗਾਂ ਵਾਂਗ ਲੁੱਟ ਲੈਂਦਾ ਸੀ। ਇੱਕ ਦਿਨ ਸੀਹਾਂ ਧੀਰ ਮੱਲ ਵਲੋਂ ਸਾਨੂੰ ਮਿਲਣ ਵੀ ਆਇਆ, ਬੋਲਿਆ, 'ਤੁਸੀਂ ਗੁਰੂ-ਪਦ ਦੇ ਚਿੰਨ੍ਹ ਆਪਣੇ ਕੋਲ ਕਿਉਂ ਸੰਭਾਲੀ ਬੈਠੇ ਹੋ ? ਗੁਰੂ ਬਾਬਾ ਨੂੰ ਤਿਲਕ ਕਿਉਂ ਨਹੀਂ ਦਿੰਦੇ ?

'ਗੁਰੂ ਬਾਬਾ ਦੇ ਆਪਣੇ ਆਪ ਸਾਹਮਣੇ ਆਉਣ ਉਤੇ ਹੀ ਇਹ ਸਭ ਕੁਝ ਕੀਤਾ ਜਾ ਸਕਦਾ ਹੈ ' ਮੈਂ ਨਿਮਰਤਾ ਨਾਲ ਕਿਹਾ।

'ਕਿਉਂ, ਗੁਰੂ ਪਰਿਵਾਰ ਦੇ ਬਾਬਾ ਧੀਰ ਮੱਲ ਕੀ ਇੱਥੇ ਪ੍ਰਗਟ ਨਹੀਂ ਹਨ ?' ਉਸ ਤਿਉੜੀ ਪਾਂਦਿਆਂ ਪੁੱਛਿਆ।

'ਮੈਂ ਫ਼ਜ਼ੂਲ ਦੇ ਝਗੜੇ ਵਿੱਚ ਨਹੀਂ ਸੀ ਪੈਣਾ ਚਾਹੁੰਦਾ, ਇਸ ਲਈ ਟਾਲਣ ਦੀ ਇੱਛਾ ਨਾਲ ਕਿਹਾ, ਇਸ ਤਰ੍ਹਾਂ ਤਾਂ ਇਸ ਵੇਲੇ ਬਕਾਲਾ ਵਿਚ ਬਾਈ ਮੰਜੀਆਂ ਕਾਇਮ ਹਨ, ਝੂਠ ਅਤੇ ਸਭ ਨੂੰ ਪਰਖਿਆ ਕਿਵੇਂ ਜਾਵੇ ?'

'ਇਸ ਵਿਚ ਪਰਖਣ ਦੀ ਕਿਹੜੀ ਗੱਲ ਹੈ? ਵੇਖਦੇ ਨਹੀਂ ਕਿ ਗੁਰੂ-ਘਰ ਦੀ ਸਭ ਤੋਂ ਵੱਡੀ ਸੰਪਤੀ 'ਪੋਥੀ ਸਾਹਿਬ' ਬਾਬਾ ਧੀਰ ਮੱਲ ਕੋਲ ਹੀ ਹੈ। ਇਸ ਲਈ, ਗੁਰੂ-ਪਦ ਵਾਸਤੇ ਤਾਂ ਉਹ ਹੀ ਸੱਚੇ ਹੱਕਦਾਰ ਹੋ ਸਕਦੇ ਹਨ'। ਸੀਹਾਂ ਦੇ ਸ਼ਬਦਾਂ 'ਵਿੱਚੋਂ ਕੁਝ ਗੁੱਸਾ ਪ੍ਰਗਟ ਹੋ ਰਿਹਾ ਸੀ।'

'ਇਹ ਤਾਂ ਠੀਕ ਹੈ ', ਮੈਂ ਫਿਰ ਇੱਕ ਵਾਰ ਹਲੀਮੀ ਨਾਲ ਯਤਨ ਕਰਨ ਦੀ ਸੋਚੀ, 'ਪਰ ਪੋਥੀ ਸਾਹਿਬ ਗੁਰੂ-ਪਦ ਦਾ ਚਿੰਨ੍ਹ ਤਾਂ ਨਹੀਂ ਹੈ। ਉਸ ਦੀਆਂ ਤਾਂ ਕਈ ਨਕਲਾਂ ਹੋ ਚੁੱਕੀਆਂ ਹਨ ਅਤੇ ਸਿੱਖਾਂ ਲਈ ਸਾਰੀਆਂ ਸਤਿਕਾਰ ਦੇ ਯੋਗ ਹਨ।'

'ਚਿੰਨ੍ਹ, ਕਿਉਂ ਨਹੀਂ ਹੈ ', ਉਹ ਗੁੱਸੇ ਨਾਲ ਉਛਲਣ ਲੱਗਾ, 'ਗੁਰੂ ਅਰਜਨ ਦੇਵ ਜੀ ਇਸੇ ਕਰਕੇ ਪੂਜੇ ਜਾਂਦੇ ਸਨ।'

'ਅਜਿਹਾ ਕੁਝ ਨਹੀਂ ਸੀ ਤੇ ਨਾਂ ਹੀ ਹੋ ਸਕਦਾ ਸੀ। ਸੱਤਵੇਂ ਤੇ ਅੱਠਵੇਂ ਪਾਤਸ਼ਾਹ ਦੇ ਵਕਤ 'ਮੂਲ ਪੋਥੀ ਸਾਹਿਬ' ਤੁਸੀਂ ਦਬਾਈ ਰੱਖੀ ਤਾਂ ਕੀ ਗੁਰੂ ਜੀ ਦਾ ਆਦਰ-ਮਾਣ ਘੱਟ ਹੋਇਆ ? ਗੁਰੂ ਪੋਥੀਆਂ ਕਰਕੇ ਨਹੀਂ, ਅਧਿਆਤਮਕ ਸ਼ਕਤੀਆਂ ਕਰਕੇ ਪੂਜਿਆ ਜਾਂਦਾ ਹੈ ਅਤੇ ਉਸ ਦੀ ਤੁਹਾਡੇ ਬਾਬੇ ਵਿੱਚ ਘਾਟ ਹੈ।'

'ਮੇਰੇ ਇੰਨਾ ਕਹਿਣ ਉਤੇ ਉਹ ਲੋਹਾ ਲਾਖਾ ਹੋ ਗਿਆ ਅਤੇ ਗਾਲੀਆਂ ਕੱਢਦਾ-ਤੈਨੂੰ ਵੀ ਵੇਖ ਲਵਾਂਗਾ, ਦੀ ਧਮਕੀ ਦੇ ਕੇ ਚਲਾ ਗਿਆ। ਅਗਲੇ ਦਿਨ ਆਪਣੇ ਚਾਚਾ ਬਾਬਾ ਤੇਗ਼ ਬਹਾਦਰ ਜੀ ਨੂੰ ਮਿਲਣ ਦੇ ਬਹਾਨੇ ਧੀਰ ਮੱਲ ਉਥੇ ਆਉਣ ਲੱਗ ਪਿਆ। ਚਾਪਲੂਸੀ ਤੇ ਚਤੁਰਾਈ ਦਾ ਹਥਿਆਰ ਸੰਭਾਲਿਆ। ਬਾਬਾ ਤੇਗ਼ ਬਹਾਦਰ ਜੀ ਦੀ ਤਪੱਸਿਆ, ਤਿਆਗ, ਉਦਾਰਤਾ ਤੇ ਸਰਲਤਾ ਦੀ ਪ੍ਰਸ਼ੰਸਾ ਕਰਦਿਆਂ ਉਹ ਰੋਜ਼ ਇਸ ਗੱਲ ਉਤੇ ਜ਼ੋਰ ਦਿੰਦਾ ਕਿ ਬਾਬਾ ਤੇਗ਼ ਬਹਾਦਰ ਜੀ ਵਰਗੇ ਰੱਬ ਦੇ ਪਿਆਰੇ ਬੰਦੇ ਨੂੰ ਗੁਰੂ-ਪਦ ਦੇ ਝਮੇਲਿਆਂ ਵਿੱਚ ਨਹੀਂ ਪੈਣਾ ਚਾਹੀਦਾ। ਬਾਬਾ ਤੇਗ ਬਹਾਦਰ ਜੀ ਅੰਤਰਜਾਮੀ ਸਨ, ਉਸ ਦੀ ਮਾੜੀ ਨੀਯਤ ਨੂੰ ਜਾਣਦੇ ਸਨ ਪਰ ਸਾਦਾ ਸੁਭਾਅ ਕਰਕੇ ਉਸ ਨੂੰ ਕੁਝ ਕਹਿੰਦੇ ਨਹੀਂ ਸਨ। ਆਪਣੇ ਪਿਆਰੇ ਭਰਾ, ਬਾਬਾ ਗੁਰਦਿੱਤਾ ਜੀ ਦਾ ਪੁੱਤਰ ਸਮਝ ਕੇ ਖਿਮਾ ਕਰ ਦਿੰਦੇ ਸਨ। ਇੱਕ ਦਿਨ ਉਸ ਦੀ ਗੱਲਬਾਤ ਮਾਤਾ ਨਾਨਕੀ ਜੀ ਨੇ ਸੁਣ ਲਈ, ਉਹ ਆਪਣੇ ਪੁੱਤਰ ਦੀ ਸਾਦਗੀ ਤੇ ਤਿਆਗ ਦੇ ਸੁਭਾਅ ਤੋਂ ਜਾਣੂੰ ਸਨ ਅਤੇ ਦਿਲੋਂ ਗੁਰੂ ਹਰਿਗੋਬਿੰਦ ਜੀ ਦੀ ਅਸ਼ੀਰਵਾਦ ਦੀ ਪੂਰਤੀ ਦੀ ਉਡੀਕ ਕਰ ਰਹੇ ਸਨ ਇਸ ਲਈ ਉਹਨਾਂ ਨੂੰ ਚਿੰਤਾ ਹੋਈ ਕਿ ਕਿਧਰੇ ਬਾਬਾ ਤੇਗ਼ ਬਹਾਦਰ ਜੀ ਭਤੀਜੇ ਦੀ ਖਾਤਰ ਗੁਰੂ ਪਦ ਦਾ ਤਿਆਗ ਕਰਨ ਲਈ ਰਾਜ਼ੀ ਹੋ ਗਏ ਤਾਂ ਸਿੱਖ-ਸੰਗਤ ਦਾ ਕੀ ਬਣੇਗਾ। ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਧੀਰ ਮੱਲ ਵਰਗੇ ਢੌਂਗੀ ਦੀ ਕਲਪਨਾ ਕਰਕੇ ਹੀ ਉਹ ਕੰਬ ਗਏ, ਉਸੇ ਦਿਨ ਗੋਇੰਦਵਾਲ ਵਿੱਚ ਗੁਰੂ ਅਮਰਦਾਸ ਜੀ ਦੇ ਖ਼ਾਨਦਾਨ ਵਿਚੋਂ ਬਾਬਾ ਦੁਆਰਕਾ ਦਾਸ ਨੂੰ ਸਹਾਇਤਾ ਲਈ ਪੱਤਰ ਲਿਖਿਆ। ਗੁਰਗੱਦੀ ਠੀਕ ਹੱਕਦਾਰ ਨੂੰ ਹੀ ਮਿਲਣੀ ਚਾਹੀਦੀ ਹੈ - ਅਸੀਂ ਸਾਰੇ ਇਹੋ ਚਾਹੁੰਦੇ ਸੀ। ਬਾਬਾ ਤੇਗ਼ ਬਹਾਦਰ ਜੀ ਅਜੇ ਤੱਕ ਚੁੱਪ ਸਨ। ਸਭ ਕੁਝ ਜਾਣਦੇ ਹੋਏ ਵੀ ਸ਼ਾਇਦ ਸਾਡੇ ਵਿਸ਼ਵਾਸ ਦੀ ਪਰੀਖਿਆ ਲੈ ਰਹੇ ਸਨ।

'ਗੋਇੰਦਵਾਲ ਵਿੱਚ ਸੰਦੇਸ਼ ਮਿਲਣ ਸਾਰ ਹੀ ਬਾਬਾ ਦੁਆਰਕਾ ਦਾਸ ਸਥਿਤੀ ਨੂੰ ਵੇਖ ਕੇ ਚਿੰਤਤ ਹੋਏ। ਉਹ ਜਿੰਨੀ ਜਲਦੀ ਹੋ ਸਕਿਆ ਅੰਮ੍ਰਿਤਸਰ ਦੇ ਭਾਈ ਮਲੀਆ ਨੂੰ ਨਾਲ ਲੈ ਕੇ ਬਾਬਾ ਬਕਾਲਾ ਆ ਪਹੁੰਚੇ। ਉਹਨਾਂ ਦੇ ਆਉਣ ਨਾਲ ਬਾਈ ਢੌਂਗੀ ਗੁਰੂਆਂ ਵਿੱਚ ਨਵੇਂ ਸਿਰੇ ਖਿੱਚੋਤਾਣ ਸ਼ੁਰੂ ਹੋ ਗਈ। ਸਾਰਿਆਂ ਦੇ ਨੁਮਾਇੰਦੇ ਇੱਕ ਇੱਕ ਕਰਕੇ ਬਾਬਾ ਦੁਆਰਕਾ ਦਾਸ ਨੂੰ ਮਿਲਣ ਵਾਸਤੇ ਆਉਣ ਲੱਗ ਪਏ। ਸਾਰੇ ਆਪੋ ਆਪਣੇ ਮਾਲਕ ਦੇ ਗੁਰੂ-ਪਦ ਦੀ ਪ੍ਰਾਪਤੀ ਲਈ ਦਾਅਵੇ ਦੇ ਪੱਖ ਵਿੱਚ ਦਲੀਲਾਂ ਦਿੰਦੇ, ਸੁਆਮੀ ਦੀਆਂ ਵਿਸ਼ੇਸ਼ਤਾਵਾਂ ਦਾ

ਜ਼ਿਕਰ ਕਰਦੇ, ਇਸ਼ਾਰੇ ਮਾਤਰ ਬਾਬਾ ਦੁਆਰਕਾ ਦਾਸ, ਮੈਨੂੰ, ਭਾਈ ਮੜੀਆ ਅਤੇ ਦੁਰਗਾ ਮੱਲ ਨੂੰ ਕਈ ਤਰ੍ਹਾਂ ਦੇ ਲਾਲਚ ਵੀ ਦਿੰਦੇ-ਕੋਈ ਗੁਰੂ ਦਰਬਾਰ ਵਿਚ ਉੱਚੀ ਪਦਵੀ ਦਾ ਜ਼ਿਕਰ ਕਰਦਾ, ਕੋਈ ਚੜ੍ਹਾਵੇ ਦੀ ਰਕਮ ਵਿੱਚੋਂ ਕੁਝ ਫੀਸਦੀ ਧਨ ਦੇਣ ਦਾ ਇਸ਼ਾਰਾ ਦਿੰਦਾ, ਕੋਈ ਆਦਰ-ਸਨਮਾਨ ਅਤੇ ਕੋਈ ਸਾਡੀਆਂ ਪਿਛਲੀਆਂ ਪੀੜ੍ਹੀਆਂ ਵਾਸਤੇ ਵੀ ਸ਼ਾਹੀ ਜੀਵਨ ਦਾ ਝਾਂਸਾ ਦਿੰਦਾ। ਇਹ ਸਭ ਰੋਜ਼ਾਨਾ ਕਾਰਵਾਈ ਜਿਹੀ ਬਣ ਗਈ।

'ਬਾਬਾ ਦੁਆਰਕਾ ਦਾਸ ਵੀ ਇਹ ਸਭ ਕੁਝ ਵੇਖ ਕੇ ਪ੍ਰੇਸ਼ਾਨ ਹੋਣ ਲੱਗ ਗਏ। ਇੱਕ ਦਿਨ ਭੋਰੇ ਵਿੱਚ ਬਾਹਰ ਆਉਣ ਸਾਰ ਉਹ ਬਾਬਾ ਤੇਗ਼ ਬਹਾਦਰ ਜੀ ਦੇ ਚਰਨ ਪਕੜ ਕੇ ਬੈਠ ਗਏ, ਸੰਗਤ ਦੀ ਬੇਬਸੀ ਦੀ ਦੁਹਾਈ ਦਿੱਤੀ, ਸਿੱਖਾਂ ਦੇ ਰਸਤੇ ਤੋਂ ਥਿੜਕ ਜਾਣ ਦੀ ਸੰਭਾਵਨਾ ਵਧੀ, ਗੁਰੂ ਦੀ ਅੰਤਿਮ ਇੱਛਾ ਦਾ ਸਹੀ ਸਰੂਪ ਉਹਨਾਂ ਨੂੰ ਦੱਸਿਆ ਪਰ ਉਹ ਟਸ ਤੋਂ ਮਸ ਨਾ ਹੋਏ। ਉਹਨਾਂ ਨੂੰ ਸਿੱਖ-ਸੰਗਤ ਨਾਲ ਹਮਦਰਦੀ ਸੀ, ਬਾਹਰ ਦੀ ਚਿੰਤਾ ਜਨਕ ਹਾਲਤ ਤੋਂ ਵੀ ਉਹ ਜਾਣੂੰ ਸਨ ਪਰ ਆਪਣੇ ਆਪ ਨੂੰ ਗੁਰੂ ਦੇ ਰੂਪ ਵਿੱਚ ਪ੍ਰਗਟ ਨਹੀਂ ਸਨ ਕਰ ਰਹੇ। ਬੜੀ ਕਠੋਰ ਪਰੀਖਿਆ ਸੀ ਸਾਡੀ।'

'ਹੁਣ ਮਾਤਾ ਨਾਨਕੀ ਜੀ ਅਤੇ ਬਾਬਾ ਤੇਗ਼ ਬਹਾਦਰ ਜੀ ਦੀ ਜੀਵਨ-ਸਾਥੀ ਮਾਤਾ ਗੁਜਰੀ ਜੀ ਵੀ ਚਿੰਤਤ ਹੋਣ ਲੱਗ ਪਏ ਸਨ। ਗੁਜਰੀ ਜੀ ਤਾਂ ਪਤੀ ਦੀ ਸੇਵਾ ਤੋਂ ਸਿਵਾ ਕਿਸੇ ਹੋਰ ਗੱਲ ਵਿੱਚ ਪਿਛਲੇ ਵੀਹ ਸਾਲਾਂ ਤੋਂ ਕੋਈ ਦਖ਼ਲ-ਅੰਦਾਜ਼ੀ ਨਹੀਂ ਕਰਦੇ ਸਨ। ਉਹਨਾਂ ਆਪਣੀ ਹੋਂਦ ਨੂੰ ਪਤੀ-ਇੱਛਾ ਵਿਚ ਇਸ ਤਰ੍ਹਾਂ ਲੀਨ ਕਰ ਲਿਆ ਸੀ ਕਿ ਉਹ ਆਪਣੇ ਆਪ ਨੂੰ ਵੱਖ ਸਮਝ ਕੇ ਚੱਲਣ ਨੂੰ ਵੀ ਔਗੁਣ ਸਮਝਦੇ ਸਨ, ਇਸ ਲਈ, ਉਹ ਪਤੀ ਨੂੰ ਪ੍ਰਗਟ ਹੋਣ ਵਰਗੀ ਗੱਲ ਕਹਿਣ ਦਾ ਹੌਂਸਲਾ ਵੀ ਨਹੀਂ ਸੀ ਕਰਦੇ। ਇੱਕ ਆਦਰਸ਼ ਭਾਰਤੀ ਇਸਤਰੀ ਵਾਂਗ ਉਹ ਪਤੀ ਦੇ ਚਰਨਾਂ ਵਿੱਚ ਹਰ ਹਾਲ ਵਿਚ ਖ਼ੁਸ਼ ਸਨ, ਇਸ ਤੋਂ ਵੱਧ ਉਹ ਕੁਝ ਲੋਚਦੇ ਵੀ ਨਹੀਂ ਸਨ। ਮਾਤਾ ਨਾਨਕੀ ਜਦੋਂ ਕੁਝ ਕਹਿੰਦੇ ਵੀ ਸਨ, ਤਾਂ ਬਾਬਾ ਤੇਗ਼ ਬਹਾਦਰ ਜੀ ਉਹਨਾਂ ਦੇ ਅੱਗੇ ਸਿਰ ਝੁਕਾਅ ਦਿੰਦੇ ਪਰ ਚੁੱਪ ਰਹਿ ਜਾਂਦੇ। ਸਥਿਤੀ ਦੀ ਗੰਭੀਰਤਾ ਉਲਝਣ ਬਣ ਗਈ ਸੀ।'

ਸੀਹਾਂ ਇੱਕ ਦਿਨ ਬਾਬਾ ਦੁਆਰਕਾ ਦਾਸ ਨੂੰ ਵੀ ਮਿਲਣ ਲਈ ਆਇਆ। ਉਸ ਦੀਆਂ ਦਲੀਲਾਂ ਤਾਂ ਪੁਰਾਣੀਆਂ ਹੀ ਸਨ ਪਰ ਚਾਂਦੀ ਦੀ ਤਸ਼ਤਰੀ ਵਿੱਚ ਪੇਸ਼ ਕੀਤੀਆਂ ਗਈਆਂ ਸਨ। ਉਹ ਬਾਬਾ ਦੁਆਰਕਾ ਦਾਸ ਨੂੰ ਦਸ ਹਜ਼ਾਰ ਅਸ਼ਰਫੀਆਂ ਰਿਸ਼ਵਤ ਵਜੋਂ ਦੇਣ ਲਈ ਵੀ ਤਿਆਰ ਹੋ ਗਿਆ ਸੀ। ਇੰਨੀ ਮੋਟੀ ਰਕਮ ਦਾ ਲਾਲਚ ਘਟ ਨਹੀਂ ਹੁੰਦਾ ਪਰ ਗੁਰੂ ਦੇ ਸਿੱਖਾਂ ਨੂੰ ਧਨ ਦੀ ਲਾਲਸਾ ਨਹੀਂ ਸੀ, ਉਹ ਤਾਂ ਗੁਰੂ ਦੇ ਦੱਸੇ ਮਾਰਗ ਉਤੇ ਤੁਰਨ ਦੇ ਅਭਿਲਾਸ਼ੀ ਸਨ, ਜਿੱਥੋਂ ਧਨ ਤੇ ਲੋਭ ਦੀ ਬੂ ਆਵੇ, ਉਥੋਂ ਅਧਿਆਤਮਕ ਸ਼ਾਂਤੀ ਨਹੀਂ ਮਿਲ

ਸਕਦੀ-ਧੀਰ ਮੱਲ ਦਾ ਛਲਾਵਾ ਇਸ ਗੱਲ ਤੋਂ ਹੀ ਸਪਸ਼ਟ ਉੱਘੜ ਰਿਹਾ ਸੀ। ਬਾਬਾ ਦੁਆਰਕਾ ਦਾਸ ਨੇ ਸੀਹਾਂ ਨੂੰ ਬੜੀ ਹਲੀਮੀ ਨਾਲ ਕਿਹਾ, 'ਭਾਈ ਸੀਹਾਂ, ਕਿਸੇ ਨੂੰ ਗੁਰੂ ਵਜੋਂ ਸਥਾਪਤ ਕਰਨਾ ਮੇਰੇ ਜਿਹੇ ਨਿਮਾਣੇ ਦੇ ਵੱਸ ਵਿੱਚ ਨਹੀਂ। ਗੁਰੂ ਆਪਣੀਆਂ ਅਧਿਆਤਮਕ ਪ੍ਰਾਪਤੀਆਂ ਕਰਕੇ ਹੀ ਬਣਿਆ ਜਾ ਸਕਦਾ ਹੈ-ਈਸ਼ਵਰ ਸੈਭੰ ਹੈ ਅਤੇ ਗੁਰੂ ਤੇ ਈਸ਼ਵਰ ਵਿੱਚ ਅਭੇਦ ਹੋਣ ਕਰਕੇ ਉਹ ਵੀ ਬਾਹਰੀ ਤਾਕਤਾਂ ਰਾਹੀਂ ਸਥਾਪਤ ਨਹੀਂ ਕੀਤਾ ਜਾ ਸਕਦਾ। ਅੱਠਵੇਂ ਪਾਤਸ਼ਾਹ ਦੀ ਜੋਤ ਨੌਵੇਂ ਪਾਤਸ਼ਾਹ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਉਹੀ ਆਪਣੇ ਆਪ ਨੂੰ ਪ੍ਰਗਟ ਕਰਨਗੇ, ਤਾਂ ਹੀ ਸਾਨੂੰ ਰਸਤਾ ਨਜ਼ਰ ਆ ਸਕਦਾ ਹੈ, ਸੀਹਾਂ ਸੁਣਿਆ ਨਹੀਂ ਤੂੰ।' ਗੁਰਬਾਣੀ ਵਿਚ ਗੁਰੂ ਜੀ ਨੇ ਫੁਰਮਾਇਆ ਹੈ ਨਾ –

*ਥਾਪਿਆ ਨ ਜਾਇ ਕੀਤਾ ਨ ਹੋਇ ॥*
*ਆਪੇ ਆਪਿ ਨਿਰੰਜਨੁ ਸੋਇ ॥*

ਉਧਰ ਗੁਰੂ ਦਾ ਇੱਕ ਸਿੱਖ ਮੱਖਣ ਸ਼ਾਹ ਗੁਰੂ ਜੀ ਦੀ ਖੋਜ ਵਿੱਚ ਦਿੱਲੀ ਪਹੁੰਚਿਆ। ਮੱਖਣ ਸ਼ਾਹ ਲੁਬਾਣਾ ਜ਼ਾਤ ਦਾ ਇੱਕ ਵਪਾਰੀ ਸੀ। ਜਿਹੜਾ ਮੁਗ਼ਲ ਫੌਜਾਂ ਨੂੰ ਨਦੀਆਂ ਦੇ ਰਸਤੇ ਰਸਦ ਆਦਿ ਪਹੁੰਚਾਉਣ ਦਾ ਵਪਾਰ ਕਰਦਾ ਸੀ। ਉਸਨੂੰ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀਜੋਤ ਸਮਾਉਣ ਦੀ ਸੂਚਨਾ ਨਹੀਂ ਸੀ ਅਤੇ ਦਰਅਸਲ ਉਹ ਦਿੱਲੀ ਉਹਨਾਂ ਦੇ ਦਰਸ਼ਨ ਕਰਨ ਅਤੇ ਆਪਣੀ ਮੰਨਤ ਪੂਰੀ ਕਰਨ ਲਈ ਆਇਆ ਸੀ। ਉਸਦਾ ਵਪਾਰ ਖ਼ੂਬ ਚਲਦਾ ਸੀ ਅਤੇ ਕਾਫ਼ੀ ਆਮਦਨੀ ਹੋਣ ਕਰਕੇ ਉਸ ਕੋਲ ਆਪਣੀ ਛੋਟੀ ਮੋਟੀ ਸੈਨਾ ਸੀ। ਇੰਜ ਹੋਣਾ ਸੁਭਾਵਿਕ ਸੀ। ਵਪਾਰ ਸਮੱਗਰੀ ਨੂੰ ਧਾੜਵੀਆਂ ਤੇ ਲੁਟੇਰਿਆਂ ਤੋਂ ਬਚਾਉਣ ਵਾਸਤੇ ਉਸਨੂੰ ਕਈ ਬਲਵਾਨ ਯੋਧੇ ਨੌਕਰੀ ਰੱਖਣੇ ਹੀ ਪੈਂਦੇ ਸਨ। ਇਸ ਲਈ ਉਸਦਾ ਪੂਰਾ ਕਾਫ਼ਲਾ ਘੋੜਿਆਂ, ਊਠਾਂ, ਰੱਥਾਂ, ਗੱਡਿਆਂ, ਭੇਡਾਂ ਤੇ ਸੈਂਕੜੇ ਮਨੁੱਖਾਂ ਦਾ ਸਮੂਹ ਸੀ। ਦਿੱਲੀ ਵਿਖੇ ਗੁਰੂ ਜੀ ਦੀ ਹਜ਼ੂਰੀ ਵਿਚ ਉਹ ਆਪਣਾ ਇੱਕ ਸੰਕਲਪ ਪੂਰਾ ਕਰਨ ਲਈ ਪਹੁੰਚਿਆ ਸੀ - ਗੱਲ ਇੰਜ ਸੀ ਕਿ ਆਪਣੇ ਵਪਾਰ ਦੇ ਸਿਲਸਿਲੇ ਵਿਚ ਉਸ ਆਪਣਾ ਇੱਕ ਜਹਾਜ਼ ਲੱਦ ਕੇ ਨਦੀ ਦੇ ਦਹਾਨੇ ਕੋਲ ਸਾਗਰ ਦੇ ਕੰਢੇ ਦੇ ਨਾਲ ਨਾਲ ਅਜੇ ਰਵਾਨਾ ਹੀ ਕੀਤਾ ਸੀ ਕਿ ਸਮੁੰਦਰ ਵਿੱਚ ਤੂਫਾਨ ਆ ਗਿਆ। ਜਹਾਜ਼ ਡਾਵਾਂਡੋਲ ਹੋਣ ਲੱਗ ਗਿਆ। ਮੱਖਣ ਸ਼ਾਹ ਆਪ ਜਹਾਜ਼ ਵਿਚ ਸਵਾਰ ਸੀ, ਹਾਲਤ ਅਜਿਹੀ ਹੋ ਗਈ ਕਿ ਜਹਾਜ਼ ਦਾ ਡੁੱਬਣਾ ਲਗਭਗ ਯਕੀਨੀ ਹੋ ਗਿਆ। ਸਾਰੇ ਲੋਕਾਂ ਨੂੰ ਆਪਣੀ ਆਪਣੀ ਜਾਨ ਦੇ ਲਾਲੇ ਪੈ ਗਏ। ਮੱਖਣ ਸ਼ਾਹ ਵੀ ਘਬਰਾਇਆ, ਲੱਖਾਂ ਦਾ ਮਾਲ, ਫਿਰ ਕੀਮਤੀ ਜਾਨ-ਦੋਹਾਂ ਦੀ ਸੁਰੱਖਿਆ ਅਸੰਭਵ ਪ੍ਰਤੀਤ ਹੋਈ। ਗੁਰੂ ਦਾ ਸਿੱਖ ਸੀ। ਨਿਸ਼ਚੇ ਦਾ ਸਹਾਰਾ ਲੈ ਕੇ ਅਰਜ਼ੋਈ ਕਰਨ ਲੱਗ ਪਿਆ। 'ਵਾਹਿਗੁਰੂ, ਮੇਰੇ ਮਾਲਕ, ਰੱਖਿਆ ਕਰੋ, ਮੈਨੂੰ ਪਾਪੀ ਨੂੰ ਬਖ਼ਸ਼ ਦਿਓ ਮੇਰੇ ਗੁਰਦੇਵ! ਮੇਰਾ ਜਹਾਜ ਤੁਫਾਨ ਵਿੱਚੋਂ ਬਚਾ ਲਵੋ, ਆਪਣੇ ਚਰਨਾਂ ਵਿੱਚ ਹਾਜ਼ਰ ਹੋ ਕੇ ਪੰਜ ਸੌ ਅਸ਼ਰਫੀਆਂ ਭੇਂਟਾ ਕਰਾਂਗਾ।'

ਕੁਦਰਤ ਦਾ ਭਾਣਾ-ਪਰਮਾਤਮਾ ਨੇ ਉਸਦੀ ਅਰਜ਼ ਸੁਣ ਲਈ ਅਤੇ ਤੂਫਾਨ ਟਲ ਗਿਆ। ਡੁਬਦਾ ਡੁਬਦਾ ਬੇੜਾ ਕੰਢੇ ਲੱਗ ਗਿਆ। ਸਭ ਦੇ ਸਾਹ ਵਿੱਚ ਸਾਹ ਆਇਆ। ਸਾਰਿਆਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਮੱਖਣ ਸ਼ਾਹ ਤਾਂ ਗੁਰੂ ਚਰਨਾਂ ਵਿੱਚ ਹਾਜ਼ਰੀ ਭਰਨ ਲਈ ਉਤਾਵਲਾ ਹੋ ਗਿਆ। ਸੱਚੇ ਮਨੋਂ ਉਸ ਦੀ ਕੀਤੀ ਗਈ ਅਰਦਾਸ ਕਬੂਲ ਹੋਈ ਸੀ, ਵਾਹਿਗੁਰੂ ਨੇ ਉਸ ਉਤੇ ਕਿਰਪਾ ਕੀਤੀ ਸੀ। ਇਸ ਲਈ, ਉਹ ਫੁੱਲਿਆ ਨਹੀਂ ਸੀ ਸਮਾ ਰਿਹਾ। ਫਿਰ ਚਰਨਾਂ ਵਿੱਚ ਹਾਜ਼ਰ ਹੋ ਕੇ ਅਸ਼ਰਫ਼ੀਆਂ ਭੇਟ ਕਰਨ ਦਾ ਆਪਣਾ ਸੰਕਲਪ ਪੂਰਾ ਕਰਨ ਵਾਸਤੇ ਉਹ ਦਿੱਲੀ ਵੱਲ ਆਇਆ ਸੀ।

'ਕੀ ਸਿੱਖ ਧਰਮ ਇਸ ਤਰ੍ਹਾਂ ਦੇ ਚਮਤਕਾਰ ਵਿਚ ਵਿਸ਼ਵਾਸ ਕਰਦਾ ਹੈ ?' ਰਹਿਮਾਨ ਨੇ ਪੁੱਛਿਆ।

'ਨਹੀਂ, ਸਿੱਖ ਧਰਮ ਚਮਤਕਾਰ ਵਿੱਚ ਵਿਸ਼ਵਾਸ ਨਹੀਂ ਕਰਦਾ ਪਰ ਪਰਮਾਤਮਾ ਨੂੰ ਹਮੇਸ਼ਾ ਆਪਣੇ ਪਿਆਰਿਆਂ ਦੇ ਅੰਗ ਸੰਗ ਮੰਨਦਾ ਹੈ। ਸੱਚੇ ਦਿਲੋਂ ਕੀਤੀ ਗਈ ਕੋਈ ਵੀ ਪ੍ਰਾਰਥਨਾ ਉਸ ਤੱਕ ਜ਼ਰੂਰ ਅੱਪੜਦੀ ਹੈ, ਇਹ ਉਸਦੀ ਕਿਰਪਾ ਉਤੇ ਨਿਰਭਰ ਕਰਦਾ ਹੈ ਕਿ ਉਹ ਕਿਹੋ ਜਿਹਾ ਭਾਣਾ ਵਰਤਾ ਦੇਵੇ ਜਾਂ ਕਿਸ ਤਰ੍ਹਾਂ ਦੀ ਘਟਨਾ ਵਾਪਰੇ। '

'ਪਰ ਜੇਕਰ ਪਰਮਾਤਮਾ ਕਿਸੇ ਆਦਮੀ ਦੀ ਬੇਨਤੀ ਉੱਤੇ ਉਸ ਦੇ ਮੁਤਾਬਿਕ ਕੁਝ ਕਰ ਦੇਵੇ, ਇਹ ਤਾਂ ਆਮ ਤੌਰ ਤੇ ਵੇਖਿਆ ਨਹੀਂ ਜਾਂਦਾ। ਕੀ ਸਿੱਖ ਧਰਮ ਕਿਸੇ ਅਜਿਹੀ ਖ਼ਾਸ ਰੂਹਾਨੀ ਤਾਕਤ ਨੂੰ ਮੰਨਦਾ ਹੈ ? ਇੱਕ ਹੋਰ ਸਰੋਤਾ ਨੇ ਵਿੱਚੋਂ ਟੋਕਿਆ।'

ਜਿਸ ਤਰ੍ਹਾਂ ਆਪ ਦਾ ਅਕੀਦਾ ਹੈ ਕਿ ਪਰਮਾਤਮਾ ਪਿਆਰ ਨਾਲ ਬੱਝ ਜਾਂਦਾ ਹੈ ਤੇ ਨੇੜੇ ਆਉਂਦਾ ਹੈ, ਉਹ ਆਪਣੇ ਆਸ਼ਿਕ ਦੀ ਰਜ਼ਾ ਉਤੇ ਕੁਝ ਵੀ ਕਰ ਸਕਦਾ ਹੈ। ਉਂਝ ਹੀ ਸਿੱਖਾਂ ਵਿੱਚ ਇਹ ਵਿਸ਼ਵਾਸ ਹੈ ਕਿ ਪਰਮਾਤਮਾ ਸੱਚੇ ਤੇ ਈਸ਼ਵਰ ਪ੍ਰੇਮੀ ਜੀਅ ਦੀ ਪੁਕਾਰ ਸੁਣਦਾ ਹੈ ਅਤੇ ਕਿਰਪਾ ਕਰਕੇ ਉਸਦੀ ਮੰਗ ਵੀ ਪੂਰੀ ਕਰ ਦਿੰਦਾ ਹੈ। ਕਿਉਂ ਪੀਰ ਸਾਹਿਬ ਆਪ ਦਾ ਕੀ ਵਿਚਾਰ ਹੈ ?' ਭਾਈ ਗੁਰਦਿੱਤਾ ਜੀ ਨੇ ਵਿਚਾਰਾਂ ਵਿੱਚ ਡੁੱਬੇ ਪੀਰ ਕਰੀਮ ਬਖ਼ਸ਼ ਦਾ ਧਿਆਨ ਆਪਣੇ ਵੱਲ ਖਿੱਚਿਆ।

'ਤੁਸੀਂ ਠੀਕ ਕਹਿੰਦੇ ਹੋ, ਭਰਾਵਾ, ਜਿੰਨ੍ਹਾਂ ਵਿੱਚ ਰੂਹਾਨੀ ਤਾਕਤਾਂ ਜਾਗਦੀਆਂ ਹਨ, ਪਰਮਾਤਮਾ ਉਹਨਾਂ ਤੋਂ ਦੂਰ ਨਹੀਂ ਹੁੰਦਾ। ਉਹਨਾਂ ਦੇ ਪਿਆਰ ਵਿਚ ਬੱਝਾ ਉਹ ਉਹਨਾਂ ਦੀ ਹਰ ਲੋੜ ਪੂਰਦਾ ਹੈ।'

'ਬੱਸ, ਇਸ ਲਈ ਮੱਖਣ ਸ਼ਾਹ ਦੀ ਅਰਜ਼ੋਈ ਪ੍ਰਵਾਨ ਹੋ ਗਈ-ਸੰਕਲਪ ਤਾਂ ਇੱਕ ਵੱਖਰੀ ਗੱਲ ਹੈ, ਪਰਮਾਤਮਾ ਧਨ ਦਾ ਭੁੱਖਾ ਨਹੀਂ, ਉਹ ਤਾਂ ਸੱਚੇ ਭਾਵ ਦਾ ਭੁੱਖਾ ਹੈ। ਧਨ ਦੀ ਭੇਟਾ, ਉਸ ਭਾਵ ਦਾ ਵਿਹਾਰਕ ਪੱਖ ਸੀ - ਉਹ ਤਾਂ ਈਸ਼ਵਰ ਦੇ ਨਾਂ ਉੱਤੇ ਜਨ-ਕਲਿਆਣ ਲਈ ਦਿੱਤਾ ਜਾਣ ਵਾਲਾ ਧਨ ਸੀ।

'ਦਿੱਲੀ ਪਹੁੰਚਣ ਤੇ ਮੱਖਣ ਸ਼ਾਹ ਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਕਿ ਗੁਰੂ ਹਰਿਕ੍ਰਿਸ਼ਨ ਜੀ ਜੋਤੀਜੋਤ ਸਮਾ ਗਏ ਹਨ ਅਤੇ ਉਹਨਾਂ ਦੇ ਉਤਰਾਧਿਕਾਰੀ ਬਕਾਲਾ ਵਿਚ ਪ੍ਰਗਟ ਹੋਣ ਵਾਲੇ ਹਨ। ਜਿਗਿਆਸਾ ਦੀ ਡੋਰ ਵਿਚ ਬੱਝਾ ਅਤੇ ਆਪਣੇ ਸੰਕਲਪ ਪੂਰਤੀ ਦੇ ਆਦਰਸ਼ ਦੀ ਖੋਜ ਵਿੱਚ ਉਹ ਦਿੱਲੀ ਤੋਂ ਬਕਾਲਾ ਵਾਸਤੇ ਚੱਲ ਪਿਆ। ਬਕਾਲਾ ਪਿੰਡ ਦੇ ਬਾਹਰ ਹੀ ਉਸਨੇ ਆਪਣੇ ਪੂਰੇ ਕਾਫ਼ਲੇ ਦਾ ਪੜਾਅ ਲਾ ਦਿੱਤਾ। ਤੰਬੂ ਗੱਡ ਦਿੱਤੇ ਗਏ। ਫ਼ੌਜੀ ਆਪਣੀ ਆਪਣੀ ਜਗ੍ਹਾ ਨਿਯੁਕਤ ਹੋਏ, ਪਸ਼ੂਆਂ ਦੀਆਂ ਘੰਟੀਆਂ ਸੁਣਨ ਲੱਗੀਆਂ ਅਤੇ ਹੌਲੀ-ਹੌਲੀ ਭੋਜਨ ਦਾ ਪ੍ਰਬੰਧ ਕਰਨ ਦੀ ਨੱਠ-ਭੱਜ ਵਿੱਚ ਤੰਬੂਆਂ ਵਿੱਚੋਂ ਧੂੰਆਂ ਉੱਠਣ ਲੱਗ ਪਿਆ। ਵੇਖਦਿਆਂ ਵੇਖਦਿਆਂ ਬਕਾਲਾ ਦੀਆਂ ਬਾਹਰਲੀਆਂ ਸੀਮਾਵਾਂ ਉੱਤੇ ਇੱਕ ਛੋਟਾ ਜਿਹਾ ਪਿੰਡ ਵਸ ਗਿਆ।

ਬਿਨਾਂ ਕੋਈ ਸਮਾਂ ਗੁਆਏ, ਮੱਖਣ ਸ਼ਾਹ ਨੇ ਗੁਰੂ ਦੀ ਖੋਜ ਸ਼ੁਰੂ ਕੀਤੀ। ਆਪਣੇ ਚਾਰ-ਪੰਜ ਭਰੋਸੇ ਵਾਲੇ ਫ਼ੌਜੀਆਂ ਨੂੰ ਨਾਲ ਲੈ ਕੇ ਉਹ ਬਕਾਲਾ ਪਿੰਡ ਵਿੱਚ ਆਇਆ। ਪਿੰਡ ਵਾਲਿਆਂ ਨੂੰ ਪੁੱਛਣ ਉਤੇ ਜਦੋਂ ਉਸਨੂੰ ਉਥੇ ਬਾਈ ਆਪੇ ਬਣੇ ਬੈਠੇ ਗੁਰੂਆਂ ਦਾ ਪਤਾ ਲੱਗਾ, ਤਾਂ ਉਸਨੂੰ ਬਹੁਤ ਹੈਰਾਨੀ ਹੋਈ। ਮੱਖਣ ਸ਼ਾਹ ਉੱਚਾ, ਲੰਬਾ ਤੇ ਤਕੜੀ ਸਿਹਤ ਵਾਲਾ ਆਦਮੀ ਸੀ। ਉਸਦੀ ਕੀਮਤੀ ਪੁਸ਼ਾਕ ਅਤੇ ਨਾਲ ਚਲਦੇ ਫ਼ੌਜੀਆਂ ਨੂੰ ਵੇਖ ਕੇ ਕੋਈ ਵੀ ਉਸਦੇ ਅਮੀਰ ਹੋਣ ਦਾ ਅੰਦਾਜ਼ਾ ਲਾ ਸਕਦਾ ਸੀ। ਉਥੇ ਉਸਨੂੰ ਗੁਰੂ ਦੀ ਖੋਜ ਕਰਦਾ ਵੇਖ ਕੇ ਸਾਰੇ ਢੌਂਗੀ ਗੁਰੂਆਂ ਦੇ ਪ੍ਰਤੀਨਿਧ ਉਸਦੇ ਅੱਗੇ ਪਿੱਛੇ ਘੁੰਮਣ ਲੱਗ ਪਏ। ਸਭ ਤੋਂ ਵੱਧ ਤਰਲਾ ਸੀਹਾਂ ਨੇ ਲਿਆ। ਉਹ ਮੱਖਣ ਸ਼ਾਹ ਕੋਲ ਗਿਆ।

'ਕੋਈ ਭਾਈ ਜੀ, ਤੁਸੀਂ ਗੁਰੂ ਦੀ ਭਾਲ ਵਿੱਚ ਇਧਰ ਉਧਰ ਕਿਉਂ ਘੁੰਮ ਰਹੇ ਹੋ। ਚਲੋ! ਮੈਂ ਤੁਹਾਨੂੰ ਗੁਰੂ ਦੀ ਸ਼ਰਨ ਵਿੱਚ ਲੈ ਚਲਦਾ ਹਾਂ।'

'ਕੌਣ ਗੁਰੂ, ਮੈਂ ਤਾਂ ਇੱਕੋ ਸੁਣਿਆ ਹੈ ਕਿ ਬਾਈ ਗੁਰੂ ਬਣੇ ਬੈਠੇ ਹਨ, ਗੁਰੂ ਹਰਿਕ੍ਰਿਸ਼ਨ ਜੀ ਦਾ ਅਸਲੀ ਵਾਰਸ ਕੌਣ ਹੈ, ਇਹ ਕਿਸ ਤਰ੍ਹਾਂ ਪਤਾ ਲੱਗੇ ?'

'ਕਿਉਂ, ਇਹ ਤਾਂ ਬਹੁਤ ਸੌਖਾ ਹੈ। ਅੱਠਵੇਂ ਪਾਤਸ਼ਾਹ ਨੇ ਸਰੀਰ ਤਿਆਗਣ ਵੇਲੇ ਸਪਸ਼ਟ ਕਿਹਾ ਸੀ ਕਿ 'ਬਾਬਾ ਬਕਾਲੇ' ਅਗਲੇ ਗੁਰੂ ਹੋਣਗੇ। ਬਕਾਲਾ ਵਿੱਚ 'ਬਾਬਾ' ਧੀਰ ਮੱਲ ਤੋਂ ਇਲਾਵਾ ਹੋਰ ਕੌਣ ਹੈ ? ਧੀਰ ਮੱਲ ਵੈਸੇ ਵੀ ਗੁਰੂ ਹਰਿਕ੍ਰਿਸ਼ਨ ਜੀ ਦੇ ਤਾਇਆ ਜੀ ਸਨ, ਸੋਢੀ ਪਰਿਵਾਰ ਦੇ ਇੱਕੋ ਇੱਕ ਮੈਂਬਰ ਜਿਹੜੇ ਇਸ ਪਿੰਡ ਵਿਚ ਹਨ, ਉਹ ਹੀ ਹਨ। ਫ਼ਿਰ ਪੋਥੀ ਸਾਹਿਬ ਦੀ ਅਸਲ ਬੀੜ ਉਹਨਾਂ ਕੋਲ ਹੀ ਹੈ, ਇਸ ਪੱਖੋਂ ਵੀ ਗੁਰੂ-ਪਦ ਉਤੇ ਉਹਨਾਂ ਦਾ ਹੱਕ ਹੈ।'

'ਇਹ ਸਾਰੀਆਂ ਗੱਲਾਂ ਤਾਂ ਧੀਰ ਮੱਲ ਦੇ ਪੱਖ ਵਿੱਚ ਹਨ ਪਰ ਕੀ ਬਾਕੀ ਇੱਕੀ ਗੁਰੂਆਂ ਨੂੰ ਇਸ ਦਾ ਗਿਆਨ ਨਹੀਂ ?'

'ਪਤਾ ਕਿਉਂ ਨਹੀਂ ? ਸੁਆਰਥ ਤੇ ਲਾਲਚ ਵਿਚ ਅੰਨ੍ਹੇ ਹੋਏ ਇਹ ਜ਼ੋਰੀਂ ਧੀਰ ਮੱਲ ਜੀ ਨੂੰ ਉਹਨਾਂ ਦੇ ਅਸਲੀ ਹੱਕ ਤੋ ਵਾਂਝਿਆਂ ਰੱਖਣਾ ਚਾਹੁੰਦੇ ਹਨ। ਆਪ ਵਰਗੇ ਗੁਰੂ ਦੇ ਪਿਆਰੇ ਸਿੱਖ ਹੀ ਉਹਨਾਂ ਦੀਆਂ ਨਜ਼ਰਾਂ ਤੋਂ ਪੱਟੀ ਲਾਹ ਸਕਣਗੇ'- ਸੀਹਾਂ ਨੇ ਬੜੀ ਅਧੀਨਗੀ ਨਾਲ ਮੱਖਣ ਸ਼ਾਹ ਨੂੰ ਉਕਸਾਂਦਿਆਂ ਕਿਹਾ।

ਮੱਖਣ ਸ਼ਾਹ ਧੀਰ ਮੱਲ ਦੇ ਸਥਾਨ ਉਤੇ ਜਾਣ ਵਾਸਤੇ ਤਿਆਰ ਹੋ ਗਿਆ। ਸੀਹਾਂ ਖੁਸ਼ ਸੀ ਕਿਉਂਕਿ ਚੰਗੀ ਮੋਟੀ ਮੁਰਗੀ ਨੂੰ ਫਸਾਉਣ ਵਿੱਚ ਉਹ ਕਾਮਯਾਬ ਹੋਇਆ ਸੀ। ਰਸਤੇ ਵਿਚ ਉਹ ਬੜੀਆਂ ਚਾਪਲੂਸੀ ਦੀਆਂ ਗੱਲਾਂ ਕਰਦਾ ਰਿਹਾ ਅਤੇ ਮੱਖਣ ਸ਼ਾਹ ਮਨ ਵਿਚ ਸੱਚ ਤੇ ਝੂਠ ਦਾ ਨਿਸਤਾਰਾ ਕਰਨ ਦੀ ਵਿਉਂਤ ਗੁੰਦਦਾ ਰਿਹਾ। ਮੱਖਣ ਸ਼ਾਹ ਨੂੰ ਸੀਹਾਂ ਨਾਲ ਆਉਂਦੇ ਵੇਖ ਕੇ ਧੀਰ ਮੱਲ ਬਗਲੇ ਵਾਂਗ ਲਗਭਗ ਸਮਾਧੀ ਦੀ ਹਾਲਤ ਵਿਚ ਬੈਠ ਗਿਆ। ਅੱਧੀਆਂ ਮੀਚੀਆਂ ਅੱਖਾਂ ਨਾਲ ਮੋਟੀ ਮੱਛੀ ਨੂੰ ਆਪਣੇ ਵੱਲ ਵਧਦਾ ਤੱਕਦਾ ਰਿਹਾ। ਮੱਖਣ ਸ਼ਾਹ ਨੇ ਸਤਿਕਾਰ ਵਜੋਂ ਧੀਰ ਮੱਲ ਅੱਗੇ ਪੰਜ ਸੋਨੇ ਦੀਆਂ ਮੋਹਰਾਂ ਭੇਟ ਕਰਕੇ ਪ੍ਰਣਾਮ ਕੀਤਾ। ਧੀਰਮੱਲ ਨੇ ਪਹੁੰਚੇ ਹੋਏ ਮਹਾਤਮਾ ਵਾਂਗ ਨਾਟਕ ਕਰਦਿਆਂ ਮੱਖਣ ਸ਼ਾਹ ਨੂੰ ਅਸ਼ੀਰਵਾਦ ਦਿੱਤਾ ਅਤੇ ਬੈਠਣ ਲਈ ਇਸ਼ਾਰਾ ਕੀਤਾ।

ਮੱਖਣ ਸ਼ਾਹ ਹੰਢਿਆ ਹੋਇਆ ਆਦਮੀ ਸੀ। ਵਪਾਰ ਦੇ ਸਿਲਸਿਲੇ ਵਿੱਚ ਉਹ ਅਨੇਕ ਕਿਸਮ ਦੇ ਲੋਕਾਂ ਨੂੰ ਮਿਲਦਾ ਅਤੇ ਉਹਨਾਂ ਨੂੰ ਪਰਖਦਾ ਰਹਿੰਦਾ ਸੀ। ਸੀਹੇਂ ਦੀ ਗੱਲ ਸੁਣ ਕੇ ਉਹ ਆ ਤਾਂ ਗਿਆ ਸੀ ਪਰ ਉਹ ਜਾਣਨਾ ਚਾਹੁੰਦਾ ਸੀ ਕਿ ਉਸ ਦੇ ਸਾਹਮਣੇ ਗੁਰਗੱਦੀ ਉਤੇ ਬੈਠਣ ਵਾਲੇ ਵਿਅਕਤੀ ਵਿਚ ਗੁਰੂ-ਗੁਣ ਕਿਥੋਂ ਤੱਕ ਵਿਦਮਾਨ ਹਨ ਅਤੇ ਉਸ ਧੀਰ ਮੱਲ ਨਾਲ ਵਾਰਤਾ ਅਰੰਭੀ-ਗੁਰਦੇਵ ਤੁਸੀਂ ਆਪ ਨੂੰ ਕਿਉਂ ਨਹੀਂ ਪ੍ਰਗਟ ਕਰਦੇ ? ਸਿੱਖ ਸੰਗਤ ਸੱਚੇ ਗੁਰੂ ਨੂੰ ਨਾ ਲੱਭ ਕੇ ਕਿੰਨੀ ਵਿਆਕੁਲ ਹੈ ਅਤੇ ਆਪ ਇਸ ਤਰ੍ਹਾਂ ਸ਼ਾਂਤ ਸਮਾਧੀ ਲਾਈ ਬੈਠੇ ਹੋ, ਕਿਉਂ ਤੁਸੀਂ ਖੁੱਲ੍ਹ ਕੇ ਆਪਣੇ ਆਪ ਨੂੰ ਸੰਗਤ ਦੇ ਸਾਹਮਣੇ ਪ੍ਰਗਟ ਨਹੀਂ ਕਰਦੇ? '

'ਸੰਗਤ ਮੂਰਖ ਹੈ, ਸੱਚਾਈ ਨੂੰ ਪਛਾਣਦੀ ਨਹੀਂ। ਕੋਈ ਕਿਸੇ ਵੱਲ ਅਤੇ ਕੋਈ ਕਿਸੇ ਪਿੱਛੇ ਲੱਗਾ ਫਿਰਦਾ ਹੈ, ਸਿੱਖਾਂ ਨੇ ਪਿਛਲੇ ਗੁਰੂ ਦਾ ਹੁਕਮ ਭੁਲਾ ਦਿੱਤਾ ਹੈ ਅਤੇ ਅਸਲੀਅਤ ਨੂੰ ਛੱਡ ਕੇ ਮਕਾਰ ਤੇ ਲੋਂਗੀਆਂ ਪਿੱਛੇ ਦੌੜੇ ਫਿਰਦੇ ਹਨ।' ਧੀਰ ਮੱਲ ਨੇ ਪੂਰੀ ਕੋਸ਼ਿਸ਼ ਕਰਕੇ ਮਿੱਠੇ ਸ਼ਬਦਾਂ ਵਿੱਚ ਮੱਖਣ ਸ਼ਾਹ ਨੂੰ ਸਮਝਾਉਣਾ ਚਾਹਿਆ।'

'ਮੱਖਣ ਸ਼ਾਹ ਸੰਗਤ ਨੂੰ ਮੂਰਖ ਕਹੇ ਜਾਣ ਉਤੇ ਝੁੰਜਲਾਇਆ। ਵਿਚਾਰਨ ਲੱਗਾ, ਸੱਚੇ ਪਾਤਸ਼ਾਹ ਨੇ ਤਾਂ ਕਿਹਾ ਸੀ -

*ਗੁਰੂ ਰਸਨਾ ਅੰਮ੍ਰਿਤ ਬੋਲਦੀ ਹਰਿ ਨਾਮਿ ਸੁਹਾਵੀ ॥*

*ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥*

ਪਰ ਸੰਗਤ ਬਾਰੇ ਇਹ ਕੌੜੇ ਸ਼ਬਦ ਕਹਿਣ ਵਾਲਾ ਵਿਅਕਤੀ ਵਾਸਤਵ ਵਿੱਚ ਗੁਰੂ?'

'ਗੁਰਦੇਵ, ਆਪ ਠੀਕ ਕਹਿੰਦੇ ਹੋ। ਅਸਲੀਅਤ ਤੋਂ ਦੂਰ ਰਹਿ ਕੇ ਇੱਧਰ ਉੱਧਰ ਸਮਾਂ ਤੇ ਧਨ ਫਜ਼ੂਲ ਖ਼ਰਚ ਕਰਨ ਵਾਲੀ ਸੰਗਤ ਮੂਰਖ ਹੀ ਤਾਂ ਹੈ ਪਰ ਤੁਸੀਂ ਤਾਂ ਅੰਤਰਜਾਮੀ ਹੋ, ਉਹਨਾਂ ਦੇ ਮਨ ਵਿੱਚ ਕਿਉਂ ਅਨੁਕੂਲ ਪ੍ਰੇਰਨਾ ਪੈਦਾ ਨਹੀਂ ਕਰਦੇ। ਉਹ ਵੀ ਵਿਚਾਰੇ ਇਸ਼ਟ ਸਬੰਧੀ ਪੈਦਾ ਹੋ ਚੁੱਕੇ ਦਵੰਦ ਤੋਂ ਬਚ ਸਕਣਗੇ। ਇਸ ਤਰ੍ਹਾਂ ਮੱਖਣ ਸ਼ਾਹ ਨੇ ਜਾਂਚਣ ਵਾਸਤੇ ਧੀਰ ਮੱਲ ਨੂੰ ਕੁਝ ਹੋਰ ਉਕਸਾਇਆ। *'ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।* ' ਵਾਲੀ ਗੁਰੂ ਦੀ ਪਹਿਚਾਨ ਭੁਲਾ ਕੇ ਸੰਗਤ ਬੇਲੋੜੀ ਅਸਥਿਰਤਾ ਦਾ ਟਾਕਰਾ ਕਰ ਰਹੀ ਹੈ, ਆਪ ਹੀ ਉਸਦਾ ਅਸਲੀ ਅੰਦਾਜ਼ਾ ਲਾ ਸਕਦੇ ਹੋ। '

'ਮੈਂ ਯਤਨ ਕਰ ਰਿਹਾ ਹਾਂ, 'ਧੀਰ ਮੱਲ ਨੇ ਦੁਖੀ ਹੋਣ ਦਾ ਵਿਖਾਵਾ ਕਰਦਿਆਂ ਆਖਿਆ, 'ਸੀਹਾਂ ਮੇਰਾ ਬੜਾ ਸਹਿਯੋਗੀ ਹੈ। ਅਜੇ ਤਾਂ ਸਿਰਫ਼ ਉਸਦੇ ਆਸਰੇ ਹੀ ਗੁਜ਼ਾਰਾ ਚੱਲ ਰਿਹਾ ਹੈ, ਸ਼ਾਇਦ ਤੇਰੇ ਆਉਣ ਕਰਕੇ ਹੋਰ ਸਿੱਖ ਵੀ ਆਉਣ ਲੱਗ ਜਾਣ।'

ਮੱਖਣ ਸ਼ਾਹ ਨੂੰ ਦੂਜੀ ਠੇਸ ਲੱਗੀ, 'ਗੁਰੂ' ਦਾ ਗੁਜ਼ਾਰਾ ਸੀਹਾਂ ਦੇ ਸਹਾਰੇ ਚਲਦਾ ਹੈ। ਪਰਮਾਤਮਾ ਪ੍ਰਤੀ ਇੰਨੀ ਨਾ ਸ਼ੁਕਰ ਗੁਜਾਰੀ ਗੁਰੂ-ਸਿੱਖ ਮੱਖਣ ਨੂੰ ਚੰਗੀ ਨਾ ਲੱਗੀ। ਉਹ ਦਿਲ ਵਿਚ ਹੀ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਦੀਆਂ ਪੰਗਤੀਆਂ ਦੁਹਰਾਉਣ ਲੱਗਾ -

*ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥*
*ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥*

'ਗੁਰੂ ਦਾ ਅਭਿਨੇ ਕਰਨ ਵਾਲੇ ਵਿਅਕਤੀ ਦੀ ਸ਼ਰਨ ਵਿਚ ਮੱਖਣ ਸ਼ਾਹ ਦੀ ਉਤਸੁਕਤਾ ਲੱਗ ਗਈ ਸੀ। ਉਸਦਾ ਵਿਸ਼ਵਾਸ ਡੋਲ ਗਿਆ। ਹੁਣ ਉਸ ਧੀਰ ਮੱਲ ਨੂੰ ਪਛਾਣਨ ਵਾਸਤੇ ਜਿਗਿਆਸਾ ਪੂਰਨ ਸਪਸ਼ਟ ਪ੍ਰਸ਼ਨ ਕੀਤਾ, 'ਮੈ ਇੱਕ ਵਿਸ਼ੇਸ਼ ਸੰਕਲਪ ਲੈ ਕੇ ਆਪ ਦੀ ਸ਼ਰਨ ਆਇਆ ਸੀ, ਕਿਰਪਾ ਕਰਕੇ ਮੈਨੂੰ ਰਾਹ ਦੱਸੋ ਗੁਰੂਦੇਵ ! ਮੈਂ ਆਪਣੇ ਸੰਕਲਪ ਨੂੰ ਕਿਵੇਂ ਪੂਰਾ ਕਰ ਸਕਾਂਗਾ। '

'ਕਿਸ ਤਰ੍ਹਾਂ ਦਾ ਸੰਕਲਪ ?'

'ਆਪ ਜਾਣੀਜਾਣ ਹੋ ! ਆਪ ਜੀ ਨੂੰ ਕੀ ਕਹਾਂ ?'

ਧੀਰ ਮੱਲ ਨੇ ਮੌਕਾ ਸੰਭਾਲਣ ਵਾਸਤੇ ਅਜਿਹਾ ਨਾਟਕ ਕੀਤਾ ਜਿਵੇਂ ਉਹ ਸੱਚਮੁੱਚ ਮੱਖਣ ਸ਼ਾਹ ਦੇ ਸੰਕਲਪ ਨੂੰ ਪਛਾਣ ਗਿਆ ਹੋਵੇ, ਬੋਲਿਆ, 'ਮੇਰਾ ਆਸ਼ੀਰਵਾਦ ਹੈ ਭਾਈ,

ਤੇਰਾ ਸੰਕਲਪ ਜ਼ਰੂਰ ਪੂਰਾ ਹੋਵੇਗਾ। ਪਰਮਾਤਮਾ ਤੇਰਾ ਕੰਮ ਬਣਾਵੇਗਾ। ਤੁਸੀਂ ਬਿਲਕੁਲ ਚਿੰਤਾ ਨਾ ਕਰੋ। ਰੋਜ਼ ਦਰਬਾਰ ਵਿਚ ਆਉਂਦੇ ਰਹੋ, ਗੁਰੂ ਮਿਹਰ ਕਰੇਗਾ।'

ਮੱਖਣ ਸ਼ਾਹ ਹੱਕਾ ਬੱਕਾ ਰਹਿ ਗਿਆ। ਉਹ ਸਮਝਦਾ ਸੀ ਕਿ ਜੇਕਰ ਧੀਰ ਮੱਲ ਸੱਚਮੁੱਚ ਗੁਰੂ ਹਰਿਕ੍ਰਿਸ਼ਨ ਜੀ ਦਾ ਉਤਰਾਧਿਕਾਰੀ ਹੈ, ਤਾਂ ਉਸਨੂੰ ਅੰਦਰੂਨੀ ਜੋਤੀ ਨਾਲ ਸਮਝ ਲੈਣਾ ਚਾਹੀਦਾ ਸੀ ਕਿ ਉਸਦਾ ਸੰਕਲਪ ਸੱਚੇ ਗੁਰੂ ਅੱਗੇ ਪੂਰੀਆਂ ਪੰਜ ਸੌ ਮੋਹਰਾਂ ਭੇਂਟ ਕਰਨ ਦਾ ਹੈ। ਧੀਰ ਮੱਲ ਕੋਲ ਅਜਿਹੀ ਦੈਵੀ ਦ੍ਰਿਸ਼ਟੀ ਨਹੀਂ ਸੀ, ਇਸ ਲਈ ਉਹ ਆਪਣੇ ਅਭਿਨੈ ਨਾਲ ਸੱਚਾਈ ਦੀ ਭਾਲ ਕਰ ਰਹੇ ਮੱਖਣ ਸ਼ਾਹ ਨੂੰ ਸੰਤੁਸ਼ਟ ਨਹੀਂ ਕਰ ਸਕਿਆ। ਦੁਚਿੱਤੀ ਵਿੱਚ ਆਦਰ ਨਾਲ ਉਥੋਂ ਉੱਠ ਆਇਆ।

ਦੋ ਢਾਈ ਘੰਟੇ ਦੀ ਚਰਚਾ ਅਤੇ ਸਾਥ ਤੋਂ ਮੱਖਣ ਸ਼ਾਹ ਇਸ ਫ਼ੈਸਲੇ ਤੇ ਅੱਪੜਿਆ ਕਿ ਧੀਰ ਮੱਲ ਹੋਰ ਜੋ ਕੁਝ ਵੀ ਹੋਵੇ, ਗੁਰੂ ਦਾ ਸੱਚਾ ਉਤਰਾਧਿਕਾਰੀ ਨਹੀਂ ਹੋ ਸਕਦਾ। ਬੜੀ ਨਿਰਾਸ਼ਾ ਹੋਈ ਉਸ ਨੂੰ। ਸਾਰਾ ਦਿਨ ਬਕਾਲਾ ਵਿਚ ਖ਼ਰਾਬ ਕਰਕੇ ਹੀ ਉਸਨੂੰ ਅਸਲੀਅਤ ਦਾ ਪਤਾ ਲੱਗ ਸਕਿਆ ਸੀ। ਇੱਕੀ ਮੰਜੀਆਂ ਹੋਰ ਸਜੀਆਂ ਹੋਈਆਂ ਸਨ, ਪਹਿਲੇ ਦਰਬਾਰ ਵਿਚੋਂ ਨਿਰਾਸ਼ ਹੋ ਕੇ ਹੀ ਉਹ ਸੋਚਣ ਲੱਗ ਪਿਆ ਸੀ ਕਿ ਕੀ ਪਤਾ ਇਹਨਾਂ ਢੌਂਗੀਆਂ ਵਿੱਚੋਂ ਕੋਈ ਸੱਚਾ ਹੋਵੇਗਾ ਵੀ ਜਾਂ ਨਹੀਂ।

'ਬੜਾ ਸਖ਼ਤ ਇਮਤਿਹਾਨ ਸੀ ਅਭਿਲਾਸ਼ੀ ਦਾ। ਫਿਰ ਉਸ ਪਰਮਾਤਮਾ ਨੂੰ ਕਿਵੇਂ ਪ੍ਰਾਪਤ ਕੀਤਾ ? ਸੁਣਦਿਆਂ ਸੁਣਦਿਆਂ ਬੇਸਬਰੀ ਨਾਲ ਪੀਰ ਬਖ਼ਸ਼ ਪੁੱਛਣ ਲੱਗਾ।

'ਬੜੀ ਦਿਲਚਸਪ ਹੈ ਗੁਰੂ ਨੂੰ ਲੱਭਣ ਦੀ ਕਹਾਣੀ। ਮੱਖਣ ਸ਼ਾਹ ਆਪਣੇ ਡੇਰੇ ਉਤੇ ਪਰਤ ਆਇਆ ਅਤੇ ਸੋਚਣ ਲੱਗਾ ਕਿ ਬਾਕੀ ਇੱਕੀਆਂ ਨੂੰ ਵੀ ਮਿਲਣਾ ਪਵੇਗਾ। ਸੱਚਾਈ ਪਤਾ ਕਰਨ ਵਾਸਤੇ ਇਹ ਜ਼ਰੂਰੀ ਵੀ ਸੀ। ਇਸ ਲਈ ਅਗਲੇ ਦਿਨ ਤੋਂ ਉਸ ਆਪਣਾ ਪ੍ਰੋਗਰਾਮ ਬਣਾ ਲਿਆ ਸੀ ਕਿ ਉਹ ਰੋਜ਼ ਚਾਰ-ਪੰਜ ਆਪੇ ਮੰਜੀਆਂ ਕਾਇਮ ਕੀਤੀ ਬੈਠੇ ਗੁਰੂਆਂ ਨੂੰ ਮਿਲੇਗਾ ਅਤੇ ਸੱਚਾਈ ਦਾ ਪਤਾ ਲਾਉਣ ਲਈ ਯਤਨ ਕਰੇਗਾ।'

ਉਹ ਰੋਜ਼ ਇੰਜ ਹੀ ਕਰਨ ਲੱਗ ਗਿਆ। ਆਪਣੇ ਸੰਕਲਪ ਨੂੰ ਮਨ ਵਿਚ ਵਸਾ ਕੇ ਉਹ ਜਿਸ ਦਰਬਾਰ ਵਿਚ ਜਾਂਦਾ ਕੇਵਲ ਦੋ ਮੋਹਰਾਂ ਭੇਟਾ ਕਰਦਾ ਅਤੇ ਕੁਝ ਅਧਿਆਤਮਕ ਚਰਚਾ ਕਰਕੇ ਅਸੰਤੁਸ਼ਟ ਜਿਹਾ ਮਹਿਸੂਸ ਕਰਦਾ ਹੋਇਆ ਵਾਪਸ ਆ ਜਾਂਦਾ। ਚਾਰ ਪੰਜ ਦਿਨਾਂ ਵਿੱਚ ਉਹ ਸਾਰੀਆਂ ਇੱਕੀ ਮੰਜੀਆਂ ਤੋਂ ਅਸੰਤੁਸ਼ਟ ਪਰਤ ਆਇਆ। 'ਕਿਸੇ ਵੀ ਗੁਰੂ ਨੇ ਉਸ ਦੇ ਮਨ ਦੀ ਗੱਲ ਨਾ ਬੁਝੀ, ਨਾ ਹੀ ਅਧਿਆਤਮਕ ਪੱਖ ਤੋਂ ਗੁਰੂ ਨਾਨਕ ਦੀ ਗੱਦੀ ਪਾ ਸਕਣ ਲਈ ਯੋਗਤਾ ਪ੍ਰਗਟਾਈ। ਮੱਖਣ ਸ਼ਾਹ ਨੂੰ ਯਕੀਨ ਹੋ ਗਿਆ ਕਿ ਸਾਰੀਆਂ ਦੀਆਂ ਸਾਰੀਆਂ ਬਾਈ ਮੰਜੀਆਂ ਬਨਾਵਟੀ ਹਨ, ਦੂਸ਼ਿਤ ਹਨ। ਸੱਚ ਨੂੰ ਲੁਕਾਉਣ ਲਈ ਸਾਰਿਆਂ ਨੇ ਕੋਈ ਨਾ ਕੋਈ ਸਾਜਿਸ਼ ਕੀਤੀ ਹੈ। ਅੱਠਵੇਂ ਗੁਰੂ ਦਾ ਅਸਲੀ ਵਾਰਿਸ (ਬਾਬਾ ਬਕਾਲਾ)

ਇਹਨਾਂ ਵਿੱਚੋਂ ਕੋਈ ਵੀ ਨਹੀਂ। ਇਹ ਸਾਰੇ ਚੜ੍ਹਾਵੇ ਤੇ ਸਤਿਕਾਰ ਦੇ ਲਾਲਚ ਵਿੱਚ ਗੁਰੂ ਹੋਣ ਦਾ ਦਾਅਵਾ ਕਰਦੇ ਹਨ ਅਤੇ ਸਿੱਧੀ-ਸਾਦੀ ਸੰਗਤ ਨੂੰ ਵਰਗਲਾ ਕੇ ਲੁੱਟ-ਪੁੱਟ ਰਹੇ ਹਨ।

ਬਾਈ ਢੌਂਗੀ ਮੰਜੀਆਂ ਦੀ ਯਾਤਰਾ ਅਤੇ ਤਕਰੀਬਨ ਪੰਜਾਹ ਸੋਨੇ ਦੀਆਂ ਮੋਹਰਾਂ ਗੁਆ ਕੇ ਵੀ ਸੱਚ ਨੂੰ ਲੱਭਣ ਵਿਚ ਅਸਮਰੱਥ ਮੱਖਣ ਸ਼ਾਹ ਨੂੰ ਸਖ਼ਤ ਨਿਰਾਸ਼ਾ ਹੋਈ। ਮਨ ਵਿੱਚ ਅਫ਼ਸੋਸ, ਚਿਹਰੇ ਉਤੇ ਦੁੱਖ ਦੀਆਂ ਰੇਖਾਵਾਂ ਅਤੇ ਸਰੀਰ ਵਿੱਚ ਥਕਾਵਟ ਮਹਿਸੂਸ ਕਰਦਾ ਹੋਇਆ ਬਕਾਲਾ ਦੀਆਂ ਗਲੀਆਂ ਵਿਚ ਨਿਕਲ ਕੇ ਬਾਹਰ ਖੁਲ੍ਹੀ ਹਵਾ ਵਿਚ ਆ ਖੜ੍ਹਾ ਹੋਇਆ। ਅਫ਼ਸੋਸ ਨਾਲ ਉਹ ਨਿਮੋਝੂਣਾ ਹੋਇਆ ਹੋਇਆ ਸੀ, ਹੋਂਠ ਸੁੱਕ ਗਏ ਸਨ ਅਤੇ ਮਨ ਸੱਚੇ ਗੁਰੂ ਦੇ ਦਰਸ਼ਨਾਂ ਲਈ ਤੜਪ ਰਿਹਾ ਸੀ। ਬੁੱਧੀ ਦਵੰਦ ਦੀ ਗੁੰਝਲ ਕਰਕੇ ਔਖੀ ਸੀ। ਨਾਲ ਚਲਦੇ ਅੰਗ-ਰੱਖਿਅਕ ਫੌਜੀ ਵੀ ਇਸ ਤਲਾਸ਼ ਤੋਂ ਤੰਗ ਆ ਗਏ ਸਨ। ਉਹਨਾਂ ਦੀ ਤੰਗੀ ਦਾ ਕਾਰਣ ਸ਼ਾਇਦ ਵਿਹਲਾ ਰਹਿਣਾ ਹੀ ਹੋਵੇਗਾ ਪਰ ਸਥਿਤੀ ਪੂਰੀ ਤਰ੍ਹਾਂ ਅਸਪੱਸ਼ਟ ਸੀ।

ਸਾਹਮਣੇ ਗਾਵਾਂ ਚਰਨ ਲਈ ਖੁੱਲ੍ਹੀਆਂ ਛੱਡ ਕੇ ਕੁਝ ਬਾਲਕ ਆਪਣੀ ਮੌਜ ਵਿਚ ਖੇਡ ਰਹੇ ਸਨ। ਮੱਖਣ ਸ਼ਾਹ ਨੇ ਬੁਝਦੇ ਦੀਵੇ ਦੀ ਲੋਅ ਵਾਂਗ ਆਪਣੀ ਆਸ ਨੂੰ ਫਿਰ ਸੁਰਜੀਤ ਕਰਕੇ ਇੱਕ ਵਾਰ ਫ਼ਿਰ ਆਖ਼ਰੀ ਹੰਭਲਾ ਮਾਰਨ ਦਾ ਵਿਚਾਰ ਬਣਾਇਆ। ਖੇਡਦੇ ਬੱਚਿਆਂ ਨੂੰ ਆਪਣੇ ਵੱਲ ਬੁਲਾ ਕੇ ਉਹਨੇ ਉਹਨਾਂ ਪਾਸੋਂ ਪੁੱਛਿਆ, 'ਬੇਟਾ, ਇੱਥੇ ਗੁਰਗੱਦੀ ਬਣਾਉਣ ਵਾਲਾ ਕੋਈ ਹੋਰ ਵੀ ਬਾਬਾ ਹੈ?'

'ਮੰਜੀਆਂ ਕਾਇਮ ਕਰਕੇ ਬੈਠਣ ਵਾਲੇ ਤਾਂ ਇਹ ਬਾਈ ਲੋਕ ਹੀ ਸਨ, ਤੁਸੀਂ ਚਾਹੋਂ ਤਾਂ ਮੈ ਇਹਨਾਂ ਸਾਰਿਆਂ ਦੇ ਦਰਬਾਰ ਤੁਹਾਨੂੰ ਵਿਖਾ ਸਕਦਾ ਹਾਂ, ਇੱਕ ਸਮਝਦਾਰ ਲੜਕਾ ਬੋਲਿਆ।

'ਨਹੀਂ ਇਹਨਾਂ ਬਾਈਆਂ ਨੂੰ ਤਾਂ ਮੈਂ ਵੇਖ ਚੁੱਕਾ ਹਾਂ। ਬਕਾਲਾ ਵਿਚ ਇਹਨਾਂ ਤੋਂ ਇਲਾਵਾ ਕੋਈ ਹੋਰ ਸੰਤ, ਮਹਾਤਮਾ ਰੱਬ ਦਾ ਪਿਆਰਾ ਨਹੀਂ ਰਹਿੰਦਾ ?' ਮੱਖਣ ਸ਼ਾਹ ਨੇ ਕਿਹਾ।

'ਬਕਾਲਾ ਛੋਟਾ ਜਿਹਾ ਤਾਂ ਪਿੰਡ ਹੈ। ਇੱਥੇ ਇਹੋ ਜਿਹੇ ਲੋਕ ਹੈ ਹੀ ਨਹੀਂ ਸਨ। ਇਹ ਮੰਜੀਆਂ ਵੀ ਕੁਝ ਦਿਨਾਂ ਪਹਿਲਾਂ ਹੋਂਦ ਵਿੱਚ ਆਈਆਂ ਹਨ। ਪਤਾ ਨਹੀਂ ਕਿੱਥੋਂ ਕਿੱਥੋਂ ਦੇ ਲੋਕ ਆ ਕੇ ਬਕਾਲਾ ਵਿਚ ਰਹਿਣ ਦਾ ਢਕਵੰਜ ਕਰਨ ਲੱਗ ਪਏ ਹਨ, ਕੁਝ ਇਥੋਂ ਦੇ ਰਹਿਣ ਵਾਲੇ ਵੀ ਹਨ ਪਰ ਤੁਸੀਂ ਇਹ ਸਭ ਕੁਝ ਕਿਉਂ ਜਾਣਨਾ ਚਾਹੁੰਦੇ ਹੋ, ਉਹੀ ਲੜਕਾ ਬੋਲਿਆ।

'ਮੇਰਾ ਨੂਰ ਕਿਧਰੇ ਗੁਆਚ ਗਿਆ ਹੈ, ਬੇਟਾ, ਮੈਂ ਇਹਨਾਂ ਵਿੱਚੋਂ ਉਸ ਨੂੰ ਹੀ ਲੱਭ ਰਿਹਾ ਹਾਂ, 'ਮੱਖਣ ਸ਼ਾਹ ਨੇ ਕਿਹਾ, 'ਕੀ ਕੋਈ 'ਬਾਬਾ' ਪਹਿਲਾਂ ਵੀ ਇੱਥੇ ਰਹਿੰਦਾ ਸੀ ?'

ਲੜਕੇ ਨੂਰ ਦੀ ਗੱਲ ਤਾਂ ਸਮਝੇ, ਫਿਰ ਵੀ ਇੱਕ ਛੋਟੇ ਲੜਕੇ ਨੇ ਅੱਗੇ ਵਧ ਕੇ ਕਿਹਾ, 'ਆਹੋ ਜੀ, ਇਥੇ ਇੱਕ ਬਾਬਾ ਤੇਗਾ ਰਹਿੰਦਾ ਸੀ।'

'ਪਰ ਉਹ ਤਾਂ ਸਦਾ ਤੋਂ ਹੀ ਸਾਡੇ ਪਿੰਡ ਵਿਚ ਰਹਿੰਦਾ ਹੈ। ਉਸਦੀ ਕੋਈ ਮੰਜੀ ਜਾਂ ਦਰਬਾਰ ਤਾਂ ਨਹੀਂ ਹੈ ', ਇੱਕ ਹੋਰ ਬਾਲਕ ਬੋਲਿਆ।

ਮੱਖਣ ਸ਼ਾਹ ਦੀ ਆਸ ਦੀ ਲੋਅ ਫਿਰ ਮੱਧਮ ਜਿਹੀ ਟਿਮਟਿਮਾਈ। 'ਬੇਟਾ, ਇਹ ਬਾਬਾ ਤੇਗਾ ਕਰਦਾ ਕੀ ਹੈ ?' ਉਸੇ ਛੋਟੇ ਲੜਕੇ ਤੋਂ ਮੱਖਣ ਸ਼ਾਹ ਨੇ ਪੁੱਛ ਲਿਆ।

'ਮੈਨੂੰ ਨਹੀਂ ਪਤਾ, ਸਾਰਾ ਦਿਨ ਘਰ ਰਹਿੰਦਾ ਹੈ, ਬਾਹਰ ਤਾਂ ਘੱਟ ਹੀ ਦਿਸਦਾ ਹੈ ਬਾਪੂ ਕਹਿੰਦਾ ਸੀ ਭਜਨ-ਬੰਦਗੀ ਕਰਦਾ ਹੈ। ਟੁੱਟੇ ਫੁੱਟੇ ਸ਼ਬਦਾਂ ਵਿੱਚ ਛੋਟੇ ਬਾਲਕ ਨੇ ਆਪਣੇ ਵਿਤ ਅਨੁਸਾਰ ਜਾਣਕਾਰੀ ਦਿੱਤੀ।

'ਕੀ ਤੁਸੀਂ ਮੈਨੂੰ ਉਸਦਾ ਘਰ ਦੱਸ ਸਕਦੇ ਹੋ?' ਮੱਖਣ ਸ਼ਾਹ ਨੇ ਮਾਸੂਮ ਬੱਚਿਆਂ ਦਾ ਅਹਿਸਾਨ ਮੰਨਿਆ ਅਤੇ ਸੋਚਿਆ ਕਿ ਬਾਬਾ ਤੇਗਾ ਨੂੰ ਵੀ ਅਜ਼ਮਾ ਲੈਣਾ ਚਾਹੀਦਾ ਹੈ।

'ਨਹੀਂ ਜੀ, ਅਸੀਂ ਆਪਣੀ ਵਾਰੀ ਲੈਣੀ ਹੈ। ਤੁਸੀਂ ਆਪ ਹੀ ਚਲੇ ਜਾਵੋ', ਬੱਚੇ ਖੇਡ ਛੱਡਣ ਲਈ ਤਿਆਰ ਨਹੀਂ ਸਨ।

ਮੱਖਣ ਸ਼ਾਹ ਨੇ ਬੜਾ ਲਾਡ ਨਾਲ ਬਾਬਾ ਤੇਗਾ ਦਾ ਪਤਾ ਦੇਣ ਵਾਲੇ ਉਸ ਛੋਟੇ ਬੱਚੇ ਨੂੰ ਆਪਣੇ ਕੋਲ ਬੁਲਾਇਆ। ਕੁਝ ਪੈਸੇ ਉਸਦੀ ਤਲੀ ਉਤੇ ਰੱਖੇ ਅਤੇ ਨਾਲ ਚੱਲ ਕੇ ਬਾਬੇ ਦਾ ਘਰ ਵਿਖਾਉਣ ਲਈ ਆਖਿਆ।

ਪੈਸੇ ਵੇਖ ਕੇ ਬਾਲਕ ਦੀਆਂ ਅੱਖਾਂ ਵਿੱਚ ਚਮਕ ਆ ਗਈ, ਉਹ ਘਰ ਦੱਸਣ ਲਈ ਰਾਜ਼ੀ ਹੋ ਗਿਆ। ਦੂਜੇ ਲੜਕੇ ਵੀ ਪੈਸਿਆਂ ਦੇ ਲਾਲਚ ਵਿੱਚ ਨਾਲ ਚੱਲਣ ਲਈ ਤਿਆਰ ਹੋ ਗਏ।

ਅੱਗੇ ਅੱਗੇ ਬੱਚਿਆਂ ਦੀ ਜੁੰਡਲੀ, ਪਿੱਛੇ ਪਿੱਛੇ ਮੱਖਣ ਸ਼ਾਹ ਅਤੇ ਉਸਦੇ ਸੈਨਿਕ ਤੁਰ ਪਏ। ਬਕਾਲੇ ਦੀਆਂ ਗਲੀਆਂ ਘੁੰਮਦੇ, ਚੱਕਰ ਕੱਟਦੇ ਬਾਲਕ ਇੱਕ ਪੁਰਾਣੇ ਪਰ ਸਾਫ਼ ਸੁਥਰੇ ਮਕਾਨ ਅੱਗੇ ਆ ਕੇ ਰੁਕ ਗਏ। ਇਹੀ ਬਾਬਾ ਤੇਗਾ ਦਾ ਘਰ ਹੈ', ਆਪਣੀ ਅਧੂਰੀ ਖੇਡ ਪੂਰੀ ਕਰਨ ਵਾਸਤੇ ਸਾਰੇ ਬੱਚੇ ਦੌੜ ਗਏ।

ਮੱਖਣ ਸ਼ਾਹ ਮਕਾਨ ਦੇ ਬਾਹਰ ਖਲੋਤਾ ਖਲੋਤਾ ਅਜੇ ਕੁਝ ਸੋਚ ਹੀ ਰਿਹਾ ਸੀ ਕਿ ਮੈਨੂੰ ਘਰੋਂ ਬਾਹਰ ਨਿਕਲਣ ਦੀ ਲੋੜ ਪਈ। ਉਹਨੀਂ ਦਿਨੀਂ ਬਾਬਾ ਦੁਆਰਕਾ ਦਾਸ, ਭਾਈ ਮੜੀਆ, ਭਾਈ ਦੁਰਗਾ ਮੱਲ ਸਾਰੇ ਉਸ ਮਕਾਨ ਵਿੱਚ ਮਾਤਾ ਨਾਨਕੀ ਦੀ ਸ਼ਰਨ ਵਿੱਚ ਰਹਿ ਰਹੇ ਸਨ। ਬਾਬਾ ਤੇਗ਼ ਬਹਾਦਰ ਨੇ ਤਾਂ ਮਕਾਨ ਦੇ ਹੇਠਾਂ ਇੱਕ ਭੋਰਾ ਬਣਾਇਆ ਹੋਇਆ ਸੀ। ਉਹ ਉੱਥੇ ਹੀ ਬੈਠ ਕੇ ਭਜਨ ਬੰਦਗੀ ਵਿਚ ਮਗਨ ਰਹਿੰਦੇ ਸਨ, ਬਹੁਤ ਘੱਟ ਬਾਹਰ

ਨਿਕਲਦੇ ਸਨ। ਵਾਰ ਵਾਰ ਸਾਡੇ ਅਤੇ ਮਾਤਾ ਜੀ ਦੇ ਕਹਿਣ ਦੇ ਬਾਵਜੂਦ ਉਹ ਮੋਨ ਸਨ ਅਤੇ ਵੱਧ ਤੋਂ ਵੱਧ ਸਮਾਂ ਸਾਧਨਾ ਵਿੱਚ ਗੁਜ਼ਾਰਦੇ ਸਨ। ਬਹੁਤ ਘੱਟ ਲੋਕ ਉਹਨਾਂ ਕੋਲ ਆਉਂਦੇ ਸਨ, ਪਿੰਡ ਦੇ ਲੋਕਾਂ ਨੂੰ ਕਿਰਪਾਲ ਪਛਾਣਦਾ ਸੀ, ਅਸੀਂ ਵੀ ਹੁਣ ਜਾਣਨ ਲੱਗ ਪਏ ਸੀ। ਮੱਖਣ ਸ਼ਾਹ ਨੂੰ ਫੌਜੀਆਂ ਨਾਲ ਦਰਵਾਜ਼ੇ ਉਤੇ ਖੜ੍ਹਾ ਵੇਖ ਕੇ ਮੈਂ ਚਕਰਾਇਆ।

ਮੇਰੇ ਬਾਹਰ  ਆਉਣਸਾਰ ਹੀ ਮੱਖਣ ਸ਼ਾਹ ਨੇ ਮੇਰੇ ਉਤੇ ਸੁਆਲ ਕੀਤਾ, 'ਕੀ ਕੋਈ ਬਾਬਾ ਤੇਗਾ ਇੱਥੇ ਰਹਿੰਦੇ ਹਨ ? ' ਮੇਰਾ 'ਹਾਂ' ਵਿੱਚ ਸਿਰ ਹਿਲਾਉਣ ਉਤੇ ਉਸ ਕਿਹਾ,  'ਮੈਂ ਉਹਨਾਂ ਦੇ ਦਰਸ਼ਨ ਕਰਨ ਦੀ ਲਾਲਸਾ ਰੱਖਦਾ ਹਾਂ,  ਗੁਰੂ ਦਾ ਸਿੱਖ ਹਾਂ, ਗੁਰੂ ਦਰਸ਼ਨ ਦੀ ਲਾਲਸਾ ਹੈ। ਬਕਾਲਾ ਵਿਚ ਗੁਰੂ ਦੀ ਖੋਜ ਵਿਚ ਹੀ ਆਇਆ ਹਾਂ।'

'ਮੈਨੂੰ ਡਰ ਲੱਗਿਆ ਕਿ ਕਿਧਰੇ ਕੋਈ ਧੀਰ ਮੱਲ ਦੀ ਸਾਜ਼ਿਸ਼ ਨਾ ਹੋਵੇ। ਪਰਖਣ ਦੀ ਨੀਅਤ ਨਾਲ ਪੁੱਛਿਆ, 'ਤੁਸੀਂ ਕੌਣ ਹੋ, ਕਿੱਥੋਂ ਆਏ ਹੋ ? ਤੁਹਾਨੂੰ ਬਾਬਾ ਤੇਗਾ ਦੀ ਗੱਲ ਕਿਸ ਨੇ ਕਹੀ ਹੈ ? '

'ਮੈਂ ਲੁਬਾਣਾ ਜਾਤ ਦਾ ਵਪਾਰੀ ਹਾਂ, ਗੁਰੂ ਦਾ ਸਿੱਖ ਹਾਂ। ਗੁਰੂ ਦਰਸ਼ਨਾ ਵਾਸਤੇ ਦਿੱਲੀ ਗਿਆ ਸੀ, ਪਤਾ ਲੱਗਾ ਕਿ ਗੁਰੂ ਜੀ ਦੇ ਉਤਰਾਧਿਕਾਰੀ ਬਕਾਲਾ ਵਿਚ ਪ੍ਰਗਟ ਹੋਣਗੇ। ਇਸ ਲਈ ਇਥੇ ਆਇਆ ਹਾਂ, ਇੱਥੇ ਦਾ ਤਮਾਸ਼ਾ ਵੇਖ ਚੁੱਕਾ ਹਾਂ, ਬਾਈ ਮੰਜੀਆਂ ਦੇ ਦਰਸ਼ਨ ਕਰ ਆਇਆ ਹਾਂ ਪਰ ਮਨ ਨੂੰ ਤਸੱਲੀ ਨਹੀਂ ਹੋਈ। ਸਚਾਈ ਉਹਨਾਂ ਬਾਈਆਂ ਤੋਂ ਵੱਖਰੀ ਕਿਧਰੇ ਹੋਰ ਹੈ, ਇਹ ਮੰਨ ਕੇ ਪੁੱਛਦੇ ਪੁੱਛਦੇ ਸੋਚਿਆ ਕਿ ਬਾਬਾ ਜੀ ਦੇ ਵੀ ਦਰਸ਼ਨ ਕਰ ਲਵਾਂ, 'ਮੱਖਣ ਸ਼ਾਹ ਨੇ ਸਾਰੀ ਗੱਲ ਕਹਿ ਦਿੱਤੀ।

'ਮੈਨੂੰ ਉਸ ਦੀਆਂ ਗੱਲਾਂ ਵਿਚ ਸੱਚਾਈ ਝਲਕਦੀ ਦਿਸੀ। ਮੈਨੂੰ ਲੱਗਾ ਕਿ ਇਹ ਕੋਈ ਸੱਚਾ ਦਰਸ਼ਨਾ ਦਾ ਅਭਿਲਾਸ਼ੀ ਹੈ। ਮਾਲਕ ਜਾਣੇ, ਸ਼ਾਇਦ ਇਸ ਦੀ ਹੀ ਉਡੀਕ ਹੋਵੇ, ਤਾਂ ਤੇਗ ਬਹਾਦਰ ਆਪਣੇ ਆਪ ਨੂੰ ਪ੍ਰਗਟ ਕਰਨ। ਇਹ ਸੋਚ ਕੇ ਮੈਂ ਮੱਖਣ ਸ਼ਾਹ ਨੂੰ ਉਥੇ ਹੀ ਰੁਕਣ ਲਈ ਕਿਹਾ ਅਤੇ ਆਪ ਬਾਬਾ ਦੁਆਰਕਾ ਦਾਸ ਕੋਲ ਆ ਗਿਆ। ਸਾਰੀ ਗੱਲ ਦੱਸ ਕੇ ਜਦੋਂ ਮੈਂ ਆਪਣਾ ਵਿਚਾਰ ਦੱਸਿਆ, ਤਾਂ ਉਹ ਮੱਖਣ ਸ਼ਾਹ ਨੂੰ ਬਾਬਾ ਤੇਗ ਬਹਾਦਰ ਕੋਲ ਨੇੜੇ ਆਉਣ ਦੇਣ ਲਈ ਸਹਿਮਤ ਹੋ ਗਏ। ਉਹਨਾਂ ਕਿਰਪਾਲ ਨੂੰ ਮੱਖਣ ਸ਼ਾਹ ਨੂੰ ਇਕੱਲਿਆਂ ਲਿਆਉਣ ਵਾਸਤੇ ਕਿਹਾ।

ਬੜੇ ਆਦਰ ਭਾਵ ਨਾਲ ਨੰਗੇ ਪੈਰੀਂ, ਗਲੇ ਵਿਚ ਪੱਲਾ ਪਾਈ ਮੱਖਣ ਸ਼ਾਹ ਬਾਬਾ ਤੇਗ ਬਹਾਦਰ ਜੀ ਦੇ ਭੋਰੇ ਵਿਚ ਦਾਖਲ ਹੋਇਆ। ਬਾਬਾ ਤੇਗ ਬਹਾਦਰ ਸਮਾਧੀ ਵਿੱਚ ਲੀਨ ਸਨ। ਮੱਖਣ ਸ਼ਾਹ ਨੇ ਆਪਣੇ ਪਿਛਲੇ ਤਜ਼ਰਬੇ ਵਾਂਗ ਦੋ ਅਸ਼ਰਫੀਆਂ ਬਾਬਾ ਤੇਗ਼ ਬਹਾਦਰ

ਜੀ ਸਾਹਮਣੇ ਭੇਂਟ ਕੀਤੀਆਂ ਅਤੇ ਧਰਤੀ ਉਤੇ ਮੱਥਾ ਟੇਕ ਕੇ ਪ੍ਰਣਾਮ ਕੀਤਾ। ਬਾਬਾ ਤੇਗ ਬਹਾਦਰ ਜੀ ਨੇ ਅੱਖਾਂ ਖੋਲ੍ਹੀਆਂ, ਦੋ ਅਸ਼ਰਫ਼ੀਆਂ ਸਾਹਮਣੇ ਵੇਖ ਕੇ ਮੁਸਕਰਾਏ।

'ਕਿਉਂ ਭਾਈ ਇਹ ਦੋ ਅਸ਼ਰਫੀਆਂ ਕਿਉਂ ? ਸੰਤ ਧਨ ਦੇ ਭੁੱਖੇ ਨਹੀਂ ਹੁੰਦੇ ਪਰ ਜੋ ਸੰਕਲਪ ਕੀਤਾ ਜਾਵੇ, ਉਸਨੂੰ ਤਾਂ ਪੂਰਾ ਕਰਨਾ ਹੀ ਚਾਹੀਦਾ ਹੈ, ਵਾਅਦਾ ਪੰਜ ਸੌ ਅਸ਼ਰਫੀਆਂ ਦਾ ਸੀ ਨਾ।' ਬਾਬਾ ਤੇਗ ਬਹਾਦਰ ਨੇ ਬੜੇ ਸਹਿਜ ਤੇ ਬਿਨਾਂ ਕਿਸੇ ਤਰ੍ਹਾਂ ਦੀ ਉਤੇਜਨਾ ਨਾਲ ਕਿਹਾ।

ਇਹ ਕੀ, ਮੱਖਣ ਦੀਆਂ ਅੱਖਾਂ ਬਿਜਲੀ ਨਾਲ ਚੁੰਧਿਆ ਗਈਆਂ। ਬਾਬਾ ਤੇਗ਼ ਬਹਾਦਰ ਨੇ ਉਸਦਾ ਸੰਕਲਪ ਜਾਣ ਲਿਆ ਸੀ - 'ਇਹ ਅੰਤਰਯਾਮੀ ਹਨ, ਬਾਈ ਮੰਜੀਆਂ ਥਾਪੀ ਗੁਰੂ ਜੋ ਨਹੀਂ ਜਾਣ ਸਕੇ, ਬਾਬਾ ਤੇਗ਼ ਜਾਣ ਗਏ। ਕੁਝ ਵੀ ਹੋਵੇ, ਇਹ ਹੀ ਗੁਰੂ ਨਾਨਕ ਦੀ ਗੱਦੀ ਦੇ ਉਤਰਧਿਕਾਰੀ ਹੋਣਗੇ। ਇਹ ਸੋਚ ਕੇ ਮੱਖਣ ਸ਼ਾਹ ਨੇ ਸਗਲ ਵਿੱਚੋਂ ਪੰਜ ਸੌ ਮੁਹਰਾਂ ਦੀ ਥੈਲੀ ਕੱਢ ਕੇ ਬਾਬਾ ਤੇਗ ਬਹਾਦਰ ਜੀ ਦੇ ਸਾਹਮਣੇ ਰੱਖ ਦਿੱਤੀ ਅਤੇ ਆਪ ਡੰਡੌਤ ਕਰਨ ਵਾਸਤੇ ਉਹਨਾਂ ਦੇ ਚਰਨਾਂ ਉੱਤੇ ਲੇਟ ਗਿਆ।

'ਖਿਮਾ ਕਰੋ, ਗੁਰੂਦੇਵ, ਮੇਰੀ ਗੁਸਤਾਖ਼ੀ। ਮੇਰੀ ਇਹ ਭੁੱਲ ਹੈ ਕਿ ਮੈਂ ਸੱਚੇ ਗੁਰੂ ਨੂੰ ਪਰਖਣ ਤੁਰ ਪਿਆ। ਮੇਰੀ ਅਵੱਗਿਆ ਬੇਹੱਦ ਨਿੰਦਣਯੋਗ ਹੈ, ਮੇਰੇ ਮਾਲਕ ਦਇਆ ਕਰਕੇ ਮੈਨੂੰ ਬਖ਼ਸ਼ ਦਿਓ, ਸੱਚੇ ਪਾਤਸ਼ਾਹ। ਇੰਨਾ ਕਹਿੰਦੇ ਕਹਿੰਦੇ ਮੱਖਣ ਸ਼ਾਹ ਦੀ ਆਵਾਜ਼ ਗੱਦ ਗੱਦ ਹੋ ਗਈ। ਅੱਖਾਂ ਵਿੱਚੋਂ ਅੱਥਰੂਆਂ ਦੀ ਛਹਿਬਰ ਲੱਗ ਪਈ ਅਤੇ ਉਸ ਹਾਲਤ ਵਿੱਚ ਉੱਠ ਕੇ ਆਪਣੀ ਕਾਮਯਾਬੀ ਦਾ ਢੰਡੋਰਾ ਦੇਣ ਲਈ ਉਹ ਭੋਰੇ ਵਿਚੋਂ ਨਿਕਲ ਕੇ ਮਕਾਨ ਦੀ ਛੱਤ ਉਤੇ ਜਾ ਚੜ੍ਹਿਆ ਅਤੇ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ ' ਦਾ ਰੌਲਾ ਪਾਉਣ ਲੱਗ ਪਿਆ। ਉਸ ਚਿਲਾ ਚਿਲਾ ਕੇ ਬਕਾਲਾ ਵਾਸੀਆਂ ਨੂੰ ਸੁਚੇਤ ਕਰ ਦਿੱਤਾ। ਉਹ ਸਾਰਿਆਂ ਨੂੰ ਦੱਸ ਦੇਣਾ ਚਾਹੁੰਦਾ ਸੀ ਕਿ ਉਸ ਨੇ ਅਸਲੀਅਤ ਨੂੰ ਲੱਭ ਲਿਆ ਹੈ। ਅੱਖਾਂ ਵਿਚੋਂ ਖ਼ੁਸ਼ੀ ਤੇ ਪ੍ਰੇਮ ਤੇ ਹੰਝੂ ਵਗ ਰਹੇ ਸਨ, ਗਲਾ ਬੋਲਦਿਆਂ ਚਿਲਾਂਦਿਆਂ ਫਟ ਰਿਹਾ ਸੀ, ਪਰ ਬੇਹੱਦ ਉਤਸ਼ਾਹ ਉਹ ਢੌਂਗਰੀਆਂ ਤੱਕ ਆਪਣੀ ਆਵਾਜ਼ ਪਹੁੰਚਾਉਣ ਦਾ ਸਕੰਲਪ ਲੈ ਕੇ ਨਵੇਂ ਗੁਰੂ ਨੂੰ ਪਾ ਲੈਣ ਦੀ ਖ਼ੁਸ਼ੀ ਵਿਚ ਆਪਣੇ ਆਪ ਉਤੇ ਕਾਬੂ ਨਹੀਂ ਸੀ ਪਾ ਸਕਦਾ। ਘਰ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਸੀ। ਬਾਬਾ ਦੁਆਰਕਾ ਦਾਸ, ਭਾਈ ਦੁਰਗਾ ਮੱਲ, ਮੈਂ, ਕਿਰਪਾਲ ਸਾਰੇ ਖੁਸ਼ੀ ਨਾਲ ਨੱਚ ਪਏ ਸੀ। ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਦੇ ਦਿਲ ਅਤੇ ਪ੍ਰਸੰਨ ਸਨ। ਮਾਂ ਦੀ ਦੇਰ ਦੀ ਇੱਛਾ ਪੂਰੀ ਹੋਈ ਸੀ, ਆਪਣੇ ਪਤੀ ਗੁਰੂ ਹਰਿਗੋਬਿੰਦ ਜੀ ਦਾ ਅਸਲੀ ਅਰਥ ਜਾਣ ਕੇ ਉਸ ਦਿਨ ਮਾਤਾ ਨਾਨਕੀ ਜੀ ਸਦਕੇ ਹੋ ਰਹੇ ਸਨ।

ਬਕਾਲਾ ਦੇ ਲੋਕ ਮੱਖਣ ਸ਼ਾਹ ਦੀ 'ਗੁਰੂ ਲਾਧੋ ਰੇ' ਦੀ ਲਗਾਤਾਰ ਪੁਕਾਰ ਸੁਣ ਕੇ ਬਹਿਬਲ ਹੋ ਕੇ ਬਾਬਾ ਤੇਗਾ ਦੇ ਘਰ ਵਲ ਦੌੜੀ ਆ ਰਹੇ ਸਨ। ਢੌਂਗੀ ਗੁਰੂਆਂ ਦਾ ਵਪਾਰ

ਖਤਮ ਹੋ ਰਿਹਾ ਸੀ, ਉਹਨਾਂ ਦੇ ਦਰਬਾਰਾਂ ਵਿਚ ਬੈਠੇ ਸਿੱਖਾਂ ਦੇ ਕੰਨਾਂ ਤੱਕ ਵੀ ਜਦੋਂ ਇਹ ਅੰਮ੍ਰਿਤ ਬਾਣੀ 'ਗੁਰੂ ਲਾਧੋ ਰੇ' ਪਈ ਤਾਂ ਉਹ ਵੀ ਗੁਰੂ ਦਰਸ਼ਨਾਂ ਲਈ ਭੱਜ ਪਏ। ਗੱਲਾਂ ਗੱਲਾਂ ਵਿੱਚ ਬਕਾਲਾ ਦੀਆਂ ਬਾਈ ਮੰਜੀਆਂ ਉਜੜ ਗਈਆਂ। ਮੱਖਣ ਸ਼ਾਹ ਆਪਣੀ ਖੋਜ ਦੀ ਗੱਲ ਕਹਿੰਦਾ ਥੱਕਦਾ ਨਹੀਂ ਸੀ। ਖੁਸ਼ੀ ਭਰੀ ਆਵਾਜ਼, ਰੋਮਾਂਚਕ ਸਰੀਰ ਅਤੇ ਸੰਵੇਦਨਸ਼ੀਲ ਹਿਰਦੇ ਵਾਲਾ ਉਹ ਪ੍ਰੇਮ-ਦੀਵਾਨਾ ਗੁਰਸਿੱਖ ਸੁਣ ਸੁਣ ਕੇ ਪੜਤਾਲ ਕਥਾ ਸਿੱਖਾਂ ਨੂੰ ਦੱਸ ਰਿਹਾ ਸੀ ਅਤੇ ਆਪਣੀ ਸੱਚਾਈ ਦਾ ਸਬੂਤ ਦੇ ਰਿਹਾ ਸੀ। ਬਾਬਾ ਤੇਗ਼ ਬਹਾਦਰ ਭੋਰੇ ਵਿਚੋਂ ਬਾਹਰ ਦਾ ਰੌਲਾ-ਰੱਪਾ ਸੁਣ ਰਹੇ ਸਨ। ਸਿੱਖ ਦੀ ਲੋਕਾਂ ਨੂੰ ਖੁਸ਼ੀ ਦੇਣ ਵਾਲੀ ਗੁਸਤਾਖ਼ੀ ਸਾਹਮਣੇ ਉਹਨਾਂ ਦੀ ਕਠੋਰਤਾ ਨਰਮ ਪੈਂਦੀ ਜਾ ਰਹੀ ਸੀ। ਉਹ ਭੋਰੇ ਵਿੱਚੋਂ ਬਾਹਰ ਆਏ ਅਤੇ ਸਭ ਤੋਂ ਪਹਿਲਾਂ ਮਾਤਾ ਗੁਜਰੀ ਜੀ ਨੇ ਦੌੜ ਕੇ ਉਹਨਾਂ ਦੀ ਚਰਨ-ਧੂੜ ਆਪਣੇ ਮੱਥੇ ਉੱਤੇ ਲਾਈ।

ਮੱਖਣ ਸ਼ਾਹ ਕੁਝ ਸੰਭਲਿਆ, ਬਾਬਾ ਤੇਗ ਬਹਾਦਰ ਨੂੰ ਖੜ੍ਹਾ ਵੇਖ ਕੇ ਹੇਠਾਂ ਨੂੰ ਦੌੜਿਆ ਅਤੇ ਆ ਕੇ ਬਾਬਾ ਜੀ ਦੇ ਚਰਨਾਂ ਵਿੱਚ ਲੰਮਾ ਪੈ ਗਿਆ, 'ਖਿਮਾ ਕਰ ਦਿਓ, ਮੇਰੇ ਦੀਨ ਦਿਆਲ। ਮੈਂ ਪਾਗਲ ਹੋ ਗਿਆ ਸੀ। ਇੰਨੀ ਖੁਸ਼ੀ ਮੈਂ ਢਿੱਡ ਵਿੱਚ ਪਚਾ ਨਹੀਂ ਸਕਿਆ। ਭਟਕਦੀ ਹੋਈ ਸੰਗਤ ਅਤ੍ਰਿਪਤ ਨਜ਼ਰਾਂ ਵਾਸਤੇ ਵਾਸਤਵ ਦਾ ਦਰਸ਼ਨ ਜ਼ਰੂਰੀ ਸੀ, ਮੇਰੇ ਮਾਲਕ! ਮੈਂ ਆਪ ਤੋਂ ਇਜਾਜ਼ਤ ਵੀ ਨਹੀਂ ਲਈ, ਮੇਰੀ ਭੁੱਲ ਹੀ ਸਮਝੋ ਇਸ ਨੂੰ ਪਰ ਕਿਰਪਾ ਕਰੋ, ਸੱਚੇ ਪਾਤਸ਼ਾਹ, ਗ਼ਲਤੀ ਮੁਆਫ ਕਰ ਦਿਓ। ਭਟਕੀ ਤੇ ਵਿਛੜੀ ਹੋਈ ਸੰਗਤ ਨੂੰ ਸ਼ਰਨ ਵਿਚ ਲਵੋ ', ਕਹਿੰਦੇ ਮੱਖਣ ਸ਼ਾਹ ਉਤੇਜਿਤ ਹੋ ਕੇ ਵਿਲਕ ਵਿਲਕ ਕੇ ਰੋਣ ਲੱਗ ਪਿਆ।

ਬਾਬਾ ਤੇਗ਼ ਬਹਾਦਰ ਜੀ ਨੇ ਝੁਕ ਕੇ ਮੱਖਣ ਸ਼ਾਹ ਨੂੰ ਉਠਾਇਆ ਅਤੇ ਗਲੇ, ਨਾਲ ਲਾ ਲਿਆ। ਬੋਲੇ, 'ਦੁਖੀ ਨਾ ਹੋ ਮੱਖਣ ਸ਼ਾਹ ਮੈਂ ਸੰਗਤ ਦਾ ਦਾਸ ਹਾਂ। ਹੁਣ ਹੋਰ ਛੁਪਣ ਦੀ ਲੋੜ ਨਹੀਂ ਰਹੀ। ਹੁਕਮ ਆ ਗਿਆ ਹੈ, ਮੈਂ ਸੇਵਾ ਲਈ ਹਾਜ਼ਰ ਹਾਂ।'

ਸੁਰੱਖਿਅਤ ਰੱਖੇ ਗੁਰੂ-ਪਦ ਦੇ ਚਿੰਨ੍ਹ ਜਿਹੜੇ ਮੈਂ ਦਿੱਲੀ ਤੋਂ ਗੁਰੂ ਹਰਿਕ੍ਰਿਸ਼ਨ ਜੀ ਤੋਂ ਪ੍ਰਾਪਤ ਕਰਕੇ ਲਿਆਇਆ ਸੀ, ਸੈਂਕੜੇ ਸਿੱਖਾਂ ਦੀ ਮੌਜੂਦਗੀ ਵਿੱਚ ਉਹ ਬਾਬਾ ਤੇਗ ਬਹਾਦਰ ਜੀ ਨੂੰ ਸੌਂਪ ਕੇ ਮੈਂ ਉਹਨਾਂ ਦੇ ਮਸਤਕ ਉਤੇ ਤਿਲਕ ਲਾਇਆ ਅਤੇ ਉਹਨਾਂ ਦੇ ਚਰਨਾਂ ਉਤੇ ਝੁਕ ਗਿਆ। ਬਾਬਾ ਤੇਗ ਬਹਾਦਰ ਗੁਰੂ ਤੇਗ ਬਹਾਦਰ ਬਣ ਗਏ। ਸਾਰੇ ਹਾਜ਼ਰ ਸਿੱਖ ਵਾਰੋ ਵਾਰੀ ਉਹਨਾਂ ਦੇ ਚਰਨਾਂ ਉਤੇ ਭੇਟਾ ਚੜ੍ਹਾਉਣ ਲੱਗ ਪਏ ਅਤੇ ਚਰਨ ਧੂੜ ਲਾ ਕੇ ਉਹਨਾਂ ਦੇ ਦਰਸ਼ਨਾਂ ਵਾਸਤੇ ਸਾਹਮਣੇ ਬੈਠ ਗਏ। ਕੁਝ ਹੀ ਪਲਾਂ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਦੀਵਾਨ ਸਜ ਗਿਆ ਅਤੇ ਗੁਰੂ ਜੀ ਨੇ ਸਿੱਖਾਂ ਨੂੰ ਪਹਿਲਾ ਉਪਦੇਸ਼ ਦਿੱਤਾ:-

*ਰੇ ਮਨ ਓਟ ਲੇਹੁ ਹਰਿ ਨਾਮਾ ॥*
*ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥ ਰਹਾਉ॥*
*ਬਡਭਾਗੀ ਤਿਹ ਜਨ ਕਉ ਜਾਨਹੁ, ਜੋ ਹਰਿ ਕੇ ਗੁਨ ਗਾਵੈ ॥*

*ਜਨਮ ਜਨਮ ਕੇ ਪਾਪ ਖੋਇ ਕੈ, ਫੁਨਿ ਬੈਕੁੰਠਿ ਸਿਧਾਵੈ ॥*

*ਅਜਾਮਲ ਕਉ ਅੰਤ ਕਾਲ ਮਹਿ, ਨਾਰਾਇਨ ਸੁਧਿ ਆਈ ॥*

*ਜਾਂ ਗਤਿ ਕਉ ਜੋਗੀਸੁਰ ਬਾਛਤ, ਸੋ ਗਤਿ ਛਿਨ ਮਹਿ ਪਾਈ ॥*

*ਨਾਹਿਨ ਗੁਨੁ ਨਾਹਿਨ ਕਛੁ ਬਿਦਿਆ, ਧਰਮੁ ਕਉਨੁ ਗਜਿ ਕੀਨਾ ॥*

*ਨਾਨਕ ਬਿਰਦੁ ਰਾਮ ਕਾ ਦੇਖਹੁ, ਅਭੈ ਦਾਨੁ ਤਿਹ ਦੀਨਾ ॥*

ਭਾਵੁਕ ਹੋ ਕੇ ਗਾਂਦਿਆਂ ਗਾਂਦਿਆਂ ਭਾਈ ਗੁਰਦਿੱਤਾ ਜੀ ਦੀ ਦਾੜ੍ਹੀ ਮੁੱਛਾਂ ਹੰਝੂਆਂ ਨਾਲ ਭਿੱਜ ਗਈਆਂ। ਬਾਣੀ ਵਿਚ ਰੋਮਾਂਚ ਹੋਣ ਕਰਕੇ ਉਸਨੂੰ ਸਰੂਰ ਆ ਗਿਆ।

'ਆਹਾ! ਪੀਰ-ਓ-ਮੁਰਸ਼ਦ ਤੇਗ ਬਹਾਦਰ ! ਤੁਹਾਡੇ ਉਪਦੇਸ਼ ਦਾ ਇੱਕ ਇੱਕ ਲਫ਼ਜ਼ ਜ਼ਿੰਦਗੀ ਨੂੰ ਨਵੀਂ ਰਾਹ ਵਿਖਾ ਰਿਹਾ ਹੈ। ਮੇਰੀ ਬਦ-ਕਿਸਮਤੀ ਹੀ ਸਮਝੋ ਕਿ ਮੈਂ ਇੱਥੇ ਹੁੰਦੇ ਹੋਏ ਵੀ ਉਹਨਾਂ ਦਾ ਨੂਰ-ਜਮਾਲ ਨਹੀਂ ਵੇਖ ਸਕਿਆ। ਪੀਰ ਕਰੀਮ ਬਖ਼ਸ਼ ਦੀ ਦਾੜ੍ਹੀ ਉਤੇ ਵੀ ਕੁਝ ਮੋਤੀ ਚਮਕਣ ਲੱਗ ਪਏ ਸਨ।

'ਮੈਂ ਦੂਰੋਂ ਦਰਸ਼ਨ ਕੀਤੇ ਹਨ ਉਹਨਾਂ ਦੇ, 'ਰਹਿਮਾਨ ਖੁਸ਼ ਹੋ ਕੇ ਬੋਲਿਆ।

'ਤੁਸੀਂ ਧੰਨ ਹੋ ਰਹਿਮਾਨ ਭਾਈ।' ਤੁਸੀਂ ਆਖਰੀ ਵਕਤ ਮੇਰੇ ਗੁਰੂ ਦੇ ਦਰਸ਼ਨ ਕੀਤੇ ਹਨ। ਮੈਂ ਤੁਹਾਡੇ ਦਰਸ਼ਨਾਂ ਨਾਲ ਹੀ ਤਸੱਲੀ ਲੈ ਰਿਹਾ ਹਾਂ, ਇੰਨਾ ਕਹਿੰਦੇ ਕਹਿੰਦੇ ਭਾਈ ਗੁਰਦਿੱਤਾ ਜੀ ਨੇ ਰਹਿਮਾਨ ਨੂੰ ਗਲੇ ਨਾਲ ਨਾ ਲਿਆ।

'ਹੁਣ ਤੁਸੀਂ ਆਰਾਮ ਕਰੋ, ਭਰਾਵਾ ', ਪੀਰ ਜੀ ਨੇ ਉੱਠਦਿਆਂ ਕਿਹਾ, 'ਬਾਕੀ ਕਲ੍ਹ ਸਵੇਰੇ ਸੁਣਾਂਗੇ। 'ਪੀਰ ਜੀ ਦੇ ਉੱਠਣ ਨਾਲ ਸਾਰੇ ਸਰੋਤੇ ਉਠ ਕੇ ਚਲੇ ਗਏ ਅਤੇ ਰਾਤ ਚੰਗੀ ਬੀਤੇ, ਦੀ ਦੁਆ ਕਰਦਿਆਂ ਮਹਿਫਲ ਖਿੰਡ ਗਈ।

'ਵਾਹਿਗੁਰੂ ', ਭਾਈ ਗੁਰਦਿੱਤਾ ਨੇ 'ਸੋਹਿਲਾ ' ਦਾ ਪਾਠ ਸ਼ੁਰੂ ਕੀਤਾ

*ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥*
*ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥*

ਔਰੰਗਜ਼ੇਬ ਦਾ ਪ੍ਰਸ਼ਾਸ਼ਨ ਭਾਰਤ ਵਿਚ ਆਤੰਕ ਬਣਿਆ ਹੋਇਆ ਸੀ। ਬਾਦਸ਼ਾਹ ਦੀ ਧਾਰਮਿਕ ਨੀਤੀ ਇੰਨੀ ਸੰਕੀਰਨ ਸੀ ਕਿ ਹਿੰਦੂਆਂ ਤੋਂ ਇਲਾਵਾ ਮੁਸਲਮਾਨਾਂ ਦੇ ਸ਼ੀਆ ਫਿਰਕੇ ਦੇ ਲੋਕ ਵੀ ਉਸਦੇ ਅਤਿਆਚਾਰਾਂ ਤੋਂ ਕੰਬਦੇ ਸਨ। ਕਲਾ, ਸੰਗੀਤ, ਖੁਸ਼ੀ ਤੇ ਆਨੰਦ ਦਾ ਉਸਦੇ ਰਾਜ ਵਿਚ ਗਲਾ ਘੁਟਿਆ ਹੋਇਆ ਸੀ। ਔਰੰਗਜ਼ੇਬ ਸੁੰਨੀ ਮੁਸਲਮਾਨ ਸੀ, ਪੰਜ ਵਕਤ ਨਿਮਾਜ਼ ਪੜ੍ਹਦਾ ਸੀ, ਮਾਲਾ ਦਾ ਇੱਕ ਇੱਕ ਮਣਕੇ ਉਤੇ ਅੱਲਾ ਹੀ ਅੱਲਾ ਪੁਕਾਰਦਾ ਅਤੇ ਵਿਦਿਆਰਥੀਆਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਤਰਕੀਬਾਂ ਸੋਚਦਾ ਰਹਿੰਦਾ ਸੀ। ਇਹ ਠੀਕ ਹੈ ਕਿ ਉਹ ਸ਼ਰਾਬ ਨਹੀਂ ਸੀ ਪੀਂਦਾ, ਰਾਗ ਨਹੀਂ ਸੀ ਸੁਣਦਾ, ਨਾਟਕ ਤੇ ਰੰਗ

ਤਮਾਸ਼ਿਆਂ ਤੋਂ ਦੂਰ ਰਹਿੰਦਾ ਸੀ ਪਰ ਪਰਜਾ ਦੇ ਅਰਮਾਨਾਂ ਦਾ ਲਹੂ ਪੀਣ ਤੋਂ ਉਸਨੂੰ ਕਦੇ ਕੋਈ ਰੋਕ ਸਕਿਆ ਸੀ ? ਦਿੱਲੀ ਦੀ ਜਨਤਾ ਰਾਗ ਦੀਆਂ ਅਰਥੀਆਂ ਕੱਢਦੀ ਸੀ, ਨਾਟਕ ਮਿੱਟੀ ਫਕਦੇ ਸਨ ਅਤੇ ਔਰੰਗਜ਼ੇਬ ਦੇਸ਼ ਵਿੱਚ 'ਕੁਫਰ' ਦਾ ਖਾਤਮਾ ਕਰਨ ਦੀਆਂ ਵਿਉਂਤਾਂ ਬਣਾਉਂਦਾ ਸੀ। ਉਸ ਦੇ ਵਿਚਾਰ ਵਿਚ ਦੇਵ-ਮੰਦਰ ਵਿੱਚ ਪੂਜਾ ਹੋਵੇ ਜਾਂ ਸ਼ੀਆ ਮਸਜਿਦ ਦੀ ਰਮਜਾਨ, ਯੋਗੀਆਂ ਦਾ ਪ੍ਰਾਣਾਯਾਮ ਹੋਵੇ ਜਾਂ ਸਿੱਖਾਂ ਦੀ ਅਰਦਾਸ ਸਭ ਕੁਫਰ ਸਨ ਅਤੇ ਇਹਨਾਂ ਦਾ ਪਤਾ ਕਰਨ ਵਾਸਤੇ ਅਤੇ ਇਹਨਾਂ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਲਈ ਉਸ ਯੁੱਧਾਂ ਵਾਸਤੇ ਰੱਖੀ ਫ਼ੌਜ ਤੋਂ ਵੱਖਰੀ ਫੌਜ ਗਠਿਤ ਕੀਤੀ ਹੋਈ ਸੀ, ਜਿਸ ਦਾ ਨਾਂ ਸੀ ਸਿਪਹ-ਏ-ਦੀਨ।

ਸਿਪਹ-ਏ-ਦੀਨ ਵਿਚ ਬਾਦਸ਼ਾਹ ਦੇ ਖਾਸ ਭਰੋਸੇਯੋਗ, ਕੱਟੜ ਸੁੰਨੀ ਮੁਸਲਮਾਨ ਅਤੇ ਆਮ ਕਰਕੇ ਪਰਖੇ ਹੋਏ ਅੱਤਿਆਚਾਰੀ ਫ਼ੌਜੀ ਭਰਤੀ ਕੀਤੇ ਜਾਂਦੇ ਸਨ। ਬਾਦਸ਼ਾਹ ਆਪ ਇਸ ਫ਼ੌਜ ਦਾ ਮੁਖੀ ਸੀ। ਇਸ ਦਾ ਇੱਕ ਹਿੱਸਾ ਖੁਫ਼ੀਆ ਵਿਭਾਗ ਵੀ ਸੀ, ਜਿਸ ਦਾ ਕੰਮ ਬਾਦਸ਼ਾਹ ਦੀ ਅਵੱਗਿਆ ਕਰਕੇ ਪ੍ਰਮਾਤਮਾ ਦੀ ਸ਼ਰਨ ਲੈਣ ਵਾਲੇ, ਅਰਾਧਨਾ ਦੇ ਫੁੱਲ ਚੜ੍ਹਾਉਣ ਵਾਲੇ ਅਤੇ ਸੱਚ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਲੱਭ ਕੇ, ਉਹਨਾਂ ਨੂੰ ਦੰਡ ਦੇਣਾ ਸੀ। ਬਾਦਸ਼ਾਹ ਨੇ ਸਿਪਹ-ਏ-ਦੀਨ ਨੂੰ ਇੰਨੇ ਜ਼ਿਆਦਾ ਦਾ ਅਧਿਕਾਰ ਦੇ ਰੱਖੇ ਸਨ ਕਿ ਜੇਕਰ ਉਸਦਾ ਇੱਕ ਵੀ ਸਿਪਾਹੀ ਕਿਧਰੋਂ ਲੰਘ ਜਾਂਦਾ ਤਾਂ ਲੋਕਾਂ ਵਿੱਚ ਦਹਿਸ਼ਤ ਫੈਲ ਜਾਂਦੀ ਸੀ। ਹਿੰਦੂਆਂ ਦਾ ਕੋਈ ਵੀ ਪੁੰਨ ਦਾ ਕੰਮ ਇਹਨਾਂ ਗਿਰਝਾਂ ਦੀਆਂ ਨਜ਼ਰਾਂ ਤੋਂ ਬਚਦਾ ਨਹੀਂ ਸੀ। ਬਿਨਾਂ ਜ਼ਜ਼ੀਆ ਅਦਾ ਕੀਤੇ ਤੀਰਥ-ਯਾਤਰਾ, ਮੱਸਿਆ ਜਾਂ ਇਕਾਦਸ਼ੀ ਦਾ ਇਸ਼ਨਾਨ, ਮੰਦਰਾਂ ਵਿਚ ਘੰਟਿਆਂ ਜਾਂ ਸੰਖ ਦੀ ਆਵਾਜ਼, ਕੀਰਤਨ ਦੇ ਪਾਠ, ਮੰਦਰ ਉਸਾਰੀ ਜਾਂ ਮੂਰਤੀ-ਸਥਾਪਨਾ, ਭਗਵਦ ਭਜਨ ਜਾਂ ਸਤੋਤਰ-ਗਾਨ, ਕੁਝ ਵੀ ਇਹਨਾਂ ਦੀ ਦੰਡ ਪ੍ਰਣਾਲੀ ਤੋਂ ਬਚਿਆ ਨਹੀਂ ਸੀ। ਅੱਗ ਨੂੰ ਸਾਖੀ ਮੰਨ ਕੇ ਵੇਦ-ਮੰਤਰਾਂ ਦੇ ਉਚਾਰਨ ਨਾਲ ਦੋ ਨੌਜਵਾਨਾਂ ਦੇ ਅਰਮਾਨਾਂ ਨੂੰ ਇੱਕ ਕਰਨ ਦੀ ਪਵਿੱਤਰ ਕਿਰਿਆ ਵੀ ਸਿਪਹ-ਏ-ਦੀਨ ਦੇ ਆਤੰਕਵਾਦੀ ਸਿਪਾਹੀਆਂ ਲਈ ਕਿਸੇ ਅਰਥੀ ਦੇ ਅੱਗੇ-ਅੱਗੇ 'ਰਾਮ-ਰਾਮ ਸਤਿ ਹੈ' ਦੀ ਧੁਨੀ ਵਾਂਗ ਹੀ ਜੁਰਮ ਸੀ ਅਤੇ ਦਿਲ ਆਉਣ ਉਤੇ ਉਹ ਅਰਥੀ ਨਾਲ ਚੱਲ ਰਹੇ ਲੋਕਾਂ ਨੂੰ ਵੀ ਸਜ਼ਾ ਦੇ ਸਕਦੇ ਸਨ। ਉਹ ਵਿਆਹ ਮੰਡਪ ਵਿਚੋਂ ਦੁਲਹਨ ਨੂੰ ਵੀ ਚੁੱਕ ਕੇ ਲੈ ਜਾਂਦੇ ਸਨ। ਉਹਨਾਂ ਵਿਰੁੱਧ ਸ਼ਿਕਾਇਤ ਸੁਣਨ ਵਾਲਾ ਕੋਈ ਨਹੀਂ ਸੀ, ਉਹਨਾਂ ਨੂੰ ਅਨੁਸ਼ਾਸਨ ਵਿੱਚ ਰੱਖਣ ਦੀ ਲੋੜ ਨਹੀਂ ਸੀ, ਬਾਦਸ਼ਾਹ ਆਪ ਉਹਨਾਂ ਦੀਆਂ ਅਜਿਹੀਆਂ ਹਰਕਤਾਂ ਨਾਲ ਸੰਤੁਸ਼ਟ ਹੁੰਦਾ ਸੀ। ਕਿਧਰੇ ਮੂਰਤੀਆਂ ਤੋੜਨ, ਮੰਦਰ ਡੇਗਣ, ਗੈਰ-ਮੁਸਲਮਾਨਾਂ ਦੇ ਪੂਜਾ ਯੱਗ ਭੰਗ ਕਰਨ ਜਾਂ ਹਿੰਦੂ ਔਰਤਾਂ ਨੂੰ ਅਗਵਾ ਕਰਨ ਦਾ ਵੱਡਾ ਕਾਂਡ ਕਰਨ ਵਾਲਿਆਂ ਨੂੰ ਔਰੰਗਜ਼ੇਬ ਪੁਰਸਕਾਰ ਦੇ ਕੇ ਸਨਮਾਨਦਾ ਸੀ।

ਇਸ ਤਰ੍ਹਾਂ ਦੀਆਂ ਭਿਆਨਕ ਪਾਬੰਦੀਆਂ ਦੇ ਹੁੰਦਿਆਂ ਆਖ਼ਰ ਪੀਰ ਕਰੀਮ ਬਖ਼ਸ਼ ਦੀ ਮੁਸਲਮਾਨ ਸ਼ਿਸ਼-ਮੰਡਲੀ ਗੁਰੂ ਤੇਗ ਬਹਾਦਰ ਜੀ ਦੀ ਜੀਵਨ-ਕਥਾ ਕਦੋਂ ਤੱਕ ਸ਼ਾਂਤੀ ਨਾਲ ਸੁਣ ਸਕਦੀ ਸੀ, ਸਿਪਹ-ਏ-ਦੀਨ ਦੇ ਖੁਫ਼ੀਆ ਵਿਭਾਗ ਨੇ ਬਾਦਸ਼ਾਹ ਨੂੰ ਖਬਰ ਦਿਤੀ ਕਿ ਦਿੱਲੀ ਸਰਕਾਰ ਦੀ ਨੱਕ ਹੇਠਾਂ ਕੁਫਰ ਵਧ-ਫੁੱਲ ਰਿਹਾ ਹੈ। ਬਾਦਸ਼ਾਹ ਦੀ ਖਾਸ ਅਦਾਲਤ ਦਾ ਹਰਕਾਰਾ ਪੀਰ ਕਰੀਮ ਬਖ਼ਸ਼ ਲਈ ਉਸ ਸਾਹਮਣੇ ਪੇਸ਼ ਹੋਣ ਲਈ ਹੁਕਮ ਲੈ ਕੇ ਆ ਗਿਆ।। ਪੀਰ ਦੇ ਨਾਲ ਉਸਦੇ ਮੁਰੀਦ ਵੀ ਹੱਕੇ ਬੱਕੇ ਰਹਿ ਗਏ। ਹਰ ਪਾਸੇ ਮਾਤਮ ਜਿਹਾ ਛਾ ਗਿਆ। ਸਵੇਰ ਦੀ ਸਭਾ ਅਜੇ ਸ਼ੁਰੂ ਹੀ ਨਹੀਂ ਹੋਈ ਸੀ, ਠੰਢੀ-ਠੰਢੀ ਹਵਾ ਜਮਨਾ ਵਲੋਂ ਆ ਰਹੀ ਸੀ, ਜਿਸ ਦੀ ਛੂਹ ਨਾਲ ਸਰੀਰ ਵਿੱਚ ਝਰਨਾਟ ਜਿਹੀ ਪੈਦਾ ਹੁੰਦੀ ਸੀ। ਪੀਰ ਸਵੇਰ ਦੀ ਨਮਾਜ਼ ਖਤਮ ਕਰਕੇ ਅਜੇ ਵੱਡੇ ਦਰਖ਼ਤ ਵਲ ਆਇਆ ਹੀ ਸੀ ਪੰਜ ਸੱਤ ਮੁਰੀਦ ਵੀ ਪਹੁੰਚ ਚੁੱਕੇ ਸਨ, ਭਾਈ ਗੁਰਦਿੱਤਾ ਜੀ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰ ਚੁੱਕਾ ਸੀ, 'ਆਸਾ ਦੀ ਵਾਰ' ਪੜ੍ਹ ਰਿਹਾ ਸੀ, ਅਰਦਾਸ ਕਰਨੀ ਅਜੇ ਬਾਕੀ ਸੀ। ਇੰਨੇ ਵਿੱਚ ਇੱਕ ਸਿਪਾਹੀ ਦੇ ਨਾਲ ਬਾਦਸ਼ਾਹ ਦੇ ਹਰਕਾਰੇ ਨੇ ਪੀਰ ਦੇ ਸਾਹਮਣੇ ਪਹੁੰਚ ਕੇ ਘੋੜੇ ਨੂੰ ਰੋਕਿਆ ਸੀ। ਪੀਰ ਕਰੀਮ ਬਖ਼ਸ਼ ਡਿੱਗਦਾ ਡਿੱਗਦਾ ਸੰਭਲਿਆ ਅਤੇ ਸਿਪਹ-ਏ- ਦੀਨ ਦੇ ਸਿਪਾਹੀ ਨੂੰ ਸਾਹਮਣੇ ਵੇਖ ਕੇ ਕੰਬ ਗਿਆ।

'ਪੀਰ ਕਰੀਮ ਬਖ਼ਸ਼ ਕੀ ਆਪ ਹੀ ਹੋ ?' ਕਾਸਦ ਨੇ ਬੜੀ ਰੁੱਖੀ ਪਰ ਕਰੜੀ ਆਵਾਜ਼ ਵਿਚ ਪੁੱਛਿਆ।

'ਦੱਸੋ, ਨਾਚੀਜ਼ ਨੂੰ ਹੀ ਕਰੀਮ ਬਖ਼ਸ਼ ਕਹਿੰਦੇ ਹਨ।'

ਕਾਸਦ ਨੇ ਵਿਸ਼ੇਸ਼ ਅਦਾਲਤ ਦਾ ਤੁਰੰਤ ਪੇਸ਼ ਹੋਣ ਲਈ ਬਾਦਸ਼ਾਹੀ ਹੁਕਮ ਪੀਰ ਨੂੰ ਸੌਂਪਦਿਆਂ ਕਿਹਾ, 'ਚਲੋ, ਪੀਰ ਸਾਹਿਬ ਬਾਦਸ਼ਾਹ ਸਲਾਮਤ ਨੇ ਤੁਹਾਨੂੰ ਯਾਦ ਕੀਤਾ ਹੈ।'

ਉਥੇ ਮੌਜੂਦ ਸਾਰੇ ਲੋਕ ਹੈਰਾਨ ਹੋ ਗਏ। ਸਾਰਿਆਂ ਦੇ ਮਨ ਵਿੱਚ ਇੱਕੋ ਤਰ੍ਹਾਂ ਦਾ ਡਰ ਸੀ ਕਿ ਪੀਰ ਕਰੀਮ ਬਖ਼ਸ਼ ਦੀ ਅੱਜ ਖ਼ੈਰ ਨਹੀਂ। ਪਰ ਰੱਬ ਦੇ ਬੰਦਿਆਂ ਲਈ ਹਮਦਰਦੀ ਵੀ ਕੀ ਬਾਦਸ਼ਾਹ ਨੂੰ ਚੰਗੀ ਨਹੀਂ ਲੱਗਦੀ ? ਇਹ ਕਿਹੋ ਜਿਹੀ ਧਰਮ-ਪ੍ਰਸਤੀ ਹੈ?

ਭਾਈ ਗੁਰਦਿੱਤਾ ਜੀ ਦਾ ਮਨ ਦੁਖੀ ਹੋਇਆ ਕਿ ਉਸਦੇ ਕਾਰਨ ਜੇਕਰ ਪੀਰ ਸਾਹਿਬ ਉਤੇ ਕੋਈ ਮੁਸੀਬਤ ਵਾਪਰੀ ਤਾਂ ਉਹ ਆਪਣੇ ਆਪ ਨੂੰ ਕਦੀ ਮੁਆਫ਼ ਨਹੀਂ ਕਰ ਸਕੇਗਾ। ਇਸ ਲਈ ਅਰਦਾਸ ਕਰਦਿਆਂ ਉਸ ਵਾਹਿਗੁਰੂ ਪਾਸੋਂ ਪੀਰ ਦੀ ਖੈਰ ਖ਼ੈਰੀਅਤ ਦੀ ਵੀ ਪ੍ਰਾਰਥਨਾ ਕੀਤੀ।

ਪੀਰ ਹਰਕਾਰੇ ਦੇ ਨਾਲ ਹੀ ਚਲਾ ਗਿਆ। ਰਹਿਮਾਨ ਤੇ ਦੋ ਕੁ ਹੋਰ ਮੁਰੀਦ ਪਿੱਛੇ ਪਿੱਛੇ ਚਲ ਪਏ। ਉਹਨਾਂ ਨੂੰ ਕਿਲ੍ਹੇ ਦੇ ਅੰਦਰ ਜਾਣ ਦੀ ਇਜਾਜ਼ਤ ਨਾ ਮਿਲੀ, ਇਸ ਲਈ ਉਹ ਮੁੱਖ-ਦਰਵਾਜ਼ੇ ਉਤੇ ਪੀਰ ਦੀ ਵਾਪਸ ਆਉਣ ਦੀ ਉਡੀਕ ਕਰਨ ਲੱਗ ਗਏ।

ਔਰੰਗਜ਼ੇਬ ਦਾ ਇਹ ਮਜ਼ਹਬੀ ਦਰਬਾਰ ਵੱਖਰੀ ਕਿਸਮ ਦਾ ਅਤੇ ਗੁਪਤ ਹੁੰਦਾ ਸੀ। ਉਸ ਵਿੱਚ ਉਸਦੇ ਦਰਬਾਰੀਆਂ ਤੇ ਮੰਤਰੀਆਂ ਨੂੰ ਵੀ ਆਉਣ ਦੀ ਆਗਿਆ ਨਹੀਂ ਸੀ। ਸਾਰੀ ਕਾਰਵਾਈ ਬੰਦ ਕਮਰੇ ਵਿਚ ਚਲਦੀ ਸੀ। ਸਿਪਹ-ਏ-ਦੀਨ ਦੇ ਸਿਪਾਹੀਆਂ ਦੇ ਪਹਿਰੇ ਹੇਠ ਸੈਂਕੜੇ ਲੋਕ ਉਸ ਬੰਦ ਕਮਰੇ ਵਿਚ ਜਾਣ ਤੋਂ ਪਿੱਛੋਂ ਕਦੀ ਵਾਪਸ ਨਹੀਂ ਪਰਤੇ ਸਨ। ਉਸ ਤਹਿਖ਼ਾਨੇ ਵਿਚ ਦੰਡ ਦੇਣ ਦੇ ਸਾਰੇ ਸਾਧਨ ਮੌਜੂਦ ਸਨ, ਬਾਹਰਲੀ ਦੁਨੀਆਂ ਨੂੰ ਪਕੜ ਕੇ ਮੰਗਵਾਏ ਗਏ ਵਿਅਕਤੀ ਦੀ ਬਦਬੂ ਤੱਕ ਨਹੀਂ ਪਤਾ ਲਗਦੀ ਸੀ।

ਬਾਦਸ਼ਾਹ ਉੱਚੇ ਸਿੰਘਾਸਣ ਉਤੇ ਬੈਠਦਾ ਸੀ, ਹੇਠਾਂ ਇੱਕ ਛੋਟੀ-ਮੋਟੀ ਦਰਬਾਰੀ ਕਾਰਵਾਈ ਵਾਂਗ ਅਫ਼ਸਰ ਕੰਮ ਕਰਦੇ ਸਨ। ਪੀਰ ਕਰੀਮ ਬਖ਼ਸ਼ ਉਸ ਹਾਲ ਕਮਰੇ ਵਿਚ ਦਾਖ਼ਲ ਹੋਏ ਅਤੇ ਉਸ ਝੁਕ ਕੇ ਤਿੰਨ ਵਾਰ ਬਾਦਸ਼ਾਹ ਨੂੰ ਸਲਾਮ ਕੀਤਾ। ਬਾਦਸ਼ਾਹ ਮੁਸਕਰਾਇਆ ਅਤੇ ਉਥੇ ਮੌਜੂਦ ਲੋਕਾਂ ਨੂੰ ਪੀਰ ਦੇ ਪ੍ਰਾਣ ਜਾਣ ਦਾ ਤੌਖ਼ਲਾ ਸਪਸ਼ਟ ਮਹਿਸੂਸ ਹੋਣ ਲੱਗ ਪਿਆ। ਬਾਦਸ਼ਾਹ ਦੇ ਮਨ ਦੀ ਗੱਲ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਤੀਸਰਾ ਆਦਮੀ ਜਾਣ ਨਹੀਂ ਸਕਦਾ ਸੀ। ਪਰ ਲੋਕ ਪੁਰਾਣੀਆਂ ਰਵਾਇਤਾਂ ਤੋਂ ਅੰਦਾਜ਼ਾ ਲਾ ਰਹੇ ਸਨ। ਹੁਣ ਤੱਕ ਕਾਫ਼ਰਾਂ ਦੇ ਸਿਰ ਵੱਢੇ ਗਏ ਸਨ, ਉਹਨਾਂ ਦੇ ਕੰਨ ਉਤੇ ਜੂੰ ਤੱਕ ਨਾ ਸਰਕੀ ਸੀ ਪਰ ਕੀ ਰੱਬ ਵਾਲਿਆਂ ਨਾਲ ਵੀ ਅਜਿਹਾ ਮਾੜਾ ਵਿਹਾਰ ਹੋ ਸਕਦਾ ਹੈ, ਇਹ ਲੋਕਾਂ ਦੀ ਸਮਝ ਵਿੱਚ ਨਹੀਂ ਆਇਆ ਸੀ। ਕਿਸੇ-ਕਿਸੇ ਦੇ ਮਨ ਵਿਚ ਰੋਸ ਸੀ।

ਔਰੰਗਜ਼ੇਬ ਬਹੁਤ ਕੂਟਨੀਤੀ ਵਾਲਾ ਸੀ ਅਤੇ ਵਿਲਾਸੀ ਵੀ ਪਹਿਲੇ ਦਰਜੇ ਦਾ ਸੀ। ਸ਼ਰਾਬ ਤਾਂ ਨਹੀਂ ਪੀਂਦਾ ਸੀ ਪਰ ਉਸਦੇ ਮਹਿਲ ਵਿਚ ਸ਼ਰਾਬ ਦੀ ਖ਼ਪਤ ਸਭ ਤੋਂ ਵੱਧ ਸੀ। ਔਰਤ ਉਸਦੀ ਕਮਜ਼ੋਰੀ ਸੀ। ਦਾਰਾ ਦੀ ਪਤਨੀ ਨਾਲ ਤਾਂ ਉਸ ਜਬਰੀ ਵਿਆਹ ਕਰਵਾਇਆ ਹੀ ਸੀ, ਸ਼ਾਹ ਜਹਾਨ ਦੀ ਸੁੰਦਰ ਹਿੰਦੂ ਪਤਨੀ ਜਿਹੜੀ ਮਹਾਂਰਾਸ਼ਟਰ ਦੀ ਸੀ ਅਤੇ ਜਿਸ ਨੂੰ ਉਸ ਆਪਣੇ ਆਖ਼ਰੀ ਦਿਨਾਂ ਵਿਚ ਹਰਮ ਵਿਚ ਦਾਖਲ ਕਰਵਾਇਆ ਸੀ, ਔਰੰਗਜ਼ੇਬ ਦੀ ਭੈੜੀ ਨਜ਼ਰ ਤੋਂ ਬਚ ਨਹੀਂ ਸੀ ਸਕੀ। ਉਹ ਮਾਂ ਦੇ ਦਰਜੇ ਤੋਂ ਉਸਨੂੰ ਪਤਨੀ ਦੇ ਦਰਜੇ ਤੇ ਲਿਆਉਣ ਲਈ ਬੇਸਬਰ ਹੋ ਰਿਹਾ ਸੀ। ਇਹ ਤਾਂ ਉਸ ਲੜਕੀ ਦੇ ਹਿੰਦੂ ਸੰਸਕਾਰ ਸਨ ਕਿ ਉਸ ਪੁੱਤਰ ਦੀ ਸੇਜ ਉੱਤੇ ਸੌਣ ਦੇ ਮੁਕਾਬਲੇ ਮਿਸ਼ਾਲ ਨਾਲ ਆਪਣੇ ਸੁੰਦਰ ਮੁਖੜੇ ਨੂੰ ਝੁਲਸ ਕੇ ਹਮੇਸ਼ਾ ਲਈ ਬਦਸੂਰਤ ਬਣ ਕੇ ਆਪਣੀ ਲਾਜ ਬਚਾ ਲਈ ਅਤੇ ਆਪਣੀਆਂ ਇਸ ਤਰ੍ਹਾਂ ਦੀਆਂ ਨੀਚ ਤੇ ਘ੍ਰਿਣਾ ਪੂਰਵਕ ਹਰਕਤਾਂ ਉਤੇ ਪਰਦਾ ਪਾਉਣ ਵਾਸਤੇ ਅਤੇ ਰਹੱਸ ਨੂੰ ਰਹੱਸ ਬਣਿਆ ਰਹਿਣ ਦੇਣ ਲਈ, ਉਹ ਆਪਣੇ ਅਧੀਨ ਸੇਵਕਾਂ ਨਾਲ ਵੀ ਇੰਨੀ ਕਠੋਰਤਾ ਨਾਲ ਪੇਸ਼ ਆਉਂਦਾ ਸੀ ਕਿ ਜ਼ਿੰਦਗੀ ਦੀ ਕੀਮਤ ਉਤੇ ਕੋਈ ਉਸ ਨੂੰ ਕੁਝ ਕਹਿਣ ਦਾ ਹੌਂਸਲਾ ਨਹੀਂ ਕਰਦਾ ਸੀ। ਮਹਿਲ ਦੀਆਂ ਗੱਲਾਂ ਸਭ ਜਾਣਦੇ ਸਨ, ਪਾਪ, ਅੱਤਿਆਚਾਰ ਤੇ ਬੇਇਨਸਾਫ਼ੀ ਦੀਆਂ ਲੰਬੀਆਂ ਸੂਚੀਆਂ ਸਭ ਨੂੰ ਪਤਾ ਸਨ ਪਰ ਸਿਰ ਉਤੇ ਹਰ ਵਕਤ ਲਟਕਦੀ ਤਲਵਾਰ ਦੇ ਡਰ ਕਾਰਨ ਕਦੇ ਕੋਈ ਗੱਲ ਬਾਹਰ ਨਹੀਂ ਕਰਦਾ ਸੀ।

ਹਿੰਦੂਆਂ ਉੱਤੇ ਜਦੋਂ ਦੋਬਾਰਾ ਜ਼ਜ਼ੀਆ ਲੱਗਣ ਦਾ ਕਾਨੂੰਨ ਬਣਿਆ ਤਾਂ ਹਿੰਦੂਆਂ ਨੇ ਝਰੋਖੇ ਉਤੇ ਇਕੱਠੇ ਹੋ ਕੇ ਕਾਲੇ ਕਾਨੂੰਨ ਨੂੰ ਵਾਪਸ ਲਏ ਜਾਣ ਦੀ ਮੰਗ ਕੀਤੀ ਪਰ ਕੋਈ ਸੁਣਵਾਈ ਨਾ ਹੋਈ। ਲੇਖਕ ਖਫ਼ੀ ਖ਼ਾਂ ਆਪਣੀ ਪੁਸਤਕ ਮੁਨਤਸਬ-ਉਲਾ-ਲਾਜ਼ਬ ਵਿਚ ਲਿਖਦਾ ਹੈ ਕਿ ਜਦੋਂ ਇੱਕ ਦਿਨ ਬਾਦਸ਼ਾਹ ਲਾਲ ਕਿਲ੍ਹੇ ਤੋਂ ਜ਼ੁਮਾ ਮਸਜਿਦ ਵਲ ਜਾ ਰਿਹਾ ਸੀ ਹਿੰਦੂਆਂ ਦੀ ਬਹੁਤ ਵੱਡੀ ਭੀੜ ਰਸਤੇ ਵਿਚ ਇਕੱਠੀ ਹੋ ਗਈ। ਉਹ ਲੋਕ ਜ਼ਜ਼ੀਆ ਵਾਪਸ ਲਏ ਜਾਣ ਵਾਸਤੇ ਬੇਨਤੀ ਕਰ ਰਹੇ ਸਨ। ਬਾਦਸ਼ਾਹ ਨੂੰ ਸੈਨਿਕਾਂ ਦੇ ਨਾਲ ਹੋਣ ਦੇ ਬਾਵਜੂਦ ਰਸਤਾ ਨਾ ਮਿਲ ਸਕਿਆ, ਤਾਂ ਉਸ ਕਿਲ੍ਹੇ ਵਿਚੋਂ ਹਾਥੀ ਮੰਗਵਾ ਕੇ ਨਿਹੱਥੀ ਪਰਜਾ ਨੂੰ ਹਾਥੀ ਦੇ ਪੈਰਾਂ ਹੇਠ ਕੁਚਲਵਾ ਦਿੱਤਾ ਸੀ। ਸੈਂਕੜੇ ਲੋਕ ਹਾਥੀ ਦੇ ਪੈਰਾਂ ਹੇਠ ਕੁਚਲੇ ਗਏ ਅਤੇ ਉਹਨਾਂ ਦੀਆਂ ਲਾਸ਼ਾਂ ਲਿਤਾੜਦਾ ਔਰੰਗਜ਼ੇਬ ਜਾਮਾ ਮਸਜਿਦ ਪਹੁੰਚਿਆ ਸੀ, ਨਮਾਜ਼ ਪੜਨ ਲਈ।'

ਉਹਨੀਂ ਦਿਨੀਂ ਰਮਜ਼ਾਨ ਦੇ ਮਹੀਨੇ 'ਸਵਾਬ' ਕਮਾਉਣ ਦੇ ਮਨੋਰਥ ਨਾਲ ਆਲਮਗੀਰ ਨੇ ਵੀਰ ਸਿੰਘ ਦੇਵ ਵਲੋਂ ਬਣਵਾਇਆ ਕਾਸ਼ੀ ਦਾ ਪ੍ਰਸਿੱਧ ਵਿਸ਼ਵਾਨਾਥ ਮੰਦਿਰ, ਜਿਸ ਨੂੰ ਉਹਨਾਂ ਦਿਨਾਂ ਵਿੱਚ ਦੇਹਰਾ ਕੇਸ਼ਵ ਰਾਓ ਕਹਿੰਦੇ ਸਨ, ਬਿਨਾਂ ਕਿਸੇ ਕਾਰਨ ਤੁੜਵਾ ਦੇਣ ਦੀ ਇਜਾਜ਼ਤ ਦੇ ਦਿੱਤੀ ਸੀ। ਮੰਦਿਰ ਨੂੰ ਡਿਗਵਾ ਕੇ ਉਸ ਦੀ ਜਗ੍ਹਾ ਲੱਖਾਂ ਰੁਪਏ ਖਰਚ ਕਰਕੇ ਇੱਕ ਵੱਡੀ ਮਸਜਿਦ ਬਣਵਾਈ ਗਈ ਸੀ ਜਿਸ ਦਾ ਨਾਂ ਰੂਪ ਰੰਗ ਅੱਜ ਵੀ ਮੌਜੂਦ ਹੈ। ਕੁਝ ਇਤਿਹਾਸਕਾਰਾਂ ਤਾਂ ਇਥੋਂ ਤੱਕ ਲਿਖਿਆ ਹੈ ਕਿ ਰਮਜ਼ਾਨ ਦੇ ਦਿਨਾਂ ਵਿਚ ਜਦੋਂ ਤੱਕ ਉਹ ਸਵਾ ਸੇਰ ਜੰਞੂ ਜਬਰੀ ਹਿੰਦੂਆਂ ਦੇ ਗਲੇ ਵਿਚੋਂ ਨਹੀਂ ਉਤਰਵਾ ਲੈਂਦਾ ਸੀ, ਉਸ ਵਕਤ ਤੱਕ ਉਹ ਪੱਛਮ ਵੱਲ ਮੂੰਹ ਕਰਕੇ ਨਮਾਜ਼ ਪੜ੍ਹ ਕੇ ਉਹ ਅੰਨ ਪਾਣੀ ਨਹੀਂ ਖਾਂਦਾ ਸੀ।

ਇਤਿਹਾਸ ਵਿਚ ਅਕਬਰ ਨੇ ਜਿਹੜੇ ਰਾਜਪੂਤ ਰਾਜਿਆਂ ਨਾਲ ਮੰਤਰੀ ਪੱਧਰ ਦੇ ਸਬੰਧ ਕਾਇਮ ਕੀਤੇ ਸਨ, ਉਹ ਸਾਰੇ ਔਰੰਗਜ਼ੇਬ ਦੀ ਕੱਟੜਤਾ ਅਤੇ ਮਾੜੀ ਨੀਤੀ ਕਰਕੇ ਟੁੱਟ ਗਏ। ਦੱਖਣੀ ਰਿਆਸਤਾਂ ਨਾਲ ਉਹ ਜਾਣ ਬੁੱਝ ਕੇ ਛੇੜਖ਼ਾਨੀ ਕਰਦਾ ਰਿਹਾ। ਮਰਾਠਿਆਂ ਨੂੰ ਵਾਰ ਵਾਰ ਤੰਗ ਕਰਕੇ ਉਸ ਬੇਲੋੜੇ ਉਨ੍ਹਾਂ ਨੂੰ ਦੁਸ਼ਮਣ ਬਣਾ ਲਿਆ। ਸ਼ਿਵਾ ਜੀ ਨੇ ਕੁਝ ਖੱਤਰੀ ਇਕੱਤਰ ਕਰਕੇ ਇਸ ਨੂੰ ਅਜਿਹਾ ਲਲਕਾਰਿਆ ਸੀ ਇਸ ਦੀ ਨੀਂਦ ਹਰਾਮ ਹੋ ਗਈ। ਪਿੱਛੋਂ ਉਹ ਪੰਜਾਬ ਵਿਚ ਸਿੱਖਾਂ ਦੀ ਹਕੂਮਤ ਨਾਲ ਟਾਕਰਾ ਕੀਤੇ ਬਿਨਾਂ ਵੀ ਉਹ ਨਾ ਰਿਹਾ ਅਤੇ ਨਤੀਜਾ ਇਹ ਨਿਕਲਿਆ ਕਿ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਨਮੋਸ਼ੀ ਸਹਿ ਕੇ ਜਾਨ ਦਿੱਤੀ। ਰਾਜਪੂਤ ਸਰਦਾਰਾਂ ਵਿਚੋਂ ਜੋ ਰਾਜਾ ਰਾਮ ਸਿੰਘ ਅਤੇ ਮਿਰਜ਼ਾ ਜੈਸਿੰਘ ਆਦਿ ਜਿਹੜੇ ਬਹੁਤ ਨਜ਼ਦੀਕੀ ਸਨ, ਉਹਨਾਂ ਕੋਲੋਂ ਸ਼ਿਵਾ ਜੀ ਦਾ ਮਠਿਆਈ ਦੀ ਟੋਕਰੀ ਵਿਚ ਬੈਠ ਕੇ ਨਿਕਲ ਜਾਣ ਕਰਕੇ ਬੇ-ਪ੍ਰਤੀਤੀ ਹੋ ਗਈ ਸੀ। ਦਰਅਸਲ ਵਿੱਚ, ਆਸਾਮ ਉਤੇ ਚੜ੍ਹਾਈ ਰਾਜਾ ਰਾਮ ਸਿੰਘ ਨੂੰ ਸਜ਼ਾ ਦੇਣ ਵਾਸਤੇ ਇੱਕ ਬਹਾਨਾ ਜਿਹਾ ਹੀ ਸੀ। ਗੁਹਾਟੀ ਤੋਂ ਖੁੱਸ ਰਿਹਾ ਅਧਿਕਾਰ ਯੁੱਧ ਦਾ ਉਦੇਸ਼ ਵੀ ਨਹੀਂ ਸੀ।

ਔਰੰਗਜ਼ੇਬ ਦੇ ਆਪਣੇ ਵਿਦਰੋਹੀ ਪੁੱਤਰ ਅਕਬਰ ਨੇ ਲਿਖਿਆ ਸੀ ਕਿ ਤੁਹਾਡੇ ਰਾਜ-ਪ੍ਰਬੰਧ ਮੰਤਰੀਆਂ ਨੂੰ ਅਧਿਕਾਰਾਂ ਤੋਂ ਸੱਖਣਿਆ ਰੱਖਿਆ ਗਿਆ ਹੈ। ਦਰਬਾਰੀਆਂ ਵਿਚ ਵਿਸ਼ਵਾਸ ਨਹੀਂ ਕੀਤਾ ਜਾਂਦਾ ਅਤੇ ਫੌਜੀ ਭੁੱਖੇ ਮਰ ਰਹੇ ਹਨ। ਹਿੰਦੂਆਂ ਉਤੇ ਦੁਬਾਰਾ ਜ਼ਜ਼ੀਆ ਲੱਗਣ ਨਾਲ ਦੇਸ਼ ਵਿਚ ਅੰਦਰੂਨੀ ਦੁਸ਼ਮਣ ਸਿਰ ਚੁੱਕਣ ਲੱਗ ਪਏ ਹਨ। ਪੁਰਾਣੇ ਸੰਸਕਾਰੀ ਅਤੇ ਕੁਲੀਨ ਲੋਕ ਅਲੋਪ ਹੁੰਦੇ ਜਾ ਰਹੇ ਹਨ ਅਤੇ ਤੁਸੀਂ ਨੀਵੀਂ ਜਾਤ ਦੇ ਲੋਕਾਂ ਨੂੰ ਆਪਣੇ ਸਲਾਹਕਾਰ ਬਣਾ ਕੇ ਗ਼ਲਤ ਹੱਥਾਂ ਵਿਚ ਖੇਡ ਰਹੇ ਹੋ। ਇਹ ਦੁਸ਼ਟ ਤੁਹਾਨੂੰ ਰਾਈ ਨੂੰ ਪਰਬਤ ਅਤੇ ਪਰਬਤ ਨੂੰ ਰਾਈ ਬਣਾ ਕੇ ਵਿਖਾਂਦੇ ਹਨ ਅਤੇ ਤੁਸੀਂ ਉਨ੍ਹਾਂ ਵਿੱਚ ਅੰਨ੍ਹਾ ਵਿਸ਼ਵਾਸ਼ ਰਖਦੇ ਹੋ। ਇਹਨਾਂ ਸਾਰੇ ਲੋਕਾਂ ਦੇ ਚਿਹਰੇ ਰੰਗੇ ਹੋਏ ਹਨ, ਇਹ ਹੱਥ ਵਿਚ ਮਾਲਾ ਪਕੜ ਕੇ ਬੇਸ਼ਕ ਤੁਹਾਡਾ ਵਿਸ਼ਵਾਸ਼ ਜਿੱਤ ਲੈਣ, ਜਨਤਾ ਨੂੰ ਇਹਨਾਂ ਉਤੇ ਰਤੀ ਭਰ ਵੀ ਵਿਸ਼ਵਾਸ ਨਹੀਂ। ਇਹ ਭੇਡ ਦੀ ਖੱਲ ਵਿਚ ਲੁਕੇ ਹੋਏ ਭੇੜੀਏ ਹਨ। ਕਣਕ ਵਿਖਾ ਕੇ ਜੌਂ ਤੋਲਦੇ ਹਨ। ਜਦੋਂ ਤੱਕ ਤੁਸੀਂ ਇਹਨਾਂ ਬੇਈਮਾਨਾਂ ਦੀ ਪਕੜ ਤੋਂ ਆਜ਼ਾਦ ਨਹੀਂ ਹੁੰਦੇ, ਉਸ ਵਕਤ ਤੱਕ ਤੁਹਾਨੂੰ ਕੋਈ ਸੱਚਾ ਮਿੱਤਰ ਨਹੀਂ ਮਿਲ ਸਕਦਾ।

ਅਜਿਹੇ ਮਾੜੀ ਨੀਤੀ ਵਾਲੇ ਹਾਕਮ ਸਾਹਮਣੇ ਪੀਰ ਕਰੀਮ ਬਖ਼ਸ਼ ਨੂੰ ਪੇਸ਼ ਕੀਤਾ ਗਿਆ ਸੀ। ਆਲਮਗੀਰ ਨੇ ਵੇਖਣ ਸਾਰ ਸੁਆਲ ਕੀਤਾ, 'ਪੀਰ ਸਾਹਿਬ, ਇਹ ਕੀ ਮੂਰਖਤਾ ਹੈ ? ਮੈਂ ਵੇਖਦਾ ਹਾਂ ਕਿ ਤੁਸੀਂ ਅੱਜਕੱਲ੍ਹ ਮੇਰੇ ਦੁਸ਼ਮਣਾਂ ਵੱਲ ਝੁਕ ਰਹੇ ਹੋ। ਇਹ ਭਾਈ ਗੁਰਦਿੱਤਾ ਜੀ ਕੌਣ ਹੈ, ਜਿਸ ਕਾਫ਼ਰ ਨੇ ਦੀਨ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਇੰਨਾ ਸਿਰ ਫਿਰੇ ਬਣਾ ਦਿੱਤਾ ਹੈ ਕਿ ਉਹ ਆਪਣੀ ਪੰਜ ਵਕਤ ਦੀ ਨਮਾਜ਼ ਨੂੰ ਛੱਡ ਕੇ ਉਸਦੀਆਂ ਗੱਲਾਂ ਵਿਚ ਮਗਨ ਰਹਿੰਦੇ ਹਨ ?'

'ਪਰਵਰਦਗਾਰ, ਰੱਬ ਨੂੰ ਪੂਜਣ ਵਾਲਿਆਂ ਦੇ ਸਬੰਧ ਰੱਬ ਦੇ ਬੰਦਿਆਂ ਨਾਲ ਹੀ ਹੁੰਦੇ ਹਨ। ਪੀਰ ਨੇ ਨਿਡਰ ਹੋ ਕੇ ਉੱਤਰ ਦਿੱਤਾ, 'ਭਾਈ ਗੁਰਦਿੱਤਾ ਜੀ ਗੁਰੂ ਦਾ ਸਿੱਖ ਹੈ, ਖ਼ੁਦਾ ਦਾ ਪਿਆਰਾ ਹੈ। ਅਸੀਂ ਸਾਰੇ ਉਸ ਦੀਆਂ ਰੂਹਾਨੀ ਗੱਲਾਂ ਸੁਣਦੇ ਅਤੇ ਚਲਣਹਾਰ ਸੰਸਾਰ ਵਿੱਚ ਸਵਰਗ ਦੇ ਹੱਕਦਾਰ ਬਣਨ ਦੀ ਕੋਸ਼ਿਸ਼ ਵਿਚ ਹਾਂ।

'ਨਹੀਂ ਪੀਰ, ਹਿੰਦੂਆਂ ਦੇ ਗੁਰੂ ਜੀ ਦੇ ਕਤਲ ਪਿੱਛੇ ਕਿਸੇ ਸਿੱਖ ਦਾ ਮੁਸਲਮਾਨਾਂ ਵਿਚ ਵਿਚਰਨਾ, ਉਹਨਾਂ ਨੂੰ ਆਪਣਾ ਕਲਾਮ ਦੱਸਣਾ ਅਤੇ ਉਹਨਾਂ ਦਾ ਆਪਣੀਆਂ ਗੱਲਾਂ ਵਿਚ ਵਿਸ਼ਵਾਸ ਦਿਵਾਉਣਾ, ਮੇਰੀ ਰਾਏ ਵਿਚ ਸਭ ਕੁਫਰ ਹੈ। ਮੇਰੀ ਹਕੂਮਤ ਵਿਚ ਕੁਫਰ ਦੀ ਸਜ਼ਾ ਮੌਤ ਤੋਂ ਘੱਟ ਨਹੀਂ। ਚਲੋ, ਤੁਹਾਡੇ ਉਸ ਗੁਰਦਿੱਤਾ ਜੀ ਨੂੰ ਕੀ ਸਜ਼ਾ ਦਿੱਤੀ ਜਾਵੇ ? ਸਜ਼ਾ ਦੇ ਹੱਕਦਾਰ ਤੁਸੀਂ ਵੀ ਹੋ ?

'ਕਿਸ ਨੂੰ ਸਜ਼ਾ ਅਤੇ ਕਿਹੋ ਜਿਹੀ ਸਜ਼ਾ ', ਪੀਰ ਨੇ ਹੌਂਸਲੇ ਨਾਲ ਕਹਿਣਾ ਸ਼ੁਰੂ ਕੀਤਾ, 'ਜਾਣਦੇ ਹਾਂ ਆਲਮ ਪਨਾਹ, ਉਹ ਤਾਂ ਪਹਿਲਾਂ ਹੀ ਆਪਣੀ ਜਾਨ ਤੇ ਦਿਲ ਆਪਣੇ ਗੁਰੂ ਤੋਂ ਨਿਛਾਵਰ ਕਰੀਂ ਬੈਠਾ ਹੈ। ਉਸ ਦਾ ਸਰੀਰ ਕੁਝ ਸਮਾਂ ਅਜੇ ਸਾਹ ਲੈਂਦਾ ਹੈ, ਜਲਦੀ ਹੀ ਉਹ ਉਸ ਮਿੱਟੀ ਨੂੰ ਛੱਡਣ ਦੀ ਕਸਮ ਖਾ ਕੇ ਬੈਠਾ ਹੈ। ਉਹ ਤਾਂ ਗੁਰੂ ਜੀ ਦੇ ਕਤਲ ਵਾਲੇ ਦਿਨ ਹੀ ਜ਼ਿੰਦਗੀ ਦਾ ਹਿਸਾਬ ਚੁਕਾਉਣ ਲਈ ਤਿਆਰ ਸੀ, ਪਰ ਅਜਿਹੇ ਰੱਬ ਦੇ ਬੰਦੇ ਕੀ ਇਸ ਤਰ੍ਹਾਂ ਮਰਨ ਲਈ ਹੁੰਦੇ ਹਨ ?'

'ਉਸਦੀ ਪੈਰਵੀ ਨਾ ਕਰੋ, ਪੀਰ', ਆਲਮਗੀਰ ਝੁੰਝਲਾਇਆ, 'ਸਾਫ਼ ਸ਼ਬਦਾਂ ਵਿਚ ਦੱਸੋ ਕਿ ਉਹ ਹੈ ਕੌਣ?'

'ਭਾਈ ਗੁਰਦਿੱਤਾ ਜੀ ਗੁਰੂ ਦੇ ਉਹਨਾਂ ਚਾਰ ਸਾਥੀਆਂ ਵਿੱਚੋਂ ਇੱਕ ਹਨ, ਜਿਹੜੇ ਗੁਰੂ ਜੀ ਦੇ ਨਾਲ ਦਿੱਲੀ ਆਏ ਸਨ। ਗੁਰੂ ਨੇ ਇਸ ਦੇ ਹੱਥੀਂ ਹੀ ਆਪਣਾ ਉਤਰਾਧਿਕਾਰ ਸੌਂਪ ਕੇ ਭੇਜਿਆ ਸੀ। ਵਾਪਸ ਤਾਂ ਉਹ ਇਸ ਲਈ ਆਇਆ ਸੀ ਕਿ ਆਪਣੇ ਗੁਰੂ ਤੇ ਦੂਜੇ ਸਾਥੀਆਂ ਦੇ ਨਾਲ ਸ਼ਹਾਦਤ ਪਾ ਸਕੇ ਪਰ ਮੇਰੀ ਖ਼ਾਨਗਾਹ ਕੋਲ ਹੀ ਜਦੋਂ ਗੁਰੂ ਜੀ ਦੀ ਸ਼ਹਾਦਤ ਦੀ ਸੂਚਨਾ ਮਿਲੀ, ਤਾਂ ਉਹ ਗੁਰੂ ਤੋਂ ਬਿਨਾਂ ਜੀਵਨ ਜਿਉਣ ਤੋਂ ਹੀ ਇਨਕਾਰ ਕਰਨ ਲੱਗਾ। ਹੁਣ ਤਾਂ ਖੁਰਾਕ ਖਾਧੇ ਬਿਨਾਂ ਮੌਤ ਦੀ ਉਡੀਕ ਕਰ ਰਿਹਾ ਹੈ।'

'ਸਵੇਰੇ ਸ਼ਾਮ ਉਹ ਮਜਲਿਸ ਕੀ ਲਾ ਬਹਿੰਦਾ ਹੈ?' ਬਾਦਸ਼ਾਹ ਨੇ ਫਿਰ ਪੁੱਛਿਆ।

'ਮਜਲਿਸ ਦਾ ਨਜ਼ਰੀਆ ਉਸ ਦੀ ਮੌਤ ਦੀ ਉਡੀਕ ਨੂੰ ਸ਼ਾਂਤ ਤੇ ਸੁਖਾਵਾਂ ਬਣਾਉਣ ਦਾ ਹੈ। ਉਹ ਆਪਣੇ ਗੁਰੂ ਦੇ ਜੀਵਨ ਦੀ ਕਥਾ ਸਾਨੂੰ ਸਾਰਿਆਂ ਨੂੰ ਸੁਣਾਉਂਦਾ ਹੈ। ਸਾਡਾ ਸੂਫੀਆਂ ਦਾ ਉਹਨਾਂ ਨਾਲ ਬਹੁਤ ਕੁਝ ਸਾਂਝਾ ਹੈ। ਇਸ ਲਈ ਅਸੀਂ ਉਸ ਦੀ ਗੱਲ ਸੁਣਦੇ ਹਾਂ। ਅਸੀਂ ਸਿਰਫ਼ ਮਨੁੱਖੀ ਫ਼ਰਜ਼ ਨਿਭਾਅ ਰਹੇ ਹਾਂ, ਪਰਵਰਦਿਗਾਰ।'

'ਪਰ ਮੈਨੂੰ ਖ਼ਬਰ ਮਿਲੀ ਹੈ ਕਿ ਤੁਸੀਂ ਤੇ ਤੁਹਾਡੇ ਮੁਰੀਦ ਗੁਰੂ ਦੀ ਪ੍ਰਸ਼ੰਸਾ ਕਰਦੇ ਹਨ ਅਤੇ ਆਲਮਗੀਰੀ ਇਨਸਾਫ਼ ਦੀ ਨਿਖੇਧੀ ਕਰਦੇ ਹੋ।

'ਇਹ ਗ਼ਲਤ ਹੈ। ਪ੍ਰਸ਼ੰਸਾਯੋਗ ਗੱਲ ਵਾਸਤੇ ਅਸੀਂ ਭਾਵੇਂ ਗੁਰੂ ਦੀ ਉਸਤਤ ਬੇਸ਼ਕ ਕੀਤੀ ਹੋਵੇਗੀ, ਪਰ ਆਲਮਗੀਰੀ ਇਨਸਾਫ ਨਾਲ ਸਾਡਾ ਕੋਈ ਤਕਰਾਰ ਨਹੀਂ, ' ਪੀਰ ਨੇ ਮੌਕੇ ਦਾ ਜਾਇਜ਼ਾ ਲੈਦਿਆਂ ਇਹ ਪੈਂਤੜਾ ਬਦਲਿਆ।

'ਪੀਰ ਸਾਹਿਬ ਜੇ ਤੁਹਾਡੀ ਗੱਲ ਗਲਤ ਹੋਈ, ਤਾਂ ਇਸ ਦਾ ਨਤੀਜਾ ਤਾਂ ਤੁਸੀਂ ਜਾਣਦੇ ਹੋ ਨਾ! ਔਰੰਗਜ਼ੇਬ ਨੇ ਧਮਕਾਉਣਾ ਚਾਹਿਆ, ਯਾਦ ਰੱਖੋ ਮੇਰੀਆਂ ਅੱਖਾਂ ਤੇ ਕੰਨ ਹਿੰਦੁਸਤਾਨ ਦੀ ਜ਼ਮੀਨ ਦੇ ਕਣ ਕਣ ਵਿਚ ਪਸਰੇ ਹੋਏ ਹਨ। ਤੁਸੀਂ ਰੱਬ ਵਾਲੇ ਬੰਦੇ, ਇਸ

ਲਈ ਇੱਕ ਵਾਰ ਤੁਹਾਨੂੰ ਛੱਡਦਾ ਹਾਂ। ਭਵਿੱਖਤ ਵਿੱਚ ਤੁਹਾਡੇ ਬਾਰੇ ਜੇ ਇੱਕ ਵੀ ਖ਼ਬਰ ਮਿਲੀ, ਤਾਂ ਚਮੜੀ ਉਧੜਵਾ ਕੇ ਭੂਸਾ ਭਰਵਾ ਦਿਆਂਗਾ।'

'ਜੀ।'

ਤੁਸੀਂ ਜਾ ਸਕਦੇ ਹੋ। '

'ਸ਼ੁਕਰੀਆ, ਕਹਿੰਦੇ ਹੋਏ ਪੀਰ ਕਰੀਬ ਬਖ਼ਸ਼ ਬਾਦਸ਼ਾਹ ਦੀ ਵਿਸ਼ੇਸ਼ ਅਦਾਲਤ ਵਿਚੋਂ ਬਾਹਰ ਨਿਕਲਿਆ। ਉਸ ਨੂੰ ਵੇਖ ਕੇ ਪਹਿਰੇ ਉਤੇ ਤੈਨਾਤ ਸੱਜਣਾਂ ਨੂੰ ਇੰਜ ਲੱਗਾ ਜਿਵੇਂ ਉਹ ਕਰੀਮ ਬਖ਼ਸ਼ ਨਾ ਹੋਵੇ। ਉਸਦਾ ਪੁਤਲਾ ਜਾ ਰਿਹਾ ਹੋਵੇ। ਸੈਨਿਕਾਂ ਲਈ ਸ਼ਾਇਦ ਇਹ ਪਹਿਲਾ ਮੌਕਾ ਸੀ, ਜਦੋਂ ਉਹਨਾਂ ਕਿਸੇ ਵਿਅਕਤੀ ਨੂੰ ਉਸ ਵਿਸ਼ੇਸ਼ ਅਦਾਲਤ ਵਿਚ ਪੇਸ਼ ਹੋਣ ਪਿੱਛੋਂ ਵੀ ਘਰ ਪਰਤਦਿਆਂ ਵੇਖਿਆ ਸੀ। ਉਸਨੂੰ ਵੇਖ ਕੇ ਲੋਕਾਂ ਨੂੰ ਰੱਬ ਦੀ ਰੱਬਤਾ ਵਿਚ ਹੀ ਵਿਸ਼ਵਾਸ ਨਾ ਹੋਇਆ ਸਗੋਂ ਉਸਦੇ ਪੀਰ ਹੋਣ ਵਿੱਚ ਵੀ ਅਨੇਕ ਸੈਨਿਕਾਂ ਦਾ ਵਿਸ਼ਵਾਸ ਦ੍ਰਿੜ੍ਹ ਹੋ ਗਿਆ। ਧੀਰੇ ਧੀਰੇ ਚਲਦਾ ਹੋਇਆ ਉਹ ਕਿਲ੍ਹੇ ਦੇ ਮੁੱਖ ਦਰਵਾਜ਼ੇ ਉਤੇ ਅਪੜਿਆ, ਜਿਥੇ ਰਹਿਮਾਨ ਅਤੇ ਉਸਦੇ ਸਾਥੀ ਪੀਰ ਦੀ ਇੰਤਜ਼ਾਰ ਕਰ ਰਹੇ ਸਨ।

ਪੀਰ ਨੂੰ ਵਾਪਸ ਆਉਂਦਾ ਵੇਖ ਕੇ ਰਹਿਮਾਨ ਨੇ ਗੋਡਿਆਂ ਭਾਰ ਝੁਕ ਕੇ ਪਰਮਾਤਮਾ ਦੀ ਹਜ਼ੂਰੀ ਵਿਚ ਖਾਸ ਰਹਿਮਤ ਲਈ ਉਸ ਦੇ ਧੰਨਵਾਦ ਹਿਤ ਨਮਸਕਾਰ ਕਰਨ ਲਗ ਪਿਆ। ਆਪਣੇ ਲਈ ਰਹਿਮਾਨ ਦਾ ਸਨੇਹ ਵੇਖ ਕੇ ਦੋ ਬੂੰਦ ਅੱਥਰੂ ਉਸਦੀਆਂ ਗੱਲ੍ਹਾਂ ਉਤੇ ਟਪਕ ਆਏ ਅਤੇ ਸਿਜਦੇ ਵਿਚ ਝੁਕ ਕੇ ਰਹਿਮਾਨ ਦੇ ਸਿਰ ਉਤੇ ਅਸ਼ੀਰਵਾਦ ਪੂਰਨ ਹੱਥ ਰੱਖ ਦਿੱਤਾ।

ਭਾਈ ਗੁਰਦਿੱਤਾ ਜੀ, ਪੀਰ ਜੀ ਦੇ ਵਾਪਸ ਪਹੁੰਚਣ ਵਿੱਚ ਹੋਈ ਦੇਰ ਕਾਰਨ ਅਸ਼ਾਂਤ ਹੋ ਰਹੇ ਸਨ। ਜਿਸ ਗੱਲ ਨੂੰ ਉਹ ਕੁਫ਼ਰ ਮੰਨ ਲੈਂਦਾ ਸੀ, ਉਸਦੇ ਅਪਰਾਧੀ ਦਾ ਹਿੰਦੂ ਜਾਂ ਮੁਸਲਮਾਨ ਹੋਣਾ ਬਾਦਸ਼ਾਹ ਦੀ ਸਜ਼ਾ ਦੀ ਕਸਵੱਟੀ ਨਹੀਂ ਸੀ। ਭਾਈ ਗੁਰਦਿੱਤਾ ਜੀ ਨੂੰ ਵੀ ਇਹੋ ਅਫ਼ਸੋਸ ਹੋ ਰਿਹਾ ਸੀ ਕਿ ਕਿਉਂ ਉਹ ਰਹਿਮਾਨ ਆਦਿ ਦੇ ਕਹਿਣ ਉਤੇ ਗੁਰੂ-ਜਸ ਦੇ ਕਥਨ ਕਰਨ ਦੇ ਲਾਲਚ ਤੋਂ ਬਚ ਨਹੀਂ ਸਕਿਆ। ਉਸ ਤਾਂ ਮਰਨਾ ਹੀ ਸੀ, ਨਾਲੇ ਵਿਚਾਰੇ ਪੀਰ ਜੀ ਵੀ ਲਪੇਟ ਵਿੱਚ ਆ ਜਾਣਗੇ, ਇੰਜ ਤਾਂ ਉਸ ਕਦੇ ਸੋਚਿਆ ਵੀ ਨਹੀਂ ਸੀ। ਵਾਹਿਗੁਰੂ ਦੇ ਚਰਨਾਂ ਵਿਚ ਉਹ ਵਾਰ ਵਾਰ ਇਹੋ ਅਰਦਾਸ ਕਰ ਰਿਹਾ ਸੀ ਕਿ ਪੀਰ ਕਿਧਰੇ ਬਾਦਸ਼ਾਹ ਦੇ ਖ਼ੂਨ-ਡੋਲ੍ਹਣ ਦੀ ਲਾਲਸਾ ਦਾ ਸ਼ਿਕਾਰ ਨਾ ਬਣ ਜਾਣ।

ਪੀਰ ਦੀ ਹੋਰ ਸਾਰੇ ਮੁਰੀਦ ਦੁੱਖ-ਸੁੱਖ ਦੇ ਧੁੱਪ-ਛਾਂ ਵਰਗੇ ਬਦਲਦੇ ਰੰਗਾਂ ਇਹੋ ਚਿੰਤਾ ਉਹਨਾਂ ਨੂੰ ਖਾਈ ਜਾਂਦੀ ਸੀ।

ਦੁਪਹਿਰ ਦਾ ਸੂਰਜ ਸਿਰ ਉਤੇ ਆ ਗਿਆ ਸੀ। ਮੱਘਰ ਦੀ ਠੰਢੀ ਹਵਾ ਕਰਕੇ ਧੁੱਪ ਤਿੱਖੀ ਨਹੀਂ ਸੀ ਲੱਗ ਰਹੀ। ਇਸ ਲਈ ਸਾਰੇ ਲੋਕ ਪੀਰ ਦੇ ਝੌਂਪੜੀ ਦੇ ਬਾਹਰ ਬੈਠੇ ਆਉਣ ਵਾਲੀ ਮੁਸੀਬਤ ਦੀ ਚਿੰਤਾ ਵਿਚ ਡੁੱਬੇ ਹੋਏ ਸਨ ਕਿ ਇੱਕ ਸ਼ਾਹੀ ਕਾਸਦ ਘੋੜੇ ਉਤੇ ਚੜ੍ਹਿਆ

ਉਥੇ ਆ ਕੇ ਰੁਕਿਆ। ਉਥੇ ਇਕੱਤਰ ਮੁਸਲਮਾਨਾਂ ਅਤੇ ਭਾਈ ਗੁਰਦਿੱਤਾ ਜੀ ਨੂੰ ਸੰਬੋਧਨ ਕਰਦਿਆਂ ਉਸ ਕਿਹਾ, 'ਯਾਦ ਰੱਖੋ ਦੇਸ਼ ਤੇ ਜਨਤਾ ਦੇ ਮਾਲਕ, ਦੋ ਜਹਾਨਾਂ ਦੇ ਬਾਦਸ਼ਾਹ, ਆਲਮਗੀਰ ਔਰੰਗਜ਼ੇਬ ਦਾ ਆਪ ਸਾਰਿਆਂ ਵਾਸਤੇ ਹੁਕਮ ਹੈ ਕਿ ਕੁਫ਼ਰ ਦੀ ਗੱਲ ਕਰਨ ਵਾਲੇ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਇਹ ਕਾਫਰ (ਭਾਈ ਗੁਰਦਿੱਤਾ ਜੀ ਵੱਲ ਇਸ਼ਾਰਾ ਕਰਕੇ) ਤਾਂ ਮੌਤ ਨੂੰ ਗਲੇ ਮਿਲ ਹੀ ਰਿਹਾ ਹੈ, ਤੁਸੀਂ ਲੋਕ ਬਾਦਸ਼ਾਹ ਦੇ ਇਨਸਾਫ਼ ਵਿਚ ਵਿਸ਼ਵਾਸ਼ ਰੱਖੋ। ਤੁਹਾਨੂੰ ਸਿਰਫ਼ ਮੁਸਲਮਾਨ ਭਰਾ ਹੋਣ ਕਰਕੇ ਹੀ ਅੱਜ ਬਖ਼ਸ਼ ਦਿੱਤਾ ਗਿਆ ਹੈ। ਭਵਿੱਖਤ ਵਿਚ ਸ਼ਾਇਦ ਸੰਭਲਣ ਦਾ ਮੌਕਾ ਦੁਬਾਰਾ ਨਾ ਮਿਲ ਸਕੇ। ਮੈਨੂੰ ਇੰਨਾ ਹੀ ਫੁਰਮਾਨ ਦੇ ਕੇ  ਬਾਦਸ਼ਾਹ ਵਲੋਂ ਭੇਜਿਆ ਗਿਆ ਹੈ, ਬਾਕੀ ਤੁਸੀਂ ਆਪਣੇ ਸਾਥੀਆਂ ਤੋਂ ਪਤਾ ਕਰ ਲੈਣਾ 'ਇੰਨਾ ਕਹਿ ਕੇ ਉਸ ਘੋੜੇ ਨੂੰ ਇੱਕ ਅੱਡੀ ਲਾਈ ਅਤੇ ਉਥੋਂ ਹਵਾ ਹੋ ਗਿਆ। ਸਾਰੇ ਇੱਕ ਦੂਜੇ ਦਾ ਮੂੰਹ ਵੇਖਦੇ ਰਹਿ ਗਏ।

ਅਜੇ ਸ਼ਾਹੀ ਕਾਸਦ ਦਾ ਜਾਦੂ ਸਿਰ ਚੜ੍ਹ ਬੋਲ ਹੀ ਰਿਹਾ ਸੀ ਕਿ ਉਹਨਾਂ ਪੀਰ ਕਰੀਮ ਬਖ਼ਸ਼, ਰਹਿਮਾਨ ਅਤੇ ਦੂਜੇ ਸਾਥੀਆਂ ਨੂੰ ਆਪਣੇ ਵੱਲ ਤੁਰੇ ਆਉਂਦੇ ਵੇਖ ਲਿਆ। ਪੀਰ ਸਾਹਿਬ ਨੂੰ ਠੀਕ-ਠਾਕ ਵੇਖ ਕੇ ਭਾਈ ਗੁਰਦਿੱਤਾ ਜੀ ਨੇ ਪ੍ਰਭੂ ਦਾ ਧੰਨਵਾਦ ਕੀਤਾ ਅਤੇ ਛੋਪਲੇ ਜਿਹੇ ਲੁਕੀ ਲੁਕੀ ਮੁਸਕਾਨ ਆ ਕੇ ਉਹਨਾਂ ਦੇ ਚਿਹਰੇ ਉਤੇ ਪਸਰ ਗਈ। ਭਾਵੇਂ ਭਾਈ ਗੁਰਦਿੱਤਾ ਜੀ ਹੁਣ ਤੱਕ ਕਾਫ਼ੀ ਕਮਜ਼ੋਰ ਹੋ ਗਏ ਸਨ, ਫਿਰ ਵੀ ਉਹ ਉਠੇ ਅਤੇ ਸਭ ਤੋਂ ਅੱਗੇ ਵਧ ਕੇ ਪੀਰ ਸਾਹਿਬ ਦੇ ਗਲੇ ਲੱਗ ਗਏ। ਦੋਹਾਂ ਦੀ ਆਵਾਜ਼ ਵਿਚ ਖ਼ੁਸ਼ੀ ਸੀ ਅਤੇ ਹੰਝੂਆਂ ਨੇ ਹੰਝੂਆਂ ਦਾ ਸੁਆਗਤ ਕੀਤਾ। ਪੀਰ ਅਤੇ ਭਾਈ ਸਾਹਿਬ ਦੀ ਇਹ ਮਿਲਣੀ ਮਨੁੱਖੀ ਜੀਵਨ ਨੂੰ ਰੁਸ਼ਨਾਉਣ ਵਾਲੀ ਘਟਨਾ ਸੀ ਜਿਸਨੂੰ ਸੂਰਜ ਅਤੇ ਚੰਨ ਜੁਗਾ-ਜੁਗਾਂਤਰਾਂ ਤੱਕ ਰੌਸ਼ਨੀ ਬਖ਼ਸ਼ਦੇ ਰਹਿਣਗੇ।

ਸਾਰੇ ਲੋਕ ਇਕੱਠੇ ਹੋ ਗਏ। ਪੀਰ ਕਰੀਮ ਬਖ਼ਸ਼ ਅਤੇ ਭਾਈ ਗੁਰਦਿੱਤਾ ਜੀ ਨੂੰ ਛੱਡ ਕੇ ਹੋਰ ਸਭ ਦੇ ਚਿਹਰਿਆਂ ਉਤੇ ਡਰ ਦੀਆਂ ਲਕੀਰਾਂ ਉੱਭਰ ਆਈਆਂ ਸਨ। ਸਪੱਸ਼ਟ ਹੀ ਉਹ ਮਾਤਮ-ਦਵੰਦ ਵਿਚ ਉਲਝੇ ਦਿਸ ਰਹੇ ਸਨ-ਫੈਸਲਾ ਕਰਨ ਵਿਚ ਮੁਸ਼ਕਿਲ ਮਹਿਸੂਸ ਕਰ ਰਹੇ ਹਨ ਕਿ ਗੁਰੂ ਕਥਾ ਸੁਣਨ ਜਾਂ ਛੋਪਲੇ ਜਿਹੇ ਕੰਨ ਲਪੇਟ ਕੇ ਉਥੋਂ ਚਲੇ ਜਾਣ। ਆਪਣੀ ਜਾਨ ਸਭ ਨੂੰ ਪਿਆਰੀ ਸੀ ਅਤੇ ਉਹਨਾਂ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਪਿਛਲੇ ਤਿੰਨ ਚਾਰ ਦਿਨਾਂ ਤੋਂ ਉਹਨਾਂ ਦੇ ਰਹਿਣ ਬਹਿਣ ਉਤੇ ਸਿਪਹ-ਏ-ਦੀਨ ਦੇ ਜਾਸੂਸ ਨਜ਼ਰ ਰੱਖ ਰਹੇ ਸਨ ਅਤੇ ਉਹ ਕਿਸੇ ਨੂੰ ਬਖ਼ਸ਼ਦੇ ਵੀ ਨਹੀਂ। ਮਨ ਦੇ ਕਿਸੇ ਕੋਨੇ ਵਿਚੋਂ ਇਹ ਆਵਾਜ਼ ਵੀ ਆਉਂਦੀ ਸੀ ਕਿ ਉਹਨਾਂ ਕੋਈ ਗੁਨਾਹ ਤਾਂ ਨਹੀਂ ਕੀਤਾ। ਜੇਕਰ ਰੱਬ ਦੇ ਪਿਆਰਿਆਂ ਦੀ ਗਾਥਾ ਕੁਫ਼ਰ ਹੈ ਤਾਂ ਦੁਨੀਆ ਵਿਚ ਹੋਰ ਪੁੰਨ ਕੀ ਹੈ। ਪਰ ਜਾਨ ਬਚਾਉਣ ਦੀ ਆਵਾਜ਼ ਜ਼ਿਆਦਾ ਹਾਵੀ ਹੋ ਰਹੀ ਸੀ।

ਪੀਰ ਨੇ ਇੱਕ ਨਜ਼ਰ ਆਪਣੇ ਮੁਰੀਦਾਂ ਵੱਲ ਵੇਖਿਆ। 'ਕਿਉਂ ਜਾਨ ਦੇ ਡਰ ਤੋਂ ਤ੍ਰਭਕ ਗਏ ਹੋ ? ਕੀ ਬਾਦਸ਼ਾਹਾਂ ਦੇ ਬਾਦਸ਼ਾਹ ਉਹ ਪਰਵਰਦਿਗਾਰ ਉਤੇ ਭਰੋਸਾ ਨਹੀਂ ਰਿਹਾ? ਮੈਂ ਵੀ ਇਹੀ ਸੋਚ ਕੇ ਗਿਆ ਸੀ ਕਿ ਸ਼ਾਇਦ ਆਖ਼ਰੀ ਵਕਤ ਆ ਗਿਆ ਹੈ। ਭਰਾ ਗੁਰਦਿੱਤਾ ਜੀ ਦੀ ਪ੍ਰਾਰਥਨਾ ਦਾ ਹੀ ਮਿਲਾਪ ਸਮਝੋ ਕਿ ਬਾਦਸ਼ਾਹ ਦੀ ਵਿਸ਼ੇਸ਼ ਅਦਾਲਤ ਵਿਚ ਦਾਖਲ ਹੁੰਦਿਆਂ ਹੀ ਮੈਨੂੰ ਇੱਕ ਅਲੌਕਿਕ ਨੂਰ ਵਿਖਾਈ ਦਿੱਤਾ। ਮੈਂ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ ਕਿ ਮੈਨੂੰ ਦੈਵੀ ਤਾਕਤ ਮਿਲ ਗਈ। ਮੇਰਾ ਡਰ ਛਾਈਂ ਮਾਈਂ ਹੋ ਗਿਆ। ਔਰੰਗਜ਼ੇਬ ਨੇ ਸ਼ਾਇਦ ਆਪ ਹੀ ਮਹਿਸੂਸ ਕੀਤਾ ਹੋਵੇਗਾ ਕਿ ਉਹ ਚਾਹੁੰਦੇ ਹੋਏ ਵੀ ਮੈਨੂੰ ਸਜ਼ਾ ਨਹੀਂ ਦੇ ਸਕਿਆ। ਕੋਈ ਦੈਵੀ ਸ਼ਕਤੀ ਮੇਰੀ ਰੱਖਿਆ ਕਰ ਰਹੀ ਸੀ। ਸ਼ਾਇਦ ਇਹ ਗੁਰੂ ਜੀ ਦੀ ਗਾਥਾ ਸੁਣਨ ਦਾ ਹੀ ਪੁੰਨ ਸੀ ਕਿ ਸਿਪਹ-ਏ-ਦੀਨ ਵਰਗੀ ਬਦਨਾਮ ਤਾਕਤ ਵੀ ਸਾਡਾ ਕੁਝ ਨਾ ਵਿਗਾੜ ਸਕੀ। ਇਹ ਔਰੰਗਜ਼ੇਬੀ ਚਾਲਾਂ ਤਾਂ ਸਾਰੇ ਜਾਣਦੇ ਹਨ ਕਿ ਸਾਡੇ ਪਹੁੰਚਣ ਤੋਂ ਪਹਿਲਾਂ ਉਸ ਇੱਥੇ ਸਾਰਿਆਂ ਨੂੰ ਧਮਕਾ ਦਿੱਤਾ।'

'ਪੀਰ ਸਾਹਿਬ, ਪਰ ਬੇਕਾਰ ਦਾ ਖ਼ਤਰਾ ਕਿਉਂ ਮੁੱਲ ਲਿਆ ਜਾਵੇ। ਮੈਂ ਆਪ ਸਾਰਿਆਂ ਦਾ ਅਤਿ ਧੰਨਵਾਦੀ ਹਾਂ ਕਿ ਆਪ ਨੇ ਇੱਕ ਕਾਫ਼ਰ ਨੂੰ ਮਨੁੱਖਤਾ ਦੇ ਪੱਖੋਂ ਪਿਆਰ ਤੇ ਸਨੇਹ ਦਿੱਤਾ ਹੈ। ਮੈਨੂੰ ਇਜਾਜ਼ਤ ਦਿਓ ਕਿ ਮੈਂ ਇੱਥੋਂ ਹਟ ਕੇ ਆਪਣੇ ਸੰਕਲਪ ਵਲ ਤੇਜ਼ੀ ਨਾਲ ਵਧ ਸਕਾਂ। ' ਭਾਈ ਗੁਰਦਿੱਤਾ ਜੀ ਨੇ ਮੌਕੇ ਦੀ ਨਜ਼ਾਕਤ ਨੂੰ ਪਛਾਣਦਿਆਂ ਕਿਹਾ।

'ਕਿਉਂ? ਕੀ ਅਸੀਂ ਆਪਣੇ ਪਰਮਾਤਮਾ ਤੋਂ ਵੀ ਬੇਮੁਖ ਹੋ ਗਏ ਹਾਂ, ਆਲਮਗੀਰ ਵਰਗੇ ਅਣਗਿਣਤ ਬਾਦਸ਼ਾਹ ਉਸਦੇ ਚਰਨਾਂ ਦੀ ਧੂੜ ਚਟਦੇ ਹਨ। ਸਾਨੂੰ ਉਸਦੀ ਰਜ਼ਾ ਵਿਚ ਰਾਜ਼ੀ ਵਿਚ ਰਹਿਣਾ ਚਾਹੀਦਾ ਹੈ। ਉਸ ਦੇ ਖਿਲਾਫ਼ ਅਤੇ ਤਾਕਤ ਉੱਤੇ ਸੰਦੇਹ ਨਹੀਂ ਕੀਤਾ ਜਾ ਸਕਦਾ। ਅੱਲ੍ਹਾ ਦਾ ਨੂਰ ਸਾਡੇ ਸਾਰਿਆਂ ਉਤੇ ਬਖ਼ਸ਼ਿਸ਼ਾਂ ਕਰ ਰਿਹਾ ਹੈ। ਅਸੀਂ ਨਿਡਰ ਹੋ ਕੇ ਜੀਣਾ ਹੈ ਅਤੇ ਕਦੀ ਵੀ ਪ੍ਰਮਾਤਮਾ ਦੇ ਰਾਹ ਤੋਂ ਵੱਖ ਨਹੀਂ ਹੋਣਾ। ਪਰਮਾਤਮਾ ਸਾਡੀ ਮੱਦਦ ਕਰੇਗਾ। ' ਪੀਰ ਨੇ ਐਲਾਨ ਕੀਤਾ।

ਪੀਰ ਕਰੀਮ ਬਖ਼ਸ਼ ਦੇ ਮੁਰੀਦਾਂ ਵਿੱਚ ਟੁੱਟਦਾ ਹੌਂਸਲਾ ਨਵੇਂ ਸਿਰੇ ਤੋਂ ਕਾਇਮ ਹੋਣ ਲੱਗ ਪਿਆ। ਉਸੇ ਵਕਤ ਭਾਈ ਗੁਰਦਿੱਤਾ ਜੀ ਨੂੰ ਸੰਬੋਧਨ ਕਰਦਿਆਂ ਪੀਰ ਬੋਲਿਆ, 'ਭਾਈ ਸਾਹਿਬ, ਅਸੀਂ ਆਪਣੇ ਜ਼ਿੰਮੇਂਵਾਰ ਆਪ ਹਾਂ। ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ। ਸਾਡੇ ਚੰਗੇ ਭਾਗ ਹਨ ਕਿ ਤੁਹਾਡੇ ਨਾਲ ਮੁਲਾਕਾਤ ਹੋ ਜਾਣ ਉਤੇ ਸਾਨੂੰ ਮਹਾਨ ਗੁਰੂ ਜੀ ਦੀ ਗਾਥਾ ਸੁਣਨ ਦਾ ਮੌਕਾ ਮਿਲਿਆ ਹੈ। ਅਸੀਂ ਜਾਨ ਦੀ ਕੀਮਤ ਉਤੇ ਵੀ ਇਸ ਚੰਗੇ ਕੰਮ ਨੂੰ ਛੱਡਾਂਗੇ ਨਹੀਂ। ਦਿਆਲੂ ਭਾਈ ਸਾਹਿਬ ਜੀਓ, ਸਾਨੂੰ ਇਸ ਅੰਤ ਤੋਂ ਵਾਂਝਿਆਂ ਨਾ ਕਰੋ। ਮੇਰੀ ਇਹ ਅਰਜ਼ੋਈ ਹੈ, ਤੁਹਾਡੀ ਸੰਗਤ ਸਾਡੀ ਜ਼ਿੰਦਗੀ ਹੈ।

ਭਾਈ ਗੁਰਦਿੱਤਾ ਜੀ ਲਾ-ਜਵਾਬ ਹੋ ਗਿਆ। ਫ਼ੈਸਲਾ ਇਹ ਹੋਇਆ ਕਿ ਗੁਰੂ 'ਜੀ ਦੀ ਗਾਥਾ ਨਿਯਮ ਅਨੁਸਾਰ ਸਾਰੇ ਸੁਣਦੇ ਰਹਿਣਗੇ। ਪਰਮਾਤਮਾ ਦੇ ਬਖ਼ਸ਼ੰਦ ਹੋਣ ਬਾਰੇ ਸਾਰੇ ਵਿਸ਼ਵਾਸ ਕਰਨਗੇ ਅਤੇ ਉਹ ਸਭ ਦੀ ਰੱਖਿਆ ਕਰੇਗਾ।

ਆਖ਼ਰ ਇਹ ਨਿਸ਼ਚਿਤ ਹੋਇਆ ਕਿ ਉਸ ਦਿਨ ਸਵੇਰ ਦੀ ਬੈਠਕ ਤਾਂ ਨਹੀਂ ਹੋ ਸਕੀ। ਹੁਣ ਸ਼ਾਮ ਨੂੰ ਸਾਰੇ ਲੋਕ ਭਾਈ ਗੁਰਦਿੱਤਾ ਜੀ ਤੋਂ ਗੁਰੂ ਗਾਥਾ ਸੁਣਨ ਵਾਸਤੇ ਉਥੇ ਹੀ ਇਕੱਠੇ ਹੋਣਗੇ। ਦੁਪਹਿਰ ਹੋ ਗਈ ਸੀ। ਘਬਰਾਹਟ ਕਰਕੇ ਕਿਸੇ ਕੁਝ ਨਹੀਂ ਸੀ ਖਾਧਾ ਪੀਤਾ, ਹੁਣ ਸਰੋਤਿਆਂ ਵਿੱਚ ਭੁੱਖ ਚਮਕਣ ਲੱਗ ਪਈ। ਸਾਰੇ ਸ਼ਾਮ ਨੂੰ ਆਉਣ ਦੀ ਗੱਲ ਕਹਿ ਕੇ ਇੱਕ ਇੱਕ ਕਰਕੇ ਵਿਦਾ ਹੋ ਗਏ। ਪੀਰ ਕਰੀਮ ਬਖ਼ਸ਼ ਵੀ ਆਪਣੀ ਝੌਂਪੜੀ ਵਿਚ ਆ ਗਿਆ।

ਇਕੱਲਾ ਰਹਿ ਜਾਣ ਉਤੇ ਭਾਈ ਗੁਰਦਿੱਤਾ ਜੀ ਨੇ ਪੀਰ ਦੀ ਕੁਰਬਾਨੀ, ਦਲੇਰੀ ਅਤੇ ਅਧਿਆਤਮਕ ਵਿਸ਼ਵਾਸ਼ ਬਾਰੇ ਸੋਚਿਆ। ਪੀਰ ਨੂੰ ਖਰਾ ਸੋਨਾ ਪਾਇਆ। ਫਿਰ ਅੰਤਰ-ਧਿਆਨ ਹੋ ਕੇ ਵਾਹਿਗੁਰੂ ਪਾਸੋਂ ਪੀਰ ਤੇ ਉਸਦੇ ਸਾਥੀਆਂ ਦੀ ਭਲਾਈ ਵਾਸਤੇ ਪ੍ਰਾਰਥਨਾ ਕੀਤੀ ਅਤੇ ਪਿਆਰ ਵਿਚ ਮਗਨ ਹੋ ਕੇ ਗੁਰਬਾਣੀ ਗਾਉਣ ਲਗ ਪਏ।

*ਸਾਧੋ ਰਚਨਾ ਰਾਮ ਬਨਾਈ ॥*
*ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥ ਰਹਾਓ ॥*
*ਕਾਮ ਕ੍ਰੋਧ ਮੋਹ ਬਸਿ ਪ੍ਰਾਨੀ, ਹਰਿ ਮੂਰਤਿ ਬਿਸਰਾਈ।*
*ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥ ॥*
*ਜੋ ਦੀਸੈ ਸੋ ਸਗਲ ਬਿਨਾਸੈ, ਜਿਉ ਬਾਦਰ ਕੀ ਛਾਈ ॥*
*ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥*

ਮੱਘਰ ਦਾ ਮਹੀਨਾ ਜਾ ਰਿਹਾ ਸੀ। ਦੋ ਘੜੀ ਰਹਿੰਦਿਆਂ ਹੀ ਸੰਧਿਆ ਦੀ ਉਦਾਸ ਪਰਛਾਈ ਛਾ ਰਹੀ ਸੀ। ਅਜੇ ਪੱਛਮ ਦੀ ਨਮਾਜ਼ ਦਾ ਵਕਤ ਵੀ ਨਹੀਂ ਹੋਇਆ ਸੀ, ਫਿਰ ਵੀ ਛਾਂ ਇੰਨੀ ਸੰਘਣੀ ਹੋ ਗਈ ਸੀ ਕਿ ਬੋਹੜ ਦਾ ਵੱਡੇ ਆਕਾਰ ਦਾ ਪਰਛਾਵਾਂ ਵੀ ਲੁਕ ਗਿਆ ਸੀ। ਹਲਕੀ ਹਲਕੀ ਠੰਢੀ ਹਵਾ ਚੱਲਣ ਲੱਗ ਪਈ ਸੀ। ਹਵਾ ਵਿਚ ਹਲਕੀ ਜਿਹੀ ਖ਼ੁਸ਼ਬੂ ਸੀ, ਪੱਛਮ ਵਿੱਚ ਸ਼ਾਮ ਦੀ ਲਾਲੀ ਪਸਰਦੀ ਜਾ ਰਹੀ ਸੀ। ਬੋਹੜ ਉਤੇ ਰਹਿੰਦੇ ਪੰਛੀ ਚਹਿਕਦੇ ਫੁਦਕਦੇ ਰੌਲਾ ਪਾਉਣ ਲੱਗ ਪਏ ਸਨ। ਚੰਗਾ ਚੋਖਾ ਪੰਛੀ-ਮੇਲਾ ਜਿਹਾ ਪ੍ਰਤੀਤ ਹੁੰਦਾ ਸੀ। ਭਾਈ ਗੁਰਦਿੱਤਾ ਜੀ ਕੁਦਰਤ ਵਿੱਚ ਕਾਦਰ ਦਾ ਜਲਵਾ ਵੇਖ ਕੇ ਖੁਸ਼ ਹੋ ਰਿਹਾ ਸੀ। ਡੁੱਬਦੇ ਦਿਨ ਦੀ ਲਾਲੀ ਵਿਚ ਹਰ ਪਾਸੇ ਸੂਹਾ ਰੰਗ ਖਿਲਰ ਗਿਆ ਸੀ ਅਤੇ ਭਾਈ ਨੂੰ ਸੰਤ ਕਬੀਰ ਦੀ ਸਾਖੀ ਚੇਤੇ ਆ ਰਹੀ ਸੀ –

*ਲਾਲੀ ਮੇਰੇ ਲਾਲ ਕੀ, ਜਿਤੁ ਦੇਖੂੰ ਤਿਤ ਲਾਲ।*
*ਲਾਲੀ ਦੇਖਨ ਮੈਂ ਗਈ, ਮੈਂ ਭੀ ਹੋ ਗਈ ਲਾਲ ॥*

ਬੀਤੇ ਚਾਰ ਪੰਜ ਦਿਨਾਂ ਤੋਂ ਅੰਨ ਦਾ ਦਾਣਾ ਵੀ ਭਾਈ ਗੁਰਦਿੱਤਾ ਜੀ ਨੇ ਖਾਧਾ ਨਹੀਂ ਸੀ। ਜਿਵੇਂ ਜਿਵੇਂ ਸਰੀਰ ਵਿਚ ਕਮਜ਼ੋਰੀ ਵਧਦੀ ਜਾ ਰਹੀ ਸੀ। ਤਿਵੇਂ ਤਿਵੇਂ ਆਤਮਾ ਦਾ

ਸੰਕਲਪ ਹੋਰ ਦ੍ਰਿੜ੍ਹ ਹੁੰਦਾ ਜਾ ਰਿਹਾ ਸੀ। ਆਪਣੇ ਗੁਰੂਦੇਵ ਤੋਂ ਬਿਨਾਂ ਜਿੰਦੇ ਰਹਿਣਾ, ਉਸਨੂੰ ਇੱਕ ਭਾਰ ਮਹਿਸੂਸ ਹੁੰਦਾ ਸੀ, ਇਸ ਲਈ ਸੁਆਸ ਲੈਂਦਿਆਂ ਵੀ ਉਹ ਦੂਜੇ ਜੀਵ-ਧਾਰੀਆਂ ਤੋਂ ਨਿਰਾਲਾ ਮਹਿਸੂਸ ਕਰਦਾ ਸੀ। ਸ਼ਾਮ ਦੀ ਬੈਠਕ ਲਈ ਉਸ ਆਪਣਾ ਆਸਣ ਬੋਹੜ ਹੇਠਾਂ ਲਾ ਲਿਆ ਸੀ ਤਾਂ ਜੋ ਠੰਢਕ ਤੋਂ ਬਚਿਆ ਜਾ ਸਕੇ। ਸਰੋਤਿਆਂ ਲਈ ਵੀ ਖੁੱਲ੍ਹੀ ਜਗ੍ਹਾ ਬੈਠਣਾ ਔਖਾ ਹੁੰਦਾ। ਉਹਨਾਂ ਵਿਚੋਂ ਰਹਿਮਾਨ ਸਾਰਿਆਂ ਤੋਂ ਪਹਿਲਾਂ ਅੱਪੜਿਆ। ਅਜੇ ਪੀਰ ਕਰੀਮ ਬਖ਼ਸ਼ ਨੇ ਕੁਟੀਆ ਦਾ ਦਰਵਾਜ਼ਾ ਨਹੀਂ ਸੀ ਖੋਲ੍ਹਿਆ। ਉਹ ਵੇਖ ਕੇ ਸਿੱਧਾ ਬੋਹੜ ਹੇਠਾਂ ਭਾਈ ਗੁਰਦਿੱਤਾ ਜੀ ਕੋਲ ਪਹੁੰਚਿਆ। ਉਸਨੂੰ ਵੇਖਣਸਾਰ ਭਾਈ ਗੁਰਦਿੱਤਾ ਦੀਆਂ ਅੱਖਾਂ ਮੁਸਕਰਾ ਪਈਆਂ। 'ਤਾਂ ਰਹਿਮਾਨ ਭਾਈ ਤੁਸੀਂ ਆ ਗਏ। ਗੁਰੂ-ਕਥਾ ਦੀ ਇੰਨੀ ਖਿੱਚ ਹੈ ਕਿ ਤੁਹਾਨੂੰ ਆਲਮਗੀਰ ਦੇ ਕਾਨੂੰਨ ਦਾ ਵੀ ਡਰ ਨਹੀਂ ਲੱਗਾ ?'

ਨਹੀਂ ਭਾਈ ਸਾਹਿਬ, ਡਰ ਤਾਂ ਇਨਸਾਨ ਨਾਲ ਜਨਮ ਤੋਂ ਹੀ ਲੱਗਾ ਹੈ, ਪਰ ਸਾਡੇ ਧਰਮ ਵਿਚ ਤਾਂ ਸਿਰਫ਼ ਰੱਬ ਤੋਂ ਡਰਨ ਦੀ ਸਿੱਖਿਆ ਦਿੱਤੀ ਗਈ ਹੈ ਅਤੇ ਕਿਸੇ ਤੋਂ ਡਰਨਾ ਤਾਂ ਬੁਜ਼ਦਿਲੀ ਹੈ।'

'ਬਿਲਕੁਲ ਠੀਕ ਹੈ', ਭਾਈ ਗੁਰਦਿੱਤਾ ਜੀ ਨੇ ਕਿਹਾ, 'ਅਸੀਂ ਤਾਂ ਨਿਡਰਤਾ ਨੂੰ ਰੱਬੀ ਗੁਣ ਮੰਨਦੇ ਹਾਂ। ਗੁਰਬਾਣੀ ਦੇ ਮੂਲ-ਮੰਤਰ ਵਿਚ ਹੀ ਪ੍ਰਮਾਤਮਾ ਨੂੰ 'ਨਿਰਭਉ' ਕਹਿ ਕੇ ਪੁਕਾਰਦੇ ਹਾਂ। ਸਾਡੀ ਵੀ ਮੂਲ ਸਿੱਖਿਆ ਨਿਰਭੈ ਰਹਿਣ ਦੀ ਹੈ। ਸਿੱਖਾਂ ਨੂੰ ਤਾਂ ਗੁਰੂ ਜੀ ਦਾ ਹੁਕਮ ਹੈ-

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।*

ਉਹ ਸੱਚਾ ਗਿਆਨੀ ਤੇ ਵਿਵੇਕਸ਼ੀਲ ਹੈ ਜਿਹੜਾ ਕਿਸੇ ਤੋਂ ਡਰਦਾ ਨਹੀਂ ਹੈ, ਨਾ ਹੀ ਉਹ ਆਪ ਕਿਸੇ ਨੂੰ ਡਰਾਉਂਦਾ ਹੈ। ਮੈਨੂੰ ਖੁਸ਼ੀ ਹੈ ਕਿ ਪੀਰ ਸਾਹਿਬ ਦੀ ਸਿੱਖਿਆ ਬੜੀ ਵਿਆਪਕ ਤੇ ਕਲਿਆਣਕਾਰੀ ਹੈ। ਜੀਵਨ ਦਾ ਯਥਾਰਥ ਨਿਰਭੈਤਾ ਵਿਚ ਹੀ ਹੈ। '

ਉਸ ਵਕਤ ਝੌਂਪੜੀ ਦਾ ਦਰਵਾਜ਼ਾ ਖੁੱਲ੍ਹਿਆ ਤੇ ਪੀਰ ਕਰੀਮ ਬਖ਼ਸ਼ ਬਾਹਰ ਨਿਕਲੇ। ਦੂਜੇ ਪਾਸਿਓਂ ਪੀਰ ਸਾਹਿਬ ਦੇ ਦੋ ਤਿੰਨ ਹੋਰ ਮੁਰੀਦ ਵੀ ਆਂਦੇ ਦਿਸ ਪਏ। ਬੈਠਕ ਦਾ ਦੌਰ ਸ਼ੁਰੂ ਹੋਣ ਦੀ ਆਸ ਬੱਝੀ। ਪੀਰ ਨੂੰ ਵਿਸ਼ਵਾਸ ਤਾਂ ਸੀ ਕਿ ਸਾਰੇ ਮੁਰੀਦ ਆਉਣਗੇ, ਫਿਰ ਵੀ ਬਾਦਸ਼ਾਹ ਦੇ ਡਰ ਨਾਲ ਕੁਝ ਲੋਕਾਂ ਦਾ ਤਿਲਕ ਜਾਣਾ ਕੋਈ ਬਹੁਤ ਗ਼ੈਰ-ਕੁਦਰਤੀ ਗੱਲ ਨਹੀਂ ਸੀ। ਉਹ ਲੋਕ ਅਜੇ ਬੋਹੜ ਹੇਠਾਂ ਆਏ ਹੀ ਨਹੀਂ ਸਨ ਕਿ ਦੂਰੋਂ ਚਾਰ-ਪੰਜ ਸਾਥੀ ਹੋਰ ਪਹੁੰਚਦੇ ਦਿਸੇ।

ਭਾਈ ਗੁਰਦਿੱਤਾ ਜੀ ਨੇ ਖਲ੍ਹੋ ਕੇ ਉਹਨਾਂ ਦਾ ਸੁਆਗਤ ਕੀਤਾ, ਰਹਿਮਾਨ ਨੇ ਵੀ ਝੁਕ ਕੇ ਮੁਰਸ਼ਦ ਨੂੰ ਸਲਾਮ ਕੀਤੀ। ਰਹਿਮਾਨ ਨੂੰ ਸਾਰਿਆਂ ਤੋਂ ਪਹਿਲੇ ਅਪੜੇ ਵੇਖ ਕੇ ਪੀਰ

ਸਾਹਿਬ ਨੇ ਪੁੱਛਿਆ, 'ਕਿਉਂ ਰਹਿਮਾਨ ਮੀਆਂ, ਸਵੇਰ ਦੀ ਗੱਲ ਤੋਂ ਕੋਈ ਖ਼ਤਰਾ ਤਾਂ ਮਹਿਸੂਸ ਨਹੀਂ ਹੋਇਆ ? '

'ਆਪ ਦੇ ਹੁੰਦਿਆਂ ਮੈਨੂੰ ਕਾਹਦਾ ਖ਼ਤਰਾ, ਮੇਰੇ ਮਾਲਕ', ਰਹਿਮਾਨ ਅਧੀਨਗੀ ਨਾਲ ਬੋਲਿਆ, 'ਬਾਦਸ਼ਾਹ ਨੇ ਤਾਂ ਆਪ ਦੀ ਹਾਜ਼ਰੀ ਤੋਂ ਹੀ ਕਰਾਮਾਤ ਵੇਖੀ ਹੋਵੇਗੀ ਤਾਂ ਹੀ ਤਾਂ ਉਸ ਬਦਨਾਮ ਅਦਾਲਤ ਵਿੱਚੋਂ ਤੁਸੀਂ ਵਾਪਸ ਆ ਸਕੇ। ਕੀ ਆਲਮਗੀਰ ਨੇ ਆਪਣੀ ਹਕੂਮਤ ਤੋਂ ਹੱਥ ਧੋਣੇ ਸਨ ? ਆਪ ਦੀ ਕਰਾਮਾਤ ਦੀ ਮਸ਼ਹੂਰੀ ਜ਼ਰੂਰ ਬਾਦਸ਼ਾਹ ਤੱਕ ਅੱਪੜੀ ਹੋਵੇਗੀ।'

'ਨਹੀਂ ਰਹਿਮਾਨ, ਇਹ ਕਰਾਮਾਤੀ ਪਹਿਲੂ ਦੀ ਗੱਲ ਤਾਂ ਮੈਂ ਉਸੇ ਦਿਨ ਤੋਂ ਸੋਚਣੀ ਬੰਦ ਕਰ ਦਿੱਤੀ ਸੀ। ਜਿਸ ਦਿਨ ਤੋਂ ਗੁਰੂ ਸਾਹਿਬ ਦੀ ਗ਼ਲਤੀ ਪਤਾ ਲੱਗ ਗਈ ਹੈ, ਪ੍ਰਮਾਤਮਾ ਦੀ ਕਾਰਵਾਈ ਵਿਚ ਦਖ਼ਲ-ਅੰਦਾਜ਼ੀ ਕਰਨ ਵਾਲਾ ਮੈਂ ਕੌਣ ਹੁੰਦਾ ਹਾਂ, ' ਪੀਰ ਕਰੀਮ ਬਖ਼ਸ਼ ਬੋਲਿਆ, 'ਹਾਂ, ਪਰਮਾਤਮਾ ਆਪ ਕ੍ਰਿਸ਼ਮਾ ਵਿਖਾਉਂਦਾ ਹੈ, ਜ਼ਰੂਰ ਔਰੰਗਜ਼ੇਬ ਦੇ ਦਿਲ ਤੇ ਦਿਮਾਗ਼ ਨੂੰ ਬਦਲਣ ਵਿਚ ਕੋਈ ਦੈਵੀ ਕਰਾਮਾਤ ਵਾਪਰੀ ਹੈ।"

'ਅਤੇ ਏਹੀ ਦੈਵੀ ਕਰਾਮਾਤ ਸਾਨੂੰ ਨਿਡਰ ਬਣਾ ਰਹੀ ਹੈ, ਪੀਰ ਸਾਹਿਬ, ਰਹਿਮਾਨ ਨੇ ਤੁਰੰਤ ਕਿਹਾ।

'ਪਰਮਾਤਮਾ ਸਾਰਿਆਂ ਦੇ ਅੰਗ ਸੰਗ ਹੈ, 'ਭਾਈ ਗੁਰਦਿੱਤਾ ਜੀ ਨੇ ਵਿਚੋਂ ਹੀ ਗੱਲ ਦਾ ਸੂਤਰ ਪਕੜਦਿਆਂ ਆਖਿਆ, 'ਠੀਕ ਰਸਤੇ ਉਤੇ ਚੱਲਣ ਵਾਲੇ ਦਾ ਰੱਖਿਅਕ ਉਹ ਆਪ ਹੀ ਹੈ, ਅਸੀਂ ਕਿਉਂ ਡਰੀਏ ? ਵਾਹਿਗੁਰੂ ਦੀ ਟੇਕ ਲੈ ਕੇ ਦੁਨੀਆ ਵਿਚ ਕਿਸੇ ਤੋਂ ਕੀ ਡਰਨਾ। ਗੁਰਬਾਣੀ ਵਿਚ ਭਗਤ ਸਧਨਾ ਨੇ ਲਿਖਿਆ ਹੈ-ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ। ਸਾਰੇ ਬਾਦਸ਼ਾਹ ਦੇ ਆਚਰਣ ਉਤੇ ਹੱਸ ਦਿੰਦੇ ਹਨ। ਗੁਰੂ ਕਥਾ ਲਈ ਵਧ ਰਹੇ ਪਿਆਰ ਤੋਂ ਭਾਵੁਕ ਹੋ ਕੇ ਪੀਰ ਕਰੀਮ ਬਖ਼ਸ਼ ਨੇ ਗੱਲਬਾਤ ਦਾ ਰੁਖ ਬਦਲਿਆ ਅਤੇ ਭਾਈ ਗੁਰਦਿੱਤਾ ਜੀ ਨੂੰ ਬੇਨਤੀ ਕੀਤੀ, 'ਭਾਈ ਸਾਹਿਬ, ਮੱਖਣ ਸ਼ਾਹ ਨੇ ਸੱਚਾਈ ਨੂੰ ਲੱਭ ਲਿਆ ਅਤੇ ਬਾਬਾ ਤੇਗ਼ ਬਹਾਦਰ ਜੀ, ਗੁਰੂ ਤੇਗ ਬਹਾਦਰ ਜੀ ਬਣ ਗਏ। ਉਹ ਜਿਹੜੇ ਬਾਈ ਢੌਂਗੀ ਬੈਠੇ ਸਨ ਬਕਾਲਾ ਵਿੱਚ, ਉਹਨਾਂ ਦਾ ਕੀ ਬਣਿਆ ? '

'ਇਹ ਵੀ ਬੜੀ ਵਚਿੱਤਰ ਕਥਾ ਹੈ, ਸੁਣੋ,' ਭਾਈ ਗੁਰਦਿੱਤਾ ਜੀ ਨੇ ਕਹਿਣਾ ਸ਼ੁਰੂ ਕੀਤਾ, 'ਗੁਰਗੱਦੀ ਦਾ ਫ਼ੈਸਲਾ ਹੋ ਜਾਣ ਨਾਲ ਸਭ ਤੋਂ ਵੱਧ ਨੁਕਸਾਨ ਧੀਰ ਮੱਲ ਦੇ ਦਰਬਾਰ ਦੀ ਮਰਿਆਦਾ ਨੂੰ ਹੋਇਆ। ਉਸ ਦਾ ਆਦਰ, ਮਾਣ ਅਤੇ ਧਨ ਦਾ ਚੜ੍ਹਾਵਾ ਸਾਰਾ ਕੁਝ ਇੱਕ ਝਟਕੇ ਵਿਚ ਹੀ ਖ਼ਤਮ ਹੋ ਗਿਆ। ਹੋਰ ਇੱਕੀ ਢੌਂਗੀਆਂ ਦਾ ਵੀ ਇਹੋ ਹਾਲ ਹੋਇਆ ਸੀ ਪਰ

ਉਹ ਸ਼ਾਇਦ ਜ਼ਿਆਦਾ ਖਿਡਾਰੀ ਨਹੀਂ ਸਨ, ਇਸ ਲਈ ਉਹਨਾਂ ਹੌਲੀ-ਹੌਲੀ ਬਕਾਲਾ ਛੱਡਣਾ ਹੀ ਠੀਕ ਸਮਝਿਆ। ਧੀਰ ਮੱਲ ਦੇ ਪ੍ਰਤੀਨਿਧਾਂ ਵਿਚ ਸੀਹਾਂ ਬੜਾ ਗੁੰਡਾ ਸੀ। ਉਹ ਮਾਰ ਧਾੜ ਕੀਤੇ ਬਿਨਾਂ ਚੁੱਪਚਾਪ ਹਾਰ ਮੰਨਣ ਲਈ ਤਿਆਰ ਨਾ ਹੋਇਆ। ਉਸ ਇਧਰ ਉਧਰ ਘੁੰਮ ਕੇ ਧਨ ਦਾ ਲਾਲਚ ਦੇ ਕੇ ਕੁਝ ਹੋਰ ਮੁਸ਼ਟੰਡੇ ਇਕੱਠੇ ਕੀਤੇ। ਧੀਰ ਮੱਲ ਦੀ ਇਨਸਾਨੀਅਤ ਨੇ ਇੱਕ ਅੱਧ ਵਾਰ ਅੰਗੜਾਈ ਲਈ ਵੀ ਪਰ ਇੰਨੇ ਲੋਕਾਂ ਦੇ ਪਸ਼ੂਪੁਣੇ ਨੂੰ ਵੇਖ ਕੇ ਦਬਿਆ ਰਹਿ ਗਿਆ, ਸਗੋਂ ਇੰਜ ਕਿਹਾ ਜਾਵੇ ਕਿ ਹੌਲੀ-ਹੌਲੀ ਉਸ ਉਤੇ ਵੀ ਪਸ਼ੂਪੁਣੇ ਦਾ ਰੰਗ ਚੜ੍ਹਦਾ ਗਿਆ ਤਾਂ ਵਧੇਰੇ ਠੀਕ ਹੋਵੇਗਾ।

ਉਹਨਾਂ ਦੁਸ਼ਟਾਂ ਨੇ ਬਕਾਲਾ ਛੱਡਣ ਤੋਂ ਪਹਿਲਾਂ ਗੁਰੂ ਜੀ ਨੂੰ ਨੁਕਸਾਨ ਪਹੁੰਚਾਉਣ ਦਾ ਨਿਸ਼ਚਿਤ ਪ੍ਰੋਗਰਾਮ ਤਿਆਰ ਕੀਤਾ। ਉਹਨਾਂ ਨੂੰ ਮੱਖਣ ਸ਼ਾਹ ਅਤੇ ਉਸਦੇ ਸੈਨਿਕਾਂ ਦਾ ਡਰ ਨਾ ਹੁੰਦਾ ਤਾਂ ਉਹ ਇਸ ਤਰ੍ਹਾਂ ਦੀ ਵਿਉਂਤ ਘੜਨ ਵਿਚ ਸਮਾਂ ਨਾ ਗੁਆਉਂਦੇ, ਗੁਰੂਘਰ ਉਤੇ ਸਿੱਧੇ ਧਾਵਾ ਹੀ ਬੋਲ ਦਿੰਦੇ ਪਰ ਗੁਰੂਘਰ ਵਿਚ ਮੱਖਣ ਸ਼ਾਹ ਦੀ ਲਗਾਤਾਰ ਹਾਜ਼ਰੀ ਉਹਨਾਂ ਦਾ ਹੌਂਸਲਾ ਤੋੜ ਦਿੰਦੀ ਸੀ। ਆਖਰ, ਗੁਰੂਘਰ ਉਤੇ ਹਮਲਾ ਕਰਨ ਦੀ ਯੋਜਨਾ ਤਿਆਰ ਕੀਤੀ। ਜਦੋਂ ਮੱਖਣ ਸ਼ਾਹ ਤੇ ਉਸਦੇ ਸਾਥੀ ਦੁਪਹਿਰ ਦੇ ਖਾਣੇ ਵਾਸਤੇ ਆਪਣੇ ਡੇਰੇ ਉਤੇ ਜਾਂਦੇ ਸਨ। ਇਹ ਯੋਜਨਾ ਇੰਨੀ ਗੁਪਤ ਰੱਖੀ ਗਈ ਸੀ ਕਿ ਗੁਰੂਘਰ ਵਿਚ ਬਾਹਰਲੀ ਸ਼ਾਂਤੀ ਨੂੰ ਅਸਲੀਅਤ ਮੰਨ ਲਿਆ ਗਿਆ ਸੀ। ਅਜੇ ਤੱਕ ਧੀਰ ਮੱਲ ਵਲੋਂ ਗੁਰਗੱਦੀ ਲਈ ਵਿਰੋਧਤਾ ਨਾ ਹੋਣ ਕਰਕੇ, ਅਜਿਹਾ ਮੰਨ ਲਿਆ ਗਿਆ ਸੀ ਕਿ ਸ਼ਾਇਦ ਧੀਰ ਮੱਲ ਨੇ ਸਥਿਤੀ ਨੂੰ ਜਿਉਂ ਦਾ ਤਿਉਂ ਪਰਵਾਨ ਕਰ ਲਿਆ ਹੋਵੇ।

ਇੱਕ ਦਿਨ ਸੀਹਾਂ ਦੇ ਸੂਹੀਏ ਸਵੇਰ ਤੋਂ ਹੀ ਗੁਰਸਿੱਖਾਂ ਦੇ ਰੂਪ ਵਿਚ ਸੇਵਾ- ਭਾਵ ਲੈ ਕੇ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ ਆ ਹਾਜ਼ਰ ਹੋਏ। ਦੂਜੇ ਪਾਸੇ ਸੀਹਾਂ ਨੇ ਧੀਰ ਮੱਲ ਦੇ ਦਰਬਾਰ ਦਾ ਸਾਰਾ ਸਮਾਨ ਬੰਨ੍ਹ ਕੇ ਬਕਾਲਾ ਤੋਂ ਭੱਜਣ ਦੀ ਪੂਰੀ ਤਿਆਰੀ ਕਰ ਲਈ, ਵਿਚਾਰ ਇਹ ਕੀਤਾ-ਗਿਆ ਕਿ ਗੁਰੂ-ਘਰ ਉਤੇ ਹਮਲਾ ਕਰਕੇ ਲੁੱਟ-ਮਾਰ ਕਰਦੇ ਹੋਏ ਇੱਕਦਮ ਆਪਣੇ ਆਦਮੀਆਂ ਦੇ ਸਮਾਨ ਸਮੇਤ ਉਹ ਬਕਾਲਾ ਵਿੱਚੋਂ ਚਲੇ ਜਾਣਗੇ। ਅਜਿਹਾ ਕਰਨ ਦਾ ਸਭ ਤੋਂ ਵੱਡਾ ਕਾਰਨ ਮੱਖਣ ਸ਼ਾਹ ਦਾ ਡਰ ਹੀ ਸੀ। ਉਸਨੂੰ ਸੂਚਨਾ ਮਿਲਣ ਵਿਚ ਜਿੰਨੀ ਦੇਰ ਦਾ ਡਰ ਸੀ, ਬੱਸ ਉਸ ਦੌਰਾਨ ਹੀ ਉਹ ਬਕਾਲਾ ਛੱਡ ਦੇਣਾ ਚਾਹੁੰਦੇ ਸਨ। ਸਾਰੇ ਨਤੀਜੇ ਤੋਂ ਉਹ ਭਲੀ-ਭਾਂਤ ਸੁਚੇਤ ਸਨ, ਮੱਖਣ ਸ਼ਾਹ ਦਾ ਇਸ ਤੋਂ ਭੜਕ ਕੇ ਕੀਤਾ ਜਾਣ ਵਾਲਾ ਹਮਲਾ ਸਹਿਣਾ, ਉਹਨਾਂ ਦੇ ਵਸ ਦੀ ਗੱਲ ਨਹੀਂ ਸੀ।

ਦੁਪਹਿਰ ਵੇਲੇ ਜਿਵੇਂ ਹੀ ਮੱਖਣ ਸ਼ਾਹ ਅਤੇ ਉਸਦੇ ਸੈਨਿਕ ਭੋਜਨ ਲਈ ਡੇਰੇ ਉੱਤੇ ਗਏ, ਧੀਰ ਮੱਲ ਦੇ ਸੂਹੀਆਂ ਨੇ ਸੀਹਾਂ ਨੂੰ ਸੂਚਨਾ ਪਹੁੰਚਾਈ। ਸੀਹਾਂ ਆਪਣੇ ਗੁੰਡੇ ਮਿੱਤਰਾਂ ਨਾਲ ਗੁਰੂ-ਘਰ ਉਤੇ ਹਮਲਾ ਕਰਨ ਲਈ ਤੁਰਿਆ। ਧੀਰ ਮੱਲ ਦੀ ਅੰਤਰ-ਆਤਮਾ ਇੱਕ ਵਾਰ ਫਿਰ ਭਟਕੀ। ਉਸ ਸੀਹਾਂ ਨੂੰ ਇਸ ਮਾੜੇ ਕੰਮ ਤੋਂ ਰੋਕਣਾ ਚਾਹਿਆ ਪਰ ਦੂਜੇ ਉਤੇ

ਨਿਰਭਰ ਰਹਿਣ ਵਾਲਾ ਵਿਅਕਤੀ, ਭਲਾ ਦ੍ਰਿੜ੍ਹਤਾ ਕਿੱਥੋਂ ਲਿਆਂਦਾ ? ਉਸਨੂੰ ਸੀਹਾਂ ਦੀ ਯੋਜਨਾ ਅੱਗੇ ਝੁਕਣਾ ਪਿਆ ਅਤੇ ਦਿਲੋਂ ਨਾ ਚਾਹੁੰਦੇ ਹੋਏ ਵੀ ਧਾੜਵੀਆਂ ਦੇ ਪਿੱਛੇ ਪਿੱਛੇ ਸ਼ਾਮਲ ਹੋਣਾ ਪਿਆ।

ਗੁਰੂ-ਘਰ ਵਿਚ ਉਸ ਵਕਤ ਪੰਜ ਛੇ ਵਿਅਕਤੀ ਹੀ ਸਨ-ਕਿਰਪਾਲ, ਮੈਂ ਬਾਬਾ ਦੁਆਰਕਾ ਦਾਸ, ਭਾਈ ਮੜੀਆ ਅਤੇ ਬਾਬਾ ਦੁਰਗਾ ਮੱਲ। ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਜਨਾਨੇ ਵਿਚ ਸਨ। ਅਚਾਨਕ ਘਰ ਦੇ ਬਾਹਰ ਹਮਲਾ ਹੋਇਆ। ਇਸ ਤੋਂ ਪਹਿਲਾਂ ਕਿ ਕੋਈ ਬਾਹਰ ਜਾ ਕੇ ਵੇਖਦਾ, ਕਿੰਨੇ ਹੀ ਦੁਸ਼ਟ ਲੋਕ ਲਾਠੀਆਂ, ਡੰਡੇ, ਲੱਕੜੀ ਆਦਿ ਲਈਂ ਅੰਦਰ ਚਲੇ ਆਏ। ਅੱਖ ਫੋਰ ਵਿਚ ਹੀ ਸਾਰੀ ਸਥਿਤੀ ਸਪਸ਼ਟ ਹੋ ਗਈ। ਗੁਰੂ ਜੀ ਆਪਣੇ ਆਸਣ ਉਤੇ ਬਿਰਾਜਮਾਨ ਸਨ। ਦਰਵਾਜ਼ੇ ਉਤੇ ਉਸ ਵਕਤ ਸੀਹਾਂ ਸਾਹਮਣੇ ਆਇਆ ਉਸਦੇ ਹੱਥ ਵਿਚ ਭਰੀ ਹੋਈ ਬੰਦੂਕ ਸੀ। ਉਸ ਨਤੀਜਾ ਸੋਚੇ ਬਿਨਾਂ ਨਿਸ਼ਾਨਾ ਬੰਨ੍ਹ ਕੇ ਗੁਰੂ ਜੀ ਉਤੇ ਗੋਲੀ ਚਲਾ ਦਿੱਤੀ। ਨਿਸ਼ਾਨਾ ਚੁੱਕ ਜਾਣ ਕਰਕੇ ਗੋਲੀ ਗੁਰੂ ਜੀ ਦੇ ਮੋਢੇ ਨੂੰ ਛਿਲਦੀ ਹੋਈ ਨਿਕਲ ਗਈ। ਸਾਡੇ ਵਿੱਚੋਂ ਕਿਰਪਾਲ ਹੀ ਯੁੱਧ-ਕਲਾ ਵਿਚ ਪ੍ਰਬੀਨ ਸੀ। ਉਹ ਇੱਕ ਹੀ ਪੁਲਾਂਘ ਵਿਚ ਸੀਹਾਂ ਨਾਲ ਜਾ ਉਲਝਿਆ ਅਤੇ ਉਸਨੇ ਉਹਨੂੰ ਦੋਬਾਰਾ ਬੰਦੂਕ ਭਰਨ ਦਾ ਮੌਕਾ ਨਾ ਦਿੱਤਾ। ਅਸੀਂ ਸਾਰਿਆਂ ਨੇ ਗੁਰੂ ਜੀ ਦੇ ਸਰੀਰ ਦੀ ਰੱਖਿਆ ਵਾਸਤੇ ਉਹਨਾਂ ਨੂੰ ਚਾਰੋਂ ਪਾਸਿਆਂ ਤੋਂ ਘੇਰ ਲਿਆ ਅਤੇ ਜਿਥੋਂ ਤੱਕ ਸੰਭਵ ਹੋ ਸਕਿਆ ਉਹਨਾਂ ਉਤੇ ਕੋਈ ਹੋਰ ਵਾਰ ਨਹੀਂ ਹੋਣ ਦਿੱਤਾ। ਲੁਟੇਰਿਆਂ ਘਰ ਨੂੰ ਲੁੱਟਿਆ, ਧਨ ਤੋਂ ਇਲਾਵਾ ਘਰ ਦਾ ਗਹਿਣਾ ਕੱਪੜਾ ਅਤੇ ਹੋਰ ਜੋ ਵੀ ਸਮਾਨ ਉਹਨਾਂ ਦੇ ਹੱਥ ਲੱਗਾ, ਉਹ ਸਾਰਾ ਲੈ ਕੇ ਦੌੜਨ ਲਈ ਤਿਆਰ ਹੋਏ। ਕਿਰਪਾਲ ਜ਼ਖ਼ਮੀ ਹੋ ਗਿਆ ਸੀ ਪਰ ਸੀਹਾਂ ਉਤੇ ਹਾਵੀ ਸੀ। ਉਸੇ ਵੇਲੇ ਪਿੱਛੇ ਲੁਕੇ ਹੋਈ ਧੀਰਮੱਲ ਉਤੇ ਗੁਰੂ ਜੀ ਦੀ ਨਜ਼ਰ ਪਈ, ਬੋਲੇ ਉਹ, ਇਹ ਮੇਰੇ ਭਤੀਜੇ ਦੀ ਕਰਤੂਤ ਹੈ। ਵਾਹਿਗੁਰੂ ਉਸਨੂੰ ਖਿਮਾ ਕਰਨਾ। ' ਗੁਰੂ ਜੀ ਦੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ ਲੁਟੇਰੇ ਸਾਰਾ ਮਾਲ ਲੈ ਕੇ ਦੌੜ ਗਏ।

ਘੜੀ ਭਰ ਵਿਚ ਹੀ ਇਹ ਸਭ ਕੁਝ ਵਾਪਰ ਗਿਆ ਸੀ। ਮਾਤਾ ਨਾਨਕੀ ਜੀ ਦੀ ਨਜ਼ਰ ਪੁੱਤਰ ਦੇ ਮੋਢੇ ਵਿਚ ਸਿੰਮਦੇ ਖ਼ੂਨ ਵੱਲ ਗਈ। ਉਹ ਚੀਕ ਉੱਠੀ, 'ਉਹ, ਮੇਰੇ ਤੇਗ ਨੂੰ ਤਾਂ ਸੱਟ ਲੱਗੀ ਹੈ, ਖ਼ੂਨ ਵਗ ਰਿਹਾ ਹੈ।' ਗੁਰੂ ਤੇਗ ਬਹਾਦਰ ਜੀ ਬੜੇ ਸਹਿ ਸ਼ੀਲ ਤੇ ਨਿਮਰ ਭਾਵ ਨਾਲ ਬੋਲੇ, 'ਨਹੀਂ ਮਾਤਾ ਜੀ, ਕੋਈ ਖਾਸ ਚਿੰਤਾ ਦੀ ਗੱਲ ਨਹੀਂ, ਸ਼ਾਇਦ ਗੋਲੀ ਨਾਲੋਂ ਲੰਘ ਗਈ ਹੈ। ਖ਼ੂਨ ਹੁਣੇ ਬੰਦ ਹੋ ਜਾਵੇਗਾ।'

ਅਸੀਂ ਜਲਦੀ ਹੀ ਗੁਰੂ ਜੀ ਦੇ ਜ਼ਖਮ ਉਤੇ ਮੱਲ੍ਹਮ ਪੱਟੀ ਕੀਤੀ ਅਤੇ ਜ਼ਖਮੀ ਹੋਏ ਕਿਰਪਾਲ ਦੀ ਵੀ ਦੇਖਭਾਲ ਕੀਤੀ। ਲੁਟੇਰਿਆਂ ਨੇ ਗੁਰੂਘਰ ਨੂੰ ਪੂਰੀ ਤਰ੍ਹਾਂ ਲੁੱਟ ਲਿਆ ਸੀ, ਇਸ ਗੱਲ ਉਤੇ ਮਾਤਾ ਜੀ ਨੇ ਦੁੱਖ ਪ੍ਰਗਟ ਕੀਤਾ। ਬੋਲੇ, 'ਜੇਕਰ ਮੱਖਣ ਇੱਥੇ ਹੁੰਦਾ।' ਇਸ

ਗੱਲ ਉਤੇ ਸਾਰਿਆਂ ਨੂੰ ਮੱਖਣ ਸ਼ਾਹ ਦਾ ਧਿਆਨ ਆ ਗਿਆ ਅਤੇ ਅਸੀਂ ਉਸਨੂੰ ਸੂਚਨਾ ਦੇਣ ਬਾਰੇ ਵਿਚਾਰ ਕਰਨ ਲੱਗ ਗਏ।

'ਪਰ, ਧੀਰ ਮੱਲ ਦੇ ਪੱਖੀ ਲੋਕ ਤਾਂ ਉਦੋਂ ਤੱਕ ਭੱਜ ਗਏ ਹੋਣਗੇ।" ਇੱਕ ਸਰੋਤ ਨੇ ਉਤਸੁਕਤਾ ਪ੍ਰਗਟ ਕੀਤਾ।

'ਨਹੀਂ, ਉਹ ਦੌੜਨ ਤੋਂ ਪਹਿਲਾਂ ਹੀ ਪਕੜਿਆ ਗਿਆ ਅਤੇ ਯੋਗ ਦੰਡ ਦਾ ਭਾਗੀ ਬਣਿਆ। ਗੱਲ ਦਰਅਸਲ ਇਸ ਤਰ੍ਹਾਂ ਹੋਈ ਕਿ ਜਿਵੇਂ ਸੀਹਾਂ ਨੇ ਧਾਵਾ ਬੋਲਿਆ, ਗਲੀ ਵਿਚ ਮੱਖਣ ਸ਼ਾਹ ਨੂੰ ਬਾਬਾ ਤੇਗ ਦਾ ਘਰ ਦੱਸਣ ਵਾਲੇ ਲੜਕੇ ਨੇ ਸਥਿਤੀ ਨੂੰ ਭਾਂਪ ਲਿਆ ਅਤੇ ਬੜੀ ਸਮਝਦਾਰੀ ਦਾ ਸਬੂਤ ਦਿੱਤਾ। ਉਹ ਪਹਿਲੇ ਦਿਨ ਦੇ ਅਭਿਆਸ ਕਰਕੇ ਪੈਸਿਆਂ ਦੇ ਲਾਲਚ ਵਿਚ ਘਟਨਾ ਦੀ ਸੂਚਨਾ ਮੱਖਣ ਸ਼ਾਹ ਨੂੰ ਦੇਣ ਵਾਸਤੇ ਦੌੜ ਪਿਆ। ਖ਼ਬਰ ਮਿਲਦਿਆਂ ਪਲ ਭਰ ਜ਼ਾਇਆ ਕੀਤੇ ਬਿਨਾਂ ਮੱਖਣ ਸ਼ਾਹ ਆਪਣੇ ਸੈਨਿਕਾਂ ਸਮੇਤ ਧੀਰ ਮੱਲ ਦੇ ਟਿਕਾਣੇ ਵਲ ਦੌੜਿਆ ਅਤੇ ਇਸ ਤੋਂ ਪਹਿਲਾਂ ਕਿ ਉਹ ਲੋਕ ਉਥੋਂ ਨਿਕਲ ਜਾਣ ਵਿਚ ਸਫਲ ਹੁੰਦੇ, ਮੱਖਣ ਸ਼ਾਹ ਦੇ ਬੰਦਿਆਂ ਨੇ ਉਹਨਾਂ ਨੂੰ ਘੇਰ ਲਿਆ ਫਿਰ ਤਾਂ ਸੀਹਾਂ ਤੇ ਉਸਦੇ ਗੁੰਡੇ ਸਾਥੀਆਂ ਨੂੰ ਹਾਰ ਮਾਰ ਪਈ ਕਿ ਮੱਖਣ ਸ਼ਾਹ ਵਲੋਂ ਉਹਨਾਂ ਨੂੰ ਜਾਨੋਂ ਨਾ ਮਾਰਨ ਦੇ ਹੁਕਮ ਕਰਕੇ ਹੀ ਉਹ ਜੀਂਦੇ ਰਹਿ ਗਏ। ਮੱਖਣ ਨੇ ਉਹਨਾਂ ਸਾਰਿਆਂ ਨੂੰ ਬੰਨ੍ਹਵਾ ਲਿਆ ਅਤੇ ਧੀਰ ਮੱਲ ਦੇ ਹੱਥ ਵੀ ਉਸ ਦੀ ਪਿੱਠ ਉਤੇ ਬੰਨ੍ਹ ਕੇ ਉਹਨਾਂ ਸਾਰਿਆਂ ਨੂੰ ਗੁਰੂਘਰ ਵਾਲੀ ਜਗ੍ਹਾ ਲੈ ਆਇਆ। ਗੁਰੂ ਜੀ ਦੇ ਨਰਮ ਤੇ ਖਿਮਾ ਕਰ ਦੇਣ ਵਾਲੇ ਸੁਭਾ ਤੋਂ ਧੀਰਮੱਲ ਚੰਗੀ ਤਰ੍ਹਾਂ ਵਾਕਿਫ ਸੀ, ਇਸ ਲਈ ਗੁਰੂ ਪੱਖੀਆਂ ਦੀ ਇਸ ਕਮਜ਼ੋਰੀ ਦਾ ਪੂਰਾ ਲਾਹਾ ਲੈਣਾ ਚਾਹਿਆ। ਆਉਣ ਸਾਰ ਬੜੇ ਨਾਟਕੀ ਢੰਗ ਨਾਲ ਉਹ ਗੁਰੂ ਜੀ ਦੇ ਚਰਨਾਂ ਉਤੇ ਡਿੱਗ ਪਿਆ। ਸੀਹਾਂ ਅਤੇ ਉਸਦੇ ਦੂਜੇ ਸਾਥੀ ਵੀ ਗੁਰੂ ਜੀ ਦੇ ਚਰਨਾਂ ਉਤੇ ਝੁਕ ਗਏ। ਮੱਖਣ ਸ਼ਾਹ ਦੇ ਆਦਮੀ ਲੁੱਟਿਆ ਸਾਰਾ ਸਮਾਨ ਵਾਪਸ ਲੈ ਆਉਣ ਦੇ ਨਾਲ ਨਾਲ ਧੀਰ ਮੱਲ ਦਾ ਵੀ ਸਾਰਾ ਸਮਾਨ ਚੁੱਕ ਲਿਆਏ ਸਨ। ਗੁਰੂ ਜੀ ਨੇ ਦਇਆ ਕਰਕੇ ਨਾ ਸਿਰਫ਼ ਉਹਨਾਂ ਸਾਰਿਆਂ ਨੂੰ ਖਿਮਾ ਕਰਕੇ ਆਜ਼ਾਦ ਕਰਨ ਦੀ ਇਜਾਜ਼ਤ ਹੀ ਦਿੱਤੀ, ਸਗੋਂ ਉਹਨਾਂ ਦਾ ਸਾਰਾ ਧਨ ਤੇ ਸਮਾਨ ਵੀ ਵਾਪਸ ਮੋੜ ਦੇਣ ਵਾਸਤੇ ਕਿਹਾ। ਮੱਖਣ ਸ਼ਾਹ ਨੇ ਦਬੀ ਹੋਈ ਆਵਾਜ਼ ਵਿਚ ਇਸ ਗੱਲ ਦਾ ਵਿਰੋਧ ਕੀਤਾ ਪਰ ਗੁਰੂ ਜੀ ਦੀ ਹੁਕਮ ਅਦੂਲੀ ਉਹ ਬਿਲਕੁਲ ਨਾ ਕਰ ਸਕਿਆ।

ਧੀਰਮੱਲ ਆਪਣਾ ਸਮਾਨ ਤੇ ਜ਼ਖ਼ਮੀ ਸਾਥੀ ਲੈ ਕੇ ਉਸੇ ਦਿਨ ਕਰਤਾਰਪੁਰ ਵਾਸਤੇ ਤੁਰ ਪਿਆ। ਮੱਖਣ ਸ਼ਾਹ ਗੁਰੂ ਜੀ ਦੇ ਮੋਢੇ ਹੋਇਆ ਜ਼ਖ਼ਮ ਵੇਖ ਕੇ ਬਹੁਤ ਦੁਖੀ ਹੋਇਆ ਅਤੇ ਚਰਨਾਂ ਉਤੇ ਡਿੱਗ ਕੇ ਪ੍ਰਾਰਥਨਾ ਕਰਨ ਲੱਗਾ, 'ਗੁਰੂਦੇਵ, ਇਹ ਸਾਰੇ ਸਖ਼ਤ ਤੋਂ ਸਖ਼ਤ ਸਜ਼ਾ ਦੇ ਪਾਤਰ ਹਨ, ਆਪ ਦੀ ਜਾਨ ਉਤੇ ਹਮਲਾ ਕਰਨ ਵਾਲੇ ਮਹਾਨ ਦੁਸ਼ਟ। ਇਹਨਾਂ ਨੂੰ ਹਰ ਤਰ੍ਹਾਂ ਦੀ ਸਜ਼ਾ ਦਿੱਤੇ ਬਿਨਾਂ ਇੰਜ ਹੀ ਜਾਣ ਦੇਣਾ, ਇਹਨਾਂ ਦੀ ਭੈੜੀ ਆਦਤ ਨੂੰ ਹੌਂਸਲਾ ਦੇਣ ਵਾਲੀ ਗੱਲ ਹੈ।

ਗੁਰੂ ਜੀ ਮੱਖਣ ਦੀ ਗੱਲ ਸੁਣ ਕੇ ਹੱਸ ਪਏ। ਬੋਲੇ-'ਕਿਸੇ ਦੀ ਕਮਜ਼ੋਰੀ ਨੂੰ ਜਾਂਚਣਾ ਅਤੇ ਉਸਨੂੰ ਸਜ਼ਾ ਜਾਂ ਇਨਾਮ ਦੇ ਯੋਗ ਸਮਝਣਾ ਸਾਡੇ ਅਧਿਕਾਰ ਤੋਂ ਬਾਹਰ ਦੀ ਗੱਲ ਹੈ, ਮੱਖਣ। ਵਾਹਿਗੁਰੂ ਦੇ ਕੰਮਾਂ 'ਵਿਚ ਦਖਲਅੰਦਾਜ਼ੀ ਕਰਨ ਵਾਲੇ ਅਸੀਂ ਕੌਣ ਹੁੰਦੇ ਹਾਂ। ਜੋ ਕਰੇਗਾ, ਸੋ ਭਰੇਗਾ, ਧੀਰ ਮੱਲ ਜਾਂ ਸੀਹਾਂ, ਸਾਨੂੰ ਕਾਹਦੀ ਚਿੰਤਾ।'

ਮੱਖਣ ਸ਼ਾਹ ਲਾਜਵਾਬ ਹੋ ਗਿਆ। ਧੀਰ ਮੱਲ ਦਾ ਸਾਰਾ ਸਮਾਨ ਵਾਪਸ ਕਰ ਦਿੱਤਾ ਗਿਆ ਪਰ ਇੱਕ ਅੱਧ ਚੀਜ਼ ਜਿਸ ਉਤੇ ਸਿੱਖ ਗੁਰੂ-ਘਰ ਦਾ ਨਿਸ਼ਚਿਤ ਹੱਕ ਸਮਝਦੇ ਸਨ, ਗੁਰੂ ਜੀ ਨੂੰ ਬਿਨਾਂ ਦੱਸੇ, ਘਰ ਵਿਚ ਲੁਕਾ ਲਈ ਗਈ।

'ਬੜਾ ਬੇਈਮਾਨ ਸੀ ਕੰਬਖਤ, ਰਹਿਮਾਨ ਨੇ ਕਿਹਾ, 'ਗੁਰੂ ਦੇ ਘਰ ਵਿਚ ਜਨਮ ਲੈ ਕੇ ਵੀ ਉਹ ਆਪਣੇ ਅਮਲਾਂ ਨੂੰ ਸੁਧਾਰ ਨਾ ਸਕਿਆ।'

'ਭਾਗਾਂ ਵਿਚ ਨਹੀਂ ਸੀ, ਬਸ ਇਹ ਹੀ ਕਹਿ ਸਕਦੇ ਹਾਂ।'

'ਮੱਖਣ ਸ਼ਾਹ ਵੀ ਗਜ਼ਬ ਦਾ ਆਦਮੀ ਸੀ', ਪੀਰ ਸਾਹਿਬ ਨੇ ਫ਼ੁਰਮਾਇਆ।

'ਵਾਹਿਗੁਰੂ ਜਿਸ ਨੂੰ ਇੱਜ਼ਤ ਬਖ਼ਸ਼ਣਾ ਚਾਹੇ, ਉਹ ਸਾਧਨ ਬਣ ਜਾਂਦਾ ਹੈ। ਕਰਨ ਕਰਾਵਨ ਵਾਲਾ ਉਹ ਕੁੱਲ ਮਾਲਕ ਆਪ ਹੈ', ਭਾਈ ਗੁਰਦਿੱਤਾ ਜੀ ਨੇ ਆਖਿਆ, 'ਹਾਂ ਗੁਰਸਿੱਖ ਹੋਣ ਦੇ ਨਾਤੇ ਉਸ ਆਪਣਾ ਫ਼ਰਜ਼ ਨਿਭਾਇਆ।'

'ਧੀਰ ਮੱਲ ਵਾਂਗ ਹੀ ਗੁਰੂਘਰ ਵਿਚ ਇੱਕ ਹੋਰ ਦੁਸ਼ਟ-ਆਤਮਾ ਪੈਦਾ ਹੋਈ ਸੀ, ਉਸ ਦਾ ਨਾਂ ਸੀ ਪ੍ਰਿਥਵੀ ਚੰਦ। ਪ੍ਰਿਥਵੀ ਚੰਦ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਉਸ ਦੀਆਂ ਮਾੜੀਆਂ ਕਰਤੂਤਾਂ ਕਰਕੇ ਪਿਤਾ ਗੁਰੂ ਰਾਮਦਾਸ ਜੀ ਨੇ ਉਸ ਨੂੰ ਗੁਰਗੱਦੀ ਨਹੀਂ ਬਖ਼ਸ਼ੀ ਸੀ। ਉਮਰ ਭਰ ਉਹ ਗੁਰੂ ਅਰਜਨ ਦੇਵ ਜੀ ਨਾਲ ਦੁਸ਼ਮਣੀ ਕਮਾਉਂਦਾ ਰਿਹਾ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਉਤੇ ਉਸਦੇ ਅਧਿਕਾਰੀਆਂ ਨੇ ਕਬਜ਼ਾ ਜਮਾਇਆ ਹੋਇਆ ਸੀ। ਉਸਦੇ ਪੁੱਤਰ ਹਰਿ ਜੀ, ਜਿਹੜਾ ਆਪਣੇ ਆਪ ਨੂੰ ਅੱਠਵਾਂ ਗੁਰੂ ਅਖਵਾਉਂਦਾ ਸੀ, ਉਸ ਵਕਤ ਅੰਮ੍ਰਿਤਸਰ ਦੀ ਸੰਗਤ ਉਤੇ ਅਨੁਸ਼ਾਸ਼ਨ ਰੱਖਦਾ ਸੀ। ਵਾਸਤਵ ਵਿਚ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਉਥੇ ਗਏ ਹੀ ਨਹੀਂ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਤੋਂ ਪਿੱਛੋਂ ਪ੍ਰਿਥਵੀ ਚੰਦ ਨੂੰ ਆਪਣੇ ਆਪ ਨੂੰ ਛੇਵਾਂ ਗੁਰੂ ਐਲਾਨ ਕਰਨ ਦਾ ਮੌਕਾ ਮਿਲ ਗਿਆ। ਉਸਦਾ ਪੁੱਤਰ ਮਿਹਰਬਾਨ ਸੱਤਵਾਂ ਗੁਰੂ ਬਣਿਆ ਅਤੇ ਹਰਿ ਜੀ ਅੱਠਵਾਂ। ਅੰਮ੍ਰਿਤਸਰ ਤੋਂ ਬਾਹਰ ਦੇ ਸਿੱਖ ਇਹਨਾਂ ਤੋਂ ਚਿੜ੍ਹਦੇ ਸਨ, ਇਹਨਾਂ ਨੂੰ ਮੀਣਾ (ਰਾਜਸਥਾਨ ਦੀ ਇੱਕ ਨੀਵੀਂ ਜਾਤ) ਕਹਿੰਦੇ ਸਨ। ਇਹਨਾਂ ਨੇ ਮਾੜੀ ਨੀਅਤ ਨਾਲ ਪੋਥੀ ਸਾਹਿਬ ਵਿਚ ਅਦਲਾ ਬਦਲੀ ਵੀ ਕਰ ਦਿੱਤੀ ਸੀ। ਸ੍ਰੀ ਹਰਿਮੰਦਰ

ਸਾਹਿਬ ਵਿਚ ਪਾਠ ਕਰਨ ਵਾਲੀ ਪੋਥੀ ਵਿਚ ਇਹਨਾਂ ਨੇ 'ਨਾਨਕ' ਛਾਪ ਨਾਲ ਆਪਣੀ ਕਵਿਤਾ ਸ਼ਾਮਲ ਕਰ ਦਿੱਤੀ ਸੀ। ਅੰਮ੍ਰਿਤਸਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਮਕਾਨ, ਜਿਸ ਘਰ ਵਿਚ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ ਸੀ, ਉਤੇ ਵੀ ਹਰ ਜੀ ਨੇ ਕਬਜ਼ਾ ਕਰ ਲਿਆ ਸੀ। ਹਰਿਮੰਦਰ ਸਾਹਿਬ ਦੀ ਆਮਦਨੀ ਵੀ ਉਸਨੂੰ ਹੀ ਮਿਲਦੀ ਸੀ ਅਤੇ ਉੱਥੇ ਦੇ ਪਾਣੀ ਤੇ ਮੁਖਤਿਆਰ ਵੀ ਉਹੀ ਨਿਯੁਕਤ ਕਰਦਾ ਸੀ। ਮੁਕਦੀ ਗੱਲ ਤਾਂ ਇਹ ਹੈ ਕਿ ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਦੋਹਾਂ ਉਤੇ ਮੀਣਿਆਂ ਦਾ ਪੂਰਾ ਅਧਿਕਾਰ ਸੀ।

ਬਕਾਲਾ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਦੁਆਰਕਾ ਦਾਸ ਨੇ ਆਪਣੇ ਪਿੰਡ ਗੋਇੰਦਵਾਲ ਚੱਲਣ ਲਈ ਬੇਨਤੀ ਕੀਤੀ। ਬਾਬਾ ਦੁਆਰਕਾ ਦਾਸ ਲਈ ਗੁਰੂ ਜੀ ਦੇ ਮਨ ਵਿਚ ਡੂੰਘਾ ਸਤਿਕਾਰ ਸੀ। ਇਸ ਲਈ, ਉਹਨਾਂ ਦੀ ਗੱਲ ਟਾਲਣਾ ਉਚਿਤ ਨਾ ਸਮਝਦੇ ਹੋਏ ਤਿਆਰ ਹੋ ਗਏ। ਪਿਛਲੇ ਵੀਹ ਸਾਲਾਂ ਤੋਂ ਬਕਾਲਾ ਵਿਚ ਰਹਿਣ ਕਰਕੇ ਗੁਰੂ ਜੀ ਨੂੰ ਉਸ ਪਿੰਡ ਤੇ ਉਥੇ ਦੇ ਵਾਸੀਆਂ ਨਾਲ ਵੀ ਪਿਆਰ ਹੋ ਗਿਆ ਸੀ। ਉਥੋਂ ਜਾਣ ਦੀ ਖ਼ਬਰ ਸੁਣ ਕੇ ਪਿੰਡ ਦੇ ਬਹੁਤ ਸਾਰੇ ਲੋਕ ਚਰਨ-ਧੂੜ ਲੈਣ ਅਤੇ ਗੁਰੂ ਜੀ ਨੂੰ ਉਥੇ ਹੀ ਟਿਕੇ ਰਹਿਣ ਲਈ ਬੇਨਤੀ ਕਰਨ ਵਾਸਤੇ ਆ ਗਏ। ਗੁਰੂ ਜੀ ਨੇ ਉਹਨਾਂ ਨੂੰ ਆਸ਼ੀਰਵਾਦ ਦਿੱਤਾ, ਪਿੰਡ ਦੀ ਪ੍ਰਸੰਸਾ ਕੀਤੀ ਅਤੇ ਬੜੇ ਪਿਆਰ ਨਾਲ ਉਹਨਾਂ ਨੂੰ ਤਸੱਲੀ ਦਿੱਤੀ ਕਿ ਫਿਰ ਕਦੀ ਸੰਭਵ ਹੋਇਆ, ਉਹ ਜ਼ਰੂਰ ਦਰਸ਼ਨ ਦੇਣਗੇ।

ਗੁਰੂ ਜੀ ਦੀ ਬਕਾਲਾ ਤੋਂ ਰਵਾਨਗੀ ਦਾ ਪ੍ਰਬੰਧ ਮੱਖਣ ਸ਼ਾਹ ਨੇ ਆਪ ਕੀਤਾ। ਮਾਤਾ ਨਾਨਕੀ ਅਤੇ ਮਾਤਾ ਗੁਜਰੀ ਜੀ ਵਾਸਤੇ ਪਾਲਕੀਆਂ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਅਸੀਂ ਲੋਕ ਘੋੜਿਆਂ ਉਤੇ ਸਵਾਰ ਹੋਏ। ਘਰ ਦਾ ਸਾਜ਼-ਸਮਾਨ ਗੱਡਿਆਂ ਤੇ ਖੱਚਰਾਂ ਉਤੇ ਲੱਦਿਆ ਗਿਆ। ਅਨੇਕਾਂ ਲੋਕ ਪੈਦਲ ਵੀ ਨਾਲ ਨਾਲ ਤੁਰ ਪਏ। ਇਸ ਤਰ੍ਹਾਂ ਗੁਰੂ ਜੀ ਦੀ ਯਾਤਰਾ ਦਾ ਪਹਿਲਾ ਕਾਫਲਾ ਬਕਾਲਾ ਤੋਂ ਗੋਇੰਦਵਾਲ ਸਾਹਿਬ ਲਈ ਤੁਰਿਆ।

ਰਸਤੇ ਵਿਚ ਅੰਮ੍ਰਿਤਸਰ ਪੈਂਦਾ ਸੀ। ਹਰਿਮੰਦਰ ਸਾਹਿਬ ਵਿਖੇ ਸ਼ਰਧਾ ਦੇ ਫੁੱਲ ਭੇਟਾ ਕਰਦੇ ਜਾਣ ਦੀ ਇੱਛਾ ਮਨ ਵਿਚ ਸੁਭਾਵਿਕ ਹੀ ਸੀ। ਇਸ ਲਈ ਸ਼ਹਿਰ ਵਿਚੋਂ ਹੁੰਦੇ ਹੋਏ ਆਪਣੇ ਦਾਦਾ ਗੁਰੂ ਅਰਜਨ ਦੇਵ ਜੀ ਦੁਆਰਾ ਸਥਾਪਤ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦਾ ਪ੍ਰੋਗਰਾਮ ਬਣਾਇਆ। ਅੰਮ੍ਰਿਤਸਰ ਵਿਖੇ ਜਦੋਂ ਨੌਂਵੇਂ ਪਾਤਸ਼ਾਹ ਦੇ ਆਗਮਨ ਦੀ ਖ਼ਬਰ ਮਿਲੀ ਤਾਂ ਲੋਕ ਆਪਣੇ ਇਲਾਕੇ ਦੇ ਅੱਠਵੇਂ ਗੁਰੂ ਹਰਿ ਜੀ ਕੋਲ ਭੱਜੇ ਆਏ। ਇਹ ਅੱਠਵੇਂ ਤੇ ਨੌਂਵੇਂ ਗੁਰੂ ਦਾ ਚੱਕਰ ਭੋਲੀ ਸੰਗਤ ਦੀ ਸਮਝ ਵਿਚ ਨਹੀਂ ਸੀ ਆ ਰਿਹਾ। ਗੁਰੂ ਨਾਨਕ ਜੀ ਦੀ ਗੱਦੀ ਉਤੇ ਕਦੋਂ ਕਦੋਂ ਕੌਣ ਬਿਰਾਜਿਆ ਸੀ, ਇਹ ਉਹਨਾਂ ਨੂੰ ਪਤਾ ਨਹੀਂ ਸੀ ਕਿਉਂਕਿ ਡੱਡੂ ਵਾਂਗ ਅੰਮ੍ਰਿਤਸਰ ਤੋਂ ਬਾਹਰ ਦੀ ਦੁਨੀਆ ਉਹਨਾਂ ਦੀ ਨਹੀਂ ਸੀ।

ਕੁਝ ਪੁਰਾਣੇ ਲੋਕ ਜਿਨ੍ਹਾਂ ਬਾਲਕ ਤਿਆਗ ਰਾਏ ਅਤੇ ਬਾਬਾ ਅੱਟਲ ਨੂੰ ਵੇਖਿਆ ਸੀ, ਉਹ ਅਸਲੀਅਤ ਤੋਂ ਵਾਕਿਫ਼ ਸਨ। ਬੁੱਢੀਆਂ ਔਰਤਾਂ ਨੂੰ ਤਿਆਗ ਰਾਏ ਨਾਲ ਬਹੁਤ

ਪਿਆਰ ਸੀ ਅਤੇ ਉਹਨਾਂ ਦੀ ਅੰਤਰ-ਆਤਮਾ ਨੇ ਉਹਨਾਂ ਨੂੰ ਸਥਿਤੀ ਸਪਸ਼ਟ ਕਰ ਦਿੱਤੀ ਸੀ। ਇਸ ਲਈ, ਗੁਰੂ ਤੇਗ ਬਹਾਦਰ ਜੀ ਸ਼ਹਿਰ ਵਿਚ ਆਉਣ ਦੀ ਖ਼ਬਰ ਉਹਨਾਂ ਵਾਸਤੇ ਸੁਖਦਾਈ ਸੀ।

ਹਰਿ ਜੀ ਤੇ ਮਸੰਦਾਂ, ਹਰਿਮੰਦਰ ਦੇ ਪਾਠੀਆਂ ਤੇ ਢੌਂਗੀਆਂ ਵਿਚ ਖਲਬਲੀ ਮੱਚ ਗਈ। ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਨਾਜਾਇਜ਼ ਕਬਜ਼ਾ ਕੀਤਾ ਹੋਣ ਕਰਕੇ ਉਹਨਾਂ ਨੂੰ ਆਪਣੀ ਗੱਦੀ ਖੁਸਦੀ ਲੱਗੀ। ਗੁਰੂ ਤੇਗ ਬਹਾਦਰ ਜੀ ਦਾ ਕਾਫਲਾ ਜਦੋਂ ਅੰਮ੍ਰਿਤਸਰ ਸ਼ਹਿਰ ਦੀਆਂ ਗਲੀਆਂ ਵਿੱਚੋਂ ਹੁੰਦਾ ਹੋਇਆ ਹਰਿਮੰਦਰ ਸਾਹਿਬ ਪਹੁੰਚਿਆ ਤਾਂ ਹਰਿਮੰਦਰ ਸਾਹਿਬ ਦੇ ਮੁਖਤਿਆਰਾਂ ਨੇ ਗੁਰੂ ਜੀ ਨੂੰ ਅੰਦਰ ਦਾਖਲ ਨਾ ਹੋਣ ਦੇ ਮਨੋਰਥ ਨਾਲ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ੇ ਅੰਦਰੋਂ ਬੰਦ ਕਰ ਲਏ। ਗੁਰੂ ਤੇਗ ਬਹਾਦਰ ਜੀ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਬੜੇ ਆਦਰ ਸਤਿਕਾਰ ਨਾਲ ਹਰਿਮੰਦਰ ਸਾਹਿਬ ਵੱਲ ਅੱਗੇ ਗਏ। ਅੱਗੋਂ ਦਰਵਾਜ਼ੇ ਬੰਦ ਵੇਖ ਕੇ ਉਹਨਾਂ ਨੂੰ ਕੁਝ ਸੰਸਾ ਹੋਇਆ ਪਰ ਇਸ ਗੱਲ ਨੂੰ ਵਧੇਰੇ ਮਹੱਤਤਾ ਨਾ ਦਿੰਦਿਆਂ ਉਹ ਦਰਵਾਜ਼ਾ ਖੁਲ੍ਹਣ ਦੀ ਉਡੀਕ ਵਿਚ ਸਾਹਮਣੇ ਇੱਕ ਦਰਖ਼ਤ ਹੇਠਾਂ ਜਾ ਬਿਰਾਜੇ। ਨਾਲ ਦੀ ਸੰਗਤ ਵੀ ਉਥੇ ਹੀ ਜੁੜ ਗਈ। ਸ਼ਾਮ ਤੱਕ ਜਦੋਂ ਹਰਿਮੰਦਰ ਸਾਹਿਬ ਦੇ ਕਵਾੜ ਨਾਂ ਖੁੱਲ੍ਹੇ ਤਾਂ ਮੱਖਣ ਸ਼ਾਹ ਨੂੰ ਕਰੋਧ ਆਉਣ ਲੱਗ ਪਿਆ। ਉਹ ਗੁਰੂ ਜੀ ਦੇ ਚਰਨਾਂ ਨੂੰ ਲਿਪਟ ਕੇ ਬੋਲਿਆ, ਗੁਰੂ ਦੇਵ ਹਰਿਮੰਦਰ ਸਾਹਿਬ ਸਭ ਲਈ ਖੁੱਲ੍ਹਾ ਹੁੰਦਾ ਹੈ ਅਤੇ ਇਹ ਲਾਲਚੀ ਤੇ ਢੌਂਗੀ ਹਰਿਮੰਦਰ ਸਾਹਿਬ ਦੇ ਨਿਰਮਾਤਾ ਦੇ ਪੋਤਰੇ ਨੂੰ ਵੀ ਗੁਰੂ ਪੀਰ ਦੇ ਦਰਸ਼ਨਾਂ ਦਾ ਹੱਕ ਨਹੀਂ ਦੇ ਰਹੇ। ਇਹਨਾਂ ਨੂੰ ਜ਼ਰੂਰ ਦੰਡ ਮਿਲਣਾ ਚਾਹੀਦਾ ਹੈ।'

'ਇਹ ਸਾਰੇ ਕਪਟੀ ਹਨ', ਗੁਰੂ ਜੀ ਨੇ ਕਿਹਾ, 'ਇਹ ਆਪਣੇ ਕਰਮਾਂ ਦਾ ਫਲ ਭੋਗਣਗੇ। ਜਿਹੋ ਜਿਹਾ ਇਹ ਬੀਜ ਰਹੇ ਹਨ, ਉਹੋ ਜਿਹੀ ਹੀ ਫਸਲ ਕਟਣਗੇ। ਤੁਸੀਂ ਕਿਉਂ ਇਹ ਭਾਰ ਸਿਰ ਲੈਂਦੇ ਹੋ। ਇਹਨਾਂ ਦਰਵਾਜ਼ਿਆਂ ਵਾਂਗ ਇਹਨਾਂ ਦੀ ਕਿਸਮਤ ਬੰਦ ਰਹੇਗੀ।'

ਉਸੇ ਪਲ ਨਾਲ ਦੇ ਪਿੰਡ ਬੱਲਾ ਦੀ ਇੱਕ ਬਜ਼ੁਰਗ ਔਰਤ ਗੁਰੂ ਜੀ ਕੋਲ ਆ ਨਮਸਕਾਰ ਕੀਤਾ ਅਤੇ ਬੋਲੀ, 'ਸੱਚੇ ਪਾਤਿਸ਼ਾਹ, ਕਿਰਪਾ ਕਰਕੇ ਅੱਜ ਦੀ ਰਾਤ ਮੇਰੇ ਘਰ ਚਰਨ ਪਾਓ, ਮੈਨੂੰ ਨਿਵਾਜੋ।'

ਗੁਰੂ ਜੀ ਉਸ ਹਾਲਤ ਵਿਚ ਮਾਤਾ ਹਰੀਆ ਦੇ ਹੌਂਸਲੇ ਤੋਂ ਪ੍ਰਭਾਵਤ ਹੋਏ। ਇੱਕ ਪਾਸੇ ਤਾਂ ਅੰਮ੍ਰਿਤਸਰ ਦਾ ਕੋਈ ਵਿਅਕਤੀ ਹਰਿ ਜੀ ਦੇ ਡਰ ਕਾਰਣ ਗੁਰੂ ਜੀ ਦੇ ਸੁਆਗਤ ਲਈ ਅੱਗੇ ਨਹੀਂ ਸੀ ਆਇਆ, ਦੂਜੇ ਪਾਸੇ ਇਹ ਬਿਰਧ ਜ਼ਨਾਨੀ ਗੁਰੂ ਜੀ ਨੂੰ ਖੁੱਲ੍ਹੇ ਤੌਰ ਤੇ ਸੱਦਾ ਦੇ ਰਹੀ ਸੀ। ਗੁਰੂ ਜੀ ਨੇ ਮਾਤਾ ਹਰੀਆ ਦੀ ਤਜਵੀਜ਼ ਪ੍ਰਵਾਨ ਕਰ ਲਈ। ਉਹ ਗੁਰੂ ਜੀ ਅਤੇ ਦੋਵੇਂ ਮਾਤਾਵਾਂ (ਨਾਨਕੀ ਜੀ ਅਤੇ ਗੁਜਰੀ ਜੀ) ਨੂੰ ਨਾਲ ਲੈ ਕੇ ਆਪਣੇ ਪਿੰਡ ਵੱਲ ਤੁਰ ਪਈ। ਪਿੱਛੋਂ ਮੱਖਣ ਸ਼ਾਹ ਦਾ ਗੁੱਸਾ ਭੜਕ ਉਠਿਆ। ਗੁਰੂ ਜੀ ਦੀ ਹਾਜ਼ਰੀ ਵਿਚ ਤਾਂ ਉਹ

ਸ਼ਾਂਤ ਰਿਹਾ ਸੀ। ਹੁਣ ਉਹਨਾਂ ਦੇ ਜਾਣ ਤੋਂ ਪਿੱਛੋਂ ਉਹ ਸ਼ੇਰ ਹੋ ਗਿਆ। ਉਸ ਕਵਾੜ ਖੋਲ੍ਹ ਕੇ ਸੰਗਤ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਮੰਦਰ ਅੰਦਰ ਜਾਣ ਲਈ ਮੁਖਤਿਆਰਾਂ ਨੂੰ ਮਜ਼ਬੂਤ ਕਰ ਦਿੱਤਾ। ਉਹਨਾਂ ਦੀ ਉਸ ਚੰਗੀ ਲਾਹ-ਪਾਹ ਵੀ ਕੀਤੀ। ਗੁਰੂ ਜੀ ਦੇ ਸਬੰਧ ਵਿਚ ਆਪਣੀ ਜਾਂਚ ਤੇ ਆਪਣੀ ਖੋਜ ਦੀ ਕਹਾਣੀ ਜਦੋਂ ਮੱਖਣ ਸ਼ਾਹ ਨੇ ਉਹਨਾਂ ਮੁਖਤਿਆਰਾਂ ਨੂੰ ਸੁਣਾਈ ਤਾਂ ਉਹ ਵੀ ਦੰਦਾਂ ਹੇਠਾਂ ਉਂਗਲੀਆਂ ਦਬਾਏ ਬਿਨਾਂ ਨਾ ਰਹਿ ਸਕੇ।

ਮਜ਼ੇ ਦੀ ਗੱਲ ਇਹ ਹੈ ਕਿ ਅੰਮ੍ਰਿਤਸਰ ਦੀਆਂ ਇਸਤਰੀਆਂ ਨੇ ਆਦਮੀਆਂ ਦਾ ਸਾਥ ਨਹੀਂ ਸੀ ਦਿੱਤਾ। ਉਹ ਗੁਰੂ ਜੀ ਦੀ ਮੰਦਿਰ ਵਿਚ ਦਾਖਲੇ ਦੀ ਮਨਾਹੀ ਦਾ ਵਿਰੋਧ ਕਰਦੀਆਂ ਸਨ। ਉਹਨਾਂ ਵੀ ਮੁਖਤਿਆਰਾਂ ਦੇ ਮਖੌਟੇ ਉਤਾਰਨ ਵਿਚ ਮੱਖਣ ਸ਼ਾਹ ਦਾ ਸਾਥ ਦਿੱਤਾ ਸੀ। ਹੌਲੀ-ਹੌਲੀ ਅੰਮ੍ਰਿਤਸਰ ਦੇ ਲੋਕਾਂ ਦੇ ਮਨਾ ਤੋਂ ਹਰਿ ਜੀ  ਦਾ ਜਾਦੂ ਉਤਰਨ ਲੱਗ ਪਿਆ ਅਤੇ ਉਹ ਜੀਵਨ-ਰੱਖਿਆ ਦੇ ਭਾਵ ਤੋਂ ਪ੍ਰੇਰਿਤ ਹੋ ਕੇ 'ਗੁਰੂ ਨਾਨਕ ਦੇਵ ਜੀ ਦੇ ਅਸਲੀ ਉਤਰਾਧਿਕਾਰੀ ਵਲ ਖਿੱਚੇ ਗਏ।'

ਹਾਲਾਤ ਬਦਲੇ ਪਰ ਹਾਲਤ ਦੀ ਇਸ ਤਬਦੀਲੀ ਵਿਚ ਕੁਝ ਸਮਾਂ ਲੱਗਾ-ਉਸ ਵਕਤ ਤੱਕ ਤਾਂ ਗੁਰੂ ਜੀ ਮਾਈ ਹਰੀਆ ਦੇ ਪਿੰਡ ਜਾ ਚੁੱਕੇ ਸਨ। ਅਗਲੇ ਦਿਨ ਸਵੇਰੇ ਜਦੋਂ ਉਹ ਵਾਪਸ ਆਏ ਤਾਂ ਹਰਿਮੰਦਰ ਸਾਹਿਬ ਦੇ ਪਾਠੀਆਂ ਨੇ ਉਨ੍ਹਾਂ ਦੇ ਚਰਨਾਂ ਉਤੇ ਡਿੱਗ ਕੇ ਮੁਆਫ਼ੀ ਮੰਗੀ। ਗੁਰੂ ਜੀ ਨੇ ਅੰਮ੍ਰਿਤਸਰ ਦੀਆਂ ਗੁਰੂ ਚਰਨਾਂ ਦੀਆਂ ਸ਼ਰਧਾਲੂ ਇਸਤਰੀਆਂ ਨੂੰ ਆਸ਼ੀਰਵਾਦ ਦਿੱਤਾ।

ਗੁਰੂ ਜੀ ਦੀ ਭੈਣ ਬੀਬੀ ਵੀਰੋ ਅੰਮ੍ਰਿਤਸਰ ਦੇ ਨੇੜੇ ਹੀ ਇੱਕ ਪਿੰਡ ਬੱਲਾ ਵਿਚ ਵਿਆਹੀ ਹੋਈ ਸੀ। ਉਹ ਆਪਣੇ ਪੁੱਤਰਾਂ ਤੇ ਪਤੀ ਸਾਧੂ ਰਾਮ ਸਮੇਤ ਗੁਰੂ ਜੀ ਨੂੰ ਮਿਲਣ ਉਥੇ ਹੀ ਆ ਗਈ ਅਤੇ ਮਾਤਾ ਨਾਨਕੀ ਜੀ ਦੇ ਕਹਿਣ ਉਤੇ ਗੁਰੂ ਜੀ ਨਾਲ ਕੀਰਤਪੁਰ ਜਾਣ ਵਾਸਤੇ ਤਿਆਰ ਹੋ ਗਈ। ਗੁਰੂ ਜੀ ਬਾਬਾ ਦੁਆਰਕਾ ਦਾਸ ਨੂੰ ਦਿੱਤੇ ਵਚਨ ਅਨੁਸਾਰ ਪਹਿਲਾਂ ਖੰਡੂਰ ਸਾਹਿਬ ਹੁੰਦੇ ਹੋਏ ਗੋਇੰਦਵਾਲ ਸਾਹਿਬ ਗਏ ਅਤੇ ਉਥੋਂ ਵਾਪਸ ਆ ਕੇ ਦੋਬਾਰਾ ਬਕਾਲਾ ਪਹੁੰਚੇ। ਗੋਇੰਦਵਾਲ ਸਾਹਿਬ ਅਤੇ ਕੀਰਤਪੁਰ ਸਾਹਿਬ ਗੁਰੂ ਜੀ ਦੇ ਬਜ਼ੁਰਗਾਂ ਦੇ ਸਥਾਨ ਸਨ। ਇਸ ਲਈ ਇਹਨਾਂ ਥਾਵਾਂ ਬਾਰੇ ਗੁਰੂ ਜੀ ਦੇ ਮਨ ਵਿਚ ਬਹੁਤ ਸਤਿਕਾਰ ਸੀ। ਪਰਤ ਕੇ ਜਦੋਂ ਉਹ ਵਾਪਸ ਬਕਾਲਾ ਆਏ ਤਾਂ ਰਸਤੇ ਵਿਚ ਥਾਂ-ਥਾਂ ਸੰਗਤ ਦੀ ਬੇਨਤੀ ਉਤੇ ਉਹਨਾਂ ਨੂੰ ਰੁਕਣਾ ਪਿਆ। ਬਕਾਲਾ ਪਹੁੰਚਣ ਉਤੇ ਉਹਨਾਂ ਨੂੰ ਕੀਰਤਪੁਰ ਸਾਹਿਬ ਤੋਂ ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਸੁਲੱਖਣੀ ਜੀ ਅਤੇ ਬਾਬਾ ਸੂਰਜ ਮੱਲ ਦੇ ਸਪੁੱਤਰ ਬਾਬਾ ਦੀਪ ਚੰਦ ਦੇ ਸੱਦੇ ਪ੍ਰਾਪਤ ਹੋਏ। ਉਥੇ ਗੁਰੂ ਦਰਬਾਰ ਦੀਆਂ ਹੋਰ ਇਤਿਹਾਸਿਕ ਵਸਤਾਂ ਦਾ ਅਧਿਕਾਰ ਉਹਨਾਂ ਪ੍ਰਾਪਤ ਕਰਨਾ ਸੀ- ਬਾਈ ਸੌ ਸੈਨਿਕਾਂ ਦਾ ਇੱਕਠ, ਘੋੜੇ ਤੇ ਹੋਰ ਗੁਰੂ ਪਦ ਦੀਆਂ ਵੱਡ-ਮੁੱਲੀਆਂ ਵਸਤਾਂ ਉਹਨਾਂ ਨੂੰ ਸੌਂਪੀਆ ਜਾਣੀਆਂ ਸਨ। ਇਸ ਲਈ ਗੁਰੂ ਜੀ ਨੇ ਸ਼ੀਘਰ ਕੀਰਤਪੁਰ ਜਾਣ ਦਾ ਐਲਾਨ ਕਰ ਦਿੱਤਾ।

'ਤਾਂ ਸਾਰਿਆਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਨਾਨਕ ਗੱਦੀ ਦਾ ਅਸਲੀ ਉਤਰਾਧਿਕਾਰੀ ਮੰਨ ਲਿਆ ?' ਇੱਕ ਸਰੋਤੇ ਨੇ ਪੁੱਛਿਆ, 'ਆਖ਼ਰ ਹੋਰ ਇਲਾਜ ਵੀ ਕੀ ਸੀ? ਝੂਠ ਕਦੋਂ ਤੱਕ ਸੱਚ ਨੂੰ ਦਬਾ ਸਕਦਾ ਹੈ ?'

'ਦਰੁਸਤ ਹੈ', ਭਾਈ ਗੁਰਦਿੱਤਾ ਜੀ ਨੇ ਉੱਤਰ ਦਿੱਤਾ, 'ਜੀਵਨ ਦੀਆਂ ਗੁੱਥੀਆਂ ਖੋਲ੍ਹਣ ਨਾਲ ਹੀ ਖੁੱਲ੍ਹਦੀਆਂ ਹਨ, ਕਸਣ ਨਾਲ ਨਹੀਂ। ਭਟਕੀ ਹੋਈ ਸੰਗਤ ਨੂੰ ਤਾਂ ਸੰਸਾਰ ਸਾਗਰ ਵਿਚ ਡੁੱਬਣ ਤੋਂ ਬਚਣ ਲਈ ਕਿਸ਼ਤੀ ਦੀ ਲੋੜ ਸੀ, ਉਹ ਗੁਰੂ ਜੀ ਦੀ ਸ਼ਖ਼ਸੀਅਤ ਵਿਚ ਉਹਨਾਂ ਨੂੰ ਪ੍ਰਾਪਤ ਹੋਈ। ਹਰਿ ਜੀ ਮੀਣਾ ਅਤੇ ਹੋਰ ਢੌਂਗੀ ਤੇ ਪੜਪੰਚੀ ਲੋਕ ਅੰਮ੍ਰਿਤਸਰ ਛੱਡ ਕੇ ਦੌੜ ਗਏ।'

'ਗੁਰੂ ਜੀ ਦੇ ਸੂਰਜ ਨਿਕਲਣ ਪਿੱਛੋਂ ਜੁਗਨੂੰਆਂ ਦੀ ਕੀ ਮਜਾਲ ਕੀ ਉਹ ਟਿਮਟਿਮਾਉਂਦੇ ਰਹਿੰਦੇ।' ਪੀਰ ਕਰੀਮ ਬਖ਼ਸ਼ ਬੋਲੇ 'ਠੰਢ ਮਹਿਸੂਸ ਕਰਦੇ ਹੋ ਭਰਾਵਾ ਤਾਂ ਵਿਚਕਾਰ ਅੱਗ ਬਾਲ ਲਈਏ ? ਅਗਲੀ ਕਥਾ ਲਈ ਨਿੱਘ ਹੋ ਜਾਵੇਗਾ।'

'ਜਿਵੇਂ ਆਪ ਦੀ ਇੱਛਾ।'

'ਗੁਰੂ ਜੀ ਬਕਾਲਾ ਤੋਂ ਕੀਰਤਪੁਰ ਜਾਣ ਵਾਲੇ ਸਨ, ਸੱਚੇ ਪਾਤਸ਼ਾਹ ਦੇ ਨਵੇਂ ਦੀਵਾਨ ਦਿਆਲ ਦਾਸ ਨੇ ਸਲਾਹ ਦਿੱਤੀ ਕਿ ਦੇਸ਼ ਦੇ ਸਾਰੇ ਇਲਾਕਿਆਂ ਵਿਚ ਆਪਣੇ ਪ੍ਰਤੀਨਿਧਾਂ ਨੂੰ ਹੁਕਮਨਾਮੇ ਤੇ ਸਨਮਾਨ-ਪੱਤਰ ਭੇਜੇ ਜਾਣੇ ਚਾਹੀਦੇ ਹਨ, ਤਾਂ ਜੋ ਉਹ ਲੋਕ ਧੀਰ ਮੱਲ ਦੀਆਂ ਗੱਲਾਂ ਵਿਚ ਨਾ ਆਉਣ ਅਤੇ ਉਹਨਾਂ ਨੂੰ ਨੌਵੇਂ ਗੁਰੂ ਜੀ ਦੇ ਗੱਦੀ ਉਤੇ ਬਿਰਾਜਮਾਨ ਹੋਣ ਦਾ ਪਤਾ ਲੱਗ ਜਾਵੇ।'

'ਇਹ ਦਿਆਲ ਦਾਸ ਉਹੀ ਸਨ, ਜਿਹੜੇ ਗੁਰੂ ਜੀ ਨਾਲ ਇੱਥੇ ਸ਼ਹੀਦ ਹੋਏ ਹਨ ? ' ਇੱਕ ਸਰੋਤੇ ਨੇ ਉਤਸੁਕ ਹੋ ਕੇ ਪੁੱਛਿਆ।

'ਹਾਂ', ਭਾਈ ਗੁਰਦਿੱਤਾ ਜੀ ਨੇ ਉਭੀ ਸਾਹ ਲਈ, 'ਦਿਆਲ ਦਾਸ ਉਹੀ ਸਨ ਜਿਨ੍ਹਾਂ ਨੂੰ ਬਾਦਸ਼ਾਹ ਨੇ ਉਬਲਦੇ ਤੇਲ ਵਿਚ ਸੁਟਵਾ ਦਿੱਤਾ।'

ਪਲ ਭਰ ਵਾਸਤੇ ਬੈਠਕ ਵਿਚ ਉਦਾਸੀ ਛਾ ਗਈ। 'ਵਾਹਿਗੁਰੂ', ਭਾਈ ਗੁਰਦਿੱਤਾ ਜੀ ਨੇ ਮੋਨ ਤੋੜਿਆ ਤੇ ਬੋਲਿਆ, 'ਗੁਰੂ ਜੀ ਨੇ ਭਾਈ ਦਿਆਲ ਦਾਸ ਦੀ ਗੱਲ ਮੰਨ ਲਈ ਅਤੇ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਪਿਸ਼ਾਵਰ, ਕਾਬਲ, ਦਿੱਲੀ, ਇਲਾਹਬਾਦ, ਪਟਨਾ, ਢਾਕਾ ਆਦਿ ਥਾਵਾਂ ਉਤੇ ਹੁਕਮਨਾਮੇ ਤੇ ਸਨਮਾਨ ਭੇਜਣ ਦਾ ਪ੍ਰਬੰਧ ਕੀਤਾ ਗਿਆ। ਦੂਜੇ ਪਾਸੇ ਧੀਰ ਮੱਲ ਨੇ ਵੀ ਸ਼ਰਾਰਤ ਕੀਤੀ ਅਤੇ ਅਨੇਕ ਮਸੰਦਾਂ ਨੇ ਭੋਲੇ-ਭਾਅ ਉਸਦੇ ਪੱਤਰ ਸਵੀਕਾਰ ਵੀ

ਕਰ ਲਏ, ਪਰ ਵਧੇਰੇ ਮਸੰਦਾਂ ਨੂੰ ਪੰਜਾਬ ਦੇ ਤੇਜ਼ੀ ਨਾਲ ਬਦਲਦੇ ਹਾਲਾਤ ਦੀ ਖ਼ਬਰ ਮਿਲ ਚੁੱਕੀ ਸੀ ਅਤੇ ਗੁਰੂ ਜੀ ਦੇ ਪੱਖ ਵਿਚ ਦ੍ਰਿੜ੍ਹ ਰਹੇ। ਜਿਨ੍ਹਾਂ ਨੇ ਧੀਰ ਮੱਲ ਦਾ ਸਾਥ ਦਿੱਤਾ, ਉਹਨਾਂ ਨਾਲ ਬੋਲਚਾਲ ਬੰਦ ਕਰ ਦਿੱਤੀ ਗਈ। ਇਸ ਸਿਲਸਿਲੇ ਵਿਚ ਕਾਬਲ ਦੀ ਇੱਕ ਬੜੀ ਚਮਤਕਾਰੀ ਘਟਨਾ ਹੈ ਕਿ ਉਥੇ ਧੀਰ ਮੱਲ ਅਤੇ ਗੁਰੂ ਜੀ ਦੇ ਦੂਤ ਇੱਕੋ ਵਕਤ ਜਾ ਪਹੁੰਚੇ। ਦੋਵੇਂ ਆਪੋ ਆਪਣੇ ਸੁਆਮੀਆਂ ਵਲੋਂ ਉਥੋਂ ਦੇ ਮਸੰਦਾਂ ਚੇਤੂ ਅਤੇ ਗੌਂਡਾ ਵਾਸਤੇ ਸਿਰੋਪਾ ਲੈ ਗਏ ਸਨ। ਧੀਰ ਮੱਲ ਨੇ ਬੜੀਆਂ ਕੀਮਤੀ ਵਸਤਾਂ ਭੇਜੀਆਂ ਸਨ, ਗੁਰੂ ਜੀ ਵਲੋਂ ਭੇਜੇ ਗਏ ਕੱਪੜੇ ਆਮ ਕਿਸਮ ਦੇ ਸਨ, ਪੱਗੜੀ ਵੀ ਬਿਨਾਂ ਜ਼ਰੀ ਦੇ ਸੀ। ਦੋਹਾਂ ਹਰਕਾਰਿਆਂ ਨੇ ਚੇਤੂ ਤੇ ਗੌਂਡਾ ਨੂੰ ਆਪੋ ਆਪਣਾ ਪੱਖ ਪੂਰ ਕੇ ਸਮਝਾਉਣਾ ਚਾਹਿਆ ਪਰ ਉਹ ਧਰਮ-ਸੰਕਟ ਵਿਚ ਫਸ ਗਏ। ਅਖੀਰ ਉਹਨਾਂ ਫੈਸਲਾ ਕੀਤਾ ਕਿ ਜਿਹੜਾ ਸਿਰੋਪਾ ਭਾਰੀ ਹੋਵੇਗਾ ਉਹ ਪਰਵਾਨ ਕੀਤਾ ਜਾਵੇਗਾ। ਵੈਸੇ ਤਾਂ ਧੀਰ ਮੱਲ ਦਾ ਸਿਰੋਪਾ ਵੇਖਣ ਨੂੰ ਯਕੀਨੀ ਤੌਰ ਤੇ ਭਾਰਾ ਸੀ ਪਰ ਚੇਤੂ ਤੇ ਗੌਂਡਾ ਨੇ ਸਾਰੀ ਸਿੱਖ ਸੰਗਤ ਦੀ ਹਾਜ਼ਰੀ ਵਿਚ ਤਕੜੀ ਦੇ ਦੋ ਪਲੜਿਆਂ ਵਿਚ ਰੱਖ ਕੇ ਦੋਹਾਂ ਸਿਰੋਪਿਆਂ ਨੂੰ ਤੋਲਿਆ। ਜਦੋਂ ਉਹਨਾਂ ਨੇ ਗੁਰੂ ਜੀ ਵੱਲੋਂ ਭੇਜੀ ਹੋਈ ਹਲਕੀ ਜਿਹੀ ਪੁਸ਼ਾਕ ਦਾ ਪਲੜਾ ਝੁਕਦਾ ਹੋਇਆ ਤੱਕਿਆ ਤਾਂ ਮਨ ਵਿਚ ਵਿਸ਼ਵਾਸ ਨਹੀਂ ਹੋ ਰਿਹਾ ਸੀ, ਪਰ ਅੱਖਾਂ ਸਾਹਮਣੇ ਝੁਕੇ ਪਲੜੇ ਨੂੰ ਕਿਵੇਂ ਨਕਾਰਿਆ ਜਾ ਸਕਦਾ ਸੀ। ਚੇਤੂ ਤੇ ਗੌਂਡਾ ਨੇ ਗੁਰੂ ਤੇਗ ਬਹਾਦਰ ਜੀ ਵਾਲਾ ਸਿਰੋਪਾ ਸਵੀਕਾਰ ਕਰ ਲਿਆ।

ਬਕਾਲਾ ਤੋਂ ਚੱਲਣ ਵਕਤ ਉਥੋਂ ਦੇ ਲੋਕ ਗੁਰੂ ਜੀ ਤੋਂ ਵਿਛੜਨ ਕਰਕੇ ਦੁਖੀ ਤਾਂ ਹੈ ਹੀ ਸਨ, ਮਾਤਾ ਨਾਨਕੀ ਜੀ ਦੀਆਂ ਆਪਣੀਆਂ ਅੱਖਾਂ ਵਿੱਚੋਂ ਵੀ ਅਥਰੂ ਟੱਪਕ ਪਏ। ਉਹਨਾਂ ਆਪਣੀ ਜ਼ਿੰਦਗੀ ਦਾ ਬੜਾ ਵੱਡਾ ਹਿੱਸਾ ਉਥੇ ਹੀ ਬਤੀਤ ਕੀਤਾ ਸੀ। ਉਥੋਂ ਦੀ ਹੀ ਦੇਣ ਸੀ, ਇਸ ਲਈ ਉਸ ਸਥਾਨ ਨੂੰ ਛੱਡਦਿਆਂ ਥੋੜ੍ਹਾ ਜਿਹਾ ਅਫ਼ਸੋਸ ਹੋਣਾ ਕੁਦਰਤੀ ਹੀ ਸੀ। ਬਕਾਲਾ ਵਾਸੀ ਆ-ਆ ਕੇ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਦੀ ਚਰਨ ਧੂੜ ਲੈਂਦੇ। ਗੁਰੂ ਜੀ ਦੇ ਚਰਨਾਂ ਵਿਚ ਲੇਟ ਕੇ ਆਪਣੇ ਕਿਸੇ ਅਚੇਤ ਦੋਸ਼ ਦੀ ਗਲਤੀ ਲਈ ਵਾਰ- ਵਾਰ ਮੁਆਫੀ ਮੰਗਦੇ ਸਨ।

ਆਖ਼ਰ ਰਵਾਨਗੀ ਦਾ ਸਮਾਂ ਆ ਗਿਆ। ਗੁਰੂ ਜੀ, ਉਹਨਾਂ ਦੇ ਦੀਵਾਨ, ਮੱਖਣ ਸ਼ਾਹ ਆਦਿ ਘੋੜਿਆਂ ਤੇ ਸਵਾਰ ਹੋ ਕੇ ਅੱਗੇ-ਅੱਗੇ ਚੱਲੇ। ਪਿਛਲੇ ਸਾਰੇ ਕਾਫ਼ਲੇ ਦੀ ਦੇਖਭਾਲ ਦੀ ਜ਼ਿੰਮੇਵਾਰੀ ਕਿਰਪਾਲ ਚੰਦ ਨੂੰ ਸੌਂਪੀ ਗਈ। ਇਹ ਕਾਫ਼ਲੇ ਵਿਚ ਇਸਤਰੀਆਂ ਦੀਆਂ ਪਾਲਕੀਆਂ ਸਨ। ਗੁਰੂ ਪਰਿਵਾਰ ਦੇ ਰੱਥ ਸਨ, ਸਮਾਨ ਨਾਲ ਲੱਦੇ ਊਠ, ਖੱਚਰਾਂ ਤੇ ਗੱਡੇ ਸਨ। ਨਾਲ-ਨਾਲ ਮੱਖਣ ਸ਼ਾਹ ਦੇ ਰੱਖਿਆ ਸੈਨਿਕ ਵੀ ਸਨ। ਗੁਰੂ ਜੀ ਆਪਣੇ ਸਾਥੀਆਂ ਨਾਲ ਜਲਦੀ ਹੀ ਬਿਆਸ ਦਰਿਆ ਉਤੇ ਆ ਪਹੁੰਚੇ ਉਥੋਂ ਕਿਸ਼ਤੀਆਂ ਰਾਹੀਂ ਦਰਿਆ ਪਾਰ ਕਰਨਾ

ਸੀ। ਕਿਸ਼ਤੀਆਂ ਦੂਜੇ ਕੰਢੇ ਸਨ। ਜਦੋਂ ਤੱਕ ਕਿਸ਼ਤੀਆਂ ਆਈਆਂ ਉਦੋਂ ਤੱਕ ਬਾਕੀ ਕਾਫ਼ਲਾ ਵੀ ਅੱਪੜ ਗਿਆ।

ਗੁਰੂ ਜੀ ਨੇ ਵੇਖਿਆ ਕਿ ਇੱਕ ਛੋਟੀ ਜਿਹੀ ਪਾਲਕੀ ਵਿਚ ਕੁਝ ਲੋਕ ਕਿਸੇ ਚੀਜ਼ ਨੂੰ ਚੁੱਕੀ ਲਈ ਆਉਂਦੇ ਸਨ।

'ਇਹ ਕੀ ਹੈ ?' ਗੁਰੂ ਜੀ ਨੇ ਸਹਿਜ ਵਿਚ ਪੁੱਛਿਆ।

ਅਚਾਨਕ ਸਾਰੇ ਚੁੱਪ ਹੋ ਗਏ। ਗੁਰੂ ਜੀ ਸਾਹਮਣੇ ਕਿਸੇ ਕੋਲੋਂ ਉਤਰ ਨਾ ਦਿੱਤਾ ਗਿਆ। ਗੁਰੂ ਜੀ ਨੇ, ਸ਼ਾਇਦ ਜਾਣਦਿਆਂ ਹੀ ਫਿਰ ਪੁੱਛਿਆ, 'ਭਾਈ, ਇਸ ਪਾਲਕੀ ਵਿਚ ਕੀ ਹੈ ?'

ਗੁਰੂ ਅਰਜਨ ਦੇਵ ਜੀ ਦੁਆਰਾ ਤਿਆਰ ਕੀਤੀ ਗਈ ਗੁਰਬਾਣੀ ਦੀ ਮੂਲ ਪੋਥੀ ਹੈ, ਮਾਲਕ, ਇੱਕ ਸਿੱਖ ਨੇ ਝਿਜਕਦਿਆਂ ਦੱਸਿਆ।

'ਕਿਉਂ ਇਹ ਧੀਰ ਮੱਲ ਨੂੰ ਵਾਪਿਸ ਨਹੀਂ ਕੀਤੀ ? ਮੈਂ ਤਾਂ ਉਸ ਦਾ ਸਾਰਾ ਸਮਾਨ ਪਰਤਾ ਦੇਣ ਲਈ ਕਿਹਾ ਸੀ,' ਗੁਰੂ ਜੀ ਨੇ ਘੂਰਿਆ।

ਗੁਰੂ ਜੀ ਇਸ ਤਰ੍ਹਾਂ ਨਾਰਾਜ਼ ਹੋ ਜਾਣਗੇ, ਇੰਝ ਕਿਸੇ ਸੋਚਿਆ ਹੀ ਨਹੀਂ ਸੀ। ਬਕਾਲਾ ਵਿਚ ਧੀਰ ਮੱਲ ਉਤੇ ਜਦੋਂ ਧਾਵਾ ਬੋਲਿਆ ਸੀ, ਉਹ ਸਾਰੇ ਸਾਜ਼ ਸਮਾਨ ਨਾਲ ਪੋਥੀ ਸਾਹਿਬ ਵੀ ਨਾਲ ਲੈ ਆਏ ਸਨ। ਸੰਪਤੀ ਵਾਪਸੀ ਕਰਨ ਵੇਲੇ ਸਿੱਖਾਂ ਨੇ ਪੋਥੀ ਸਾਹਿਬ ਨੂੰ ਗੁਰੂ ਘਰ ਦੀ ਚੀਜ਼ ਮੰਨਣੀ ਹੀ ਠੀਕ ਸਮਝਿਆ ਸੀ। ਇਸ ਲਈ, ਇਹ ਉਹਨਾਂ ਨੇ ਗੁਰੂ ਸਾਹਿਬ ਨੂੰ ਵਾਪਸ ਨਹੀਂ ਕੀਤੀ ਸੀ। ਹੁਣ ਗੁਰੂ ਜੀ ਵਲੋਂ ਪੁੱਛ ਪ੍ਰਤੀਤ ਕਰਨ ਉਤੇ ਇੰਝ ਸਾਰੇ ਬੁੱਤ ਬਣ ਗਏ ਸਨ ਜਿਵੇਂ ਸੱਪ ਸੁੰਘ ਗਿਆ ਹੋਵੇ। ਗੁਰੂ ਜੀ ਦੀ ਆਗਿਆ ਉਲੰਘਣ ਦਾ ਹੌਂਸਲਾ ਉਹਨਾਂ ਨੂੰ ਕਿਉਂ ਹੋਇਆ, ਇਸ ਦਾ ਉਹਨਾਂ ਕੋਲ ਕੋਈ ਉੱਤਰ ਨਹੀਂ ਸੀ।

'ਬੋਲਦੇ ਕਿਉਂ ਨਹੀਂ, ਇਹ ਕਿਸ ਦੀ ਹਿੰਮਤ ਹੈ ?' ਗੁਰੂ ਜੀ ਨੇ ਨਾਰਾਜ਼ ਹੁੰਦੇ ਹੁੰਦੇ ਹੋਏ ਪੁਛਿਆ।

ਸਭ ਨੇ ਹੋਸ਼ ਸੰਭਾਲੀ, ਮੱਖਣ ਸ਼ਾਹ ਨੇ ਅਪਰਾਧ ਮੰਨ ਲੈਣ ਵਿਚ ਹੀ ਆਪਣੀ ਖ਼ੈਰੀਅਤ ਸਮਝੀ। ਅੱਗੇ ਵਧ ਕੇ ਚਰਨਾਂ ਉਤੇ ਡਿੱਗਦਾ ਬੋਲਿਆ, 'ਸੱਚੇ ਪਾਤਸ਼ਾਹ ਇਹ ਮੇਰੀ ਭੁੱਲ ਹੈ। ਮੈਨੂੰ ਖਿਮਾ ਕਰੋ। ਮਾਤਾ ਜੀ ਨੇ ਮੈਨੂੰ ਪੋਥੀ ਰੱਖ ਦੇਣ ਲਈ ਇਜਾਜ਼ਤ ਦੇ ਦਿੱਤੀ ਸੀ। ਮੈਂ ਸਮਝਿਆ ਸੀ ਕਿ 'ਪੋਥੀ ਸਾਹਿਬ' ਕਿਸੇ ਦੀ ਜਾਇਦਾਦ ਨਹੀਂ ਹੋ ਸਕਦੀ। ਇਹ ਤਾਂ ਸੰਗਤ ਦੀ ਅਮਾਨਤ ਹੈ।

ਗੁਰੂ ਜੀ ਜਾਣਦੇ ਸਨ ਕਿ ਮੱਖਣ ਸ਼ਾਹ ਠੀਕ ਕਹਿ ਰਿਹਾ ਸੀ, 'ਪੋਥੀ ਸਾਹਿਬ' ਨਿਸ਼ਚੇ ਹੀ ਸੰਗਤ ਦੀ ਚੀਜ਼ ਸੀ ਪਰ ਉਹ ਇਸ ਲਈ ਧੀਰ ਮੱਲ ਦਾ ਦਿਲ ਨਹੀਂ ਦੁਖਾਉਣਾ

ਚਾਹੁੰਦੇ ਸਨ। ਬੋਲੇ, ਅਜਿਹੀਆਂ ਅਨੇਕ ਪੋਥੀਆਂ ਬਣਨਗੀਆਂ। ਸਾਰਿਆਂ ਲਈ ਸਿੱਖਾਂ ਦੇ ਮਨ ਵਿਚ ਸਨਮਾਨ ਤੇ ਆਦਰ ਸਤਿਕਾਰ ਹੋਵੇਗਾ। ਇਸ ਪੋਥੀ ਨਾਲ ਹੀ ਮੋਹ ਕਿਉਂ ਹੈ ? '

'ਇਹ ਪੰਜਵੇਂ ਗੁਰੂ ਜੀ ਦੀ ਲਿਖਵਾਈ ਮੂਲ ਪੁਸਤਕ ਹੈ, 'ਕਿਰਪਾਲ ਚੰਦ ਨੇ ਹਿੰਮਤ ਕਰਕੇ ਕਿਹਾ, 'ਉਥੇ ਇਸ ਦਾ ਨਿਰਾਦਰ ਵੀ ਸੰਭਵ ਹੈ। ਇਸ ਵਿਚ ਉਹ ਫੇਰ ਬਦਲ ਵੀ ਕਰ ਸਕਦੇ ਹਨ-ਕੀ ਇਹ ਉਚਿੱਤ ਹੋਵੇਗਾ, ਮਹਾਰਾਜ।'

ਇਸ ਵਿਚ ਫੇਰ ਬਦਲ ਨਾਲ ਕੀ ਹੋਵੇਗਾ, ਗੁਰਬਾਣੀ ਦੀ ਨਵੇਂ ਸਿਰੇ ਜਾਂਚ ' ਕਰ ਲਈ ਜਾਵੇਗੀ। ਇਸ ਦੇ ਉਤਾਰੇ ਹੀ ਤਾਂ ਹਨ। ਉਸ ਨਾਲ ਹਰ ਵਾਧਾ ਹੋਵੇਗਾ। ਘਰ ਘਰ ਅੰਦਰ ਸਿੱਖ ਪੋਥੀ ਦਾ ਸਤਿਕਾਰ ਤੇ ਪਾਠ ਕਰਨਗੇ। ਇਸ ਨਾਲ ਚਿਪਕ ਕੇ ਧੀਰ ਮੱਲ ਨੂੰ ਇਸ ਤੋਂ ਵਾਂਝਿਆਂ ਰੱਖਣਾ ਇਖ਼ਲਾਕੀ ਤੌਰ ਤੇ ਗ਼ਲਤ ਹੋਵੇਗਾ, ਗੁਰੂ ਜੀ ਨੇ ਸਮਝਾਇਆ।

'ਥੋੜ੍ਹੀ ਦੇਰ ਰੁਕ ਕੇ ਫਿਰ ਬੋਲੇ, 'ਨਹੀਂ, ਇਸ ਨੂੰ ਵਾਪਸ ਕਰ ਦੇਣਾ ਹੀ ਉਚਿਤ ਹੋਵੇਗਾ। ਕੋਈ ਹੈ, ਜਿਹੜਾ ਜਾ ਕੇ ਇਸ ਨੂੰ ਧੀਰ ਮੱਲ ਕੋਲ ਵਾਪਸ ਕਰ ਆਵੇਗਾ।'

'ਇਹ ਸੁਣ ਕੇ ਸਾਰਿਆਂ, ਵਿਚ ਫਿਰ ਸਨਾਟਾ ਛਾ ਗਿਆ। ਕੋਈ ਵੀ ਧੀਰ ਮੱਲ ਕੋਲ 'ਪੋਥੀ ਸਾਹਿਬ' ਲੈ ਜਾਣ ਲਈ ਤਿਆਰ ਨਹੀਂ ਸੀ। ਧੀਰ ਮੱਲ ਮਾੜਾ ਸਲੂਕ ਕਰੇਗਾ। ਸਾਰੇ ਇਸ ਗੱਲ ਤੋਂ ਡਰਦੇ ਸਨ। ਸੰਭਵ ਹੈ ਕਿ ਗੁਰੂ ਜੀ ਦੀ ਸ਼ਾਨ ਦੇ ਖਿਲਾਫ਼ ਕੋਈ ਬੋਲ ਕਬੋਲ ਬੋਲੇ, ਗੁਰਸਿੱਖ ਵਲੋਂ ਤਾਂ ਫਿਰ ਚੁੱਪ ਨਹੀਂ ਰਿਹਾ ਜਾਵੇਗਾ।' ਇਸ ਲਈ ਕੋਈ ਵੀ ਉਸਦੇ ਮੂੰਹ ਲੱਗਣ ਵਾਸਤੇ ਤਿਆਰ ਨਹੀਂ ਸੀ। ਗੁਰੂ ਜੀ ਨੇ ਜਦੋਂ ਸਾਰਿਆਂ ਨੂੰ ਚੁੱਪ ਵੇਖਿਆ, ਤਾਂ ਉਹਨਾਂ ਦੇ ਭਾਵ ਸਮਝ ਗਏ। ਉਸ ਵਕਤ ਤੱਕ ਕਿਸ਼ਤੀਆਂ ਆ ਗਈਆਂ ਸਨ, ਸਾਰੇ ਲੋਕ ਤੇ ਸਾਮਾਨ ਬੇੜਿਆਂ ਵਿਚ ਨਦੀ ਦੇ ਦੂਜੇ ਕੰਢੇ ਅਪੜਿਆ। ਉਥੇ ਕੁਝ ਮਜ਼ਦੂਰ ਖੇਤਾਂ ਵਿਚ ਕੰਮ ਕਰ ਰਹੇ ਸਨ। ਗੁਰੂ ਜੀ ਨੇ ਉਹਨਾਂ ਸਾਰਿਆਂ ਨੂੰ ਬੁਲਾਇਆ ਅਤੇ ਸੰਬੋਧਨ ਕਰਦਿਆਂ ਪੁਛਿਆ ਕਿ ਉਹਨਾਂ ਵਿਚੋਂ ਕਿਹੜਾ ਉਹਨਾਂ ਦਾ ਇੱਕ ਸੰਦੇਸ਼ ਧੀਰ ਮੱਲ ਨੂੰ ਪਹੁੰਚਾ ਦੇਵੇਗਾ।

'ਆਪ ਹੁਕਮ ਕਰੋ, ਸੱਚੇ ਪਾਤਿਸ਼ਾਹ, ਉਹਨਾਂ ਵਿੱਚੋਂ ਇੱਕ ਮਜ਼ਦੂਰ ਬੋਲਿਆ, 'ਮੈਨੂੰ ਸੇਵਾ ਦਾ ਅਵਸਰ ਦੇਵੋ।'

ਸਾਰੇ ਲੋਕ ਹੈਰਾਨ ਸਨ। ਗੁਰੂ ਜੀ ਧੀਰ ਮੱਲ ਲਈ ਕੀ ਸੰਦੇਸ਼ ਦੇਣਾ ਚਾਹੁੰਦੇ ਹਨ- ਕੋਈ ਨਹੀਂ ਸਮਝ ਸਕਿਆ। ਚੁੱਪਚਾਪ ਸਾਰੇ ਗੁਰੂ ਜੀ ਦੇ ਕੌਤਕ ਵੇਖ ਰਹੇ ਸਨ। ਗੁਰੂ ਜੀ ਨੇ ਉਸ ਮਜ਼ਦੂਰ ਨੂੰ ਆਪਣੇ ਕੋਲ ਸੱਦਿਆ ਅਤੇ ਨਦੀ ਦੇ ਕੰਢੇ ਇੱਕ ਜਗ੍ਹਾ ਵੱਲ ਸੋਟੀ ਨਾਲ ਇਸ਼ਾਰਾ ਕੀਤਾ ਅਤੇ ਕਿਹਾ, ' ਇਹ ਜਗ੍ਹਾ ਯਾਦ ਰੱਖ ਸਕੇਂਗਾ।'

'ਜੀ ਹਾਂ'।

' ਇਹ ਪੋਥੀ ਮੈਂ ਇਥੇ ਦੱਬ ਰਿਹਾ ਹਾਂ।' ਧੀਰ ਮੱਲ ਨੂੰ ਕਹਿ ਦੇਣਾ ਕਿ ਜੇ ਲੋੜ ਸਮਝੇ ਤਾਂ ਇਸ ਨੂੰ ਇੱਥੋਂ ਕੱਢ ਕੇ ਲੈ ਜਾਵੇ।'

ਜੋ ਹੁਕਮ '।

'ਥਾਂ ਨਹੀਂ ਭੁੱਲਣੀ। ਨਦੀ ਦਾ ਕੰਢਾ ਹੈ। ਜ਼ਿਆਦਾ ਦਿਨ ਦੱਬੀ ਰਹੀ ਤਾਂ ਗਲ ਜਾਵੇਗੀ।' ਗੁਰੂ ਜੀ ਨੇ ਤਾਕੀਦ ਕੀਤੀ। ਨਾਲ ਹੀ ਮੱਖਣ ਸ਼ਾਹ ਨੂੰ ਉਸ ਥਾਂ ਉਤੇ ਡੂੰਘਾ ਟੋਇਆ ਪਟਵਾਉਣ ਲਈ ਆਖਿਆ। ਟੋਇਆ ਪੁੱਟੇ ਜਾਣ ਪਿੱਛੋਂ ਗੁਰੂ ਜੀ ਨੇ ਆਪ ਬਹੁਤ ਹੀ ਕੀਮਤੀ ਕੱਪੜਿਆਂ ਵਿੱਚ ਲਪੇਟੀ ਹੋਈ ਪੋਥੀ ਨੂੰ ਬੜੇ ਆਦਰ ਮਾਣ ਨਾਲ ਉਸ ਵਿਚ ਰੱਖਿਆ ਅਤੇ ਉੱਪਰ ਮਿੱਟੀ ਪਾ ਕੇ ਟੋਆ ਪੂਰ ਦਿੱਤਾ। ਉਕਤ ਮਜ਼ਦੂਰ ਨੂੰ ਉਹ ਜਗ੍ਹਾ ਯਾਦ ਰੱਖਣ ਵਾਸਤੇ ਫਿਰ ਤਾਕੀਦ ਕੀਤੀ ਅਤੇ ਉਥੋਂ ਕਾਫ਼ਲੇ ਦੇ ਚੱਲਣ ਵਾਸਤੇ ਹੁਕਮ ਦੇ ਦਿੱਤਾ।

'ਮੈਨੂੰ ਗੁਰੂ ਜੀ ਦੀ ਇਹ ਸਾਰੀ ਲੀਲਾ ਵੇਖ ਕੇ ਬੜੀ ਹੈਰਾਨੀ ਹੋਈ। ਸਾਰੇ ਗੁਰੂ ਜੀ ਦੀ ਆਗਿਆ ਦੀ ਉਲੰਘਣਾ ਕਰਨ ਕਰਕੇ ਸਹਿਮੇ ਹੋਏ ਸਨ, ਕਿਸੇ ਵਿਚ ਹੌਂਸਲਾ ਨਹੀਂ ਰਿਹਾ ਸੀ ਕਿ ਉਸ ਕੌਤਕ ਦੀ ਜਾਂਚ ਕਰ ਲਵੇ। ਗੁਰੂ ਜੀ ਦੇ ਦ੍ਰਿੜ੍ਹ ਸੰਕਲਪ ਸਾਹਮਣੇ ਤੇ ਅੰਤਰ-ਦ੍ਰਿਸ਼ਟੀ ਦੀ ਘਾਟ ਕਰਕੇ, ਕਾਫ਼ਲਾ ਚੁੱਪ ਚੁਪੀਤਾ ਕੀਰਤਪੁਰ ਲਈ ਰਵਾਨਾ ਹੋ ਗਿਆ।

'ਕੀਰਤਪੁਰ ਵਿਚ ਮਾਤਾ ਸੁਲੱਖਣੀ ਜੀ ਨੇ ਗੁਰੂ ਜੀ ਦਾ ਸੁਆਗਤ ਕੀਤਾ। ਹਰ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ। ਦਰਬਾਰ ਸਜਿਆ ਅਤੇ ਮੈਂ ਆਪਣੇ ਹੱਥੀਂ ਸ਼ਾਹੀ ਕਲਗੀ ਗੁਰੂ ਜੀ ਨੂੰ ਪਹਿਨਾਈ। ਧੀਰ ਮੱਲ ਕਿਸੇ ਵੀ ਮੁੱਲ ਉਤੇ ਇਸ ਕਲਗੀ ਨੂੰ ਮਾਤਾ ਸੁਲੱਖਣੀ ਪਾਸੋਂ ਲੈਣ ਲਈ ਯਤਨ ਕਰਦਾ ਰਿਹਾ ਸੀ। ਇਸ ਵਿਚ ਹੀਰੇ ਜੜੇ ਹੋਏ ਸਨ ਅਤੇ ਇਹ ਗੁਰੂ ਹਰਿਗੋਬਿੰਦ ਜੀ ਦੀ ਮੀਰੀ ਦੀ ਨਿਸ਼ਾਨੀ ਸੀ।

'ਮੀਰੀ ਦੀ ਨਿਸ਼ਾਨੀ ਸੀ ? ਕੀ ਮਤਲਬ ? ' ਰਹਿਮਾਨ ਨੇ ਪੁੱਛਿਆ।

'ਹਾਂ, ਗੁਰੂ ਹਰਿਗੋਬਿੰਦ ਜੀ ਜਦੋਂ ਗੱਦੀ ਉਤੇ ਬਿਰਾਜਮਾਨ ਹੋਏ ਤਾਂ ਉਹਨਾਂ ਨੇ ਮੁਸਲਮਾਨਾਂ ਦੇ ਵਧਦੇ ਹੋਏ ਅਤਿਆਚਾਰ ਦਾ ਟਾਕਰਾ ਕਰਨ ਲਈ ਪੀਰੀ ਦੇ ਨਾਲ-ਨਾਲ ਮੀਰੀ ਨੂੰ ਵੀ ਅਪਣਾਇਆ। ਉਹ ਗੁਰ-ਗੱਦੀ ਦੇ ਵਾਰਸ ਸਨ, ਇਸ ਲਈ ਪੀਰ ਅਖਵਾਏ। ਉਹ ਬਾਦਸ਼ਾਹੀ ਸ਼ਾਨ ਨਾਲ ਰਹੇ, ਸ਼ਿਕਾਰ ਖੇਡਿਆ, ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਤੇ ਪਰੰਪਰਾਵਾਂ ਕਾਇਮ ਕੀਤੀਆਂ, ਇਸ ਲਈ ਮੀਰ ਵੀ ਅਖਵਾਏ। ਉਹਨਾਂ ਆਪਣੇ ਖੱਬੇ ਤੇ ਸੱਜੇ ਪਾਸੇ ਦੋ ਕਿਰਪਾਨਾਂ ਧਾਰਨ ਕੀਤੀਆਂ ਸਨ ਇੱਕ ਪੀਰੀ ਦੀ ਅਤੇ ਦੂਜੀ ਮੀਰੀ ਦੀ। ਕਲਗੀ ਉਹਨਾਂ ਦੀ ਸ਼ਾਹੀ ਠਾਠ ਦਾ ਪ੍ਰਤੀਕ ਸੀ।'

ਕੀਰਤਪੁਰ ਦੇ ਆਲੇ-ਦੁਆਲੇ ਦੇ ਕਈ ਮਹੱਤਵਪੂਰਨ ਵਿਅਕਤੀ ਗੁਰੂ ਜੀ ਨੂੰ ਮਿਲਣ ਵਾਸਤੇ ਆਏ ਅਤੇ ਉਹਨਾਂ ਨੇ ਗੁਰੂ ਜੀ ਨੂੰ ਅਧਿਆਤਮਕ ਆਗੂ ਦੇ ਤੌਰ ਤੇ ਸਵੀਕਾਰ

ਕੀਤਾ। ਇਹਨਾਂ ਮਹੱਤਵਪੂਰਨ ਲੋਕਾਂ ਵਿਚ ਬਿਲਾਸਪੁਰ ਦੇ ਸਵਰਗਵਾਸੀ ਰਾਜਾ ਦੀਪ ਚੰਦ ਦੀ ਵਿਧਵਾ ਰਾਣੀ ਜਲਾਲ ਦੇਵੀ ਵੀ ਸੀ। ਉਸਦੇ ਪਤੀ ਨੂੰ ਕਾਂਗੜਾ ਦੇ ਰਾਜਾ ਨੇ ਧੋਖੇ ਨਾਲ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਉਸਨੂੰ ਆਪਣੇ ਦਿਓਰ ਮਾਨਕ ਚੰਦ ਤੋਂ ਰਾਜ ਹੜੱਪ ਲਏ ਜਾਣ ਦਾ ਡਰ ਸੀ, ਇਸ ਲਈ ਉਹ ਗੁਰੂ ਜੀ ਦੀ ਸ਼ਰਨ ਲੈਣਾ ਚਾਹੁੰਦੀ ਸੀ। ਗੁਰੂ ਜੀ ਦੇ ਸੈਨਿਕਾਂ ਦੀ ਢਾਰਸ ਉਸ ਲਈ ਬਣੀ ਰਹੇ ਇਸ ਮਨਸ਼ਾ ਨਾਲ ਉਸਨੇ ਗੁਰੂ ਤੇਗ ਬਹਾਦਰ ਜੀ ਨੂੰ ਕਾਫ਼ੀ ਧਨ ਤੇ ਜ਼ਮੀਨ ਭੇਟਾ ਕਰਨੀ ਚਾਹੀ ਤਾਂ ਜੋ ਆਪਣੇ ਲਈ ਗੁਰੂ ਜੀ ਨੇੜੇ ਹੀ ਇੱਕ ਸ਼ਹਿਰ ਵਸਾ ਲੈਣ। ਗੁਰੂ ਜੀ ਨੇ ਰਾਣੀ ਜਲਾਲ ਦੇਵੀ ਪਾਸੋਂ ਇਹ ਸਭ ਕੁਝ ਕਬੂਲ ਕਰਨਾ ਯੋਗ ਨਾ ਸਮਝਿਆ। ਇਸ ਦੇ ਉਲਟ ਉਹਨਾਂ ਰਾਣੀ ਪਾਸੋਂ ਉਹ ਧਰਤੀ ਉਚਿਤ ਮੁੱਲ ਉੱਤੇ ਖ਼ਰੀਦ ਕੇ, ਉਸ ਉੱਤੇ ਸ਼ਹਿਰ ਆਬਾਦ ਕਰਨਾ ਮੰਨ ਲਿਆ।

'ਇਹ ਜ਼ਮੀਨ ਕੀਰਤਪੁਰ ਤੋਂ ਤਕਰੀਬਨ ਪੰਜ ਮੀਲ ਦੂਰ ਵਸਦੇ ਇੱਕ ਪੁਰਾਣੇ ਛੋਟੇ ਜਿਹੇ ਪਿੰਡ ਦੀ ਜ਼ਮੀਨ ਸੀ ਜਿਸ ਨੂੰ ਮਾਖੋਵਾਲ ਆਖਿਆ ਜਾਂਦਾ ਸੀ। ਗੁਰੂ ਜੀ ਨੇ ਇਸ ਜ਼ਮੀਨ ਉਤੇ ਜਿਹੜਾ ਸ਼ਹਿਰ ਆਬਾਦ ਕੀਤਾ, ਉਸਦਾ ਨਾਂ ਆਪਣੀ ਪੂਜਨੀਕ ਮਾਤਾ ਜੀ ਦੇ ਨਾਂ ਉਤੇ ਨਾਨਕੀ ਚੱਕ ਰੱਖਿਆ। ਬਾਅਦ ਵਿਚ ਜਦੋਂ ਗੁਰੂ ਜੀ ਪੂਰਬ ਦੀ ਯਾਤਰਾ ਤੋਂ ਪਰਤ ਕੇ ਨਾਨਕੀ ਚੱਕ ਵਾਪਸ ਆਏ ਤਾਂ ਉਹਨਾਂ ਨਗਰ ਦਾ ਹੋਰ ਵੀ ਵਿਸਥਾਰ ਕੀਤਾ ਅਤੇ ਉਸਦਾ ਨਾਂ ਤਬਦੀਲ ਕਰਕੇ ਅਨੰਦਪੁਰ ਰੱਖ ਦਿੱਤਾ।

'ਨਾਨਕੀ ਚੱਕ ਵਸ ਜਾਣ ਪਿੱਛੋਂ ਉਹ ਪਰਿਵਾਰ ਸਮੇਤ ਉਥੇ ਜਾ ਕੇ ਰਹਿਣ ਲੱਗ ਪਏ ਪਰ ਉਸ ਤੋਂ ਪਹਿਲਾਂ ਨਵੇਂ ਸਾਲ ਦਾ ਤਿਉਹਾਰ (ਵਿਸਾਖੀ) ਗੁਰੂ ਜੀ ਨੇ ਕੀਰਤਪੁਰ ਵਿਖੇ ਹੀ ਮਨਾਇਆ। ਭਾਰਤ ਦੇ ਵੱਖ-ਵੱਖ ਰਾਜਾਂ ਵਿੱਚੋਂ ਮਸੰਦ ਦੀਵਾਨ ਵਿਚ ਸ਼ਾਮਲ ਹੋਏ। ਉਹ ਆਪਣੇ ਨਾਲ ਵੱਡਮੁੱਲੀਆਂ ਭੇਟਾਵਾਂ, ਤੋਹਫੇ ਤੇ ਸਿੱਖ ਸੰਗਤ ਵਲੋਂ ਭੇਟਾ ਕੀਤਾ ਧਨ ਨਾਲ ਲਿਆਏ ਸਨ। ਉਹ ਸਭ ਕੁਝ ਗੁਰੂ ਜੀ ਨੂੰ ਭੇਟਾ ਕਰਕੇ ਉਹਨਾਂ ਗੁਰੂ ਜੀ ਪ੍ਰਤੀ ਆਪਣੀ ਵਫਾਦਾਰੀ ਦਾ ਸਬੂਤ ਦਿੱਤਾ। ਗੁਰੂ ਜੀ ਨੇ ਵੀ ਬਦਲੇ ਵਿਚ ਉਹਨਾਂ ਦਾ ਸਨਮਾਨ ਕਰਦਿਆਂ ਸਿਰੋਪਾਓ ਦਿੱਤੇ ਅਤੇ ਸਿੱਖ ਸੰਗਤ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਤਾਂ ਜੋ ਸਾਰੇ ਲੋਕ ਉਹਨਾਂ ਮਸੰਦਾਂ ਉਤੇ ਭਰੋਸਾ ਕਰਨ।

ਵਾਪਸੀ ਉਤੇ ਢਾਕਾ ਤੇ ਪਟਨਾ ਦੇ ਮਸੰਦਾਂ ਨੇ ਗੁਰੂ ਜੀ ਨੂੰ ਪੂਰਬ ਦੀ ਯਾਤਰਾ ਲਈ ਸੱਦਾ ਦਿੱਤਾ। ਉਹਨਾਂ ਨੂੰ ਗਿਲਾ ਸੀ ਕਿ ਗੁਰੂ ਨਾਨਕ ਜੀ ਤੋਂ ਪਿੱਛੋਂ ਸੱਤੇ ਹੋਰ ਗੁਰੂਆਂ ਵਿਚੋਂ ਕਿਸੇ ਨੇ ਵੀ ਉਸ ਪ੍ਰਦੇਸ਼ ਦੀ ਸੰਗਤ ਨੂੰ ਦਰਸ਼ਨ ਨਹੀਂ ਦਿੱਤੇ। ਉਹਨਾਂ ਗੁਰੂ ਜੀ ਨੂੰ ਤਜਵੀਜ਼ ਪੇਸ਼ ਕੀਤੀ ਕਿ ਉਹ ਪਰਿਵਾਰ ਸਹਿਤ ਪੂਰਬ ਦੀ ਯਾਤਰਾ ਕਰਨ ਅਤੇ ਯਾਤਰਾ ਦਾ ਸਮੁੱਚਾ ਖਰਚ ਉਹ ਤੇ ਉਥੋਂ ਦੀ ਸਿੱਖ ਸੰਗਤ ਬਰਦਾਸ਼ਤ ਕਰੇਗੀ। ਗੁਰੂ ਜੀ ਨੇ ਦਿਆਲ ਹੋ ਕੇ ਸੱਦਾ ਪ੍ਰਵਾਨ ਕਰ ਲਿਆ।'

ਇੰਨਾ ਕਹਿ ਕੇ ਭਾਈ ਗੁਰਦਿੱਤਾ ਜੀ ਨੇ ਥਕਾਵਟ ਮਹਿਸੂਸ ਕਰਦਿਆਂ ਅੰਗੜਾਈ ਲਈ ਅਤੇ ਆਰਾਮ ਕਰਨ ਦੀ ਇੱਛਾ ਪ੍ਰਗਟ ਕੀਤੀ।

'ਭਾਈ ਸਾਹਿਬ, ਇਸ ਵਿਚਾਰ ਗੋਸ਼ਟੀ ਵਿਚ ਬੇਹੱਦ ਆਨੰਦ ਆ ਰਿਹਾ ਸੀ। ਆਪ ਜੀ ਨੂੰ ਆਰਾਮ ਦੀ ਸਖ਼ਤ ਜ਼ਰੂਰਤ ਹੈ ', ਇਕ ਸਰੋਤੇ ਨੇ ਕਿਹਾ, 'ਜੇਕਰ ਤੁਸੀਂ ਆਗਿਆ ਦਿਓ ਤਾਂ ਮੈਂ ਪਿੱਛੋਂ ਆਪ ਜੀ ਦਾ ਸਰੀਰ ਦਬਾ ਦੇਵਾਂਗਾ ਪਰ ਅੱਜ ਦੀ ਚਰਚਾ ਖਤਮ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਇੰਨਾ ਜ਼ਰੂਰ ਦੱਸ ਦਿਓ ਕਿ 'ਪੋਥੀ ਸਾਹਿਬ' ਦਾ ਕੀ ਬਣਿਆ। ਧੀਰ ਮੱਲ ਨੂੰ ਮਿਲੀ ਜਾਂ ਨਹੀਂ ?

'ਇਹਨਾਂ ਨੂੰ ਆਰਾਮ ਕਰਨ ਦਿਓ, ਇਹ ਕੱਲ੍ਹ ਸਵੇਰੇ ਪੁੱਛ ਲਵਾਂਗਾ।' ਪੀਰ ਕਰੀਮ ਬਖ਼ਸ਼ ਨੇ ਭਾਈ ਗੁਰਦਿੱਤਾ ਜੀ ਦੇ ਆਰਾਮ ਨੂੰ ਧਿਆਨ ਵਿਚ ਰੱਖਦਿਆਂ ਕਿਹਾ।

'ਨਹੀਂ ਅਜਿਹੀ ਕੋਈ ਗੱਲ ਨਹੀਂ। ਇਹ ਪ੍ਰਸੰਗ ਇੱਕ ਪਾਸੇ ਹੀ ਰਹਿ ਗਿਆ ਸੀ, ਹੁਣ ਦਸਦਾ ਹਾਂ-ਭਾਈ ਗੁਰਦਿੱਤਾ ਜੀ ਫਿਰ ਸੁਚੇਤ ਹੋਏ। ਉਹ ਮਜ਼ਦੂਰ ਗੁਰੂ ਜੀ ਦੇ ਹੁਕਮ ਨਾਲ ਧੀਰ ਮੱਲ ਕੋਲ ਪਹੁੰਚਿਆ ਅਤੇ ਉਸ ਨੂੰ ਸਾਰੀ ਗੱਲ ਦੱਸ ਦਿੱਤੀ। ਸੀਹਾਂ ਨੂੰ ਵਿਸ਼ਵਾਸ ਨਾ ਹੋਇਆ। ਕੀ ਦਰਿਆ ਦਾ ਕੰਢਾ ਵੀ ਗ੍ਰੰਥ ਦਬਾਉਣ ਦੀ ਜਗ੍ਹਾ ਹੈ। ਹੋ ਸਕਦਾ ਹੈ ਕਿ ਇਹ ਸੂਚਨਾ ਮੱਖਣ ਸ਼ਾਹ ਨੇ ਹੀ ਭੇਜੀ ਹੋਵੇ ਤਾਂ ਕਿ ਉਹ ਸਾਡੇ ਉਥੇ ਅੱਪੜਨ ਉਤੇ ਖੁੱਲ੍ਹੀ ਥਾਂ ਸਾਡੇ ਉਤੇ ਹਮਲਾ ਕਰ ਸਕੇ। ਇਹ ਸੋਚਕ ਸੀਹਾਂ ਨੂੰ ਬਕਾਲੇ ਵਿਚ ਲੱਗੀਆਂ ਸੱਟਾਂ ਦੀਆਂ ਦਰਦਾਂ ਰੜਕਨ ਲੱਗ ਪਈਆਂ। ਨਹੀਂ, ਉਹ ਗ੍ਰੰਥ ਲੈਣ ਉਥੇ ਨਹੀਂ ਜਾਵੇਗਾ। ਉਸ ਸੰਦੇਸ਼ ਵਿਚ ਉਸਨੂੰ ਨਿਸ਼ਚੇ ਹੀ ਸਾਜਿਸ਼ ਦੀ ਬੂ ਆ ਰਹੀ ਸੀ।

'ਧੀਰ ਮੱਲ ਨੂੰ ਪੂਰਨ ਵਿਸ਼ਵਾਸ ਸੀ ਕਿ ਇਹ ਗੁਰੂ ਜੀ ਦਾ ਹੀ ਸੰਦੇਸ਼ ਹੋਵੇਗਾ ਅਤੇ ਉਹ ਜਾਣਦਾ ਸੀ ਕਿ ਗੁਰੂ ਤੇਗ ਬਹਾਦਰ ਜੀ ਕਦੀ ਝੂਠ ਨਹੀਂ ਬੋਲਦੇ। ਉਹ ਜਿੰਨ੍ਹਾ ਹੀ ਸੀਹਾਂ ਨੂੰ ਦਰਿਆ ਕੰਢੇ ਚੱਲਣ ਵਾਸਤੇ ਆਖਦਾ, ਉਨਾ ਹੀ ਉਸਦਾ ਡਰ ਵਧਦਾ ਜਾਂਦਾ। ਇਸ ਖਿਚੋਤਾਣ ਵਿਚ ਕਈ ਦਿਨ ਬਤੀਤ ਹੋ ਗਏ। ਹੁਣ ਸੀਹਾਂ ਦਾ ਡਰ ਵੀ ਕੁਝ ਮੱਧਮ ਪੈ ਗਿਆ ਸੀ। ਉਸਦਾ ਵਿਚਾਰ ਸੀ ਕਿ ਹੁਣ ਤੱਕ ਮੱਖਣ ਸ਼ਾਹ ਉਥੋਂ ਜਾ ਚੁੱਕਿਆ ਹੋਵੇਗਾ। ਯਕੀਨਨ ਉਹ ਇੰਨੇ ਦਿਨ ਆਪਣਾ ਵਪਾਰ ਬੰਦ ਨਹੀਂ ਕਰ ਸਕਦਾ। ਇਹ ਮੰਨ ਕੇ ਹੀ ਉਹ ਧੀਰ ਮੱਲ ਨਾਲ ਪੋਥੀ ਸਾਹਿਬ ਦੀ ਤਲਾਸ਼ ਵਾਸਤੇ ਨਦੀ ਕਿਨਾਰੇ ਜਾਣ ਵਾਸਤੇ ਤਿਆਰ ਹੋ ਗਿਆ।

ਸੰਦੇਸ਼ਾ ਲਿਆਉਣ ਵਾਲੇ ਨੂੰ ਲੈ ਕੇ ਉਹ ਦੋਵੇਂ ਬਿਆਸ ਦਰਿਆ ਦੇ ਕੰਢੇ ਪਹੁੰਚੇ ਮਜ਼ਦੂਰ ਨੇ ਜਗ੍ਹਾ ਤਾਂ ਠੀਕ ਦੱਸ ਦਿੱਤੀ ਪਰ ਉਸ ਵਕਤ ਦਰਿਆ ਦੀਆਂ ਲਹਿਰਾਂ ਕੁਝ ਵਧ ਜਾਣ ਕਰਕੇ ਉਸ ਥਾਂ ਉਤੇ ਪਾਣੀ ਵਗ ਰਿਹਾ ਸੀ। ਪਹਿਲਾਂ ਤਾਂ ਉਥੇ ਖੋਦਣਾ ਔਖਾ ਸੀ ਅਤੇ ਜੇਕਰ ਪਟਾਈ ਕੀਤੀ ਵੀ ਜਾਂਦੀ ਤਾਂ ਬਣਨ ਵਾਲੇ ਟੋਏ ਵਿਚ ਨਾਲੋਂ ਨਾਲ ਪਾਣੀ ਭਰ ਜਾਣਾ ਸੀ ਅਤੇ 'ਪੋਥੀ ਸਾਹਿਬ' ਦਾ ਪਾਣੀ ਵਿਚ ਨਿਸ਼ਚੇ ਹੀ ਭਿੱਜ ਜਾਣ ਦਾ ਡਰ ਸੀ। ਇਸ ਲਈ ਧੀਰ ਮੱਲ ਦੋ ਦਿਨ ਉਥੇ ਰੁਕਿਆ ਰਿਹਾ। ਪਾਣੀ ਦਾ ਵਹਾਅ ਕੁਝ ਘਟ ਜਾਣ ਤੋਂ ਪਿੱਛੋਂ ਉਹ ਥਾਂ ਨਜ਼ਰੀਂ ਪਈ। ਪਾਣੀ ਦੀ ਲਹਿਰ ਪਿੱਛੇ ਹਟੀ ਤਾਂ ਧੀਰ ਮੱਲ ਨੇ ਉਹ ਜਗ੍ਹਾ ਪੁੱਟਣੀ ਸ਼ੁਰੂ ਕੀਤੀ। ਕਾਫ਼ੀ ਮਿਹਨਤ ਤੋਂ ਪਿੱਛੋਂ ਦੋ ਥਾਵਾਂ ਉਤੇ ਡੂੰਘਾ ਟੋਆ ਪੁੱਟਣ ਉਤੇ ਉਸਨੂੰ ਮੂਲ ਪੋਥੀ

ਉਸੇ ਤਰ੍ਹਾਂ ਕੱਪੜੇ ਵਿਚ ਲਪੇਟੀ ਹੋਈ ਮਿਲ ਗਈ। ਧੀਰ ਮੱਲ ਦੀ ਜਿਵੇਂ ਜਾਨ ਵਿਚ ਜਾਨ ਆਈ। ਸਗੋਂ ਇੰਝ ਕਹਿਣਾ ਚਾਹੀਦਾ ਹੈ ਕਿ ਉਸਦੀਆਂ ਗੁਆਚੀਆਂ ਹੋਈਆਂ ਰੋਟੀਆਂ ਦਾ ਸਬੱਬ ਬਣ ਗਿਆ। 'ਪੋਥੀ ਸਾਹਿਬ' ਦੇ ਨਾਂ ਉਤੇ ਤਾਂ ਉਸਨੂੰ ਚੜ੍ਹਾਵਾ ਚੜ੍ਹਦਾ ਸੀ। ਇਸ ਲਈ ਉਸ ਦਾ ਖੁਸ਼ ਹੋਣਾ ਕੁਦਰਤੀ ਸੀ।

'ਲਗਭਗ ਬਾਰਾਂ ਤੇਰਾਂ ਦਿਨ ਦਰਿਆ ਦੇ ਕੰਢੇ ਦੱਬੀ ਰਹਿਣ ਕਰਕੇ ਪੋਥੀ ਥੋੜ੍ਹੀ ਗਿੱਲੀ ਹੋ ਗਈ ਸੀ ਪਰ ਕਿਧਰੋਂ ਵੀ ਵਿਸ਼ੇਸ਼ ਤੌਰ ਤੇ ਗਲ਼ੀ ਨਹੀਂ ਸੀ। ਧੀਰ ਮੱਲ ਸਨਮਾਨ-ਪੂਰਵਕ ਉਸਨੂੰ ਆਪਣੇ ਡੇਰੇ ਲੈ ਗਿਆ।'

'ਇਹ ਤਾਂ ਕਰਾਮਾਤ ਹੀ ਪ੍ਰਤੀਤ ਹੁੰਦੀ ਹੈ,' ਰਹਿਮਾਨ ਬੋਲਿਆ, 'ਇੰਨੇ ਦਿਨ ਦਰਿਆ ਦੇ ਵਗਦੇ ਪਾਣੀ ਹੇਠਾਂ ਕਾਗ਼ਜ਼ ਦੀ ਪੋਥੀ ਦਾ ਬਿਨਾ ਗਲ਼ੇ ਰਹਿ ਜਾਣਾ ਸਚਮੁੱਚ ਅਲੌਕਿਕ ਘਟਨਾ ਹੈ।'

'ਹੋ ਸਕਦਾ ਹੈ ਕਿ ਜਿਸ ਕੱਪੜੇ ਵਿਚ ਉਸਨੂੰ ਲਪੇਟਿਆ ਗਿਆ ਹੋਵੇ ਉਸ ਉਤੇ ਪਾਣੀ ਦਾ ਅਸਰ ਨਾ ਹੋਇਆ ਹੋਵੇ ਜਾਂ ਘੱਟ ਅਸਰ ਹੋਇਆ ਹੋਵੇ।" ਇੱਕ ਸਰੋਤੇ ਨੇ ਵਿਚਾਰ ਪ੍ਰਗਟ ਕੀਤਾ।

'ਠੀਕ ਤਾਂ ਹੈ, ਪਾਣੀ ਤੋਂ ਬੇਅਸਰ ਰਹਿਣ ਵਾਲੇ ਕਈ ਤਰ੍ਹਾਂ ਦੇ ਕੱਪੜੇ ਹੋ ਸਕਦੇ ਹਨ, ਇਸ ਤਰ੍ਹਾਂ ਦੀ ਸੰਭਾਵਨਾ ਹੈ,' ਪੀਰ ਜੀ ਨੇ ਵੀ ਉਹਨਾਂ ਦੀ ਹਾਂ ਵਿਚ ਹਾਂ ਮਿਲਾਈ।

'ਪਰਮਾਤਮਾ ਦੀ ਕੁਦਰਤ ਬੜੀ ਬੇਅੰਤ ਹੈ। ਉਸ ਦੀ ਮੌਜ ਉਹੀ ਜਾਣੇ। ਪਾਣੀ ਤੋਂ ਬੇਅਸਰ ਰਹਿਣ ਵਾਲਾ ਕੱਪੜਾ ਸੀ, ਚਮਤਕਾਰ ਸੀ ਜਾਂ ਅਚਾਨਕ ਹੀ ਇੰਜ ਹੋਇਆ-ਕੁਝ ਆਖਿਆ ਨਹੀਂ ਜਾ ਸਕਦਾ। ਮੈਂ ਖਾਸ ਧਿਆਨ ਨਹੀਂ ਦਿੱਤਾ ਸੀ। ਮੈਂ ਤਾਂ ਸਿਰਫ਼ ਇੰਨਾ ਜਾਣਦਾ ਹਾਂ ਕਿ ਪੋਥੀ ਸਾਹਿਬ ਨੂੰ ਉਥੋਂ ਸਹੀ ਸਲਾਮਤ ਪ੍ਰਾਪਤ ਕਰ ਲਿਆ ਗਿਆ ਸੀ ਅਤੇ ਉਹ ਅੱਜ ਵੀ ਕਰਤਾਰਪੁਰ ਦੇ ਡੇਰੇ ਵਿਚ ਮੌਜੂਦ ਹੈ। ' ਭਾਈ ਗੁਰਦਿੱਤਾ ਜੀ ਨੇ ਸਪੱਸ਼ਟ ਕੀਤਾ।

ਵਰਖਾ ਰੁੱਤ ਖਤਮ ਹੋ ਚੁੱਕੀ ਸੀ। ਧਰਤੀ ਦੀ ਭਿੰਨੀ-ਭਿੰਨੀ ਮਹਿਕ ਚਾਰੋਂ ਪਾਸੇ ਫੈਲ ਰਹੀ ਸੀ। ਜਿੱਧਰ ਨਜ਼ਰ ਜਾਂਦੀ ਸੀ, ਹਰਿਆਲੀ ਪਸਰੀ ਹੋਈ ਸੀ। ਆਕਾਸ਼ ਸਾਫ਼ ਸੀ ਅਤੇ ਲੋਕ ਸੈਰ ਵਾਸਤੇ ਨਿਕਲਣ ਲੱਗ ਪਏ ਸਨ। ਵਰਖਾ ਕਰਕੇ ਰੁਕੇ ਹੋਏ ਕੰਮਾਂ ਵਲ ਲੋਕਾਂ ਨੇ ਧਿਆਨ ਦਿੱਤਾ ਸੀ। ਗੁਰਸਿੱਖ ਮੱਖਣ ਸ਼ਾਹ ਨੇ ਵੀ ਕਈ ਵਪਾਰੀਆਂ ਨਾਲ ਵਰਖਾ ਪਿੱਛੋਂ ਬਹੁਤ ਸਾਰੀਆਂ ਚੀਜ਼ਾਂ ਖਰੀਦਣ ਦੇ ਸੌਦੇ ਕੀਤੇ ਹੋਏ ਸਨ ਅਤੇ ਹੁਣ ਵਕਤ ਆ ਗਿਆ ਸੀ ਕਿ ਉਹ ਸੌਦੇ ਪੂਰੇ ਕੀਤੇ ਜਾਣ। ਇਸ ਲਈ ਭਰੇ ਹੋਏ ਮਨ ਨਾਲ ਮੱਖਣ ਸ਼ਾਹ ਨੇ ਗੁਰੂ ਚਰਨਾਂ ਤੋਂ ਅਲੱਗ ਹੋਣ ਦੀ ਮਜਬੂਰੀ ਪ੍ਰਗਟ ਕੀਤੀ।

'ਗੁਰੂ ਦਰਬਾਰ ਵਿਚ ਮੱਖਣ ਸ਼ਾਹ ਦਾ ਬੜਾ ਸਨਮਾਨ ਸੀ। ਉਹ ਸਿਰਫ਼ ਨੌਵੇਂ ਪਾਤਸ਼ਾਹ ਦੀ ਭਾਲ ਤੇ ਸਥਾਪਨਾ ਵਿਚ ਹੀ ਸਹਾਈ ਨਹੀਂ ਹੋਇਆ ਸੀ ਸਗੋਂ ਸਾਜ਼ਸ਼ੀਆਂ ਤੇ ਢੌਂਗੀਆਂ ਨੂੰ ਸਜ਼ਾ ਦੇਣ ਅਤੇ ਆਪ ਸੰਗਤ ਦਾ ਸਾਥ ਦੇਣ ਵਾਲਿਆਂ ਵਜੋਂ ਜਾਣਿਆ ਜਾਂਦਾ ਸੀ। ਗੁਰੂ ਜੀ ਦੀ ਸ਼ਰਨ ਵਿਚ ਰਹਿੰਦਿਆਂ ਉਸ ਜਿੰਨੀਆਂ ਗਲਤੀਆਂ ਵੀ ਕੀਤੀਆਂ ਸਨ ਉਹ ਸਾਰੀਆਂ ਗੁਰੂ ਨੂੰ ਸੰਗਤ ਦੇ ਨਜ਼ਦੀਕ ਲਿਆਉਣ ਅਤੇ ਗੁਰੂ-ਪਰਿਵਾਰ ਦੀ ਸਹਿਮਤੀ ਨਾਲ ਕੀਤੀਆਂ ਸਨ ਇਸ ਲਈ ਗੁਰੂ ਜੀ ਵੀ ਕਦੀ ਗੁੱਸੇ ਹੋ ਕੇ ਨਾਰਾਜ਼ ਨਹੀਂ ਹੁੰਦੇ ਸਨ। ਉਹ ਪੂਰਨ ਗੁਰਸਿੱਖ ਸਨ।

'ਗੁਰੂ ਜੀ ਦੀ ਨੇੜਤਾ ਤੋਂ ਵਾਂਝਿਆਂ ਹੋਣਾ ਉਸਨੂੰ ਬਰਦਾਸ਼ਤ ਨਹੀਂ ਸੀ, ਫਿਰ ਵੀ ਜਿਹੜੇ ਭੌਤਿਕ ਕਰਤੱਵ ਪ੍ਰਮਾਤਮਾ ਨੇ ਉਸਨੂੰ ਸੌਂਪੇ ਸਨ, ਉਹਨਾਂ ਨੂੰ ਨਿਭਾਉਂਦਾ ਤਾਂ ਹੈ ਹੀ ਸੀ। ਸੱਚੇ ਸਿੱਖ ਦਾ ਹਰ ਕੰਮ ਗੁਰੂ ਨੂੰ ਸਮਰਪਿਤ ਹੁੰਦਾ ਹੈ, ਮੱਖਣ ਸ਼ਾਹ ਦਾ ਨਜ਼ਰੀਆ ਵੀ ਇਹੀ ਸੀ। ਇਸ ਲਈ ਉਹ ਉਹਨਾਂ ਕੰਮਾਂ ਦੀ ਪੂਰਤੀ ਵਾਸਤੇ ਗੁਰੂ ਜੀ ਤੋਂ ਇਜਾਜ਼ਤ ਲੈਣ ਲਈ ਉਹ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਿਰ ਹੋਇਆ। ਗੁਰੂ ਜੀ ਨੂੰ ਉਸ ਹਾਲਤ ਵਿਚ ਵੇਖ ਕੇ ਪਲ ਭਰ ਲਈ ਮੱਖਣ ਸ਼ਾਹ ਮੁਗਧ ਹੋ ਗਿਆ ਅਤੇ ਫਿਰ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਕੇ ਫੁੱਟ ਫੁੱਟ ਰੋਇਆ। ਬੋਲਿਆ, 'ਸੱਚੇ ਪਾਤਸ਼ਾਹ, ਮੈਨੂੰ ਬਖ਼ਸ਼ ਦਿਓ। ਮੈਂ ਗੁਨਾਹਗਾਰ ਹਾਂ, ਆਪ ਦੇ ਹੁਕਮਾਂ ਦੀ ਅਵੱਗਿਆ ਵੀ ਕਰਦਾ ਰਿਹਾ ਹਾਂ ਪਰ ਮੈਨੂੰ ਇਹਨਾਂ ਪਵਿੱਤਰ ਚਰਨਾਂ ਦਾ ਹੀ ਇੱਕੋ ਇੱਕ ਆਸਰਾ ਹੈ, ਗੁਰਦੇਵ ! ਮੇਰੇ ਸੁਆਮੀ। ਆਪਣੇ ਚਰਨ ਕਮਲਾਂ ਵਿਚ ਮੇਰੀ ਸੁਰਤ ਜੋੜੀ ਰੱਖਣੀ। ਆਪ ਜੀ ਤੋਂ ਵਿਛੜਦਿਆਂ ਮੈਨੂੰ ਮੌਤ ਦਿਸਦੀ ਹੈ।'

'ਗੁਰੂ ਜੀ ਨੇ ਮੱਖਣ ਸ਼ਾਹ ਨੂੰ ਉਠਾ ਕੇ ਸੀਨੇ ਨਾਲ ਲਾ ਲਿਆ। ਅਸ਼ੀਰਵਾਦ ਦਿੰਦੇ ਹੋਏ ਬੋਲੇ, 'ਤੂੰ ਸੱਚਾ ਗੁਰਸਿੱਖ ਹੈਂ, ਮੱਖਣ! ਪ੍ਰਮਾਤਮਾ ਤੇਰੇ ਉਤੇ ਤੁਠਾ ਹੋਇਆ ਹੈ, ਤੇਰਾ ਆਵਾਗਵਣ ਖਤਮ ਹੋ ਗਿਆ ਹੈ। ਜਾਓ, ਸੰਸਾਰ ਵਿਚ ਆਪਣੇ ਯੋਗ ਫ਼ਰਜ਼ ਨਿਭਾਓ, ਸੰਤੋਖੀ ਜੀਵਨ ਜੀਵੋ, ਪ੍ਰਭੂ ਦਾ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਖਾਓ। ਤੇਰੇ ਵਰਗਾ ਜੀਵ ਕਦੇ ਵੀ ਗੁਰੂ ਤੋਂ ਵੱਖ ਨਹੀਂ ਹੁੰਦਾ। ਗੁਰੂ ਤੇਰੇ ਅੰਗ ਸੰਗ ਹੈ, ਜੀਵਨ-ਮੁਕਤ ਵਾਂਗ ਵਿਚਰੋ ਅਤੇ ਮਾਲਕ ਨੂੰ ਸਦਾ ਯਾਦ ਰੱਖੋ।' ਇੰਨਾ ਕਹਿ ਕੇ ਗੁਰੂ ਜੀ ਨੇ ਇੱਕ ਵੱਡਮੁੱਲੀ ਪੁਸ਼ਾਕ ਮੱਖਣ ਸ਼ਾਹ ਨੂੰ ਅਸ਼ੀਰਵਾਦ ਦੇ ਰੂਪ ਵਿਚ ਭੇਟਾ ਕੀਤੀ। ਮੱਖਣ ਸ਼ਾਹ ਦੇ ਦੂਜੇ ਸਾਥੀਆਂ ਨੂੰ ਇਨਾਮ ਤੇ ਤੋਹਫੇ ਦਿੱਤੇ। ਭਾਰੇ ਮਾਹੌਲ ਵਿੱਚ ਮੱਖਣ ਸ਼ਾਹ ਨੂੰ ਫਿਰ ਆਪਣੇ ਕਾਰੋਬਾਰੀ ਜੀਵਨ ਵਿਚ ਪਰਤਣ ਦੀ ਇਜਾਜ਼ਤ ਦਿੱਤੀ ਅਤੇ ਉਹ ਡੁਸਕਦਾ ਹੋਇਆ ਉਥੋਂ ਮਾਤਾ ਨਾਨਕੀ ਜੀ ਕੋਲ ਆਇਆ।

ਭਾਈ ਗੁਰਦਿੱਤਾ ਜੀ ਨੇ ਸਵੇਰ ਦੀ ਬੈਠਕ ਵਿਚ ਬਿਨਾਂ ਕਿਸੇ ਭੂਮਿਕਾ ਦੇ ਗੁਰੂ ਕਥਾ ਕਹਿਣੀ ਸ਼ੁਰੂ ਕਰ ਦਿੱਤੀ ਸੀ। ਪ੍ਰਤੀਤ ਹੁੰਦਾ ਸੀ ਕਿ ਜਿਵੇਂ ਜਿਵੇਂ ਉਸਦਾ ਆਖਰੀ ਸਮਾਂ ਨੇੜੇ

ਆ ਰਿਹਾ ਸੀ, ਉਹ ਗੁਰੂ ਕਥਾ ਨੂੰ ਪੂਰੀ ਕਰਨ ਦੀ ਚਿੰਤਾ ਨਾਲ ਰਫ਼ਤਾਰ ਪਕੜਦਾ ਜਾ ਰਿਹਾ ਸੀ। ਅੰਨ ਗ੍ਰਹਿਣ ਨਾ ਕਰਨ ਕਰਕੇ ਉਸਦੇ ਸਰੀਰ ਵਿੱਚ ਕਮਜ਼ੋਰੀ ਵਧਦੀ ਜਾ ਰਹੀ ਸੀ, ਆਵਾਜ਼ ਵਿਚ ਵੀ ਫ਼ਰਕ ਆ ਗਿਆ ਸੀ। ਸੁਭਾਵਿਕ ਹੀ ਸੀ ਕਿ ਸਰੀਰ ਛੱਡਣ ਤੋਂ ਪਹਿਲਾਂ ਹੁਣ ਗੁਰੂ-ਗੁਣ-ਗਾਥਾ ਬਿਆਨ ਕਰਨ ਵਿੱਚ ਰੁਚੀ ਲੱਗੀ ਹੋਈ ਸੀ ਇਸ ਲਈ ਅੱਜ ਉਸ ਸਾਰੇ ਸਰੋਤਿਆਂ ਦੀ ਵੀ ਉਡੀਕ ਨਾ ਕੀਤੀ। ਜਦੋਂ ਰਹਿਮਾਨ ਪਹੁੰਚਿਆ ਤਾਂ ਮੱਖਣ ਸ਼ਾਹ ਦੇ ਗੁਰੂ ਜੀ ਤੋਂ ਇਜਾਜ਼ਤ ਲੈਣ ਦਾ ਪ੍ਰਸੰਗ ਖਤਮ ਹੋ ਚੁੱਕਾ ਸੀ। ਕਥਾ ਦਾ ਕੁਝ ਹਿੱਸਾ ਛੁਟ ਜਾਣ ਉਤੇ ਉਸਨੂੰ ਅਫਸੋਸ ਹੋਇਆ ਇਸ ਲਈ ਪਹੁੰਚਣਸਾਰ ਉਹ ਆਪਣੀ ਸਫ਼ਾਈ ਪੇਸ਼ ਕਰਨ ਲੱਗ ਪਿਆ, 'ਪੀਰ ਸਾਹਿਬ, ਮੇਰੇ ਮੁਹੱਲੇ ਵਿਚ ਉਹ ਸ਼ਬਰਾਤੀ ਹੈ ਨਾ, ਕੰਬਖਤ ਨੇ ਮੇਰੀ ਸ਼ਿਕਾਇਤ ਕੋਤਵਾਲ ਕੋਲ ਕਰ ਦਿੱਤੀ। ਕੋਤਵਾਲ ਨੂੰ ਕਹਿ ਆਇਆ ਹੈ ਕਿ ਮੈਂ ਕਿਸੇ ਕਾਫਰ ਕੋਲ ਕਥਾ ਸੁਣਨ ਜਾਂਦਾ ਹਾਂ।

ਰਹਿਮਾਨ ਦੀ ਗੱਲ ਸੁਣਦਿਆਂ ਸਾਰਿਆਂ ਦਾ ਧਿਆਨ ਉੱਖੜ ਗਿਆ। ਪੀਰ ਸਾਹਿਬ ਦੇ ਚਿਹਰੇ ਉਤੇ ਵੀ ਚਿੰਤਾ ਦੀ ਲਕੀਰ ਉਪਰੀ। ਬੋਲੇ, 'ਫਿਰ, ਫਿਰ ਕੀ ਹੋਇਆ ? '

'ਹੋਇਆ ਕੀ, ਪੀਰ ਸਾਹਿਬ', ਰਹਿਮਾਨ ਨੇ ਆਪਣੀ ਚਿੰਤਾ ਦੀ ਕਹਾਣੀ ਸ਼ੁਰੂ ਕੀਤੀ, 'ਬਸ ਮੂੰਹ ਹਨ੍ਹੇਰੇ ਹੀ ਸਿਪਾਹੀ ਘਰ ਆ ਪਹੁੰਚਿਆ। ਮੈਨੂੰ ਇਧਰ ਆਉਣ ਦੀ ਜਲਦੀ ਸੀ। ਪੁੱਛਿਆ ਕੀ ਗੱਲ ਹੈ ? ਤਾਂ ਪਤਾ ਲੱਗਾ ਕਿ ਕੋਤਵਾਲ ਨੇ ਬੁਲਾਇਆ ਹੈ। ਮਰਦਾ ਕੀ ਨਾਂ ਕਰਦਾ, ਭਰਾ ਨੂੰ ਜਗਾਇਆ ਅਤੇ ਕੋਤਵਾਲੀ ਪਹੁੰਚ ਗਿਆ। ਅਜੇ ਪਹੁ ਨਹੀਂ ਫੁਟੀ ਸੀ, ਕੋਤਵਾਲ ਸ਼ਰਾਬ ਦੇ ਨਸ਼ੇ ਵਿਚ ਧੁੱਤ, ਭੈੜੀ ਹਾਲਤ ਵਿਚ ਬੈਠਾ ਸੀ। ਨਮਸਕਾਰ ਕਹਿਣ ਉਤੇ ਇੰਜ ਬੋਲਿਆ, ਜਿਵੇਂ ਬਦਲ ਫੱਟ ਪਿਆ ਹੋਵੇ -'ਤੂੰ ਕੁਫਰ ਫੈਲਾਉਂਦਾ ਹੈਂ, ਮਰਦੂਦ! ਮੈਂ ਉਸ ਦੇ ਵਤੀਰੇ ਤੋਂ ਘਬਰਾਇਆ। ਤਰਲੇ ਮਿੰਨਤਾਂ ਕਰਕੇ ਉਸ ਨੂੰ ਠੰਢਾ ਕੀਤਾ ਤਾਂ ਨਸ਼ੇ ਵਿਚ ਸਭ ਬਕ ਗਿਆ ਕਿ ਸ਼ਿਕਾਇਤ ਸ਼ਰਾਤੀ ਨੇ ਕੀਤੀ ਹੈ ਅਤੇ ਉਹ ਤਾਂ ਇਹ ਮਾਮਲਾ ਸਿਪਹ-ਏ-ਦੀਨ ਨੂੰ ਸੌਂਪਣ ਜਾ ਰਿਹਾ ਸੀ ਤੇ ਫਿਰ ਕੁਝ ਸੋਚ ਕੇ ਆਪ ਹੀ ਇਸ ਨੂੰ ਨਿਪਟਾਉਣ ਦਾ ਫੈਸਲਾ ਕੀਤਾ। ਮੈਂ ਸਮਝਾਇਆ ਕਿ ਪੀਰ ਸਾਹਿਬ ਦੀ ਹਾਜ਼ਰੀ ਵਿਚ ਜਾਂਦਾ ਹਾਂ। ਪਰਮਾਤਮਾ ਦਾ ਨਾਂ ਲੈਣ ਵਾਲਿਆਂ ਦਾ ਕੁਫ਼ਰ ਨਾਲ ਕੀ ਵਾਸਤਾ। ਨਾਲ ਹੀ ਇੱਕ ਅਸ਼ਰਫੀ ਉਸ ਹਰਾਮਖੋਰ ਨੂੰ ਰਿਸ਼ਵਤ ਵਜੋਂ ਦੇਣੀ ਪਈ ਤਾਂ ਉਸ ਮੁਸੀਬਤ ਤੋਂ ਛੁੱਟ ਕੇ ਇੱਥੇ ਆ ਸਕਿਆ ਹਾਂ।'

'ਇਹ ਤਾਂ ਕੁਝ ਨਹੀਂ, ਉਸ ਬੇਈਮਾਨ ਨੇ ਰਿਸ਼ਵਤ ਲਈ ਹੀ ਇਹ ਸਭ ਢਕਵੰਜ ਕੀਤਾ ਜਾਪਦਾ ਹੈ। ਨਹੀਂ ਤਾਂ ਸਿਪਹ-ਏ-ਦੀਨ ਸਾਡੀ ਇਸ ਬੈਠਕ ਤੋਂ ਬੇਖ਼ਬਰ ਤਾਂ ਨਹੀਂ। ਪੀਰ ਸਾਹਿਬ ਤਾਂ ਔਰੰਗਜ਼ੇਬ ਨਾਲ ਮਿਲ ਹੀ ਚੁੱਕੇ ਹਨ'-ਇੱਕ ਹਾਜ਼ਰ ਸਰੋਤੇ ਨੇ ਕਿਹਾ।

ਹਾਂ, ਹੋ ਸਕਦਾ ਹੈ, ਇਹ ਤਿਕੜਮ ਕੋਤਵਾਲ ਦੀ ਹੀ ਹੋਵੇ ਪਰ ਕੰਬਖਤ ਨੇ ਮੇਰੀ ਤਾਂ ਨੀਂਦ ਹਰਾਮ ਕੀਤੀ ਹੈ ਅਤੇ ਨਾਲ ਹੀ ਮੈਨੂੰ ਕਥਾ ਤੋਂ ਵਾਂਝਿਆਂ ਰੱਖਿਆ ਹੈ,' ਰਹਿਮਾਨ ਬੋਲਿਆ।

'ਕੋਈ ਗੱਲ ਨਹੀਂ, ਅਜੇ ਸ਼ੁਰੂ ਕੀਤਿਆਂ ਸਾਨੂੰ ਬਹੁਤ ਦੇਰ ਨਹੀਂ ਹੋਈ। ਬੱਸ ਮੱਖਣ ਸ਼ਾਹ ਗੁਰੂ ਦਰਬਾਰ ਤੋਂ ਜਾਣ ਲਈ ਗੁਰੂ ਜੀ ਤੋਂ ਆਗਿਆ ਲੈ ਕੇ ਹੁਣ ਮਾਤਾ ਨਾਨਕੀ ਜੀ ਦੇ ਚਰਨਾਂ ਵਿਚ ਹਾਜ਼ਰ ਹੁੰਦਾ ਹੈ। ਭਾਈ ਗੁਰਦਿੱਤਾ ਜੀ ਨੇ ਰਹਿਮਾਨ ਨੂੰ ਦਿਲਾਸਾ ਦਿੱਤਾ। ਰਹਿਮਾਨ ਵੀ ਸਰੋਤਿਆਂ ਵਿਚ ਸ਼ਾਮਲ ਹੋ ਗਿਆ।

'ਮਾਤਾ ਨਾਨਕੀ ਜੀ ਨੇ ਬੜੇ ਪਿਆਰ ਨਾਲ ਮੱਖਣ ਸ਼ਾਹ ਦੇ ਸਿਰ ਉਤੇ ਹੱਥ ਰੱਖਿਆ ਅਤੇ ਕਿਹਾ, 'ਪੁੱਤਰ, ਤੂੰ ਤਾਂ ਗੁਰੂ ਦਰਬਾਰ ਦੀ ਸ਼ਾਨ ਹੈਂ।'

'ਨਹੀਂ ਮਾਤਾ ਜੀ, ਮੈਂ ਤਾਂ ਗੁਰਸਿੱਖਾਂ ਦੀ ਚਰਨ ਧੂੜ ਵੀ ਨਹੀਂ।'

'ਤੂੰ ਗੁਰੂ ਘਰ ਲਈ ਬਹੁਤ ਕੁਝ ਕੀਤਾ ਹੈ।'

'ਸਭ ਕਰਨ ਵਾਲਾ ਗੁਰੂ ਹੈ, ਮਾਤਾ ਜੀ। ਉਹੀ ਹੋਇਆ, ਜੋ ਉਸ ਆਪ ਕਰਵਾਇਆ।' ਮੱਖਣ ਸ਼ਾਹ ਨੇ ਨਿਮਰਤਾ ਪੂਰਵਕ ਉੱਤਰ ਦਿੱਤਾ। ਇਸ ਦਾਸ ਨੂੰ ਆਸ਼ੀਰਵਾਦ ਦਿਓ, ਮਾਤਾ ਜੀ, ਆਪ ਦੀ ਅਸੀਸ ਹੀ ਮੇਰੇ ਲਈ ਮੁਕਤੀ ਹੈ।'

'ਮਾਤਾ ਨਾਨਕੀ ਜੀ ਨੇ ਬੜੇ ਨਿੱਘੇ ਤੇ ਸਨੇਹ ਪੂਰਵਕ ਲਹਿਜੇ ਵਿਚ ਮੱਖਣ ਸ਼ਾਹ ਨੂੰ ਪਿਆਰ ਦਿੱਤਾ ਅਤੇ ਬੋਲੀ, 'ਮੱਖਣ ਤੇਰਾ ਨਾਂ ਗੁਰੂ-ਇਤਿਹਾਸ ਵਿਚ ਅਮਰ ਰਹੇਗਾ। ਜਿੱਥੇ ਵੀ ਜਾਓਗੇ, ਜਿੱਥੇ ਵੀ ਰਹੋਗੇ, ਪਰਮ ਸੁਖ ਤੈਨੂੰ ਪ੍ਰਾਪਤ ਹੋਵੇਗਾ।'

'ਮੱਖਣ ਸ਼ਾਹ ਮਾਤਾ ਗੁਜਰੀ ਜੀ ਤੋਂ ਵੀ ਜਾਣ ਲਈ ਇਜਾਜ਼ਤ ਲੈਣ ਗਿਆ। ਚਰਨ ਛੂਹ ਕੇ ਉਹ ਮਾਤਾ ਗੁਜਰੀ ਜੀ ਦੇ ਸਾਹਮਣੇ ਖੜ੍ਹਾ ਹੋ ਗਿਆ। ਬੜੇ ਪਿਆਰ ਨਾਲ ਮਾਤਾ ਗੁਜਰੀ ਜੀ ਬੋਲੇ, 'ਮੱਖਣ ਵੀਰ, ਸਾਨੂੰ ਭੁਲਾ ਨਹੀਂ ਦੇਣਾ। ਮੇਰੇ ਵਾਸਤੇ ਤੇਰੇ ਅਤੇ ਕਿਰਪਾਲ ਵਿਚ ਕੋਈ ਫ਼ਰਕ ਨਹੀਂ। ਜਿੱਥੇ ਵੀ ਰਹੋ, ਗੁਰੂ ਕਿਰਪਾ ਕਰੇਗਾ। '

'ਹੁਣ ਮੱਖਣ ਸ਼ਾਹ ਗੁਰੂ ਦਰਬਾਰ ਦੇ ਦੀਵਾਨ ਦਿਆਲ ਦਾਸ ਅਤੇ ਭਾਈ ਮਤੀਦਾਸ ਅਤੇ ਮੈਨੂੰ ਮਿਲਣ ਲਈ ਆਇਆ। ਉਸ ਵਾਰੀ ਵਾਰੀ ਸਾਨੂੰ ਤਿੰਨਾਂ ਨੂੰ ਗੱਲਵਕੜੀ ਪਾਈ। ਚਾਰਾਂ ਦੀਆਂ ਅੱਖਾਂ ਵਿਚ ਹੰਝੂ ਸਨ, ਅਸੀਂ ਮਹਿਸੂਸ ਕੀਤਾ ਕਿ ਸਾਡੀ ਇੱਕ ਬਾਂਹ ਟੁੱਟ ਰਹੀ ਹੈ। ਬਾਂਹ ਟੁੱਟਣ ਦਾ ਦੁੱਖ ਕਿੰਨਾ ਜ਼ਿਆਦਾ ਮਹਿਸੂਸ ਹੋ ਰਿਹਾ ਸੀ ਕਿ ਬਹੁਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਅੱਥਰੂਆਂ ਦੀ ਝੜੀ ਲੱਗ ਗਈ ਪਰ ਮੱਖਣ ਸ਼ਾਹ ਤਾਂ ਜਾਣਾ ਹੀ ਸੀ, ਕਰਮ-ਭੂਮੀ

ਉਸਨੂੰ ਆਵਾਜ਼ਾਂ ਮਾਰ ਰਹੀ ਸੀ ਅਤੇ ਗੁਰੂ ਜੀ ਵੱਲੋਂ ਉਸਨੂੰ ਆਗਿਆ ਮਿਲ ਚੁੱਕੀ ਸੀ। ਭਾਰੇ ਮਨ ਨਾਲ ਅਸੀਂ ਮੱਖਣ ਸ਼ਾਹ ਨੂੰ ਵਿਦਾ ਕੀਤਾ।

'ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਦੇ ਪ੍ਰਸਾਰ ਤੇ ਪ੍ਰਚਾਰ ਲਈ ਜਦੋਂ ਉਦਾਸੀਆਂ ਆਰੰਭ ਕੀਤੀਆਂ ਤਾਂ ਸ਼ਾਇਦ ਨਗਰਾਂ ਦੀ ਚੋਣ ਕਰਨ ਦਾ ਪ੍ਰਸ਼ਨ ਉਹਨਾਂ ਸਾਹਮਣੇ ਆਇਆ ਹੋਵੇਗਾ। ਵੇਖਣ ਵਿਚ ਆਇਆ ਹੈ ਕਿ ਉਹਨਾਂ ਨੇ ਅਜਿਹੇ ਸਥਾਨਾਂ ਉਤੇ ਵਿਸ਼ੇਸ਼ ਤੌਰ ਤੇ ਫੇਰੀ ਲਾਈ, ਜਿਹੜੇ ਹਿੰਦੂਆਂ, ਮੁਸਲਮਾਨਾਂ ਅਤੇ ਬੋਧੀਆਂ ਦੇ ਧਰਮ ਅਸਥਾਨ ਵਜੋਂ ਮਸ਼ਹੂਰ ਸਨ। ਉਹਨਾਂ ਦਾ ਮਨੋਰਥ ਇਹੋ ਰਿਹਾ ਹੋਵੇਗਾ ਕਿ ਅਜਿਹੀਆਂ ਥਾਵਾਂ ਉਤੇ ਸੱਚ ਦੇ ਅਭਿਲਾਸ਼ੀ ਤਾਂ ਆਉਂਦੇ ਹੀ ਹਨ। ਉਹਨਾਂ ਨੂੰ ਗੁਰਮਤਿ ਦਾ ਸਹੀ ਰੂਪ ਦਰਸਾਇਆ ਜਾ ਸਕੇ। ਗੁਰੂ ਨਾਨਕ ਦੇਵ ਜੀ ਦੁਆਰਾ ਅਜਿਹੇ ਸਾਰੇ ਸਥਾਨਾਂ ਦੀ ਯਾਤਰਾ ਦਾ ਸਪਸ਼ਟ ਪ੍ਰਮਾਣ ਇਹ ਹੈ ਕਿ ਕਾਬਾ ਹੋਵੇ ਜਾਂ ਕਾਸ਼ੀ, ਬੋਧ ਗਯਾ ਹੋਵੇ ਚਾਹੇ ਜਗਨਨਾਥ ਪੁਰੀ, ਇਸ ਤਰ੍ਹਾਂ ਦੇ ਸਾਰੇ ਤੀਰਥਾਂ ਉਤੇ ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰਾਂ ਕਾਇਮ ਹਨ ਕਿਉਂਕਿ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਘੇਰਾ ਵਿਦੇਸ਼ਾਂ ਤੱਕ ਫੈਲਿਆ ਹੋਇਆ ਸੀ ਇਸ ਲਈ ਗੁਰਮਤਿ ਨਾਲ ਪਿਆਰ ਕਰਨ ਵਾਲੇ ਸ਼ਰਧਾਲੂ ਦੀਵਾਲੀ ਜਾਂ ਵਿਸਾਖੀ ਦੇ ਮੌਕੇ ਸਾਲ ਵਿਚ ਇੱਕ ਵਾਰ ਜ਼ਰੂਰ ਗੁਰੂ-ਚਰਨਾਂ ਦੀ ਛੂਹ ਪ੍ਰਾਪਤ ਕਰਨ ਵਾਸਤੇ ਸਾਲ ਵਿਚ ਇੱਕ ਵਾਰ ਪੰਜਾਬ ਆਉਂਦੇ ਸਨ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀਆਂ ਵਿੱਚੋਂ ਕੋਈ ਵੀ ਹੁਣ ਤੱਕ ਲੰਬੀ ਫੇਰੀ ਲਈ ਨਹੀਂ ਨਿਕਲਿਆ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਤੋਂ ਇਲਾਵਾ ਹੋਰ ਪ੍ਰਦੇਸ਼ਾਂ ਵਿਚ ਗੁਰਮਤਿ ਦਾ ਪ੍ਰਭਾਵ ਖ਼ਤਮ ਹੁੰਦਾ ਜਾ ਰਿਹਾ ਸੀ। ਦੂਰ-ਦੂਰ ਤੋਂ ਪੰਜਾਬ ਵਿਚ ਆ ਕੇ ਗੁਰੂ ਦੇ ਦਰਸ਼ਨਾਂ ਦਾ ਮੋਹ ਵੀ ਲੋਕਾਂ ਵਿਚੋਂ ਘਟਦਾ ਜਾ ਰਿਹਾ ਸੀ। ਇਸ ਸਥਿਤੀ ਨੂੰ ਸੰਭਾਲਣ ਅਤੇ ਗੁਰਮਤਿ ਦੇ ਪ੍ਰਚਾਰ ਨੂੰ ਨਵੇਂ ਸਿਰੇ ਤੋਂ ਤੇਜ਼ ਕਰਨ ਦੇ ਵਿਚਾਰ ਨਾਲ ਹੀ ਗੁਰੂ ਤੇਗ ਬਹਾਦਰ ਜੀ ਨੇ ਪੂਰਬ ਦਿਸ਼ਾ ਦੀ ਯਾਤਰਾ ਦਾ ਸੱਦਾ ਖੁਸ਼ੀ ਖੁਸ਼ੀ ਪਰਵਾਨ ਕਰ ਲਿਆ ਸੀ।

ਯਾਤਰਾ ਦੀ ਮਿਤੀ ਦਾ ਐਲਾਨ ਕਰ ਦਿੱਤਾ ਗਿਆ। ਗੁਰੂ ਜੀ ਪਰਿਵਾਰ ਸਾਹਿਤ ਯਾਤਰਾ ਉਤੇ ਜਾਣਾ ਚਾਹੁੰਦੇ ਸਨ। ਗੁਰਮਤਿ ਵਿਚ ਇਸਤਰੀ ਨੂੰ ਸਮਾਜਿਕ ਅਰਧੰਗ ਦੇ ਰੂਪ ਵਿਚ ਕਿਸੇ ਵੀ ਹੱਕ ਤੋਂ ਵਾਂਝਿਆ ਨਹੀਂ ਰੱਖਿਆ ਗਿਆ। ਪੋਥੀ ਸਾਹਿਬ ਨੂੰ ਕਾਨੀਬੰਦ ਕਰਨ ਵਾਲੇ ਭਾਈ ਗੁਰਦਾਸ ਜੀ ਨੇ ਤਾਂ ਨਾਰੀ ਦੀ ਪ੍ਰਸ਼ੰਸਾ ਵਿਚ ਇੱਥੋਂ ਤੱਕ ਕਿਹਾ ਹੈ:-

*ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ ॥*
*ਗੁਰਮੁਖ ਸੁਖ ਫਲ ਨਿਹਚਉ ਨਾਰੀ।*

ਨਾਰੀ ਸਮਾਜਿਕ ਪ੍ਰਸਾਰ ਦੀ ਜਨਨੀ ਹੈ, ਇਸ ਲਈ ਉਹ ਮਾਂ, ਭੈਣ, ਬੇਟੀ ਜਾਂ ਪਤਨੀ ਕਿਸੇ ਵੀ ਰੂਪ ਵਿਚ ਮਾਣ ਤੇ ਆਦਰ ਦੀ ਹੱਕਦਾਰ ਹੈ। ਪੂਰਨ ਰੂਪ ਵਿਚ ਸਮਰਪਿਤ ਮਾਤਾ ਗੁਜਰੀ ਜੀ ਦੀ ਵੀਹ ਸਾਲਾਂ ਦੀ ਤਪੱਸਿਆ ਨੇ ਹੀ ਬਾਬਾ ਤੇਗ ਬਹਾਦਰ ਜੀ ਨੂੰ ਗੁਰੂ ਤੇਗ ਬਹਾਦਰ ਜੀ ਬਣਾਇਆ ਸੀ, ਫਿਰ ਅਧਿਆਤਮਕ ਖੇਤਰ ਵਿਚ ਆਪਣੀ ਸਾਧਨਾ ਦੇ

ਲੱਗੇ ਫਲ ਦੇ ਸੁਖ ਤੋਂ ਉਹ ਕਿਉਂ ਵਿਰਵੇ ਰਹਿਣ, ਗੁਰੂ ਜੀ ਨੇ ਇਸ ਕਰਕੇ ਹੀ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਜੀ ਨੂੰ ਆਪਣੇ ਨਾਲ ਹੀ ਯਾਤਰਾ ਉਤੇ ਲੈ ਜਾਣ ਦਾ ਫੈਸਲਾ ਕੀਤਾ ਸੀ। ਬੀਬੀ ਵੀਰੋ ਵਾਪਸ ਆਪਣੇ ਪਿੰਡ ਚਲੀ ਗਈ ਸੀ, ਇਸ ਲਈ ਯਾਤਰਾ ਦੀ ਨਿਗਰਾਨੀ ਦੀ ਸਮੁੱਚੀ ਜ਼ਿੰਮੇਵਾਰੀ ਭਾਈ ਮਤੀ ਦਾਸ ਅਤੇ ਭਾਈ ਦਿਆਲ ਦਾਸ ਨੂੰ ਸੌਂਪੀ ਗਈ। ਕਿਰਪਾਲ ਆਮਦਨੀ ਤੇ ਖ਼ਰਚ ਦੀ ਦੇਖਭਾਲ ਕਰਦਾ ਸੀ, ਯਾਤਰਾ ਦਾ ਸਾਰਾ ਖਰਚ ਪਟਨਾ ਦੀ ਸੰਗਤ ਦੀ ਜ਼ਿੰਮੇ ਸੀ।

ਲਗਭਗ 1722 ਬਿਕਰਮੀ ਭਾਦੋਂ ਦੇ ਅਖੀਰ ਵਿਚ ਗੁਰੂ ਜੀ ਅਨੰਦਪੁਰ ਤੋਂ ਰਵਾਨਾ ਹੋਏ। ਅਨੰਦਪੁਰ ਵਿਚ ਅਜੇ ਉਸਾਰੀ ਦਾ ਕੰਮ ਚੱਲ ਰਿਹਾ ਸੀ, ਇਸ ਲਈ ਕੁਝ ਚੁਣੇ ਹੋਏ ਸੁਘੜ ਸਿੱਖਾਂ ਨੂੰ ਉਥੋਂ ਦੀ ਨਿਗਰਾਨੀ ਵਾਸਤੇ ਛੱਡ ਦਿੱਤਾ ਗਿਆ। ਯਾਤਰਾ ਦਾ ਪ੍ਰਬੰਧ ਅਤੇ ਰਸਤੇ ਵਿਚ ਪੜਾਵਾਂ ਦੀ ਵਿਉਂਤ ਵੀ ਗੁਰੂ ਜੀ ਦੀ ਆਪਣੀ ਹੀ ਸੀ। ਉਹ ਸਰਾਵਾਂ-ਧਰਮਸ਼ਾਲਾਵਾਂ ਵਿਚ ਰੁਕਣ ਦੀ ਬਜਾਏ ਆਪਣੇ ਤੰਬੂ ਗੱਡ ਕੇ ਉਹਨਾਂ ਵਿਚ ਠਹਿਰਦੇ ਸਨ। ਸਿੱਖਾਂ ਦਾ ਇੱਕ ਦਲ ਅੱਗੇ-ਅੱਗੇ ਚੱਲ ਰਿਹਾ ਸੀ, ਜਿਸ ਨੂੰ ਇਹੀ ਕੰਮ ਸੌਂਪਿਆ ਗਿਆ ਸੀ ਕਿ ਉਹ ਗੁਰੂ ਜੀ ਦੇ ਪਹੁੰਚਣ ਤੋਂ ਪਹਿਲਾਂ ਖੇਮੇ ਗੱਡ ਕੇ ਤਿਆਰ ਰੱਖਦੇ ਸਨ। ਗੁਰੂ ਜੀ, ਭਾਈ ਦਿਆਲ ਦਾਸ, ਭਾਈ ਮਤੀ ਦਾਸ, ਭਾਈ ਸਤੀ ਦਾਸ ਮੈਂ ਅਤੇ ਗੁਰੂ ਦਰਬਾਰ ਦੇ ਕੁਝ ਹੋਰ ਮਹੱਤਵਪੂਰਨ ਵਿਅਕਤੀ ਘੋੜਿਆਂ ਉੱਤੇ ਸਵਾਰ ਹੋ ਕੇ ਚੱਲ ਰਹੇ ਸਨ। ਸਾਮਾਨ ਗੱਡਿਆਂ ਤੇ ਖੱਚਰਾਂ ਉਤੇ ਲੱਦਿਆ ਹੋਇਆ ਸੀ।

ਪਹਿਲੇ ਦਿਨ ਸਿਰਫ਼ ਅੱਠ ਮੀਲ ਦਾ ਪੈਂਡਾ ਤਹਿ ਕਰਕੇ ਗੁਰੂ ਜੀ ਨੇ ਕੀਰਤਪੁਰ ਤੋਂ ਤਿੰਨ ਮੀਲ ਅੱਗੇ ਇੱਕ ਪਿੰਡ ਵਿਚ ਪੜਾਅ ਕੀਤਾ। ਗੁਰੂ ਜੀ ਦੀ ਮੌਜ, ਉਹ ਪਿੰਡ ਲਗਭਗ ਉੱਜੜਿਆ ਹੋਇਆ ਸੀ। ਵਰਖਾ ਨੇ ਫਸਲਾਂ ਤਬਾਹ ਕਰ ਦਿੱਤੀਆਂ ਸਨ, ਕੱਚੇ ਮਕਾਨ ਡਿੱਗ ਗਏ ਸਨ, ਪੀਣ ਵਾਸਤੇ ਪਾਣੀ ਨਸੀਬ ਨਹੀਂ ਸੀ ਅਤੇ ਲੋਕ ਭੁੱਖੇ ਮਰ ਰਹੇ ਸਨ। ਉਹਨਾਂ ਦੀ ਮਾੜੀ ਹਾਲਤ ਵੇਖ ਕੇ ਗੁਰੂ ਜੀ ਨੇ ਯਾਤਰਾ ਦੌਰਾਨ ਵਿਤ-ਅਧਿਕਾਰੀ ਕਿਰਪਾਲ ਚੰਦ ਨੂੰ ਬੁਲਾ ਕੇ ਉਸ ਪਿੰਡ ਵਿਚ ਇੱਕ ਖੂਹ ਲਗਵਾਉਣ ਅਤੇ ਪੰਗਤ ਸ਼ੁਰੂ ਕਰਨ ਦਾ ਹੁਕਮ ਦਿੱਤਾ। ਪਿੰਡ ਦੇ ਲੋਕਾਂ ਨੂੰ ਕੁਝ ਸੁਖ ਦਾ ਸਾਹ ਆਇਆ।

ਗੁਰੂ ਜੀ ਨੂੰ ਕੁਝ ਦਿਨ ਉਥੇ ਹੀ ਰੁਕਣਾ ਪਿਆ। ਨਾਲ ਦੇ ਪਿੰਡਾਂ ਦੇ ਸੈਂਕੜੇ ਲੋਕ ਰੋਜ਼ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ, ਉਥੇ ਹੀ ਦੀਵਾਨ ਲਗਦਾ, ਕੀਰਤਨ ਹੁੰਦਾ ਅਤੇ ਪ੍ਰਮਾਤਮਾ ਦੇ ਪਿਆਰ ਵਿਚ ਸ਼ਬਦ ਗਾਏ ਜਾਂਦੇ।

*ਰਾਮੁ ਸਿਮਰਿ ਰਾਮੁ ਸਿਮਰਿਇ, ਇਹੈ ਤੇਰੈ ਕਾਜਿ ਹੈ ॥*

*ਮਾਇਆ ਕੋ ਸੰਗੁ ਤਿਆਗਿ, ਪ੍ਰਭੂ ਜੂ ਕੀ ਸਰਨਿ ਲਾਗੁ ॥*

*ਜਗਤ ਸੁਖ ਮਾਨੁ ਮਿਥਿਆ, ਝੂਠੋ ਸਭ ਸਾਜੁ ਹੈ ॥ ਰਹਾਉ ॥*

*ਸੁਪਨੇ ਜਿਉ ਧਨੁ ਪਛਾਨੁ ॥*
*ਕਾਹੇ ਪਰਿ ਕਰਤ ਮਾਨੁ ॥*
*ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥*
*ਨਾਨਕ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ ॥*
*ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥*

ਗੁਰੂ ਜੀ ਆਪ ਉਪਦੇਸ਼ ਦਿੰਦੇ- 'ਹੇ ਪ੍ਰਾਣੀ, ਪਰਮਾਤਮਾ ਦਾ ਸਿਮਰਨ ਕਰ, ਮਨੁੱਖੀ ਜੀਵਨ ਅਜਾਈਂ ਬੀਤ ਰਿਹਾ ਹੈ। ਇਹ ਸਰੀਰ ਨਾਸ਼ਵਾਨ ਹੈ, ਪਾਣੀ ਦੇ ਬੁਲਬਲੇ ਵਾਂਗ ਕਦੇ ਵੀ ਨਸ਼ਟ ਹੋ ਜਾਵੇਗਾ। ਇਸ ਲਈ ਹਰ ਤਰ੍ਹਾਂ ਦੇ ਭਰਮਾਂ ਤੋਂ ਮੋਹ ਮਾਇਆ ਦਾ ਤਿਆਗ ਕਰਕੇ, ਗੋਬਿੰਦ ਗੁਣ ਗਾਉ। ਤੁਹਾਡੇ ਨਾਲ ਕੇਵਲ ਨਾਮੁ ਹੀ ਜਾਵੇਗਾ। ਵਿਸ਼ੇ-ਵਿਕਾਰਾਂ ਨੂੰ ਜ਼ਹਿਰ ਸਮਝ ਕੇ ਭੁਲਾ ਦੇਵੋ ਅਤੇ ਈਸ਼ਵਰ ਦੀ ਅਰਾਧਨਾ ਕਰੋ ਨਹੀਂ ਤਾਂ ਅਵਸਰ ਹੱਥੋਂ ਨਿਕਲ ਜਾਣ ਪਿੱਛੋਂ ਪਛਤਾਉਣਾ ਪਵੇਗਾ।'

*ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥੁ ਕੀਨੁ।*
*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ।*

ਭਾਵ ਇਹ ਕਿ ਕੀਰਤਨ ਤੇ ਉਪਦੇਸ਼ ਵਿਚ ਇੱਕੋ ਹੀ ਗੱਲ ਗੂੰਜ ਰਹੀ ਸੀ। ਹਰੀ ਦਾ ਭਜਨ ਸਿਮਰਨ ਕਰੋ, ਜੀਵਨ ਵਿਅਰਥ ਜਾ ਰਿਹਾ ਹੈ, ਮਾਲਕ ਦਾ ਨਾਮ ਜਪੋ। ਸੰਗਤ ਗੁਰਬਾਣੀ ਦੇ ਪਾਠ ਕਰਦੀ ਤੇ ਸੁਣਦੀ ਤ੍ਰਿਪਤ ਹੁੰਦੀ ਅਤੇ ਵਾਹਿਗੁਰੂ ਦੇ ਪ੍ਰੇਮ ਵਿਚ ਲੀਨ ਹੋ ਜਾਂਦੀ। ਬੜੇ ਭਾਗਾਂ ਵਾਲਾ ਪਿੰਡ ਸੀ ਉਹ, ਜਿਥੇ ਗੁਰੂ ਜੀ ਇੰਨੇ ਦਿਨ ਰੁਕੇ ਅਤੇ ਉਜੜੇ ਹੋਏ ਲੋਕਾਂ ਨੂੰ ਨਾ ਸਿਰਫ਼ ਫਿਰ ਵਸਾਇਆ, ਸਗੋਂ ਉਹਨਾਂ ਨੂੰ ਹਮੇਸ਼ਾ ਸੁਖੀ ਰਹਿਣ ਲਈ ਅਸੀਸ ਵੀ ਦਿੱਤੀ।

ਉਸ ਅਣਗੌਲੇ ਜਿਹੇ ਛੋਟੇ ਪਿੰਡ ਤੋਂ ਚੱਲ ਕੇ ਗੁਰਦੇਵ ਰੋਪੜ ਤੋਂ ਹੁੰਦੇ ਹੋਏ ਸੈਫ਼ਾਬਾਦ ਅੱਪੜੇ। ਨਵਾਬ ਸੈਫ-ਉਲ-ਦੀਨ ਛੇਵੇਂ ਗੁਰੂ ਜੀ ਦਾ ਭਗਤ ਤੇ ਮਿੱਤਰ ਸੀ। ਗੁਰੂ ਤੇਗ ਬਹਾਦਰ ਜੀ ਨੇ ਉਸਦੇ ਬਗੀਚੇ ਵਿਚ ਪੜਾਅ ਕੀਤਾ। ਨਵਾਬ ਮੁਗ਼ਲ ਦਰਬਾਰ ਵਿਚ ਪੰਜ ਹਜ਼ਾਰੀ ਦੇ ਤੌਰ ਤੇ ਸਨਮਾਨਿਤ ਸੀ ਪਰ ਬੜੀ ਪਵਿੱਤਰ ਆਤਮਾ ਵਾਲਾ ਅਤੇ ਪ੍ਰਮਾਤਮਾ ਨੂੰ ਯਾਦ ਕਰਨ ਵਾਲਾ ਮਨੁੱਖ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਦੇ ਆਗਮਨ ਦੀ ਖ਼ਬਰ ਸੁਣ ਕੇ ਉਹ ਆਪ ਆਪਣੀ ਬੇਗ਼ਮ ਸਮੇਤ ਬਗੀਚੇ ਵਿਚ ਆਇਆ। ਅਨੇਕਾਂ ਕੀਮਤੀ ਨਜ਼ਰਾਨੇ ਗੁਰੂ ਜੀ ਨੂੰ ਭੇਟਾ ਕਰਕੇ ਗੁਰੂ ਜੀ ਦਾ ਸੁਆਗਤ ਕੀਤਾ। ਗੁਰੂ ਜੀ ਦੇ ਉਥੇ ਪਧਾਰਨ ਨੂੰ ਉਸ ਨੇ ਆਪਣਾ ਅਤੇ ਨਗਰ ਦਾ ਸੁਭਾਗ ਸਮਝਿਆ।

ਨਵਾਬ ਨੇ ਗੁਰੂ ਜੀ ਨੂੰ ਉਸਦੇ ਮਹਿਲ ਵਿਚ ਚੱਲ ਕੇ ਰਹਿਣ ਲਈ ਅਰਜ਼ੋਈ ਕੀਤੀ। ਗੁਰੂ ਪਰਿਵਾਰ ਨਾਲ ਪੁਰਾਣੇ ਸਬੰਧਾਂ ਨੂੰ ਵੇਖਦਿਆਂ ਗੁਰੂ ਜੀ ਨੇ ਨਵਾਬ ਨਾਲ ਜਾਣਾ ਮੰਨ ਲਿਆ। ਗੁਰੂ ਜੀ ਘੋੜੇ ਉਤੇ ਸਵਾਰ ਹੋਏ ਤਾਂ ਸਤਿਕਾਰ ਵਜੋਂ ਨਵਾਬ ਆਪ ਘੋੜੇ ਦੀ ਲਗਾਮ ਪਕੜ ਕੇ ਪੈਦਲ ਤੁਰਿਆ। ਬੇਗ਼ਮ ਨੇ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਨੂੰ ਮਹਿਲਾਂ ਵਿਚ ਲੈ ਜਾਣ ਦਾ ਪ੍ਰਬੰਧ ਕੀਤਾ। ਨਵਾਬ ਅਤੇ ਉਸਦੀ ਬੇਗਮ ਨੇ ਗੁਰੂ ਜੀ ਤੇ ਮਾਤਾਵਾਂ ਦੀ ਇੰਨੇ ਪਿਆਰ ਤੇ ਸਤਿਕਾਰ ਨਾਲ ਸੇਵਾ ਕੀਤੀ ਕਿ ਰਵਾਨਗੀ ਵਕਤ ਗੁਰੂ ਜੀ ਨੇ ਨਵਾਬ ਨੂੰ ਗਲੇ ਨਾਲ ਲਾ ਲਿਆ। ਇੰਞ ਪ੍ਰਤੀਤ ਹੁੰਦਾ ਸੀ ਕਿ ਪਵਿੱਤਰਤਾ ਪੱਖੋਂ ਸਿੱਖ ਮੱਤ ਅਤੇ ਇਸਲਾਮ ਦੋਵੇਂ ਗਲੇ ਮਿਲ ਕੇ ਉਤਪੋਤ ਹੋ ਰਹੇ ਹਨ- ਸਚਮੁੱਚ ਪਵਿੱਤਰ ਤੇ ਅਧਿਆਤਮਕ ਪੱਧਰ ਉਤੇ ਸਾਰੇ ਮਜ਼ਹਬ ਇੱਕ ਹੀ ਤਾਂ ਹਨ। ਈਸ਼ਵਰ ਇੱਕ ਹੈ ਤਾਂ ਉਸਦੇ ਉਪਾਸ਼ਕ ਵੱਖ-ਵੱਖ ਕਿਵੇਂ ਹੋ ਸਕਦੇ ਹਨ? ਕੇਵਲ ਦੂਸ਼ਤ ਭਾਵ ਹੀ ਉਪਾਸ਼ਕਾਂ ਵਿਚ ਫੱਟੀਆਂ ਪਾਉਂਦਾ ਹੈ ਅਤੇ ਮਹਾਪੁਰਖ ਭਾਵੇਂ ਕਿਸੇ ਦੇਸ਼, ਜ਼ਾਤ ਜਾਂ ਧਰਮ ਵਿਚ ਕਿਉਂ ਨਾ ਪੈਦਾ ਹੋਏ ਹੋਣ ਉਹ ਮਾੜੀ ਸਿੱਖਿਆ ਕਦੀ ਨਹੀਂ ਦਿੰਦੇ।

ਤਕਰੀਬਨ ਪੰਦਰਾਂ ਦਿਨ ਨਵਾਬ ਤੇ ਗੁਰੂ ਜੀ ਦਾ ਸਤਸੰਗ ਰਿਹਾ। ਬੇਗ਼ਮ ਨੇ ਮਾਤਾ ਨਾਨਕੀ ਜੀ ਦੀ ਇੰਨੀ ਅਦਭੁੱਤ ਸੇਵਾ ਕੀਤੀ ਸੀ ਕਿ ਉਹਨਾਂ ਨੇ ਅਸੀਸਾਂ ਦੀ ਝੜੀ ਲਾ ਦਿੱਤੀ ਸੀ। ਮਾਤਾ ਗੁਜਰੀ ਜੀ ਨੇ ਵੀ ਤੁਰਨ ਵਕਤ ਖਿੱਚ ਕੇ ਬੇਗ਼ਮ ਨੂੰ ਆਪਣੇ ਗਲ਼ੇ ਲਾ ਲਿਆ ਸੀ, ਬੋਲੀ-'ਭੈਣ ਤੂੰ ਸਾਡਾ ਮਨ ਮੋਹ ਲਿਆ ਹੈ, ਵਾਹਿਗੁਰੂ ਤੁਹਾਡਾ ਕਲਿਆਣ ਕਰੇਗਾ, ਦੋ ਜਹਾਨਾਂ ਵਿਚ ਸੁਖ ਪਾਓਗੇ।' ਤਿੰਨੋਂ ਇਸਤਰੀਆਂ ਦੀਆਂ ਅੱਖਾਂ ਸੱਜਲ ਸਨ।

ਹੁਣ ਗੁਰੂ ਤੇਗ ਬਹਾਦਰ ਜੀ ਨੇ ਸੈਰ ਸਪਾਟੇ ਅਤੇ ਧਾਰਮਿਕ ਮਹੱਤਵ ਵਾਲੀਆਂ ਥਾਵਾਂ ਉਤੇ ਜਾਣ ਦਾ ਪ੍ਰੋਗਰਾਮ ਬਣਾਇਆ। ਸਭ ਤੋਂ ਪਹਿਲਾਂ ਕੁਰੂਕਸ਼ੇਤਰ ਦੀ ਯਾਤਰਾ ਦਾ ਫੈਸਲਾ ਕੀਤਾ ਗਿਆ। ਗੁਰੂ ਜੀ ਕੈਥਲ, ਪੇਹੋਵਾ ਤੇ ਬਰਨਾ ਰੁਕਦੇ ਹੋਏ ਕੁਰੂਕਸ਼ੇਤਰ ਪਹੁੰਚਣਾ ਚਾਹੁੰਦੇ ਸੀ। ਕੈਥਲ ਵਿਖੇ ਤਾਂ ਨਗਰ ਤੋਂ ਬਾਹਰ ਹੀ ਪੜਾਅ ਕੀਤਾ ਗਿਆ। ਅਗਲੇ ਦਿਨ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਸਮਾਉਣ ਦਾ ਦਿਵਸ ਸੀ। ਇੱਕ ਤਰਖਾਣ ਦੇ ਘਰ ਸੰਗਤ ਹੋਈ। ਮੈਨੂੰ ਪਾਠ ਕਰਨ ਤੇ ਹੋਰ ਵਿਧੀਆਂ ਪੂਰੀਆਂ ਕਰਨ ਦਾ ਹੁਕਮ ਹੋਇਆ। ਪਿੰਡ ਵਿਚ ਸਿਰਫ਼ ਤਿੰਨ ਸਿੱਖ ਪਰਿਵਾਰ ਸਨ ਪਰ ਹੋਰ ਸੈਂਕੜੇ ਲੋਕ ਵੀ ਉਤਸੁਕਤਾ ਤੇ ਸਦਭਾਵਨਾ ਦੇ ਬੱਝੇ ਗੁਰੂ ਜੀ ਦੇ ਦਰਸ਼ਨਾਂ ਲਈ ਆ ਗਏ। ਪੂਰਬ ਦਾ ਬੜਾ ਆਨੰਦ ਰਿਹਾ। ਪੇਹੋਵਾ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਏ ਜੀ ਦੇ ਆਗਮਨ ਦੀ ਯਾਦ ਵਿਚ ਸਿੱਖਾਂ ਨੇ ਪਹਿਲਾਂ ਹੀ ਗੁਰਦੁਆਰੇ ਬਣਾ ਲਏ ਸਨ। ਗੁਰੂ ਜੀ ਨੇ ਉਹਨਾਂ ਪਵਿੱਤਰ ਸਥਾਨਾਂ ਉਤੇ ਫੁੱਲ ਚੜ੍ਹਾਏ ਅਤੇ ਉਥੋਂ ਬਰਨਾ ਅੱਪੜੇ। ਬਰਨਾ ਵਿਚ ਕੌਤਕ ਵਾਪਰਿਆ। ਇੱਕ ਗੁਰਸਿੱਖ ਸੇਵਾ ਕਰ ਰਿਹਾ ਸੀ। ਉਧਰ ਪਟਵਾਰੀ ਉਸਦੀ ਜ਼ਮੀਨ ਉਤੇ ਮਾਲੀਆ ਲਾਉਣ

ਲਈ ਆਇਆ ਹੋਇਆ ਸੀ। ਸਿੱਖ ਨੇ ਗੁਰੂ ਜੀ ਨੂੰ ਬੇਨਤੀ ਕੀਤੀ- 'ਸੱਚੇ ਪਾਤਸ਼ਾਹ, ਇਜਾਜ਼ਤ ਹੋਵੇ ਤਾਂ ਮੈਂ ਪਟਵਾਰੀ ਨੂੰ ਮਿਲ ਕੇ ਕੁਝ ਛੋਟ ਲਈ ਬੇਨਤੀ ਕਰ ਲਵਾਂ।'

'ਤੂੰ ਕਿਉਂ ਚਿੰਤਾ ਕਰਦਾ ਹੈਂ। ਪਰਮਾਤਮਾ ਉਤੇ ਭਰੋਸਾ ਰੱਖ, ਸਭ ਠੀਕ ਹੋ ਜਾਵੇਗਾ' ਗੁਰੂ ਜੀ ਨੇ ਸਮਝਾਇਆ।

ਪਿੱਛੋਂ ਪਤਾ ਲੱਗਿਆ ਕਿ ਉਸਦੀ ਇੱਕ ਸੌ ਪੰਝੀ ਵਿੱਘੇ ਧਰਤੀ ਉਤੇ ਸਿਰਫ਼ ਪੰਝੀ ਵਿਘ ਸ਼ਰਤੀ ਦਾ ਮਾਲੀਆ ਲੱਗਾ। ਪਟਵਾਰੀ ਨੇ ਕਈ ਵਾਰ ਪੈਮਾਇਸ਼ ਕੀਤੀ, ਹਰ ਵਾਰ ਉਹ ਪੰਝੀ ਵਿੱਘੇ ਹੀ ਨਿਕਲਦੀ। ਅਖੀਰ ਉਸ ਆਪਣੇ ਕਾਗਜ਼ਾਂ ਤੋਂ ਉਸੇ ਉਤੇ ਮਾਲੀਆ ਦਰਜ ਕਰ ਲਿਆ।

ਬਰਨਾ ਤੋਂ ਗੁਰੂ ਜੀ ਦਾ ਕਾਫ਼ਲਾ ਕੁਰੂਕਸ਼ੇਤਰ ਦਾਖਲ ਹੋਇਆ। ਭਾਰਤ ਦੇ ਹਿੰਦੂ ਸਮਾਜ ਵਿਚ ਸੰਤ-ਮਹਾਤਮਾ ਦਾ ਸੰਕਲਪ ਆਮ ਕਰਕੇ ਵੈਰਾਗੀ, ਤਿਆਗੀ, ਤਪੱਸਵੀ ਆਦਿ ਦੇ ਰੂਪ ਵਿਚ ਬਣਿਆ ਹੋਇਆ ਸੀ। ਲੋਕਾਂ ਜਦੋਂ ਇਹ ਸੁਣਿਆ ਕਿ ਕੋਈ ਅਜਿਹਾ ਸੰਤ ਆ ਰਿਹਾ ਹੈ, ਜਿਸ ਨਾਲ ਇਸਤਰੀਆਂ ਵੀ ਹਨ, ਜਿਹੜਾ ਕਿਰਪਾਨ ਪਾਉਂਦਾ ਹੈ ਅਤੇ ਸ਼ਿਕਾਰ ਵੀ ਖੇਡਦਾ ਰਿਹਾ ਹੈ ਤਾਂ ਕੁਰੂਕਸ਼ੇਤਰ ਦੇ ਪਾਂਡਿਆਂ ਵਿਚ ਬੜੀ ਗੰਭੀਰ ਆਲੋਚਨਾ ਹੋਣ ਲੱਗ ਪਈ। ਪਰ ਗੁਰੂ ਜੀ ਦੇ ਕੁਰੂਕਸ਼ੇਤਰ ਪਧਾਰਨ ਉਤੇ ਧੁਮਾ ਮਚ ਗਈਆਂ। ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਸਿੱਖ ਗੁਰੂ- ਦਰਸ਼ਨਾਂ ਲਈ ਆਉਣ ਲੱਗ ਪਏ। ਤਿੰਨ ਦਿਨ ਸੰਗਤ ਹੋਈ- ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ -ਚਾਰੋਂ ਵਰਣਾਂ ਦੇ ਲੋਕਾਂ ਨੇ ਇੱਕੋ ਪੰਗਤ ਵਿਚ ਬੈਠ ਕੇ ਲੰਗਰ ਛਕਣ ਦਾ ਮਾਣ ਪ੍ਰਾਪਤ ਕੀਤਾ। ਜਾਤ ਦਾ ਝੂਠਾ ਮਾਣ ਤਿਆਗ ਕੇ ਲੋਕਾਂ ਨੇ ਗੁਰੂ ਜੀ ਦੀ ਸ਼ਰਨ ਲਈ। ਪੰਡਤਾਂ ਨੇ ਧਾਰਮਿਕ ਚਰਚਾ ਕਰਨੀ ਚਾਹੀ ਪਰ ਗੁਰੂ ਜੀ ਦੀ ਵਿਆਖਿਆ ਦੇ ਭਰਪੂਰ ‘ਨਾਮ-ਯੋਗ’ ਸਾਹਮਣੇ ਉਹਨਾਂ ਦੀ ਇੱਕ ਨਾ ਚੱਲੀ। ਆਖਰ, ਉਹਨਾਂ ਵੀ ਗੁਰੂ ਜੀ ਦੀ ਮਾਨਤਾ ਕਬੂਲ ਕਰ ਲਈ। ਗੁਰੂ ਜੀ ਨੇ ਉਹਨਾਂ ਨੂੰ ਧਨ ਤੇ ਵਸਤਰ ਭੇਟਾਵਾਂ ਦੇ ਰੂਪ ਵਿਚ ਦਿੱਤਾ ਅਤੇ ਨਾਲ ਸਦੀਵੀ ਯਾਦ ਵਜੋਂ ਉਹਨਾਂ ਨੂੰ ਤਾਂਬੇ ਦੇ ਪਤਰੇ ਉਤੇ ਲਿਖਿਆ ਇੱਕ ਹੁਕਮਨਾਮਾ ਵੀ ਦਿੱਤਾ।

ਕੁਰੂਕਸ਼ੇਤਰ ਤੋਂ ਦਸ ਪੰਦਰਾਂ ਮੀਲ ਰੋਜ਼ ਚਲਦਿਆਂ ਗੁਰੂ ਜੀ ਯਮੁਨਾ ਕੰਢੇ ਇੱਕ ਜਗ੍ਹਾ ਸੁਘੇਲ ਪਹੁੰਚੇ। ਉਥੇ ਇੱਕ ਸਾਧੂ ਮਲੂਕ ਦਾਸ ਰਹਿੰਦਾ ਸੀ। ਉਸਨੂੰ ਵੀ ਗੁਰੂ ਜੀ ਦੁਆਰਾ ਸ਼ਸਤਰ ਧਾਰਨ ਕਰਨ ਬਾਰੇ ਹੈਰਾਨੀ ਤੇ ਅਫ਼ਸੋਸ ਸੀ। ਇਸ ਲਈ ਉਹ ਚਾਹੁੰਦੇ ਹੋਏ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਨਾ ਆਇਆ। ਉਹ ਵੈਸ਼ਨਵ ਹੋਣ ਕਰਕੇ ਸ੍ਰੀ ਕ੍ਰਿਸ਼ਨ ਦੀ ਉਪਾਸਨਾ ਕਰਦਾ ਸੀ। ਉਸ ਦਿਨ ਜਦੋਂ ਉਸਨੇ ਸ੍ਰੀ ਕ੍ਰਿਸ਼ਨ ਦਾ ਧਿਆਨ ਕੀਤਾ ਤਾਂ ਬੰਸੀਧਰ ਆਨੰਦ ਕੰਟ ਕ੍ਰਿਸ਼ਨ ਦੇ ਰੂਪ ਦੀ ਬਜਾਏ ਮਹਾਂਭਾਰਤ ਵਿਚਲੇ ਸ਼ਸ਼ਤਰਧਾਰੀ ਲੋਕ ਰਖਿਅਕ ਕ੍ਰਿਸ਼ਨ ਦਾ ਰੂਪ ਉਸ ਦੀਆਂ ਅੰਦਰੂਨੀ ਅੱਖਾਂ ਸਾਹਮਣੇ ਨੱਚਣ ਲਗ ਪਿਆ। ਵਾਰ-ਵਾਰ

ਕੋਸ਼ਿਸ਼ ਕਰਨ ਉਤੇ ਵੀ ਮੁਰਲੀਧਰ ਨਜ਼ਰੀਂ ਨਾ ਆਏ। ਉਹ ਵਿਚਾਰ ਕਰਨ ਲਗ ਪਿਆ, 'ਗੁਰਦੇਵ ਇਸ ਰੂਪ ਵਿਚ ਲੋਕ-ਰੱਖਿਅਕ ਹੋ ਸਕਦੇ ਹਨ। ਠੀਕ ਦੁਆਪਰ ਦੇ ਸ੍ਰੀ ਕ੍ਰਿਸ਼ਨ ਵਾਂਗ ਉਹ ਵੀ ਹਰ ਤਰ੍ਹਾਂ ਦੀ ਲੀਲ੍ਹਾ ਕਰਦੇ ਹੋਏ ਵੀ ਰਾਜਯੋਗੀ ਹੋ ਸਕਦੇ ਹਨ। ਇਸ ਤਰ੍ਹਾਂ ਸੋਚ ਕੇ ਜਦੋਂ ਉਹ ਆਪਣੀ ਪੂਜਾ ਵਾਲੇ ਕਮਰੇ ਵਿੱਚੋਂ ਬਾਹਰ ਆਇਆ ਤਾਂ ਉਸਨੂੰ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਹੋਏ। ਉਹ ਗੁਰੂ ਜੀ ਦੀ ਸ਼ਰਨ ਆ ਗਿਆ।

'ਸ੍ਰੀ ਕ੍ਰਿਸ਼ਨ ਵਾਂਗ ਲੀਲ੍ਹਾ ਕਰਨ ਉਤੇ ਵੀ 'ਰਾਜ ਯੋਗੀ' ਵਾਲੀ ਗੱਲ ਸਪਸ਼ਟ ਨਹੀਂ ਹੋਈ ', ਭਾਈ ਗੁਰਦਿੱਤਾ ਜੀ ਨੂੰ ਨਿਮਰਤਾ ਪੂਰਵਕ ਇਸ ਸਰੋਤਾ ਨੇ ਕਿਹਾ।

ਠੀਕ ਹੈ। ਮੁਸਲਮਾਨ ਹੋਣ ਕਰਕੇ ਸ੍ਰੀ ਕ੍ਰਿਸ਼ਨ ਦੀ ਕਥਾ ਤੁਹਾਨੂੰ ਪਹਿਲਾਂ ਪਤਾ ਨਹੀਂ ਹੋਵੇਗੀ। ਮਹਾਂਪੁਰਖਾਂ ਦੀਆਂ ਲੀਲ੍ਹਾਵਾਂ ਨਿਰਾਲੀਆਂ ਹੀ ਹੁੰਦੀਆਂ ਹਨ। ਸ੍ਰੀ ਕ੍ਰਿਸ਼ਨ ਹੋਣ ਜਾਂ ਗੁਰੂ ਤੇਗ ਬਹਾਦਰ। ਪ੍ਰਮਾਤਮਾ ਦੇ ਰੂਪ ਸਨ ਦੋਵੇਂ। ਮਲੂਕ ਦਾਸ ਨੇ ਗੁਰੂ ਜੀ ਦੇ ਪਹਿਰਾਵੇ ਉਤੇ ਇਤਰਾਜ਼ ਕੀਤਾ, ਉਸਨੂੰ ਅੰਦਰੋਂ ਹੀ ਗਿਆਨ ਹੋਇਆ ਕਿ ਪਹਿਰਾਵਾ ਹੀ ਸੱਚ ਨਹੀਂ ਹੁੰਦਾ। ਮੁੱਲ ਗਿਆਨ ਦਾ ਨਹੀਂ ਸਗੋਂ ਤਲਵਾਰ ਦਾ ਹੁੰਦਾ ਹੈ। ਸ੍ਰੀ ਕ੍ਰਿਸ਼ਨ ਗੋਪੀਆਂ ਨਾਲ ਰਾਸ ਰਚਾਉਂਦੇ ਸਨ, ਰਾਧਾ ਨਾਲ ਪ੍ਰੇਮ ਕਰਦੇ ਸਨ, ਸੋਲ੍ਹਾਂ ਹਜ਼ਾਰ ਇਸਤਰੀਆਂ ਨੂੰ ਹੰਕਾਰੀ ਰਾਵਣ ਦੀ ਕੈਦ ਵਿੱਚੋਂ ਛੁਡਵਾ ਕੇ ਉਹਨਾਂ ਆਪਣੇ ਕੋਲ ਸ਼ਰਨ ਦਿੱਤੀ ਸੀ, ਨੀਤੀਵਾਨ ਯੋਧਾ ਤੇ ਦੁਆਰਕਾ ਦੇ ਮਹਾਰਾਜਾ ਸਨ ਅਤੇ ਲੋਕ-ਰੱਖਿਆ ਵਾਸਤੇ ਗੁਵਰਧਨ-ਧਾਰੀ ਵੀ ਸਨ-ਅਜਿਹੇ ਕ੍ਰਿਸ਼ਨ ਵੀ ਯਤੀਆਂ ਦੇ ਯਤੀ, ਯੋਗੀਆਂ ਦੇ ਯੋਗੀ ਅਤੇ ਮਹਾਂਤਿਆਗੀ ਸਨ। ਫਿਰ ਵੀ ਗੁਰੂ ਤੇਗ ਬਹਾਦਰ ਜੀ ਨੂੰ ਪਹਿਰਾਵੇ ਤੋਂ ਕਿਉਂ ਪਰਖਿਆ ਜਾਵੇ, ਉਹ ਗੁਰੂ ਨਾਨਕ ਦੇਵ ਜੀ ਪਰੰਪਰਾ ਦੇ ਸੱਚੇ ਉਤਰਾਧਿਕਾਰੀ ਸਨ। ਅਜਿਹਾ ਬੋਧ ਹੋਣ ਉਤੇ ਮਲੂਕ ਦਾਸ ਨੂੰ ਨਮੋਸ਼ੀ ਹੋਈ ਅਤੇ ਉਹ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ।'

ਹੁਣ ਗੁਰੂ ਜੀ ਨੇ ਦਿੱਲੀ ਵਿਚ ਪ੍ਰਵੇਸ਼ ਕੀਤਾ ਜਿੱਥੇ ਉਹਨਾਂ ਦੇ ਸੈਂਕੜੇ ਸਿੱਖ ਹਨ। ਇੱਥੇ ਇੱਕ ਠੇਕੇਦਾਰ ਲੱਖੀ ਰਾਏ ਅਤੇ ਉਸ ਦੇ ਪੁੱਤਰਾਂ ਨੇ ਗੁਰੂ ਜੀ ਦਾ ਸ਼ਾਨਦਾਰ ਸਵਾਗਤ ਕੀਤਾ, ਇਹ ਵਿਅਕਤੀ ਹੁਣ ਵੀ ਹੈ ਪਰ ਪਤਾ ਨਹੀਂ ਇਸ ਵੇਲੇ ਕਿਥੇ ਹੋਵੇਗਾ। ਦਿੱਲੀ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਰਾਜਾ ਜੈ ਸਿੰਘ ਅਤੇ ਰਾਜਾ ਰਾਮ ਸਿੰਘ ਦੀਆਂ ਰਾਣੀਆਂ ਵੀ ਆਈਆਂ। ਇਹਨਾਂ ਰਾਣੀਆਂ ਨੂੰ ਗੁਰੂ ਹਰਿਕ੍ਰਿਸ਼ਨ ਜੀ ਨਾਲ ਬਹੁਤ ਪਿਆਰ ਸੀ, ਇਹਨਾਂ ਕੋਲ ਰਹਿੰਦਿਆਂ ਹੋਇਆਂ ਉਹ 'ਬਾਬਾ ਬਕਾਲਾ' ਦਾ ਸੰਕੇਤ ਦੇ ਕੇ ਸਰੀਰ ਛੱਡ ਗਏ ਸਨ।

'ਦਿੱਲੀ ਤੋਂ ਗੁਰੂ ਜੀ ਨੇ ਮਥੁਰਾ ਲਈ ਚਾਲੇ ਪਾਏ। ਕੁਝ ਸਮੇਂ ਲਈ ਉਹ ਵਰਿੰਦਾਵਨ ਵੀ ਗਏ ਪਰ ਉਥੇ ਰੁਕੇ ਨਹੀਂ। ਉਹ ਸਿੱਧੇ ਆਗਰਾ ਵਿਖੇ ਚਲੇ ਆਏ। ਉਸ ਵਕਤ ਔਰੰਗਜ਼ੇਬ ਆਗਰਾ ਵਿਚ ਸੀ। ਗੁਰੂ ਜੀ ਮਾਈ ਜੱਲੀ ਨਾਂ ਦੀ ਇੱਕ ਬੁੱਢੀ ਭਗਤਣੀ ਕੋਲ ਰਹੇ ਅਤੇ ਉਥੋਂ

ਇਵਾਟਾ, ਕਾਨਪੁਰ, ਫਤਿਹਪੁਰ ਹੁੰਦੇ ਹੋਏ ਪੋਹ ਸੁਦੀ ਬਿਕਰਮੀ ਸੰਮਤ: 922 ਵਿਚ ਅਲਾਹਬਾਦ ਆ ਪਹੁੰਚੇ।

ਅਲਾਹਾਬਾਦ ਭਾਰਤ ਦਾ ਸਭ ਤੋਂ ਵੱਡਾ ਤੀਰਥ ਹੈ, ਇੱਥੇ ਤ੍ਰਿਵੈਣੀ ਦੇ ਸਥਾਨ ਉਤੇ ਗੰਗਾ ਤੇ ਯਮੁਨਾ ਨਦੀਆਂ ਦਾ ਸੰਗਮ ਹੈ। ਕੁਝ ਲੋਕ ਇੱਥੇ ਇੱਕ ਤੀਜੀ ਅਦ੍ਰਿਸ਼ ਨਦੀ ਸਰਸਵਤੀ ਦਾ ਮਿਲਣਾ ਵੀ ਮੰਨਦੇ ਹਨ। ਕਹਿੰਦੇ ਹਨ ਕਿ ਉਥੇ ਇੱਕ ਬੜਾ ਵੱਡਾ ਦਰਖ਼ਤ ਸੀ। ਯਾਤਰੀਆਂ ਨੂੰ ਠੱਗਣ ਲਈ ਕੁਝ ਪਾਂਡਿਆਂ ਨੇ ਇਹ ਝੂਠੀ ਗੱਲ ਫੈਲਾਈ ਹੋਈ ਸੀ ਕਿ ਆਪਣਾ ਸਭ ਕੁਝ ਦਾਨ ਕਰਕੇ ਉਸ ਦਰਖ਼ਤ ਤੋਂ ਸੰਗਮ ਵਿਚ ਕੁੱਦ ਕੇ ਮਰਨ ਵਾਲਾ ਤੀਰਥ ਯਾਤਰੀ ਬੈਕੁੰਠ ਵਿਚ ਜਾਂਦਾ ਹੈ। ਕੁਝ ਲੋਕ ਇੰਝ ਕਰਦੇ ਵੀ ਸਨ। ਉਹਨਾਂ ਦੀ ਸੰਪਤੀ ਪਾਂਡੇ ਸੰਭਾਲ ਲੈਂਦੇ ਸਨ। ਜਹਾਂਗੀਰ ਬਾਦਸ਼ਾਹ ਨੇ ਬੜੀ ਸਿਆਣਪ ਨਾਲ ਇਹ ਦਰਖ਼ਤ ਪੁਟਵਾ ਦਿੱਤਾ ਸੀ ਜਿਸ ਨਾਲ ਲੋਕਾਂ ਦਾ ਇਸ ਤਰ੍ਹਾਂ ਆਤਮ-ਹੱਤਿਆ ਕਰਨਾ ਰੁਕ ਗਿਆ। ਗੁਰੂ ਜੀ ਪੁਰਾਣੇ ਸਥਾਨ ਨੂੰ, ਜਿਥੋਂ ਉਹ ਦਰਖ਼ਤ ਪੁੱਟਿਆ ਗਿਆ ਸੀ ਵੇਖ ਕੇ ਬੋਲੇ ਸਨ –

*ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ।*
*ਕਹੁ ਨਾਨਕ ਬਿਨੁ ਹਰਿ ਭਜਨਿ ਬਿਰਥਾ ਜਨਮੁ ਸਿਰਾਨ।।*
*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।*
*ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ।।*

ਦੁਰਲੱਭ ਮਨੁੱਖੀ-ਦੇਹ ਨੂੰ ਮਾਇਆ ਦੇ ਚੱਕਰਾਂ ਵਿਚ ਨਸ਼ਟ ਕਰਨਾ ਗੁਰਮਤਿ ਨੂੰ ਪ੍ਰਵਾਨ ਨਹੀਂ। ਸਾਡੇ ਧਰਮ ਅਨੁਸਾਰ ਤਾਂ ਕੇਵਲ 'ਰਾਮ ਦੀ ਸ਼ਰਨ' ਹੀ ਸੱਚਖੰਡ ਦੀ ਪ੍ਰਾਪਤੀ ਦਾ ਅਧਾਰ ਹੈ।

ਗੁਰੂ ਤੇਗ ਬਹਾਦਰ ਜੀ ਦੇ ਠਹਿਰਨ ਲਈ ਅਲਾਹਾਬਾਦ ਦੀ ਸੰਗਤ ਨੇ ਇੱਕ ਮਕਾਨ ਬਣਵਾਇਆ ਸੀ, ਉਸ ਮਕਾਨ ਦੇ ਵਿਚਕਾਰ ਧਰਤੀ ਅੰਦਰ ਨਾਮ ਸਿਮਰਨ ਵਾਸਤੇ ਇੱਕ ਤਹਿਖ਼ਾਨਾ ਵੀ ਬਣਵਾਇਆ ਗਿਆ ਸੀ। ਗੁਰੂ ਜੀ ਉਸ ਭੋਰੇ ਵਿਚ ਬੈਠ ਕੇ ਜਾਪ ਸਿਮਰਨ ਕਰਦੇ ਸਨ। ਇਸ ਘਰ ਵਿਚ ਰਹਿੰਦਿਆਂ ਹੀ ਈਸ਼ਵਰ ਦੀ ਵਿਸ਼ੇਸ਼ ਜੋਤ ਗੁਰੂ ਜੀ ਦੀ ਸੁਪਤਨੀ ਦੇ ਸਾਹਮਣੇ ਪ੍ਰਗਟ ਹੋਈ ਅਤੇ ਲੋਕ-ਰੱਖਿਆ ਵਾਸਤੇ ਮਾਤਾ ਗੁਜਰੀ ਜੀ ਦੇ ਗਰਭ ਵਿਚ ਟਿਕ ਗਈ। ਗੁਰੂ ਤੇਗ ਬਹਾਦਰ ਜੀ ਤੋਂ ਪਿੱਛੋਂ ਹੁਣ ਉਹੀ ਜੋਤ ਜੋ ਕਿ ਗੁਰੂ ਗੋਬਿੰਦ ਰਾਏ ਜੀ ਦੇ ਰੂਪ ਵਿਚ ਵਿਦਮਾਨ ਹੈ, ਅਧਰਮ, ਬੇਇਨਸਾਫ਼ੀ, ਅੱਤਿਆਚਾਰ ਤੇ ਅਨੀਤੀ ਤੋਂ ਲੋਕਾਂ ਦੀ ਰੱਖਿਆ ਕਰੇਗੀ। ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ। ਪੀਰ ਸਾਹਿਬ, ਤੁਸੀਂ ਵੇਖੋਗੇ ! ਮੈਂ ਤਾਂ ਨਹੀਂ ਵੇਖ ਸਕਾਂਗਾ। ਮੇਰੀ ਗੱਲ ਦੀ ਸੱਚਾਈ ਵਕਤ ਆਉਣ ਉਤੇ ਆਪ ਨੂੰ ਪ੍ਰਤੱਖ ਹੋਵੇਗੀ।

ਕੀ ਸਿੱਖ ਮਤ ਵਿਚ ਵੀ ਅਵਤਾਰ ਦੀ ਗੱਲ ਮੰਨੀ ਜਾਂਦੀ ਹੈ ? ' ਪੀਰ ਕਰੀਮ ਬਖ਼ਸ਼ ਨੇ ਅਸਲੀਅਤ ਜਾਣਨ ਲਈ ਪੁੱਛਿਆ।

'ਨਹੀਂ, ਸਿੱਖ ਮੱਤ ਅਵਤਾਰ ਦੇ ਸਿਧਾਂਤ ਨੂੰ ਨਹੀਂ ਮੰਨਦਾ। ਅਸੀਂ ਇਹ ਨਹੀਂ ਮੰਨਦੇ ਕਿ ਅਕਾਲ ਪੁਰਖ ਆਪ ਮਨੁੱਖੀ ਸਰੀਰ ਧਾਰਨ ਕਰਦਾ ਹੈ। ਅਸੀਂ ਉਸਨੂੰ 'ਅਜੂਨੀ' ਹੀ ਸਮਝਦੇ ਹਾਂ ਪਰ ਅਸੀਂ ਇਹ ਗੱਲ ਮੰਨਦੇ ਹਾਂ ਕਿ ਪ੍ਰਮਾਤਮਾ ਜਗਤ ਦੇ ਦੁੱਖ ਦੂਰ ਕਰਨ ਵਾਸਤੇ ਸਮੇਂ ਸਮੇਂ ਆਪਣੀ ਜੋਤ ਦੇ ਵਿਸ਼ੇਸ਼ ਕਣ ਦਾ ਮਨੁੱਖੀ ਦੇਹ ਵਿਚ ਸੰਚਾਰ ਕਰਦਾ ਹੈ - ਉਹਨਾਂ ਵਿਚ ਅਤੇ ਅਕਾਲ ਪੁਰਖ ਵਿਚ ਕੋਈ ਫਰਕ ਨਹੀਂ ਹੁੰਦਾ। ਅਜਿਹੇ ਲੋਕ ਈਸ਼ਵਰੀ ਤਾਕਤਾਂ ਨਾਲ ਵਰੋਸਾਏ ਹੋਏ ਹੁੰਦੇ ਹਨ ਪਰ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦੇ। ਉਹ ਭਟਕੇ ਹੋਏ ਜੀਵਾਂ ਨੂੰ ਦੁਬਾਰਾ ਉਹਨਾਂ ਦੇ ਅਗਲੇ ਪ੍ਰਮਾਤਮਾ ਨਾਲ ਮਿਲਾਉਣ ਲਈ ਆਉਂਦੇ ਹਨ, ਸੰਸਾਰ ਦੀ ਪੀੜਾ ਦਾ ਨਾਸ਼ ਕਰਦੇ ਹਨ, ਲੋੜ ਪੈਣ ਉਤੇ ਉਹ ਕਮਜ਼ੋਰ ਤੇ ਨਿਰਬਲ ਲੋਕਾਂ ਦੀ ਹਥਿਆਰ ਚੁੱਕ ਕੇ ਵੀ ਰੱਖਿਆ ਕਰਦੇਂ ਹਨ। ਜੀਵਨ ਦਾ ਨਿਸ਼ਾਨਾ ਪੂਰਾ ਹੋ ਜਾਣ ਪਿਛੋਂ ਉਹ ਆਪਣੇ ਮੂਲ ਵਿਚ ਲੀਨ ਹੋ ਜਾਂਦੇ ਹਨ। ਇਹ ਨਜ਼ਰੀਆ ਸਾਨੂੰ ਪਰਵਾਨ ਹੈ, ਭਾਈ ਗੁਰਦਿੱਤਾ ਜੀ ਨੇ ਸਪਸ਼ਟ ਕੀਤਾ।

ਗੁਰੂ ਜੀ ਅਲਾਹਾਬਾਦ ਤੋਂ ਮਿਰਜ਼ਾਪੁਰ ਹੁੰਦੇ ਹੋਏ ਕਾਸ਼ੀ ਅਪੜੇ। ਕਾਸ਼ੀ ਵੀ ਭਾਰਤ ਦਾ ਪ੍ਰਸਿੱਧ ਤੀਰਥ ਹੈ। ਹਿੰਦੂਆਂ ਦਾ ਵਿਸ਼ਵਾਸ ਹੈ ਕਿ ਕਾਸ਼ੀ ਵਿਚ ਗੰਗਾ ਦੇ ਕੰਢੇ ਮਰਨ ਵਾਲੇ ਜੀਆਂ ਨੂੰ ਸਵਰਗ ਪ੍ਰਾਪਤ ਹੁੰਦਾ ਹੈ। ਇਹੋ ਕਾਰਨ ਹੈ ਕਿ ਵਧੇਰੇ ਬੁੱਢੇ ਬੁੱਢੀਆਂ, ਵਿਧਵਾਵਾਂ ਤੇ ਉਹਨਾਂ ਦੀ ਸੰਪਤੀ ਲੁੱਟਣ ਵਾਲੇ ਪਾਂਡਿਆਂ ਤੇ ਭਿਖਾਰੀਆਂ ਦੀ ਵੱਡੀ ਗਿਣਤੀ ਉਥੇ ਹੀ ਰਹਿੰਦੀ ਹੈ। ਗੁਰੂ ਜੀ ਇਸ ਤਰ੍ਹਾਂ ਦੇ ਪਾਖੰਡਾਂ ਦਾ ਵਿਰੋਧ ਕਰਦੇ ਸਨ। ਅਸੀਂ ਲੋਕ ਘੋੜਿਆਂ ਉਤੇ ਗੁਰੂ ਜੀ ਨਾਲ ਸੀ। ਮਾਤਾ ਨਾਨਕੀ ਅਤੇ ਮਾਤਾ ਗੁਜਰੀ ਜੀ ਪਾਲਕੀ ਵਾਲੇ ਰੱਥਾਂ ਉਤੇ ਸਨ। ਨਗਰ ਵਿਚ ਦਾਖਲ ਹੋਣ ਵਕਤ ਗੁਰੂ ਤੇਗ ਬਹਾਦਰ ਜੀ ਨਵਾਬ ਸੈਫ਼-ਉਲ-ਦੀਨ ਦੇ ਭੇਟਾ ਕੀਤੇ ਹੋਏ ਚਿੱਟੇ ਘੋੜੇ ਉਤੇ ਸਵਾਰ ਸਨ। ਗੁਰੂ ਜੀ ਉਸ ਘੋੜੇ ਨੂੰ ਸਿਰੀਧਰ ਕਹਿ ਕੇ ਪੁਕਾਰਦੇ ਸਨ ਅਤੇ ਬੜੇ ਪਿਆਰ ਨਾਲ ਉਸਨੂੰ ਰੱਖਦੇ ਸਨ। ਗੁਰਸਿੱਖ ਝਵੇਰੀ ਮੱਲ ਨੇ ਕਾਂਸ਼ੀ ਵਿਚ ਗੁਰੂ ਜੀ ਲਈ ਇੱਕ ਵਿਸ਼ੇਸ਼ ਮਕਾਨ ਦਾ ਪ੍ਰਬੰਧ ਕਰ ਰੱਖਿਆ ਸੀ। ਅਸੀਂ ਲੋਕ ਉਥੇ ਹੀ ਠਹਿਰੇ। ਜਨਾਨ ਖ਼ਾਨੇ ਦਾ ਵੱਖਰਾ ਪ੍ਰਬੰਧ ਸੀ। ਗੁਰੂ ਜੀ ਲਈ ਭਗਤੀ ਕਰਨ ਵਾਸਤੇ ਨਿਵੇਕਲਾ ਸਥਾਨ ਸੀ।

ਕਾਂਸ਼ੀ ਵਿਚ ਗੁਰੂ ਜੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਦਾਨੀ, ਦੁਖ ਹਰਤਾ ਅਤੇ ਭੋਜਨ-ਭੰਡਾਰੀ ਵਜੋਂ ਗੁਰੂ ਜੀ ਦੀ ਸ਼ਾਖ ਉਥੇ ਪਹਿਲਾਂ ਪਹੁੰਚ ਚੁੱਕੀ ਸੀ। ਇਸ ਲਈ ਹਜ਼ਾਰਾਂ ਲੋਕ ਵੱਖ-ਵੱਖ ਇੱਛਾਵਾਂ ਲੈ ਕੇ ਗੁਰੂ ਜੀ ਦੀ ਸੰਗਤ ਵਿਚ ਇਕੱਤਰ ਹੋ ਗਏ। ਸਭ ਲਈ ਲੰਗਰ ਖੋਲ੍ਹ ਦਿੱਤਾ ਗਿਆ। ਗਰੀਬਾਂ ਨੂੰ ਧਨ ਤੇ ਕੱਪੜੇ ਵੰਡੇ ਗਏ। ਉਥੇ ਗੁਰੂ ਜੀ ਨੇ ਇੱਕ ਵੱਡਾ ਦੀਵਾਨ ਵੀ ਲਾਇਆ। ਦੂਰ-ਦੂਰ ਤੋਂ ਸਿੱਖ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ। ਜਿੰਨਾ ਵੀ ਚੜ੍ਹਾਵਾ ਹੋਇਆ, ਉਹ ਗੁਰੂ ਜੀ ਨੇ ਕਾਂਸ਼ੀ ਦੇ ਨਿਰਧਨ ਲੋਕਾਂ ਵਿਚ ਵੰਡ ਦਿੱਤਾ।

ਇੱਕ ਬੜੀ ਵਚਿੱਤਰ ਤੇ ਚਮਤਕਾਰੀ ਗੱਲ ਇੱਥੇ ਵਾਪਰੀ। ਇੱਕ ਦਿਨ ਸਵੇਰੇ ਝਵੇਰੀ ਮੱਲ ਗੰਗਾ ਇਸ਼ਨਾਨ ਲਈ ਜਾਣ ਲੱਗਾ ਤਾਂ ਗੁਰੂ ਜੀ ਨੇ ਟੋਕਿਆ, 'ਕਿਥੇ ਜਾਂਦੇ ਹੋ ਝਵੇਰੀ ਮੱਲ ? '

'ਇੱਥੇ ਅਧੇ ਕੋਹ ਉਤੇ ਗੰਗਾ ਜੀ ਵਗਦੀ ਹੈ, ਇਸ਼ਨਾਨ ਕਰ ਆਵਾਂ,' ਝਵੇਰੀ ਮੱਲ ਨੇ ਕਿਹਾ।

'ਕਿਉਂ ਗੰਗਾ ਵਿਚ ਹੀ ਕਿਉਂ ?'

'ਗੰਗਾ ਜਲ ਪਵਿੱਤਰ ਤੇ ਨਿਰਮਲ ਹੁੰਦਾ ਹੈ ! ਝਵੇਰੀ ਮਲ ਨੇ ਝੇਂਪਦਿਆਂ ਆਖਿਆ।

'ਉਸ ਲਈ ਇੰਨੀ ਦੂਰ ਜਾਣ ਦੀ ਕੀ ਲੋੜ ਹੈ ?' ਉਹ ਤਾਂ ਇੱਥੇ ਹੀ ਇਸ ਕਮਰੇ ਵਿਚ ਮਿਲ ਸਕਦਾ ਹੈ ', ਗੁਰੂ ਜੀ ਬੋਲੇ।

'ਉਹ ਕਿਵੇਂ ?'

'ਕਮਰੇ ਵਿਚ ਕਿਧਰੇ ਵੀ ਖੋਦ ਕੇ ਵੇਖ ਲਵੋ, ਹੇਠਾਂ ਗੰਗਾ ਬਹਿੰਦੀ ਮਿਲੇਗੀ।'

'ਝਵੇਰੀ ਨੂੰ ਦਵੰਧ ਹੋਇਆ। ਅਜਮਾਇਸ਼ ਲਈ ਕਹੀ ਲੈ ਕੇ ਪੁੱਟਣ ਲੱਗ ਪਿਆ - ਮਨ ਕਹਿੰਦਾ ਸੀ ਕਿ ਗੁਰੂ ਦਾ ਸ਼ਬਦ ਕਦੀ ਮਿਥਿਆ ਨਹੀਂ ਹੋ ਸਕਦਾ। ਡਰ ਸੀ ਤਾਂ ਸਿਰਫ਼ ਇਹ, ਕਿ ਨਾ ਜਾਣੇ ਕਿੰਨਾ ਡੂੰਘਾ ਪੁੱਟਣਾ ਪਵੇਗਾ ਪਰ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਸਨੇ ਹੱਥ ਕੁ ਡੂੰਘੀ ਧਰਤੀ ਪੁੱਟਣ ਉਤੇ ਹੀ ਗੰਗਾ ਜਲ ਨੂੰ ਫੁਹਾਰੇ ਵਾਂਗ ਉਥੋਂ ਫੁਟਦੇ ਵੇਖਿਆ। ਸ਼ੁਧ ਨਿਰਮਲ ਗੰਗਾ ਜਲ ਹੀ ਸੀ ਉਹ, ਸੁਆਦ ਤੇ ਵਰਨ ਇਸ ਗੱਲ ਦੀ ਹਾਮੀ ਭਰਦੇ ਸਨ।

ਝਵੇਰੀ ਮੱਲ ਕਹੀ ਸੁਟ ਕੇ ਗੁਰੂ ਜੀ ਦੇ ਚਰਨਾਂ ਨੂੰ ਚੰਬੜ ਗਿਆ। ਗੁਰੂ ਜੀ ਦਾ ਇਹ ਕੌਤਕ ਅੱਜ ਵੀ ਕਾਂਸ਼ੀ ਦੇ ਉਸ ਘਰ ਵਿਚ ਵਿਦਮਾਨ ਹੈ। ਕੋਈ ਵੀ ਵੇਖ ਸਕਦਾ ਹੈ।'

'ਇਹ ਤਾਂ ਕਰਾਮਾਤ ਹੈ,' ਰਹਿਮਾਨ ਬੋਲਿਆ।

'ਨਹੀਂ, ਗੁਰੂ ਜੀ ਸਾਰੀਆਂ ਸ਼ਕਤੀਆਂ ਹੋਣ ਦੇ ਬਾਵਜੂਦ ਕਰਾਮਾਤ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਵਾਸਤਵ ਵਿਚ, ਆਪਣੇ ਸਿੱਖਾਂ ਨੂੰ ਉਹ ਇਹ ਗੱਲ ਪ੍ਰਤੱਖ ਕਰਨਾ ਚਾਹੁੰਦੇ ਸਨ ਕਿ ਜਿਥੇ ਪ੍ਰਮਾਤਮਾ ਦੇ ਨਾਂ ਦਾ ਜਾਪ ਹੁੰਦਾ ਹੈ, ਉਥੇ ਦਾ ਜਲ ਹਮੇਸ਼ਾ ਗੰਗਾ ਜਲ ਵਾਂਗ ਸ਼ੁੱਧ ਤੇ ਨਿਰਮਲ ਹੁੰਦਾ ਹੈ। ਪਾਣੀ ਤਾਂ ਧਰਤੀ ਹੇਠ ਹਰ ਜਗ੍ਹਾ ਹੈ, ਜਿਥੇ ਵੀ ਨਿਕਲ ਆਇਆ। ਇਸ ਵਿਚ ਕਰਾਮਾਤ ਦੀ ਕੋਈ ਗੱਲ ਨਹੀਂ।

ਗੁਰੂ ਜੀ ਬਨਾਰਸ ਵਿਚ ਪੰਦਰਾਂ ਦਿਨ ਰਹੇ। ਜਦੋਂ ਚੱਲਣ ਲੱਗੇ ਤਾਂ ਉਹਨਾਂ ਦਾ ਘੋੜਾ ਜਲਦੀ ਬੀਮਾਰ ਹੋ ਗਿਆ। ਮਜਬੂਰ ਹੋ ਕੇ ਉਹਨਾਂ ਨੂੰ ਉਥੇ ਕਾਂਸ਼ੀ ਵਿਚ ਹੀ ਛੱਡਣਾ ਪਿਆ ਪਰ ਗੁਰੂ ਜੀ ਇੰਨੇ ਸਨੇਹੀ ਤੇ ਜੀਵਾਂ ਉਤੇ ਦਇਆ ਕਰਨ ਵਾਲੇ ਸਨ ਕਿ ਉਹਨਾਂ ਨੇ ਕੁਝ ਆਪਣੇ ਖਾਸ ਸਿੱਖਾਂ ਨੂੰ ਸਿਰੀਧਰ ਦੀ ਸੇਵਾ ਤੇ ਇਲਾਜ ਵਾਸਤੇ ਉਥੇ ਛੱਡ ਦਿੱਤਾ ਅਤੇ ਉਸਦੇ ਸਿਹਤਬੰਦ ਹੋਣ ਪਿੱਛੋਂ ਉਸਨੂੰ ਨਾਲ ਲੈ ਕੇ ਪਟਨਾ ਪਹੁੰਚਣ ਦਾ ਹੁਕਮ ਦਿੱਤਾ।

ਪੀਰ ਕਰੀਮ ਬਖ਼ਸ਼ ਨੇ ਟੋਕਿਆ, 'ਭਰਾਵਾ, ਤੁਸੀਂ ਥੱਕ ਗਏ ਮਹਿਸੂਸ ਹੁੰਦੇ ਹੋ, ਥੋੜ੍ਹਾ ਆਰਾਮ ਕਰ ਲਈਏ, ਅੱਗੇ ਦੀ ਕਥਾ ਸ਼ਾਮ ਤੱਕ ਲਈ ਮੁਲਤਵੀ ਰੱਖ ਲਈ ਜਾਵੇ।'

'ਵਾਹਿਗੁਰੂ, ਜਿਵੇਂ ਆਪ ਦੀ ਮਰਜ਼ੀ ', ਭਾਈ ਗੁਰਦਿੱਤਾ ਜੀ ਨੇ ਕਿਹਾ। ਬੈਠਕ ਸਮਾਪਤ ਹੋਈ। ਸਾਰੇ ਲੋਕ ਸੰਧਿਆ ਤੱਕ ਲਈ ਚਲੇ ਗਏ।

'ਸ਼ਾਮ ਦੀ ਇਕੱਤਰਤਾ ਆਰੰਭ ਹੋਣ ਤੋਂ ਪਹਿਲਾਂ ਹੀ ਇੱਕ ਹੋਰ ਘਟਨਾ ਵਾਪਰੀ। ਸਵੇਰੇ ਮੂੰਹ ਹਨ੍ਹੇਰੇ ਹੀ ਸ਼ਹਿਰ ਦਾ ਕੋਤਵਾਲ ਰਹਿਮਾਨ ਪਾਸੋਂ ਇੱਕ ਅਸ਼ਰਫੀ ਝਾੜ ਚੁੱਕਿਆ ਸੀ। ਉਸਨੂੰ ਸ਼ਾਇਦ ਮਹਿਸੂਸ ਹੋਇਆ ਹੋਵੇਗਾ ਕਿ ਜਿਥੇ ਰਹਿਮਾਨ ਜਾਂਦਾ ਹੈ, ਉਥੇ ਪਹੁੰਚਣਾ ਗਾਂ ਚੋਅ ਲੈਣ ਦੇ ਬਰਾਬਰ ਸਾਬਤ ਹੋਵੇ। ਹੋ ਸਕਦਾ ਹੈ ਕਿ ਸ਼ਰਾਬ ਖ਼ਤਮ ਹੋਵੇ ਅਤੇ ਰਾਹ ਦੇ ਨਸ਼ੇ ਲਈ ਸਾਰਾ ਦਿਨ ਕੋਈ ਸ਼ਿਕਾਰ ਕਾਬੂ ਨਾ ਆਇਆ ਹੋਵੇ। ਇਸ ਲਈ, ਦਿਨ ਛੁਪਣ ਤੋਂ ਪਹਿਲਾਂ ਹੀ ਕੋਤਵਾਲ ਦੋ ਸਿਪਾਹੀਆਂ ਨੂੰ ਨਾਲ ਲੈ ਕੇ ਪੀਰ ਦੀ ਝੌਂਪੜੀ ਉਤੇ ਆ ਖਲੋਤਾ। ਦਿਨ ਕਾਫੀ ਛੋਟੇ ਹੋ ਗਏ ਸਨ। ਪੀਰ ਸਾਹਿਬ ਨੇ ਅਜੇ ਸ਼ਾਮ ਦੀ ਨਮਾਜ਼ ਅਦਾ ਨਹੀਂ ਕੀਤੀ ਸੀ ਕਿ ਸਾਹਮਣੇ ਕੋਤਵਾਲ ਨੂੰ ਖੜ੍ਹਾ ਵੇਖ ਕੇ ਠਠੰਬਰੇ। ਪੁੱਛਿਆ, 'ਅੱਲਾ ਵਾਲਿਆਂ ਤੋਂ ਕੀ ਲੈਣ ਆਏ ਹੋ, ਭਰਾਵਾ ? '

'ਸਾਨੂੰ ਦੱਸਿਆ ਗਿਆ ਹੈ ਕਿ ਇੱਥੇ ਤੁਹਾਡੇ ਕੋਲ ਕੁਫ਼ਰ ਦਾ ਵਪਾਰ ਹੁੰਦਾ ਹੈ, 'ਕੋਤਵਾਲ ਨੇ ਤਿਊੜੀ ਪਾ ਕੇ ਅਦਾਕਾਰੀ ਕੀਤੀ।

'ਫਿਰ ?'

'ਅਸੀਂ ਉਸਦੀ ਪੜਤਾਲ ਕਰਨ ਆਏ ਹਾਂ। ਸਾਨੂੰ ਅਸਲੀਅਤ ਦੱਸੀ ਜਾਵੇ, ਕੋਤਵਾਲ ਨੇ ਕਿਹਾ।'

'ਪੀਰ ਇਸੇ ਪ੍ਰਸੰਗ ਵਿਚ ਇੱਕ ਵਾਰ ਔਰੰਗਜ਼ੇਬ ਦੀ ਪੇਸ਼ੀ ਭੁਗਤ ਚੁੱਕਾ ਸੀ। ਇਸ ਲਈ, ਉਸ ਦੇ ਮਨ ਵਿਚ ਵਿਸ਼ਵਾਸ ਹੋ ਗਿਆ ਸੀ ਕਿ ਜੋ ਕੁਝ ਵੀ ਹੋ ਰਿਹਾ ਹੈ, ਪ੍ਰਮਾਤਮਾ ਨੂੰ ਮਨਜ਼ੂਰ ਹੈ। ਇਸ ਲਈ, ਹੁਣ ਉਹ ਕੋਤਵਾਲ ਦੀ ਧਮਕੀ ਤੋਂ ਬੇਅਸਰ ਹੋ ਕੇ ਬੋਲਿਆ, 'ਤੂੰ ਸਵੇਰੇ ਅਜਿਹੀ ਹੀ ਧਮਕੀ ਦੇ ਕੇ ਇੱਕ ਅਸ਼ਰਫੀ ਬਟੋਰ ਲਈ ਹੈ। ਉਹ ਤੇਰੀ ਜ਼ਿਆਦਤੀ ਹੈ

ਹੀ ਸੀ, ਹੁਣ ਇੱਥੇ ਫਕੀਰਾਂ ਕੋਲ ਕੀ ਪਿਆ ਹੈ। ਜਾਓ, ਸ਼ਹਿਰ ਵਿਚ ਕੋਈ ਬਟੇਰ ਲੱਭੋ। ਸਿਪਹ-ਏ-ਦੀਨ ਜਦੋਂ ਇੱਕ ਮਾਮਲੇ ਦਾ ਕੁਝ ਨਹੀਂ ਕਰ ਸਕੀ ਤਾਂ ਤੂੰ ਕਿਸ ਗਿਣਤੀ ਵਿਚ ਹੈਂ।

ਕੋਤਵਾਲ ਸ਼ੀਘਰ ਹੀ ਸਥਿਤੀ ਭਾਂਪ ਗਿਆ। ਰਿਸ਼ਵਤ ਲੈਣ ਦੀ ਆਪਣੀ ਆਦਤ ਕਰਕੇ ਮਿੱਠਾ ਵੇਖ ਕੇ ਮੱਖੀ ਵਾਂਗ ਮੰਡਰਾਉਣ ਲੱਗ ਪਿਆ ਸੀ ਪਰ ਕਰੀਮ ਬਖ਼ਸ਼ ਨੇ ਹੱਥ ਹਿਲਾ ਕੇ ਉਡਾ ਦਿੱਤਾ। ਇਸ ਵਿਚ ਵਿਚਾਰੇ ਕੋਤਵਾਲ ਦਾ ਵੀ ਕਸੂਰ ਕੀ ? ਸਮੁੱਚਾ ਮੁਗ਼ਲ ਸ਼ਾਸਨ ਹੀ ਰਿਸ਼ਵਤ ਉਤੇ ਨਿਰਭਰ ਸੀ। ਮਾਮੂਲੀ ਸਿਪਾਹੀ ਤੋਂ ਲੈ ਕੇ ਵੱਡੇ-ਵੱਡੇ ਪ੍ਰਬੰਧਕੀ ਅਧਿਕਾਰੀ ਤੋਂ ਬਿਨਾਂ ਰਿਸ਼ਵਤ ਦਿੱਤਿਆ ਕੋਈ ਵੀ ਯੋਗ ਜਾਂ ਅਯੋਗ ਕੰਮ ਨਹੀਂ ਲਿਆ ਜਾ ਸਕਦਾ ਸੀ। ਇਸ ਸਿਲਸਿਲੇ ਵਿਚ ਕੋਤਵਾਲ ਆਇਆ ਸੀ ਪਰ ਉਸਨੂੰ ਨਿਰਾਸ਼ਾ ਹੀ ਪੱਲੇ ਪਈ ਸੀ, ਵਿਚਾਰਾ !

ਕੋਤਵਾਲ ਦੇ ਵਾਪਸ ਪਰਤਦਿਆਂ ਹੀ ਭਾਈ ਗੁਰਦਿੱਤਾ ਜੀ ਦੇ ਸਰੋਤੇ ਇਕੱਤਰ ਹੋਣ ਲੱਗ ਗਏ। ਹਵਾ ਵਿਚ ਵਧਦੀ ਹੋਈ ਠੰਢ ਮਹਿਸੂਸ ਕਰਕੇ ਬੋਹੜ ਤੋਂ ਇੱਕ ਪਾਸੇ ਹੱਟ ਕੇ ਉਹਨਾਂ ਪਹਿਲਾਂ ਹੀ ਅੱਗ ਬਾਲ ਲਈ ਅਤੇ ਉਸ ਦੇ ਦੁਆਲੇ ਬੈਠ ਕੇ ਭਾਈ ਗੁਰਦਿੱਤਾ ਜੀ ਨੂੰ ਅੱਗੇ ਕਥਾ ਸੁਨਾਉਣ ਲਈ ਬੇਨਤੀ ਕੀਤੀ ਗਈ।

ਭਾਈ ਜੀ ਬੋਲੇ, 'ਕਾਂਸ਼ੀ ਤੋਂ ਚੱਲ ਕੇ ਗੁਰੂਦੇਵ ਸਸਰਾਮ ਹੁੰਦੇ ਹੋਏ ਬੌਧ-ਗਯਾ ਆਏ। ਬੌਧ-ਗਯਾ ਵਿਚ ਗੁਰੂ ਜੀ ਨੇ ਬੋਧੀ ਬਿਰਖ ਅਤੇ ਗੁਰੂ ਨਾਨਕ ਯਾਦਗਾਰੀ ਭਵਨ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ। ਇਹ ਸੱਚ ਹੈ ਕਿ ਗਯਾ ਵਿਚ ਹੁਣ ਫਿਰ ਬ੍ਰਾਹਮਣਾਂ ਦਾ ਬੋਲਬਾਲਾ ਹੋ ਗਿਆ ਹੈ ਪਰ ਦੋ ਹਜ਼ਾਰ ਪਹਿਲਾਂ ਦੀ ਮਹਾਤਮਾ ਬੁੱਧ ਦੀ ਯਾਦ ਉਥੇ ਦੇ ਕਿਣਕੇ-ਕਿਣਕੇ ਅੰਦਰ ਵਸੀ ਹੋਈ ਹੈ। ਗੁਰੂ ਤੇਗ ਬਹਾਦਰ ਜੀ ਤੇ ਮਹਾਤਮਾ ਬੁੱਧ ਜੀ ਦੋਵੇਂ ਆਪਣੀ ਮਿਹਨਤ ਨਾਲ ਸਤਿਪੁਰਖ ਨੂੰ ਪ੍ਰਾਪਤ ਕਰ ਲੈਣ ਵਾਲੇ ਅੰਸ਼ ਨੂੰ ਕਿਉਂ ਨਾ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਖਦੇ। ਬ੍ਰਾਹਮਣਾਂ ਨੇ ਉਥੇ ਵੀ ਵਿਚਾਰ-ਚਰਚਾ ਕਰਨੀ ਚਾਹੀ ਪਰ ਰਾਮ ਨਾਮ ਦੀ ਓਟ ਦਾ ਪ੍ਰਚਾਰ ਕਰਨ ਵਾਲਾ ਵਿਚਾਰ-ਗੋਸ਼ਟੀ ਦੇ ਚੱਕਰ ਵਿਚ ਕਿਉਂ ਪੈਂਦਾ ? ਭਰੇ ਹੋਏ ਨੂੰ ਉਛਲਣ ਦੀ ਵਿਹਲ ਹੀ ਕਿਥੇ ?

'ਬੌਧ-ਗਯਾ ਵਿਚ ਗੁਰੂ ਜੀ ਜ਼ਿਆਦਾ ਸਮਾਂ ਨਹੀਂ ਰੁਕੇ, ਨਾਲੰਦਾ ਤੇ ਰਾਜਗ੍ਰਿਹਿ ਦੇ ਰਸਤੇ ਹੁੰਦੇ ਹੋਏ ਉਹ ਜੇਠ ਮਹੀਨੇ ਦੇ ਸ਼ੁਰੂ ਵਿਚ ਹੀ ਪਟਨਾ ਆ ਪਹੁੰਚੇ। ਗੁਰੂ ਜੀ ਦਾ ਪਟਨਾ ਆਉਣਾ ਤੇ ਉਥੇ ਰਹਿਣਾ ਆਪਣੇ ਆਪ ਵਿਚ ਇੱਕ ਤਾਰੀਖੀ ਘਟਨਾ ਸੀ। ਜਦੋਂ ਤੱਕ ਸਿੱਖ-ਮੱਤ ਕਾਇਮ ਰਹੇਗਾ, ਉਦੋਂ ਤੱਕ ਇਸ ਇਤਿਹਾਸ ਨੂੰ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਰਹੇਗਾ।'

'ਪਟਨਾ ਸਮਰਾਟ ਅਜਾਤ ਸ਼ਤਰੂ ਅਸ਼ੋਕ ਅਤੇ ਚੰਦਰ ਗੁਪਤ ਦੀ ਰਾਜਧਾਨੀ ਸੀ। ਮਹਾਤਮਾ ਬੁੱਧ ਨੇ ਵੀ ਇਸ ਨਗਰ ਦੀ ਯਾਤਰਾ ਕੀਤੀ ਸੀ, ਗੁਰੂ ਨਾਨਕ ਜੀ ਉਸ ਪਰਮ-ਜੋਤ

ਦੇ ਮਨੁੱਖੀ ਜਾਮੇ ਵਿਚ ਪ੍ਰਗਟ ਹੋਣ ਦਾ ਸਥਾਨ ਹੈ, ਜਿਹੜੀ ਅਲਾਹਾਬਾਦ ਵਿਚ ਮਾਤਾ ਗੁਜਰੀ ਜੀ ਦੇ ਗਰਭ ਵਿਚ ਟਿਕੀ ਸੀ ਅਤੇ ਜੋ ਹੁਣ ਦਸਮ ਗੁਰੂ ਗੋਬਿੰਦ ਰਾਏ ਦੇ ਰੂਪ ਵਿਚ ਅਨੰਦਪੁਰ ਵਿਚ ਬਿਰਾਜਮਾਨ ਹਨ। ਪਟਨਾ ਸਮਰਾਟਾਂ ਤੇ ਮਹਾਂਪੁਰਖਾਂ ਦੀਆਂ ਚਰਨ ਛੂਹਾਂ ਨਾਲ ਵਰੋਸਾਈ ਧਰਤੀ ਹੈ ਇਸ ਲਈ ਦੇਸ਼ ਦੀ ਸੰਸਕ੍ਰਿਤੀ ਦੇ ਪ੍ਰਸਾਰ ਵਿਚ ਉਸ ਚੋਖਾ ਮਹੱਤਵਪੂਰਨ ਹਿੱਸਾ ਪਾਇਆ ਹੈ। ਅਨੇਕਾਂ ਪ੍ਰਸਿੱਧ ਯਾਤਰੀਆਂ ਨੇ ਪ੍ਰਾਚੀਨ ਨਗਰ ਪਾਟਲੀ ਪੁੱਤਰ ਦੀ ਸੁੰਦਰ ਤਸਵੀਰ ਪੇਸ਼ ਕੀਤੀ ਹੈ ਅਤੇ ਅੱਜ ਦਾ ਪਟਨਾ ਵੀ ਕਿਸੇ ਪੱਖੋਂ ਘੱਟ ਮਨਮੋਹਣਾ ਨਹੀਂ।

'ਗੰਗਾ ਨਦੀ ਕੰਢੇ ਵਸੇ ਇਸ ਸੁੰਦਰ ਸ਼ਹਿਰ ਵਿਚ ਉਦੋਂ ਵੀ ਵਿਦੇਸ਼ੀ ਵਪਾਰ ਆਰੰਭ ਹੋ ਚੁੱਕਾ ਸੀ ਅਤੇ ਇੱਕ ਹੱਦ ਤੱਕ ਪੂਰਬ ਨੇ ਪੱਛਮ ਨੂੰ ਪਛਾਣਨਾ ਸ਼ੁਰੂ ਕਰ ਦਿੱਤਾ ਸੀ। ਗੁਰੂ ਤੇਗ ਬਹਾਦਰ ਜੀ ਜਦੋਂ ਪਟਨਾ ਪਹੁੰਚੇ ਤਾਂ ਔਰੰਗਜ਼ੇਬ ਦੀ ਰਾਜਨੀਤੀ ਦਾ ਉਤਰ ਭਾਰਤ ਵਿਚ ਪਤਨ ਸ਼ੁਰੂ ਹੋ ਗਿਆ ਸੀ। ਬੀਤੇ ਸੱਤ ਸਾਲਾਂ ਵਿਚ ਉਹ ਪੁੱਤਰ ਦੀ ਕਠੋਰਤਾ ਦਾ ਸ਼ਿਕਾਰ ਹੋਇਆ, ਕੈਦਖ਼ਾਨੇ ਵਿਚ ਕਸ਼ਟ ਭੋਗ ਰਿਹਾ ਸੀ, ਉਹ ਦੁੱਖ ਤੋਂ ਆਜ਼ਾਦ ਹੋ ਗਿਆ ਸੀ। ਗੁਰੂ ਜੀ ਨੂੰ ਸ਼ਾਹ ਜਹਾਨ ਦੀ ਮੌਤ ਦੀ ਖ਼ਬਰ ਪਟਨਾ ਵਿਚ ਹੀ ਪ੍ਰਾਪਤ ਹੋਈ। ਦੂਜੀ ਘਟਨਾ ਜਿਸ ਨੇ ਔਰੰਗਜ਼ੇਬ ਦੀ ਨੀਤੀ ਨੂੰ ਬਹੁਤ ਨੁਕਸਾਨ ਪਹੁੰਚਾਇਆ, ਉਹ ਸ਼ਿਵਾ ਜੀ ਨਾਲ ਕੀਤਾ ਔਰੰਗਜ਼ੇਬ ਦਾ ਮਾੜਾ ਵਤੀਰਾ ਸੀ।

ਜੈਪੁਰ ਦੇ ਰਾਜਾ ਜੈ ਸਿੰਘ ਨੇ ਵਿਚ ਪੈ ਕੇ ਸ਼ਿਵਾ ਜੀ ਨੂੰ ਮੁਗ਼ਲ ਦਰਬਾਰ ਵਿਚ ਆਉਣ ਲਈ ਰਾਜ਼ੀ ਕਰ ਲਿਆ ਸੀ। ਉਸਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਬਾਦਸ਼ਾਹ ਔਰੰਗਜ਼ੇਬ ਉਸਨੂੰ ਬਰਾਬਰ ਦਾ ਆਜ਼ਾਦ ਹਾਕਮ ਮੰਨ ਲਵੇਗਾ ਅਤੇ ਬਦਲੇ ਵਿਚ ਕੁਝ ਜਿੱਤੇ ਹੋਏ ਕਿਲ੍ਹੇ ਉਸ ਦੇ ਹਵਾਲੇ ਕਰੇਗਾ। ਦੂਜੇ ਪਾਸੇ ਰਾਜਾ ਔਰੰਗਜ਼ੇਬ ਦਾ ਸੱਜਾ ਹੱਥ ਬਣ ਸਕਦਾ ਸੀ ਪਰ ਹਿੰਦੂ-ਵਿਰੋਧੀ ਕੱਟੜ ਨੀਤੀ ਇਸ ਮੂੜ੍ਹ ਬਾਦਸ਼ਾਹ ਨੂੰ ਉਤਰ ਵਿਚ ਤਾਂ ਲੈ ਹੀ ਡੁੱਬੀ, ਦੱਖਣ ਵਿਚ ਵੀ ਜੇਕਰ ਇਸ ਦੀ ਇਹੋ ਹਾਲਤ ਹੋਈ, ਤਾਂ ਕੋਈ ਹੈਰਾਨੀ ਨਹੀਂ ਹੋਵੇਗੀ।

ਸ਼ਿਵਾਜੀ ਨੂੰ ਬੁਲਾ ਤਾਂ ਲਿਆ ਪਰ ਸੰਕੀਰਨ ਹਿਰਦੇ ਵਾਲਾ ਔਰੰਗਜ਼ੇਬ ਸ਼ਿਵਾਜੀ ਦੇ ਹਿੰਦੂ ਤੇ ਵਿਦਰੋਹੀ ਹੋਣ ਦੇ ਤੱਤਾਂ ਨੂੰ ਭੁਲਾ ਨਾ ਸਕਿਆ। ਇਸ ਲਈ, ਦਰਬਾਰ ਵਿਚ ਉਸਨੂੰ ਬਹੁਤ ਹੀ ਘਟੀਆ ਅਮਲੇ ਦੀ ਕਤਾਰ ਵਿਚ ਖੜ੍ਹਾ ਕਰਕੇ, ਉਸ ਦਾ ਵਿਰੋਧ ਕਰਕੇ ਔਰੰਗਜ਼ੇਬ ਨੇ ਸ਼ਿਵਾਜੀ ਦਾ ਨਿਰਾਦਰ ਕਰਨ ਦੀ ਸਾਜਿਸ਼ ਘੜੀ। ਸ਼ਿਵਾਜੀ ਦਾ ਵਿਦਰੋਹੀ ਮਨ ਕਦੀ ਝੁਕਣਾ ਨਹੀਂ ਸਿਖਿਆ ਸੀ, ਉਹ ਇਸ ਵਤੀਰੇ ਨੂੰ ਬਰਦਾਸ਼ਤ ਨਾ ਕਰ ਸਕਿਆ। ਰਾਜਾ ਜੈਸਿੰਘ ਅਤੇ ਉਸਦੇ ਪੁੱਤਰ ਰਾਜਾ ਰਾਮ ਸਿੰਘ ਨੂੰ ਵੀ ਬਾਦਸ਼ਾਹ ਦੇ ਇਸ ਵਿਵਹਾਰ ਉਤੇ ਰੋਸ ਸੀ ਕਿਉਂਕਿ ਜੈਸਿੰਘ ਨੇ ਸ਼ਿਵਾਜੀ ਨੂੰ ਦਰਬਾਰ ਵਿਚ ਲਿਆਉਣ ਲਈ ਆਪਣੇ ਲਈ ਆਪਣੇ ਪੁੱਤਰ ਰਾਮ ਸਿੰਘ ਦੀ ਸੌਂਹ ਖਾਧੀ ਸੀ।

ਸ਼ਿਵਾਜੀ ਗੁੱਸੇ ਵਿਚ ਮੁਗ਼ਲ ਦਰਬਾਰ ਦੀ ਰੋਹ ਰੀਤੀ ਨਿਭਾਉਣ ਤੋਂ ਬਿਨਾਂ ਉਥੋਂ ਚਲਾ ਜਾਣਾ ਚਾਹੁੰਦਾ ਸੀ ਪਰ ਬਾਦਸ਼ਾਹ ਦੇ ਇਸ਼ਾਰੇ ਉਤੇ ਉਸਨੂੰ ਕੈਦ ਕਰ ਲਿਆ ਗਿਆ। ਆਗਰਾ ਸ਼ਹਿਰ ਦੇ ਬਾਹਰ ਉਸਨੂੰ ਇੱਕ ਮਕਾਨ ਵਿੱਚ ਰੱਖਿਆ ਗਿਆ। ਰਾਜਾ ਰਾਮ ਸਿੰਘ ਨੂੰ ਉਸਦੀ ਨਿਗਰਾਨੀ ਦਾ ਕੰਮ ਸੌਂਪਿਆ ਗਿਆ, ਪਰ ਸਖ਼ਤ ਪਹਿਰਾ ਹੋਣ ਦੇ ਬਾਵਜੂਦ ਸ਼ਿਵਾਜੀ ਬੜੀ ਚਾਲਾਕੀ ਨਾਲ ਮਿਠਾਈ ਦੀ ਟੋਕਰੀ ਵਿਚ ਬੈਠ ਕੇ ਉਥੋਂ ਭੱਜ ਜਾਣ ਵਿਚ ਸਫਲ ਹੋ ਗਿਆ। ਇਸ ਦਾ ਦੋਸ਼ ਰਾਜਾ ਰਾਮ ਸਿੰਘ ਉਤੇ ਥੋਪਿਆ ਗਿਆ ਅਤੇ ਸਜ਼ਾ ਵਜੋਂ ਪਹਿਲਾਂ ਤਾਂ ਉਸਨੂੰ ਦਰਬਾਰ ਵਿਚ ਆਉਣ ਦੀ ਮਨਾਹੀ ਕੀਤੀ ਗਈ ਅਤੇ ਪਿੱਛੋਂ ਉਸਨੂੰ ਪਦਵੀ ਤੇ ਤਨਖਾਹ ਤੋਂ ਵੀ ਵਿਰਵਾ ਕਰ ਦਿੱਤਾ ਗਿਆ। ਇਸ ਨਾਲ ਰਾਜਪੂਤ ਸਹਿਯੋਗੀਆਂ ਵਿਚ ਅਸੰਤੋਸ਼ ਫੈਲ ਗਿਆ। ਔਰੰਗਜ਼ੇਬ ਦੀ ਸੰਕੀਰਨ ਨੀਤੀ ਸਦਕਾ ਦੱਖਣ ਵਿਚ ਸੁੱਲਭ ਹੋ ਸਕਣ ਵਾਲਾ ਹਿਮਾਇਤੀ ਸ਼ਿਵਾਜੀ ਤਾਂ ਦੁਸ਼ਮਣ ਬਣ ਹੀ ਗਿਆ, ਰਾਜਪੂਤ ਰਾਜੇ ਵੀ ਬਾਦਸ਼ਾਹ ਦੇ ਮਾੜੇ ਵਤੀਰੇ ਕਰਕੇ ਔਖੇ-ਔਖੇ ਮਹਿਸੂਸ ਕਰਨ ਲੱਗ ਗਏ। ਗੁਰੂ ਘਰ ਵਿਚ ਰਾਜਾ ਜੈਸਿੰਘ ਅਤੇ ਰਾਜਾ ਰਾਮ ਸਿੰਘ ਦਾ ਆਦਰ ਸੀ ਇਸ ਲਈ ਸਜ਼ਾ ਦੀ ਖ਼ਬਰ ਜਦੋਂ ਪਟਨਾ ਪਹੁੰਚੀ ਤਾਂ ਗੁਰੂ ਪਰਿਵਾਰ ਨੂੰ ਦੁੱਖ ਹੋਇਆ। ਸ਼ਿਵਾਜੀ ਦੇ ਅਜ਼ਾਦ ਹੋ ਜਾਣ ਦੀ ਸਾਰਿਆਂ ਨੂੰ ਖੁਸ਼ੀ ਸੀ।

ਗੁਰੂ ਜੀ ਵਰਖਾ ਰੁੱਤ ਵਿਚ ਪਟਨਾ ਵਿੱਚ ਹੀ ਰਹੇ। ਉਹਨਾਂ ਪਟਨਾ ਦੀ ਸੰਗਤ ਵਿਚ ਚੇਤਨਾ ਪੈਦਾ ਕਰ ਦਿੱਤੀ। ਬਾਣੀ ਦੇ ਅਨੇਕ ਪਦ ਗੁਰੂ ਜੀ ਨੇ ਪਟਨਾ ਵਿਚ ਹੀ ਉਚਾਰਨ ਕੀਤੇ, ਜਿਨ੍ਹਾਂ ਨੂੰ ਭਾਈ ਮਤੀ ਦਾਸ ਨੇ ਸੰਕਲਿਤ ਕੀਤਾ। ਗੁਰੂ ਜੀ ਦੀ ਉਸ ਰਚਨਾ ਦਾ ਵਿਸ਼ੇਸ਼ ਮੁੱਦਾ ਪ੍ਰਮਾਤਮਾ ਦੀ ਨਾਮ ਮਹਿਮਾ ਦਾ ਹੈ। ਇਹ ਪਦ ਤਾਂ ਉਹ ਆਮ ਕਰਕੇ ਕੀਰਤਨ ਵਿਚ ਪੜ੍ਹਿਆ ਕਰਦੇ ਸਨ:-

*ਸਾਧੋ ਗੋਬਿੰਦ ਕੇ ਗੁਨ ਗਾਵਉ॥*
*ਮਾਨਸ ਜਨਮੁ ਅਮੋਲਕੁ ਪਾਇਓ, ਬਿਰਥਾ ਕਾਹਿ ਗਵਾਵਉ॥ ॥ ਰਹਾਉ॥*
*ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ, ਤਾਹਿ ਤੁਮ ਆਵਉ ॥*
*ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ, ਤੁਮ ਕਾਹੇ ਬਿਸਰਾਵਉ॥ ॥*
*ਤਜਿ ਅਭਿਮਾਨ ਮੋਹ ਮਾਇਆ ਫੁਨਿ, ਭਜਨ ਰਾਮ ਚਿਤੁ ਲਾਵਉ॥*
*ਨਾਨਕ ਕਹਤ ਮੁਕਤਿ ਪੰਥੁ ਇਹੁ ਗੁਰਮੁਖਿ ਹੋਇ ਤੁਮ ਪਾਵਉ॥ ॥*

ਗੁਰੂ ਜੀ ਨੇ ਪਟਨਾ ਦੀ ਸੰਗਤ ਨੂੰ ਸੰਗਠਤ ਕੀਤਾ, ਉਥੇ ਮਸੰਦ ਪਰੰਪਰਾ ਦੀ ਥਾਂ ਤੇ ਤਖ਼ਤ ਕਾਇਮ ਕੀਤਾ ਅਤੇ ਭਾਈ ਦਿਆਲ ਦਾਸ ਨੂੰ, ਜਿਸ ਨੂੰ ਗੁਰੂ ਜੀ ਭਰਾ ਵਾਂਗ ਸਮਝਦੇ ਸਨ, ਸੂਬਾ ਨਿਯੁਕਤ ਕੀਤਾ ਗਿਆ। ਉਦੋਂ ਤੋਂ ਪਟਨਾ ਵਿਚ ਕੁਝ ਸੈਨਿਕ ਵੀ ਰੱਖੇ ਗਏ ਹਨ।

ਵਰਖਾ ਰੁੱਤ ਸਮਾਪਤ ਹੁੰਦਿਆਂ ਹੀ ਗੁਰੂ ਜੀ ਨੇ ਅੱਗੇ ਬੰਗਾਲ ਤੇ ਕਾਮਰੂਪ (ਅਸਾਮ) ਦੀ ਯਾਤਰਾ ਦਾ ਪ੍ਰੋਗਰਾਮ ਬਣਾਇਆ। ਮਾਤਾ ਨਾਨਕੀ ਜੀ ਚਾਹੁੰਦੇ ਸਨ ਕਿ ਗੁਰੂ ਤੇਗ ਬਹਾਦਰ ਜੀ ਅਤੇ ਕੁਝ ਸਮਾਂ ਹੋਰ ਪਟਨਾ ਵਿਚ ਹੀ ਰੁਕਣ। ਮਾਤਾ ਗੁਜਰੀ ਜੀ ਲਈ ਹੋਰ

ਵਧੇਰੇ ਸਫ਼ਰ ਕਰਨਾ ਉਚਿਤ ਨਹੀਂ ਸੀ। ਇਸ ਲਈ ਗੁਰੂ ਜੀ ਨੇ ਆਪਣੀ ਯਾਤਰਾ ਮੁਲਤਵੀ ਕਰਨਾ ਉਚਿਤ ਨਾ ਸਮਝਿਆ, ਹਾਂ ਪਤਨੀ ਤੇ ਮਾਤਾ ਨੂੰ ਪਟਨਾ ਹੀ ਛੱਡ ਕੇ ਅੱਗੇ ਜਾਣ ਦਾ ਫੈਸਲਾ ਕੀਤਾ। ਉਹਨਾਂ ਦਾ ਕਰਤੱਵ ਉਹਨਾਂ ਨੂੰ ਪੁਕਾਰ ਰਿਹਾ ਸੀ। ਬੰਗਾਲ ਦੀ ਸੰਗਤ ਦਰਸ਼ਨਾਂ ਲਈ ਬਿਹਬਲ ਸੀ, ਅਨੇਕ ਸੰਦੇਸ਼ ਢਾਕਾ ਤੋਂ ਆ ਚੁੱਕੇ ਸਨ। ਇਸ ਲਈ, ਗੁਰੂ ਜੀ ਪਰਿਵਾਰ ਦੀ ਦੇਖਭਾਲ ਭਾਈ ਦਿਆਲ ਦਾਸ ਉਤੇ ਛੱਡ ਕੇ ਚੱਲਣ ਲਈ ਤਿਆਰ ਹੋ ਗਏ। ਢਾਕਾ ਦੇ ਮਸੰਦ ਭਾਈ ਬਲਾਲੀ ਦਾਸ ਅਤੇ ਕਾਮਰੂਪ ਦੀ ਇੱਕ ਛੋਟੀ ਰਿਆਸਤ ਤੇ ਰਾਜਾ ਰਾਮ ਰਾਏ ਗੁਰੂ ਜੀ ਨੂੰ ਲੈ ਜਾਣ ਲਈ ਆਪ ਪਟਨਾ ਆਏ ਅਤੇ ਦੀਵਾਨ ਮਤੀ ਦਾਸ, ਭਾਈ ਸਤੀ ਦਾਸ, ਮੈਂ ਅਤੇ ਕੁਝ ਥੋੜ੍ਹੇ ਜਿਹੇ ਲੋਕ ਗੁਰੂ ਜੀ ਨਾਲ ਬੰਗਾਲ ਦੀ ਯਾਤਰਾ ਲਈ ਚੱਲ ਪਏ।

ਗੰਗਾ ਦੇ ਕੰਢੇ-ਕੰਢੇ ਹੁੰਦੇ ਹੋਏ ਅਸੀਂ ਗੰਗਾ ਕੰਢੇ ਵਸੇ ਨਗਰ ਮੁੰਘੇਰ ਪਹੁੰਚੇ। ਇੱਥੇ ਗੁਰੂ ਜੀ ਬਹੁਤ ਦੇਰ ਤੱਕ ਰੁਕੇ ਅਤੇ ਪਟਨਾ, ਕਾਂਸ਼ੀ ਅਤੇ ਇਲਾਹਾਬਾਦ ਦੀਆਂ ਸੰਗਤਾਂ ਦੇ ਨਾਂ ਉਹਨਾਂ ਇੱਥੋਂ ਕਈ ਹੁਕਮਨਾਮੇ ਭਿਜਵਾਏ, ਸੰਗਤਾਂ ਨੂੰ ਹੁਕਮ ਦਿੱਤਾ ਕਿ ਉਹ ਭਾਈ ਦਿਆਲ ਦਾਸ ਨੂੰ ਗੁਰੂ ਦੀ ਥਾਂ ਹੀ ਮੰਨਣ ਅਤੇ ਹਰ ਤਰ੍ਹਾਂ ਦਾ ਸਨਮਾਨ ਤੇ ਸਹਿਯੋਗ ਦੇਣ। ਇਸ ਤਰ੍ਹਾਂ ਦੇ ਪੱਤਰ ਭੇਜਣ ਨਾਲ ਗੁਰੂ ਜੀ ਦੀ ਮਨਸ਼ਾ ਸੰਗਤ ਦੇ ਮਨ ਵਿਚ ਭਾਈ ਦਿਆਲ ਦਾਸ ਦਾ ਵਿਸ਼ਵਾਸ ਬਿਠਾਉਣਾ ਸੀ ਕਿਉਂਕਿ ਭਾਈ ਦਿਆਲ ਦਾਸ ਨੂੰ ਪੰਜਾਬ ਤੋਂ ਇਲਾਵਾ ਬਾਕੀ ਸਾਰੇ ਭਾਰਤ ਦੇ ਸੂਬਾ ਬਣਾ ਦਿੱਤਾ ਗਿਆ ਸੀ ਇਸ ਲਈ ਵੱਖ-ਵੱਖ ਪ੍ਰਦੇਸ਼ਾਂ ਦੇ ਮਸੰਦਾਂ ਤੇ ਸੰਗਤਾਂ ਨੂੰ ਇਹ ਸੁਨੇਹਾ ਦੇਣਾ ਵੀ ਜ਼ਰੂਰੀ ਸੀ।

ਮੁੰਘੇਰ ਤੋਂ ਭਾਗਲਪੁਰ, ਸਾਹਿਬ ਗੰਜ ਅਤੇ ਕੰਤ ਨਗਰ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਪ੍ਰਸਿੱਧ ਸੂਫ਼ੀ ਕੇਂਦਰ ਮਾਲਦਾ ਗਏ। ਉਥੇ ਪੀਰਾਂ ਫਕੀਰਾਂ ਨਾਲ ਤਕਰੀਬਨ ਤਿੰਨ ਦਿਨ ਸਤਿਸੰਗ ਕਰਕੇ ਗੁਰੂ ਜੀ ਢਾਕਾ ਜਾ ਅੱਪੜੇ। ਢਾਕਾ ਦੀ ਸੰਗਤ ਨੇ ਗੁਰੂ ਜੀ ਦਾ ਜਿਸ ਪਿਆਰ ਤੇ ਸਤਿਕਾਰ ਨਾਲ ਸ਼ਾਹੀ ਸੁਆਗਤ ਕੀਤਾ, ਉਹ ਹੁਣ ਤੱਕ ਯਾਦ ਹੈ। ਮੈਨੂੰ ਤਾਂ ਅਕਸਰ ਯਾਦ ਕਰਕੇ ਆਨੰਦ ਆ ਜਾਂਦੈ। ਸੰਗਤ ਤੋਂ ਇਲਾਵਾ ਢਾਕਾ ਦੇ ਅਨੇਕਾਂ ਉਚ-ਅਧਿਕਾਰੀਆਂ ਨੇ ਵੀ ਗੁਰੂ ਜੀ ਦਾ ਸੁਆਗਤ ਕੀਤਾ, ਹਰ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ।

'ਗੁਰੂ ਤੇਗ ਬਹਾਦਰ ਜੀ ਨੇ ਵੀ ਬਾਬਾ ਨਾਨਕ ਵਾਂਗ ਦੂਰ-ਦੂਰ ਦੀਆਂ ਯਾਤਰਾਵਾਂ ਕੀਤੀਆਂ ? ' ਇੱਕ ਮੁਸਲਿਮ ਸਰੋਤਾ ਨੇ ਪੁੱਛਿਆ।

'ਹਾਂ, ਗੁਰੂ ਜੀ ਬਹੁਤ ਦੂਰ ਤੱਕ ਗਏ ਪਰ ਉਹਨਾਂ ਨੂੰ ਦੱਖਣ, ਪੱਛਮ ਤੇ ਵਿਦੇਸ਼ ਵਿਚ ਜਾਣ ਦਾ ਮੌਕਾ ਨਹੀਂ ਮਿਲ ਸਕਿਆ। ਪੂਰਬੀ ਭਾਰਤ ਨੂੰ ਗੁਰੂ ਜੀ ਨੇ ਆਪਣੀ ਚਰਨ-

ਛੋਹ ਨਾਲ ਪਵਿੱਤਰ ਕੀਤਾ। ਬਾਬਾ ਨਾਨਕ ਤਾਂ ਬਰ੍ਹਮਾ, ਲੰਕਾ ਤੇ ਅਰਬ ਦੇਸ਼ਾਂ ਵਿਚ ਵੀ ਗਏ ਸਨ।'

'ਜੇਕਰ ਬਾਦਸ਼ਾਹ ਦੇ ਮਜ਼ਹਬੀ ਪਾਗਲਪਨ ਦਾ ਸ਼ਿਕਾਰ ਨਾ ਹੋ ਗਏ ਹੁੰਦੇ, ਤਾਂ ਗੁਰੂ ਜੀ ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ ਰੂਹਾਨੀਅਤ ਦਾ ਉਪਦੇਸ਼ ਦੇ ਸਕਦੇ,' ਰਹਿਮਾਨ ਨੇ ਅਫ਼ਸੋਸ ਦੇ ਭਾਵ ਨਾਲ ਕਿਹਾ।

*'ਜੋ ਤੁਧੁ ਭਾਵੈ, ਸਾਈ ਭਲੀ ਕਾਰ,'*

ਭਾਈ ਗੁਰਦਿੱਤਾ ਨੇ ਲੰਬੀ ਸਾਹ ਭਰੀ।

'ਗੁਰੂ ਜੀ ਲਈ ਢਾਕਾ ਦੀ ਸੰਗਤ ਨੇ ਇੱਕ ਵਿਸ਼ੇਸ਼ ਮਕਾਨ ਬਣਵਾਇਆ ਸੀ। ਉਹਨਾਂ ਦੇ ਉਥੇ ਰਹਿੰਦਿਆਂ-ਰਹਿੰਦਿਆਂ ਉਸ ਸਥਾਨ ਦਾ ਨਾਂ ਸੰਗਤ-ਟਿੱਲਾ ਪੈ ਗਿਆ ਸੀ।' ਗੁਰੂ ਨਾਨਕ ਦੇਵ ਜੀ ਅਸਾਮ ਦੇ ਧੁਬੜੀ ਪ੍ਰਦੇਸ਼ ਤੋਂ ਜਗਨਨਾਥ ਪੁਰੀ ਨੂੰ ਜਾਂਦਿਆਂ ਉਥੇ ਵੀ ਆਏ ਸਨ ਅਤੇ ਰੁਕੇ ਸਨ। ਸੱਚੇ ਪਾਤਸ਼ਾਹ ਨੇ ਉਥੇ ਪੀਣ ਦੇ ਪਾਣੀ ਦੀ ਕਮੀ ਵੇਖ ਕੇ ਇੱਕ ਖੂਹ ਉਥੇ ਬਣਵਾਇਆ ਸੀ, ਜੋ ਕਿ ਹੁਣ ਵੀ ਉਥੇ ਮੌਜੂਦ ਹੈ ਅਤੇ ਬੰਗਾਲ ਭਰ ਦੇ ਲੋਕ ਚੇਤਰ ਦੇ ਮਹੀਨੇ ਉਥੇ ਇਕੱਤਰ ਹੁੰਦੇ ਹਨ ਅਤੇ ਗੁਰੂ ਨਾਨਕ ਜੀ ਦੇ ਆਗਮਨ ਦੀ ਯਾਦ ਨੂੰ ਤਾਜ਼ਾ ਕਰਦੇ ਹਨ। ਵੈਸੇ ਵੀ ਉਥੋਂ ਦੇ ਹਿੰਦੂ ਮੁਸਲਮਾਨ ਸਾਰੇ ਉਸ ਖੂਹ ਦੇ ਪਾਣੀ ਨੂੰ ਚਮਤਕਾਰ ਮੰਨਦੇ ਹਨ ਅਤੇ ਕਿਸੇ ਤਰ੍ਹਾਂ ਦੇ ਸਰੀਰਕ ਕਸ਼ਟ ਲਈ ਉੱਥੇ ਇਸ਼ਨਾਨ ਕਰਦੇ ਹਨ। ਗੁਰੂ ਜੀ ਦੀ ਯਾਤਰਾ ਪਿਛੋਂ ਕਿਸੇ ਅਮੀਰ ਨੇ ਉਸ ਖੂਹ ਕੋਲ ਇੱਕ ਮੰਦਿਰ ਅਤੇ ਇੱਕ ਸਰੋਵਰ ਬਣਵਾ ਦਿੱਤਾ ਸੀ।

'ਢਾਕਾ ਬੰਗਾਲ ਵਿਚ ਕਲਾ ਤੇ ਵਪਾਰ ਦਾ ਕੇਂਦਰ ਸੀ। ਢਾਕਾ ਦੀ ਮਲਮਲ ਤਾਂ ਅੱਜ ਵੀ ਮੁਗ਼ਲਾਂ ਦੀ ਸ਼ਾਨ ਹੈ ਪਰ ਉਸ ਸਾਰੇ ਪ੍ਰਦੇਸ਼ ਦੀ ਜਲਵਾਯੂ ਚੰਗੀ ਨਹੀਂ ਹੈ। ਬ੍ਰਹਮ-ਪੁੱਤਰ ਤੋਂ ਸਿਵਾ ਨਦੀ ਨਾਲਿਆਂ ਦਾ ਪਾਣੀ ਕੌੜਾ ਹੈ। ਬਰਸਾਤ ਵਿਚ ਤਾਂ ਭਿਅੰਕਰ ਦਲਦਲ ਅਤੇ ਕਾਈ ਚਾਰੋਂ ਪਾਸੇ ਦਿਸਦੀ ਹੈ। ਗੁਰੂ ਜੀ ਨੇ ਢਾਕਾ ਪਹੁੰਚ ਕੇ ਸਭ ਤੋਂ ਪਹਿਲਾਂ ਆਪਣੇ ਸੇਵਕਾਂ ਨੂੰ ਉਥੋਂ ਦੀ ਜਲਵਾਯੂ ਤੋਂ ਸਾਵਧਾਨ ਰਹਿਣ ਲਈ ਚੇਤਾਵਨੀ ਦਿੱਤੀ ਸੀ।'

ਗੁਰੂ ਜੀ ਨੇ ਉਥੋਂ ਪਟਨਾ ਦੀ ਸੰਗਤ ਦੇ ਨਾਂ ਆਪਣੇ ਪਰਿਵਾਰ ਦੀ ਉਚਿਤ ਦੇਖਭਾਲ ਲਈ ਭਾਈ ਦਿਆਲ ਦਾਸ ਨੂੰ ਪੱਤਰ ਭਿਜਵਾਇਆ ਸੀ। ਅੱਗੇ ਕਾਮਰੂਪ ਦੀ ਯਾਤਰਾ ਵਾਸਤੇ ਕੁਝ ਨਵੇਂ ਖੇਮਿਆਂ ਦਾ ਪ੍ਰਬੰਧ ਕਰਨ ਲਈ ਵੀ ਸੂਬਾ ਦਿਆਲ ਦਾਸ ਨੂੰ ਲਿਖਿਆ ਸੀ। ਮੁਮਤਾਜ਼ ਦਾ ਭਰਾ ਅਤੇ ਨੂਰਜਹਾਂ ਦਾ ਭਤੀਜਾ ਸ਼ਇਸਤਾ ਖਾਂ ਉਹਨਾਂ ਦਿਨਾਂ ਵਿਚ ਉਥੇ ਦਾ ਗਵਰਨਰ ਸੀ। ਆਪਣੇ ਵਕਤ ਵਿਚ ਉਹ ਸਭ ਤੋਂ ਵਧੀਆ ਸ਼ਾਸਕ ਮੰਨਿਆ ਗਿਆ ਸੀ, ਹਿੰਦੂ-ਮੁਸਲਿਮ ਭੇਦ ਭਾਵ ਤੋਂ ਉਹ ਉਪਰ ਸੀ, ਔਰੰਗਜ਼ੇਬ ਵਰਗੇ ਮਹਾ ਸੰਕੀਰਨ ਬਾਦਸ਼ਾਹ ਰਾਜ ਵਿਚ ਸ਼ਾਇਸਤਾ ਖਾਂ ਦਾ ਗਵਰਨਰ ਹੋਣਾ ਸ਼ਾਇਦ ਅਚੰਭਾ ਹੀ ਸੀ।

'ਢਾਕਾ ਵਿਚ ਰਹਿੰਦਿਆਂ ਗੁਰੂ ਜੀ ਦਾ ਰੋਜ਼ਾਨਾ ਪ੍ਰੋਗਰਾਮ ਬੜਾ ਰੁਝੇਵਿਆਂ ਭਰਿਆ ਸੀ। ਸਵੇਰੇ ਜਪੁਜੀ ਅਤੇ ਆਸਾ ਦੀ ਵਾਰ ਦੇ ਪਾਠ ਪਿੱਛੋਂ ਹਰ ਰੋਜ਼ ਕੀਰਤਨ ਹੁੰਦਾ ਸੀ ਅਤੇ ਉਸ ਪਿੱਛੋਂ ਆਪ ਗੁਰੂ ਜੀ ਸੰਗਤ ਨੂੰ ਉਪਦੇਸ਼ ਦਿੰਦੇ। ਇੱਕ ਪ੍ਰਮਾਤਮਾ 'ਦੀ ਹੋਂਦ ਉਤੇ ਜ਼ੋਰ ਦਿੱਤਾ ਜਾਂਦਾ। ਜਾਤੀ ਅਭਿਮਾਨ, ਕਾਮ ਕਰੋਧ ਤੇ ਮਿਥਿਆ ਕਰਮ ਕਾਂਡਾਂ ਅਤੇ ਅਡੰਬਰਾਂ ਨੂੰ ਤਿਆਗ ਦੇਣ ਦੀ ਗੱਲ ਹੁੰਦੀ। ਹਿੰਦੂ-ਮੁਸਲਮਾਨ, ਬ੍ਰਾਹਮਣ-ਸ਼ੂਦਰ ਅਤੇ ਅੱਲਾ-ਈਸ਼ਵਰ ਨੂੰ ਬਰਾਬਰ ਇੱਕ ਨਜ਼ਰ ਨਾਲ ਵੇਖਣ ਦੀ ਬ੍ਰਾਹਮਣ-ਸੁੰਦਰ ਪ੍ਰੇਰਨਾ ਦਿੱਤੀ ਜਾਂਦੀ। ਸਭ ਤੋਂ ਉਪਰ ਭਗਵਾਨ ਦਾ ਨਾਮ ਜਪਣ, ਪ੍ਰਮਾਤਮਾ ਵਿਚ ਅਡੋਲ ਵਿਸ਼ਵਾਸ਼ ਕਾਇਮ ਕਰਨ ਅਤੇ ਸੱਚਾ ਸੁੱਚਾ ਜੀਵਨ ਜਿਊਣ ਦਾ ਉਪਦੇਸ਼ ਦਿੱਤਾ ਜਾਂਦਾ। ਉਹਨਾਂ ਦਿਨਾਂ ਵਿਚ ਸੈਂਕੜੇ ਹਿੰਦੂਆਂ ਤੇ ਮੁਸਲਮਾਨਾਂ ਨੇ ਗੁਰੂ ਜੀ ਸ਼ਰਨ ਵਿਚ ਆ ਕੇ ਸਿੱਖ-ਮਤ ਨੂੰ ਸਵੀਕਾਰ ਕੀਤਾ।

'ਪੋਹ ਸੁਦੀ ਸੰਮਤ ਬਿ. ਦੇ ਪਵਿੱਤਰ ਦਿਨ ਪਟਨਾ ਵਿਖੇ ਮਾਤਾ ਗੁਜਰੀ ਜੀ ਨੇ ਗੋਬਿੰਦ ਰਾਏ ਨੂੰ ਜਨਮ ਦਿੱਤਾ। ਭਾਈ ਦਿਆਲ ਦਾਸ ਨੇ ਇਹ ਸ਼ੁਭ ਸੂਚਨਾ ਦੇ ਕੇ ਭਾਈ ਮਿਹਰ ਚੰਦ ਅਤੇ ਭਾਈ ਕਲਿਆਣ ਚੰਦ ਨੂੰ ਗੁਰੂ ਜੀ ਕੋਲ ਭੇਜਿਆ। ਢਾਕਾ ਵਿਚ ਖ਼ਬਰ ਮਿਲਣਸਾਰ ਚਾਰੇ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ, ਉਸ ਦਿਨ ਕੀਰਤਨ ਦੌਰਾਨ ਗੁਰੂ ਜੀ ਨੇ ਆਪਣੀ ਰਚੀ ਹੋਈ ਬਾਣੀ ਦਾ ਪਾਠ ਕੀਤਾ –

*ਨਰ ਅਚੇਤ ਪਾਪ ਤੇ ਡਰੁ ਰੇ।*
*ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ।*
*ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ।*
*ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ।*
*ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥*
*ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ।*

'ਗੁਰੂ ਤੇਗ ਬਹਾਦਰ ਜੀ ਨੇ ਵਿੱਚੋਂ ਕੁਝ ਸਮਾਂ ਕੱਢ ਕੇ ਸਿਲਹਟ, ਚਿਟਾਗਾਂਗ ਅਤੇ ਸੋਨ ਦੀਪ ਤੱਕ ਦੀ ਵੀ ਯਾਤਰਾ ਕੀਤੀ। ਰਸਤੇ ਵਿਚ ਜਗ੍ਹਾ ਜਗ੍ਹਾ ਗੁਰਮਤਿ ਦਾ ਪ੍ਰਕਾਸ਼ ਕਰਦਿਆਂ ਚਿਟਾਗਾਂਗ ਵਿਚ ਤਾਂ ਉਹਨਾਂ ਬੜੀ ਵੱਡੀ ਸੰਗਤ ਕਾਇਮ ਕੀਤੀ। ਰਾਜਾ ਰਾਮ ਰਾਏ ਦੀ ਰਿਆਸਤ ਵਿਚ ਜਾ ਕੇ, ਜੋ ਕਿ ਕਾਮਰੂਪ ਦੀ ਸੀਮਾ ਉਤੇ ਸੀ, ਗੁਰੂ ਜੀ ਨੇ ਉਸਨੂੰ ਪੁੱਤਰ ਲਈ ਆਸ਼ੀਰਵਾਦ ਦਿੱਤੀ ਅਤੇ ਗੋਬਿੰਦ ਰਾਏ ਦੇ ਜਨਮ ਦੀ ਸੂਚਨਾ ਤੋਂ ਲਗਭਗ ਨੌਂ ਦਸ ਮਹੀਨੇ ਬਾਅਦ ਰਾਮ ਰਾਏ ਦੇ ਘਰ ਪੁੱਤਰ ਨੇ ਜਨਮ ਲਿਆ। ਵਾਪਸੀ ਉਤੇ ਨੌਆਖਲੀ, ਚਾਂਦਪੁਰ ਆਦਿ ਵੀ ਉਹ ਗਏ ਅਤੇ ਸਾਲ ਦੇ ਅਖੀਰ ਤੱਕ ਵਾਪਸ ਢਾਕਾ ਪਰਤ ਆਏ।

'ਪੂਰੇ ਬੰਗਾਲ ਪ੍ਰਦੇਸ਼ ਦੀ ਯਾਤਰਾ ਵਿਚ ਗੁਰੂ ਜੀ ਨੂੰ ਦੋ ਸਾਲ ਲੱਗ ਗਏ। ਇੰਨਾ ਲੰਬਾ ਸਮਾਂ ਉਹਨਾਂ ਨੂੰ ਪੁੱਤਰ ਦੀ ਸ਼ਕਲ ਵੇਖਣ ਦੀ ਵੀ ਇੱਛਾ ਨਾ ਹੋਈ। ਉਹ ਚਾਹੁੰਦੇ ਤਾਂ ਇੱਕ ਮਹੀਨਾ ਸਮਾਂ ਕਢ ਕੇ ਉਹ ਪਟਨਾ ਜਾ ਸਕਦੇ ਸਨ ਪਰ ਵਿਰਕਤ ਮਹਾਂਪੁਰਖਾਂ ਨੇ ਦੁਨੀਆ ਦੇ ਬੰਧਨਾਂ ਤੋਂ ਕੀ ਲੈਣਾ ? ਗੁਰਮਤਿ ਦਾ ਪ੍ਰਕਾਸ਼ ਕਰਨਾ ਉਹਨਾਂ ਦਾ ਨਿਸ਼ਾਨਾ ਸੀ ਇਸ ਲਈ ਉਹ ਲਗਾਤਾਰ ਆਪਣੇ ਅਧੂਰੇ ਕੰਮ ਨੂੰ ਪੂਰਾ ਕਰਨ ਵਿਚ ਰੁਝੇ ਰਹੇ। ਗੋਬਿੰਦ ਰਾਏ ਦਾ ਜਨਮ ਪਰਮ-ਜੋਤ ਦਾ ਮਨੁੱਖੀ ਜਾਮੇ ਵਿਚ ਪ੍ਰਗਟ ਹੋਣਾ ਸੀ, ਉਹ ਜਾਣਦੇ ਸਨ ਪਰ ਅਕਾਲ ਪੁਰਖ ਨੇ ਜਿਹੜਾ ਕੰਮ ਉਹਨਾਂ ਨੂੰ ਸੌਂਪਿਆ ਸੀ ਅਤੇ ਜਿਸਨੂੰ ਉਹਨਾਂ ਜ਼ਿੰਦਗੀ ਦੇ ਬਾਕੀ ਕੁਝ ਸਾਲਾਂ ਵਿਚ ਪੂਰਾ ਕਰਨਾ ਸੀ, ਉਸਦੀ ਉਹਨਾਂ ਨੂੰ ਜ਼ਿਆਦਾ ਚਿੰਤਾ ਸੀ। ਉਹ ਗੋਬਿੰਦ ਰਾਏ ਨੂੰ ਵੇਖਣ ਨਹੀਂ ਗਏ - ਪਰ ਪੁੱਤਰ ਪ੍ਰਤੀ ਆਪਣੇ ਫ਼ਰਜ਼ ਤੋਂ ਉਹ ਸੁਚੇਤ ਸਨ। ਗੋਬਿੰਦ ਰਾਏ ਦੇ ਦੋ ਵਰ੍ਹਿਆਂ ਦਾ ਹੋ ਜਾਣ ਉਪਰੰਤ ਉਹਨਾਂ ਨੂੰ ਚਿੰਤਾ ਹੋਈ ਕਿ ਉਸਨੂੰ ਖੇਡਣ ਵਾਸਤੇ ਖੁੱਲ੍ਹੀ ਜਗ੍ਹਾ ਚਾਹੀਦੀ ਹੋਵੇਗੀ, ਛਾਂ ਵਾਲੀ ਜਗ੍ਹਾ ਚਾਹੀਦੀ ਹੋਵੇਗੀ -ਇਹ ਸਭ ਸੋਚ ਕੇ ਗੁਰੂ ਜੀ ਨੇ ਫਿਰ ਭਾਈ ਦਿਆਲ ਦਾਸ ਨੂੰ ਪੱਤਰ ਲਿਖਿਆ ਕਿ ਉਹਨਾਂ ਦੇ ਪਰਿਵਾਰਾਂ ਵਾਸਤੇ ਅਵੱਲ ਹਵੇਲੀ ਭਾਵ ਖੁੱਲ੍ਹੀ ਵੱਡੀ ਅਤੇ ਵੱਡੇ ਵਿਹੜੇ, ਬਗੀਚੇ ਵਾਲੀ ਹਵੇਲੀ ਦਾ ਪ੍ਰਬੰਧ ਕਰੋ। ਗੁਰੂ ਜੀ ਦੇ ਇਸ ਪੱਤਰ ਦੇ ਪ੍ਰਭਾਵ ਕਾਰਨ ਪਟਨਾ ਦੇ ਰਾਜਾ ਫਤਿਹ ਚੰਦ ਮੈਨੀ ਨੇ ਇੱਕ ਵੱਡੀ ਆਲੀਸ਼ਾਨ ਇਮਾਰਤ ਬਣਵਾ ਕੇ ਗੁਰੂ ਪਰਿਵਾਰ ਨੂੰ ਭੇਟਾ ਕੀਤੀ। ਗੋਬਿੰਦ ਰਾਏ ਪਿੱਛੋਂ ਜਦੋਂ ਤੱਕ ਪਟਨਾ ਵਿਚ ਰਹੇ, ਉਸ ਭਵਨ ਵਿਚ ਹੀ ਠਹਿਰੇ।

ਬੰਗਾਲ ਦੀ ਯਾਤਰਾ ਸਮਾਪਤ ਕਰਕੇ ਹੁਣ ਗੁਰੂ ਜੀ ਕਾਮਰੂਪ ਦੀ ਯਾਤਰਾ ਦਾ ਵਿਚਾਰ ਬਣਾ ਰਹੇ ਸਨ। ਗੁਰੂ ਨਾਨਕ ਦੇਵ ਜੀ ਲਗਭਗ ਸੌ ਸਾਲ ਪਹਿਲਾਂ ਉਥੇ ਗਏ ਸਨ। ਇਸ ਲਈ ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੀ ਯਾਦ ਨੂੰ ਤਾਜ਼ਾ ਕਰਨ ਵਾਸਤੇ ਹੀ ਇਸ ਯਾਤਰਾ ਦਾ ਪ੍ਰੋਗਰਾਮ ਬਣਾਉਣਾ ਚਾਹਿਆ ਸੀ। ਚੰਗਾ ਮੌਕਾ ਵੀ ਜਲਦੀ ਹੱਥ ਆ ਗਿਆ।

ਰਾਤੀਂ ਹਲਕੀ ਜਿਹੀ ਬਾਰਿਸ਼ ਹੋ ਜਾਣ ਅਤੇ ਹੁਣ ਤੇਜ਼ ਹਵਾ ਚੱਲਣ ਕਰਕੇ ਠੰਢ ਦਾ ਜ਼ੋਰ ਵਧਣ ਲੱਗ ਪਿਆ ਸੀ। ਭਾਈ ਗੁਰਦਿੱਤਾ ਜੀ ਕਮਜ਼ੋਰੀ ਕਰਕੇ ਇਸ ਦੂਹਰੀ ਮਾਰ ਦੀ ਝਾਲ ਨਹੀਂ ਝੱਲ ਸਕੇ, ਸਾਰੀ ਰਾਤ ਦਰਖ਼ਤ ਹੇਠਾਂ ਠੰਢੀ ਹਵਾ ਦੇ ਝੌਂਕਿਆਂ ਤੇ ਵਰਖਾ ਦੀਆਂ ਫੁਹਾਰਾਂ ਨਾਲ ਉਹਨਾਂ ਦਾ ਸਰੀਰ ਬੁਰੀ ਤਰ੍ਹਾਂ ਦੁਖ ਰਿਹਾ ਸੀ। ਸਵੇਰ ਹੋਣ ਵਾਲੀ ਸੀ, ਬੱਦਲ ਛਾਏ ਰਹਿਣ ਕਰਕੇ ਅਜੇ ਸੂਰਜ ਦੇਵਤਾ ਦੇ ਦਰਸ਼ਨ ਨਹੀਂ ਹੋਏ। ਸਰਦੀ ਨਾਲ ਨਾ ਸਿਰਫ਼ ਉਹਨਾਂ ਦਾ ਸਰੀਰ ਕੰਬ ਰਿਹਾ ਸੀ, ਸਗੋਂ ਉਨ੍ਹਾਂ ਦੀ ਆਵਾਜ਼ ਵੀ ਡੁਬਦੀ ਜਾ ਰਹੀ ਸੀ। ਗੁਰੂ ਕਥਾ ਦੇ ਪਿਆਰ ਵਿਚ ਵਜ਼ਦ ਵਿਚ ਆਏ ਹੋਏ ਤਿਆਰ ਹੁਣ ਸਰੋਤਿਆਂ ਦੀ ਰਾਹ ਵੇਖ ਰਹੇ ਸਨ ਪਰ ਸਰਦੀ ਦੀ ਵਧਦੀ ਹੋਈ ਕਠੋਰਤਾ ਕਰਕੇ ਹੁਣ ਸਰੋਤਿਆਂ ਦੀ ਗਿਣਤੀ ਘਟਦੀ ਜਾ ਰਹੀ ਸੀ- ਜਦਕਿ ਪੀਰ ਕਰੀਮ ਬਖ਼ਸ਼ ਦੇ ਪਿਆਰੇ ਸ਼ਾਗਿਰਦ ਸਾਰੇ ਆਉਂਦੇ ਸਨ। ਰਹਿਮਾਨ ਨੇ ਪਹੁੰਚਣਸਾਰ ਹਾਲਤ ਭਾਂਪ ਲਈ ਸੀ, ਉਹ ਜਾਣਦਾ ਸੀ ਕਿ ਭਾਈ ਗੁਰਦਿੱਤਾ ਜੀ ਦੀ

ਕਮਜ਼ੋਰੀ ਅਤੇ ਸਰਦੀ ਦੋਵੇਂ ਨਾਲੋਂ ਨਾਲ ਵਧ ਰਹੇ ਹਨ। ਭਾਈ ਸਰਦੀ ਦਾ ਸ਼ਿਕਾਰ ਹੋ ਗਿਆ ਹੈ, ਸਾਹ ਲੈਣ ਵਿਚ ਉਸਨੂੰ ਸਾਫ਼ ਤੌਰ ਤੇ ਔਖਿਆਈ ਮਹਿਸੂਸ ਹੋ ਰਹੀ ਸੀ। ਕਿਧਰੇ ਕਥਾ ਪੂਰੀ ਕਰਨ ਤੋਂ ਪਹਿਲਾਂ ਹੀ ਭਾਈ ਗੁਰਦਿੱਤਾ ਜੀ ਇਸ ਨਾਸ਼ਵਾਨ ਜਗਤ ਨੂੰ ਨਾ ਛੱਡ ਦੇਣ। ਅਜਿਹਾ ਡਰ ਉਸ ਆਪਣੇ ਮੁਰਸ਼ਦ ਸਾਹਮਣੇ ਪ੍ਰਗਟ ਕੀਤਾ। ਪੀਰ ਵੀ ਹਾਲਤ ਵੇਖ ਕੇ ਚਿੰਤਤ ਸੀ। ਭਾਈ ਗੁਰਦਿੱਤਾ ਜੀ ਦਾ ਸਰੀਰ ਤਿਆਗਣਾ ਲਾਜ਼ਮੀ ਸੀ, ਸੰਕਲਪ ਬਦਲਿਆ ਨਹੀਂ ਜਾ ਸਕਦਾ ਸੀ ਪਰ ਮਨ ਉਸ ਅਧਿਆਤਮਕ ਸੰਗਤ ਤੋਂ ਵਿਰਵਾ ਹੋਣ ਲਈ ਤਿਆਰ ਨਹੀਂ ਸੀ। ਇਸ ਲਈ ਦੁੱਖ ਦੀਆਂ ਘਟਾਵਾਂ ਪੀਰ ਤੇ ਉਸਦੇ ਪਿਆਰੇ ਸ਼ਾਗਿਰਦਾਂ ਉਤੇ ਛਾ ਰਹੀਆਂ ਸਨ।

ਰਹਿਮਾਨ ਨੇ ਭਾਈ ਗੁਰਦਿੱਤਾ ਜੀ ਨੂੰ ਕੁਝ ਸੇਕ ਪਹੁੰਚਾਉਣ ਲਈ ਕਥਾ ਆਰੰਭ ਹੋਣ ਤੋਂ ਪਹਿਲਾਂ ਉਹਨਾਂ ਦੇ ਨੇੜੇ ਅੱਗ ਦੀ ਧੂਣੀ ਬਾਲ ਦੇਣੀ ਜ਼ਰੂਰੀ ਸਮਝੀ। ਉਸਨੂੰ ਇੰਝ ਕਰਦਾ ਵੇਖ ਕੇ ਭਾਈ ਗੁਰਦਿੱਤਾ ਜੀ ਬੋਲੇ, 'ਰਹਿਮਾਨ ਵੀਰ, ਮੈਂ ਜਾਣਦਾ ਹਾਂ ਕਿ ਤੁਸੀਂ ਮੇਰੇ ਵਾਸਤੇ ਇੰਨੇ ਫਿਕਰਮੰਦ ਕਿਉਂ ਹੋ ?" ਇੰਨਾ ਕਹਿੰਦਿਆਂ ਭਾਈ ਗੁਰਦਿੱਤਾ ਜੀ ਦੀ ਸਾਹ ਫੂਲ ਗਈ, ਖੰਘ ਹੋਣ ਲੱਗ ਗਈ। ਬੜੀ ਔਖ ਨਾਲ ਛਾਤੀ ਹੌਲੀ-ਹੌਲੀ ਮਲਣ ਪਿੱਛੋਂ ਖੰਘ ਘਟੀ।

'ਤੁਸੀਂ ਨਿਸ਼ਚਿੰਤ ਰਹੋ ਭਾਈ ਸਾਹਿਬ ', ਰਹਿਮਾਨ ਨੇ ਭਾਈ ਗੁਰਦਿੱਤਾ ਜੀ ਨੂੰ ਬੋਲਣ ਤੋਂ ਮਨ੍ਹਾਂ ਕਰਦਿਆਂ ਕਿਹਾ, 'ਥੋੜ੍ਹੀ ਗਰਮੀ ਪਹੁੰਚਣ ਨਾਲ ਸਰੀਰ ਸੰਭਲ ਜਾਵੇਗਾ।'

'ਨਹੀਂ ਰਹਿਮਾਨ ਭਾਈ, ਘਬਰਾਓ ਨਹੀਂ, ਮੈਂ ਗੁਰੂ ਕਥਾ ਪੂਰੀ ਕਰਨ ਤੋਂ ਬਿਨਾਂ ਮਰਨ ਵਾਲਾ ਨਹੀਂ। ਗੁਰੂ ਇੰਨੀ ਸ਼ਕਤੀ ਮੈਨੂੰ ਜ਼ਰੂਰ ਦੇਵੇਗਾ ਜਿਸ ਨਾਲ ਮੈਂ ਮਰਨ ਤੋਂ ਪਹਿਲਾਂ ਆਪਣਾ ਵਚਨ ਨਿਭਾ ਸਕਾਂ। ਰਾਤ ਵੇਲੇ ਸਰਦੀ ਕਰਕੇ ਤਕਲੀਫ਼ ਜ਼ਰੂਰ ਹੋ ਗਈ ਹੈ', ਭਾਈ ਗੁਰਦਿੱਤਾ ਜੀ ਨੇ ਰੁਕਦਿਆਂ ਰੁਕਦਿਆਂ ਆਖਿਆ।

ਕੁਝ ਹੋਰ ਮਰਦ ਔਰਤਾਂ ਵੀ ਆ ਇਕੱਠੇ ਹੋਏ। ਇੱਕ ਨੇ ਆਪਣੇ ਉਪਰ ਲਪੇਟੀ ਚਾਦਰ ਲਾਹ ਕੇ ਜ਼ਬਰਦਸਤੀ ਭਾਈ ਗੁਰਦਿੱਤਾ ਜੀ ਉਤੇ ਪਾ ਦਿੱਤੀ ਅਤੇ ਅੱਗ ਬਾਲਣ ਵਿਚ ਰਹਿਮਾਨ ਦੀ ਮਦਦ ਕਰਨ ਲੱਗ ਪਿਆ। ਅੱਗ ਬਲਣ ਨਾਲ ਕੁਝ ਨਿੱਘ ਹੋ ਗਿਆ। ਭਾਈ ਗੁਰਦਿੱਤਾ ਜੀ ਦੀ ਕੰਬਣੀ ਕੁਝ ਰੁਕੀ ਅਤੇ ਆਪਣੇ ਪ੍ਰਤੀ ਉਹਨਾਂ ਮੁਸਲਮਾਨਾਂ ਸਰੋਤਿਆਂ ਦਾ ਪਿਆਰ ਵੇਖ ਕੇ ਉਸ ਦੀਆਂ ਅੱਖਾਂ ਸੇਜਲ ਹੋ ਗਈਆਂ। ਆਹ ! ਇਨਸਾਨਾਂ ਦੀ ਇੱਕ ਹੀ ਦੁਨੀਆ ਵਿਚ ਦੋ ਤਰ੍ਹਾਂ ਦੇ ਲੋਕ! ਇੱਕ ਮੁਸਲਮਾਨ ਗੁਰੂ ਜੀ ਦੀ ਹੋਂਦ ਨੂੰ ਵੀ ਸਹਿ ਸਕਿਆ ਅਤੇ ਉਸਦਾ ਸਿਰ ਕੱਟ ਕੇ ਆਪਣੇ ਆਪ ਨੂੰ ਗ਼ਾਜ਼ੀ ਸਮਝ ਰਿਹਾ ਹੈ ਅਤੇ ਇੱਕ ਮੁਸਲਮਾਨ ਭਾਈ ਗੁਰਦਿੱਤਾ ਜੀ ਦੀ ਸੇਵਾ ਕਰਕੇ ਉਸਨੂੰ ਜਿਵਾਉਣਾ ਚਾਹੁੰਦਾ ਹੈ ਤਾਂ ਕਿ ਉਹ ਗੁਰੂ ਦੇ ਪਿਆਰ ਨੂੰ ਵੰਡ ਸਕੇ। ਪ੍ਰਮਾਤਮਾ ਦੀ ਅਜਬ ਮਾਇਆ ਹੈ।

ਭਾਈ ਗੁਰਦਿੱਤਾ ਜੀ ਨੇ ਕਥਾ ਕਹਿਣੀ ਸ਼ੁਰੂ ਕੀਤੀ, 'ਕਰਨਾਲ ਦੇ ਜ਼ਿਲ੍ਹੇ ਵਿਚ ਇੱਕ ਪਿੰਡ ਸੀ ਸਿਆਣਾ। ਉਥੇ ਇੱਕ ਮੁਸਲਮਾਨ ਸੰਤ ਰਹਿੰਦੇ ਸੀ। ਨਾਂ ਸੀ ਸ਼ਾਹ ਭੀਖ। ਸ਼ਾਹ ਭੀਖ

ਸਹਾਰਨਪੁਰ ਦੇ ਅਬੁਲ ਮੁਆਲੀ ਸ਼ਾਹ ਦੇ ਸ਼ਾਗਿਰਦ ਸਨ। ਬੜੇ ਪਹੁੰਚੇ ਹੋਏ ਮਹਾਤਮਾ ਸਨ। ਇੱਕ ਦਿਨ ਬਿਰਤੀ ਜੋੜੀ ਬੈਠੇ ਸਨ। ਪ੍ਰਕਾਸ਼ ਹੋਇਆ ਕਿ ਪਟਨਾ ਵਿਚ ਕਿਸੇ ਮੁਕਤ ਆਤਮਾ ਨੇ ਧਰਤੀ ਉਤੇ ਜਨਮ ਲਿਆ ਹੈ। ਸੰਸਾਰ ਦੀ ਬੇਹੱਦ ਅਨਿਸ਼ਚਿਤ ਸਥਿਤੀ ਵਿਚ ਕਿਸੇ ਪੂਰਨ ਆਤਮਾ ਨੇ ਧਰਤੀ ਉਤੇ ਜਨਮ ਲਿਆ ਹੈ। ਸੰਸਾਰ ਦੀ ਬੇਹੱਦ ਅਨਿਸ਼ਚਿਤ ਸਥਿਤੀ ਵਿਚ ਕਿਸੇ ਪੂਰਨ ਮੁਕਤ- ਆਤਮਾ ਦਾ ਧਰਤੀ ਉਤੇ ਅਵਤਾਰ ਧਾਰਨ ਕਰਨਾ, ਅਵੱਸ਼ ਹੀ ਕਿਸੇ ਲੋਕ ਰੱਖਿਅਕ ਦਾ ਆਗਮਨ ਹੋਵੇਗਾ। ਇਹ ਸੋਚ ਕੇ ਉਹ ਆਪਣੇ ਪਿੰਡ ਤੋਂ ਪਟਨਾ ਲਈ ਤੁਰ ਪਏ। ਸ਼ਾਹ ਭੀਖ ਦੀ ਅੰਤਰ-ਦ੍ਰਿਸ਼ਟੀ ਜੋਤ ਨਾਲ ਵਰੋਸਾਈ ਹੋਈ ਸੀ ਅਤੇ ਉਸਨੂੰ ਪਤਾ ਸੀ ਕਿ ਦੈਵੀ ਪ੍ਰਕਾਸ਼ ਕੋਈ ਹੋਰ ਨਹੀਂ ਪਰ ਸੰਤ ਗੁਰੂ ਤੇਗ ਬਹਾਦਰ ਜੀ ਦੀ ਸੰਤਾਨ ਹੈ। ਪਟਨਾ ਪਹੁੰਚ ਕੇ ਸ਼ਾਹ ਦੇ ਮਨ ਵਿਚ ਬਾਲਕ ਗੋਬਿੰਦ ਰਾਏ ਦੀ ਅਜਮਾਇਸ਼ ਲੈਣ ਦੀ ਇੱਛਾ ਹੋਈ। ਵਿਚਾਰ ਆਇਆ ਕਿ ਇਹ ਨਵਾਂ ਪੈਗ਼ੰਬਰ ਹਿੰਦੂਆਂ ਦਾ ਪੱਖ ਪੂਰੇਗਾ ਜਾਂ ਮੁਸਲਮਾਨਾਂ ਦਾ ਬਸ ਇਹ ਜਾਨਣ ਵਾਸਤੇ ਉਸ ਬਾਲਕ ਨੂੰ ਵੇਖਣ ਜਾਣ ਵੇਲੇ ਹੱਥ ਵਿਚ ਦੋ ਮਠਿਆਈ ਦੀਆਂ ਟੋਕਰੀਆਂ ਨਾਲ ਲੈ ਲਈਆਂ। ਮਨ ਵਿਚ ਧਾਰ ਲਈ ਕਿ 'ੳ' ਟੋਕਰੀ ਹਿੰਦੂਆਂ ਦੀ ਪ੍ਰਤੀਨਿਧਤਾ ਕਰੇਗੀ ਅਤੇ 'ਅ' ਟੋਕਰੀ ਮੁਸਲਮਾਨਾਂ ਦੀ। ਵੇਖਦੇ ਹਾਂ ਬਾਲਕ ਗੋਬਿੰਦ ਕਿਸ ਨੂੰ ਅਪਨਾਉਂਦੇ ਹਨ।

ਸ਼ਾਹ ਭੀਖ ਨੇ ਦੋਵੇਂ ਟੋਕਰੀਆਂ ਬਾਲਕ ਗੋਬਿੰਦ ਸਾਹਮਣੇ ਰੱਖ ਦਿੱਤੀਆਂ ਅਤੇ ਮਠਿਆਈ ਦੀ ਗੱਲ ਕਹਿ ਕੇ ਉਹਨਾਂ ਵਿੱਚੋਂ ਇੱਕ ਟੋਕਰੀ ਸਵੀਕਾਰ ਕਰਨ ਦੀ ਪ੍ਰੇਰਨਾ ਦਿੱਤੀ। ਗੋਬਿੰਦ ਅਜੇ ਦੋ ਹੀ ਸਾਲਾਂ ਦੇ ਸਨ। ਉਹਨਾਂ ਸ਼ਾਹ ਭੀਖ ਵੱਲ ਵੇਖਿਆ, ਮੁਸਕਰਾਏ ਅਤੇ ਫਿਰ ਅੱਗੇ ਵਧ ਕੇ ਦੋਹਾਂ ਟੋਕਰੀਆਂ ਉਤੇ ਹੱਥ ਰੱਖ ਦਿੱਤਾ। ਕਿਹਾ ਮੈਂ ਤਾਂ ਦੋਵੇਂ ਲਵਾਂਗਾ।

ਇਹ ਵੇਖ ਕੇ ਸ਼ਾਹ ਭੀਖ ਨੂੰ ਬੜੀ ਤਸੱਲੀ ਹੋਈ ਅਤੇ ਉਹ ਬਾਲਕ ਗੋਬਿੰਦ ਰਾਏ ਨੂੰ ਪਿਆਰ ਕਰਕੇ ਬਾਹਰ ਆ ਗਏ। ਜਦੋਂ ਉਹਨਾਂ ਦੇ ਸ਼ਾਗਿਰਦਾਂ ਨੇ ਰਹੱਸ ਪੁੱਛਿਆ ਤਾਂ ਦੱਸਿਆ ਕਿ ਇਹ ਬਾਲਕ, ਜਿਸ ਨੂੰ ਵੇਖਣ ਲਈ ਮੈਂ ਇੱਥੇ ਤੱਕ ਆਇਆ ਹਾਂ, ਹਿੰਦੂਆਂ ਤੇ ਮੁਸਲਮਾਨਾਂ- ਦੋਹਾਂ ਦਾ ਗੁਰੂ-ਪੀਰ ਹੋਵੇਗਾ, ਦੋਹਾਂ ਦੀ ਰੱਖਿਆ ਕਰੇਗਾ। ਉਹ ਹਿੰਦੂਆਂ ਤੇ ਮੁਸਲਮਾਨਾਂ ਵਿਚ ਫਰਕ ਨਹੀਂ ਕਰੇਗਾ-ਬਾਦਸ਼ਾਹ ਦੀ ਧਾਰਮਿਕ ਕੱਟੜਤਾ ਉਹ ਸਵੀਕਾਰ ਨਹੀਂ ਕਰੇਗਾ।

ਇੰਨੀ ਗੱਲ ਕਰਦਿਆਂ ਕਰਦਿਆਂ ਭਾਈ ਗੁਰਦਿੱਤਾ ਜੀ ਨੂੰ ਬੋਲਣ ਵਿਚ ਤਕਲੀਫ ਹੋਣ ਲੱਗ ਪਈ, ਆਵਾਜ਼ ਮੱਧਮ ਪੈ ਗਈ। ਉਹਨਾਂ ਨੂੰ ਕੁਝ ਦੇਰ ਚੁੱਪ ਹੋ ਜਾਣਾ ਪਿਆ।

ਸਾਹ ਦੀ ਲੜੀ ਜੁੜੀ ਤਾਂ ਬੋਲੇ, 'ਇਹ ਸਰਦੀ ਸ਼ਾਇਦ ਮੈਨੂੰ ਗੁਰੂ ਕਥਾ ਜਲਦੀ ਖ਼ਤਮ ਕਰਨ ਵਾਸਤੇ ਮਜ਼ਬੂਰ ਕਰ ਰਹੀ ਹੈ। ਛਾਤੀ ਵਿਚ ਦਰਦ ਜਿਹਾ ਹੋਣ ਲੱਗ ਪਿਆ ਹੈ, ਇੰਝ ਪ੍ਰਤੀਤ ਹੁੰਦਾ ਹੈ ਜਿਸ ਤਰ੍ਹਾਂ ਸਿਰ ਭਾਰਾ ਅਤੇ ਸਰੀਰ ਵਿਚ ਬੁਖ਼ਾਰ ਹੋ ਗਿਆ ਹੋਵੇ।'

ਸ਼ਾਹ ਭੀਖ ਦੇ ਪਟਨਾ ਪਹੁੰਚਣ ਦੀ ਘਟਨਾ ਦੇ ਨਾਲ ਨਾਲ ਇੱਕ ਹੋਰ ਘਟਨਾ ਵੀ ਵਾਪਰੀ। ਕਾਮਰੂਪ ਆਸਾਮ ਦੀ ਮੁੱਖ ਨਗਰੀ ਗੋਹਾਟੀ ਨੂੰ ਉਥੇ ਦੇ ਤਾਕਤਵਰ ਕਬੀਲੇ ਅਹੋਮ ਦੀ ਸੈਨਾ ਨੇ ਔਰੰਗਜ਼ੇਬ ਦੀ ਹਕੂਮਤ ਤੋਂ ਖੋਹ ਲਿਆ। ਇਹ ਇੱਕ ਤਰ੍ਹਾਂ ਦੀ ਬਗ਼ਾਵਤ ਹੀ ਸੀ ਜਿਹੜੀ ਆਸਾਮ ਦੇ ਸਥਾਨਕ ਰਾਜਿਆਂ ਤੇ ਸਰਦਾਰਾਂ ਨੇ ਆਲਮਗੀਰ ਵਿਰੁੱਧ ਕੀਤੀ ਸੀ। ਉਹਨਾਂ ਹੱਥੋਂ ਗੋਹਾਟੀ ਦਾ ਪਤਨ ਔਰੰਗਜ਼ੇਬ ਲਈ ਆਸਾਮ ਅਤੇ ਫਿਰ ਸ਼ਾਇਦ ਬੰਗਾਲ ਦੇ ਵੀ ਗੁਆਚ ਜਾਣ ਦੀ ਸੰਭਾਵਨਾ ਦਾ ਪੂਰਵ ਸੁਚੇਤ ਸੀ। ਇਸ ਲਈ ਉਹ ਹੁਸ਼ਿਆਰ ਹੋ ਗਿਆ ਸੀ ਅਤੇ ਜਲਦੀ ਤੋਂ ਜਲਦੀ ਵਿਦਰੋਹੀਆਂ ਨੂੰ ਸਜ਼ਾ ਦੇਣ ਦਾ ਵਿਚਾਰ ਰਖਦਾ ਸੀ ਪਰ ਸਮੱਸਿਆ ਦੀ ਮੁਸ਼ਕਲ ਕਾਮਰੂਪ ਦੀਆਂ ਸੁਹਣੀਆਂ ਜਾਦੂਗਰਨੀਆਂ ਸਨ। ਕਾਮਰੂਪ ਜਿਵੇਂ ਕਿ ਤੁਹਾਨੂੰ ਪਤਾ ਹੀ ਹੋਵੇਗਾ, ਭਾਰਤੀ ਜਾਦੂ, ਚਮਤਕਾਰ ਅਤੇ ਅਮਾਨਵੀ ਸ਼ਕਤੀਆਂ ਦਾ ਕੇਂਦਰ ਹੈ। ਉਥੇ ਦੀਆਂ ਔਰਤਾਂ ਖ਼ਾਸ ਤੌਰ ਤੇ ਇਸ ਵਿਦਿਆ ਵਿਚ ਪ੍ਰਬੀਨ ਹਨ। ਜਦੋਂ ਗੁਰੂ ਨਾਨਕ ਦੇਵ ਜੀ ਉਥੇ ਗਏ ਸਨ, ਤਾਂ ਉਹਨਾਂ ਉਤੇ ਵੀ ਉਥੋਂ ਦੀ ਉਸ ਵੇਲੇ ਦੀ ਮਹਾਰਾਣੀ ਨੂਰਸ਼ਾਹ ਨੇ ਜਾਦੂ ਚਲਾਉਣ ਦੇ ਹਜ਼ਾਰਾਂ ਯਤਨ ਕੀਤੇ ਸਨ ਪਰ ਸੱਚੇ ਪਾਤਸ਼ਾਹ ਉਤੇ ਉਹਨਾਂ ਦਾ ਕੀ ਅਸਰ। ਹਾਰ ਕੇ ਸ਼ਰਨ ਵਿਚ ਆ ਪਈ ਸੀ। ਇਹ ਜਾਦੂਗਰਨੀਆਂ ਸੁੰਦਰ ਵੀ ਹਨ ਅਤੇ ਆਮ ਕਰਕੇ ਪੂਰੀਆਂ ਪੂਰੀਆਂ ਫ਼ੌਜਾਂ ਇਹਨਾਂ ਦੀਆਂ ਚਾਲਾਂ ਵਿਚ ਫਸ ਕੇ ਬਰਬਾਦ ਹੋ ਗਈਆਂ ਹਨ। ਇਸ ਲਈ ਕਾਮਰੂਪ ਦਾ ਵਿਦਰੋਹ ਨਾਂ ਸਿਰਫ਼ ਦਬਾਉਣਾ ਹੀ ਔਖਾ ਸੀ, ਸਗੋਂ ਉਥੇ ਹਮਲਾ ਕਰਨ ਦੇ ਵਿਚਾਰ ਨਾਲ ਹੀ ਸੈਨਿਕ ਤਰੱਭਕ ਜਾਂਦੇ ਹਨ। ਮੁਗ਼ਲ ਹਕੂਮਤ ਵੇਲੇ ਕਾਮਰੂਪ ਨੂੰ ਜਰਨੈਲਾਂ ਦਾ ਕਬਰਿਸਤਾਨ ਕਹਿੰਦੇ ਸਨ। ਇਸ ਗੁੰਝਲਦਾਰ ਸਮੱਸਿਆ ਦਾ ਹੱਲ ਔਰੰਗਜ਼ੇਬ ਨੂੰ ਸੁਝ ਨਹੀਂ ਸੀ ਰਿਹਾ। ਬਹੁਤ ਵਿਚਾਰ ਵਟਾਂਦਰੇ ਪਿੱਛੋਂ ਉਸਦੀ ਬਦਲੇ ਦੀ ਭਾਵਨਾ ਨਾਲ ਸੜ ਰਹੀ ਬੁਧੀ ਨੇ ਇੱਕ ਅਜਿਹਾ ਰਸਤਾ ਸੁਝਾਇਆ ਜਿਸ ਨਾਲ ਸੱਪ ਵੀ ਮਰ ਜਾਏ ਅਤੇ ਲਾਠੀ ਵੀ ਨਾ ਟੁੱਟੇ। ਸ਼ਿਵਾ ਜੀ ਦੇ ਭੱਜ ਜਾਣ ਕਰਕੇ ਔਰੰਗਜ਼ੇਬ ਰਾਜਾ ਰਾਮ ਸਿੰਘ ਨਾਲ ਗੁੱਸੇ ਸੀ। ਉਸਨੇ ਉਹਨੂੰ ਪਦਵੀ ਤੋਂ ਹਟਾ ਦਿੱਤਾ ਸੀ ਪਰ ਉਸਦੇ ਜ਼ਹਿਰੀ ਮਨ ਨੂੰ ਅਜੇ ਸ਼ਾਂਤੀ ਨਹੀਂ ਆਈ ਸੀ। ਇਸ ਲਈ ਉਸ ਇਸ ਮੌਕੇ ਦਾ ਲਾਭ ਉਠਾ ਕੇ ਰਾਜਾ ਨੂੰ ਹੋਰ ਜ਼ਿਆਦਾ ਦੰਡ ਦੇਣ ਦਾ ਮਨ ਬਣਾਇਆ। ਉਹ ਜਾਣਦਾ ਸੀ ਕਿ ਕਾਮਰੂਪ ਉਤੇ ਫ਼ੌਜੀ ਹਮਲਾ ਕਰਨ ਵਾਲਾ ਉਥੇ ਦੇ ਜਾਦੂ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ ਅਤੇ ਹਮੇਸ਼ਾ ਮਾਰਿਆ ਜਾਂਦਾ ਸੀ। ਇਸ ਲਈ, ਉਸ ਗੋਹਾਟੀ ਨੂੰ ਫਿਰ ਹਥਿਆਉਣ ਅਤੇ ਅਹੋਮ ਜਾਤੀ ਦੇ ਲੋਕਾਂ ਨੂੰ ਨਵੇਂ ਸਿਰੇ ਦੰਡ ਦੇਣ ਦਾ ਕੰਮ ਰਾਜਾ ਰਾਮ ਸਿੰਘ ਨੂੰ ਸੌਂਪ ਦਿੱਤਾ। ਰਾਮ ਸਿੰਘ ਬਾਦਸ਼ਾਹ ਦੀ ਸਾਜ਼ਿਸ਼ ਨੂੰ ਸਮਝਦਾ ਸੀ, ਪਰ ਉਸ ਦੀ ਹਾਲਤ ਸੱਪ ਦੇ ਮੂੰਹ ਕੋਹੜ-ਕਿਰਲੀ ਵਾਲੀ ਸੀ-ਨਾ ਥੁੱਕ ਸਕਦਾ ਸੀ ਅਤੇ ਨਾ ਨਿਗਲ। ਜੇਕਰ ਉਹ ਕਾਮਰੂਪ ਉਤੇ ਹਮਲਾ ਕਰਨ ਵਾਲੀ ਫ਼ੌਜ ਦੀ ਅਗਵਾਈ ਨਾ ਕਰਦਾ ਤਾਂ ਬਾਦਸ਼ਾਹ ਦੁਸ਼ਮਣ ਬਣਦਾ ਸੀ, ਜੇਕਰ ਸੈਨਾਪਤੀ ਬਣ ਜਾਂਦਾ ਤਾਂ ਜਿੱਥੇ ਇੱਕ ਪਾਸੇ ਜਾਦੂਗਰਨੀਆਂ ਦੀ ਚਪੇੜ ਦਾ ਡਰ ਸੀ, ਉਥੇ ਦੂਜੇ ਪਾਸੇ ਜਿੱਤ ਹਾਸਲ ਕਰਕੇ ਬਾਦਸ਼ਾਹ ਦੀ

ਖੁਸ਼ੀ ਦਾ ਪਾਤਰ ਬਣਨ ਦਾ ਸੁਨਹਿਰੀ ਮੌਕਾ ਸੀ। ਮਜਬੂਰ ਹੋ ਕੇ ਉਸਨੂੰ ਬਾਦਸ਼ਾਹ ਦੀ ਸਾਜ਼ਿਸ਼ ਦਾ ਹੱਥ-ਠੋਕਾ ਬਣਨਾ ਹੀ ਪਿਆ।

ਰਾਮ ਸਿੰਘ ਦਾ ਪਿਤਾ ਮਿਰਜ਼ਾ ਰਾਜਾ ਜੈਸਿੰਘ ਉਦੋਂ ਮਰ ਚੁੱਕਾ ਸੀ। ਬਾਦਸ਼ਾਹ ਦੀ ਤਿਰਛੀ ਨਜ਼ਰ ਵੇਖ ਕੇ ਰਾਜਾ ਰਾਮ ਸਿੰਘ ਦੇ ਘਰ ਦੇ ਸਾਰੇ ਲੋਕ ਫਿਕਰਮੰਦ ਸਨ। ਉਹ ਨਹੀਂ ਚਾਹੁੰਦੇ ਸਨ ਕਿ ਰਾਮ ਸਿੰਘ ਇਸ ਮੁਹਿੰਮ ਦੀ ਅਗਵਾਈ ਕਰੇ ਪਰ ਮਜਬੂਰੀ ਨੇ ਉਹਨਾਂ ਦਾ ਹਰ ਪਾਸਿਓਂ ਰਾਹ ਰੋਕਿਆ ਹੋਇਆ ਸੀ। ਉਧਰ ਬਾਦਸ਼ਾਹ ਵੀ ਅਵੇਸਲਾ ਨਹੀਂ ਸੀ। ਉਹ ਰਾਜਾ ਦੇ ਬਦਲਦੇ ਪੈਂਤੜਿਆਂ ਤੋਂ ਜਾਣੂੰ ਸੀ। ਇਸ ਲਈ ਉਸ ਆਪਣੇ ਬੇਹੱਦ ਯਕੀਨੀ ਮੁਸਲਿਮ ਅਧਿਕਾਰੀ ਵੀ ਨਾਲ ਲਾ ਦਿੱਤੇ ਸਨ। ਜਿਨ੍ਹਾਂ ਨੂੰ ਗੁਪਤ ਰੂਪ ਵਿਚ ਹੁਕਮ ਸੀ ਕਿ ਲੋੜ ਤੇ ਪੈਣ ਉਹ ਰਾਜਾ ਰਾਮ ਸਿੰਘ ਨੂੰ ਘੇਰ ਲੈਣ ਅਤੇ ਉਸਨੂੰ ਬਗਾਵਤ ਦਾ ਮੌਕਾ ਨਾ ਦੇਣ।

ਅਜਿਹੀਆਂ ਪੇਚੀਦਾ ਸਾਜਿਸ਼ਾਂ ਦਾ ਘਿਰਿਆ ਰਾਜਾ ਰਾਮ ਸਿੰਘ ਅਹੋਮ ਵਿਰੁਧ ਫ਼ੌਜੀ ਕਾਰਵਾਈ ਕਰਨ ਲਈ ਤਿਆਰ ਹੋ ਗਿਆ। ਉਸਨੂੰ ਆਪਣੀ ਬਹਾਦਰੀ ਅਤੇ ਸੈਨਾ ਦੀ ਤਾਕਤ ਉਤੇ ਪੂਰਾ ਭਰੋਸਾ ਸੀ ਪਰ ਉਹ ਉਥੋਂ ਦੇ ਅਮਾਨਵੀ ਆਚਰਨ ਤੋਂ ਡਰਦਾ ਸੀ। ਇਸ ਲਈ ਜਦੋਂ ਉਹ ਫ਼ੌਜ ਸਮੇਤ ਰਵਾਨਾ ਹੋਇਆ ਤਾਂ ਉਸ ਦੇ ਮਨ ਵਿਚ ਕੇਵਲ ਇੱਕ ਹੀ ਗੱਲ ਸੀ-ਜੇਕਰ ਕਿਧਰੇ ਗੁਰੂ ਤੇਗ ਬਹਾਦਰ ਜੀ ਕਿਰਪਾ ਕਰਕੇ ਉਸਦੇ ਨਾਲ ਕਾਮਰੂਪ ਚਲਣ ਤਾਂ ਉਸਦੀ ਜਿੱਤ ਯਕੀਨੀ ਹੋ ਸਕਦੀ ਹੈ। ਉਸਨੂੰ ਪਤਾ ਸੀ ਕਿ ਗੁਰੂ ਜੀ ਪੂਰਬ ਵਿਚ ਹੀ ਯਾਤਰਾ ਕਰੇ ਰਹੇ ਹਨ। ਪਟਨਾ ਵਿੱਚ ਉਹਨਾਂ ਦੇ ਪਰਿਵਾਰ ਦੀ ਮੌਜੂਦਗੀ ਉਸਨੂੰ ਪਤਾ ਸੀ ਅਤੇ ਇਹ ਵੀ ਆਸ ਸੀ ਕਿ ਉਥੋਂ ਗੁਰੂ ਜੀ ਦਾ ਠਉਰ ਟਿਕਾਣਾ ਪਤਾ ਲਗ ਸਕੇਗਾ। ਇਹੋ ਆਸ ਲੈ ਕੇ ਉਹ ਸਭ ਤੋਂ ਪਹਿਲਾਂ ਪਟਨਾ ਅਪੜਿਆ।

ਇੰਨਾ ਕਹਿੰਦਿਆਂ ਕਹਿੰਦਿਆਂ ਭਾਈ ਗੁਰਦਿੱਤਾ ਜੀ ਨੂੰ ਜ਼ੋਰ ਦੀ ਖੰਘ ਸ਼ੁਰੂ ਹੋ ਗਈ। ਸਾਹ ਧੌਂਕਣੀ ਵਾਂਗ ਚਲਣ ਲੱਗ ਪਈ, ਮਹਿਸੂਸ ਹੋਇਆ ਕਿ ਭਾਈ ਨੂੰ ਤਕਲੀਫ਼ ਜ਼ਿਆਦਾ ਹੈ। ਰਹਿਮਾਨ ਨੇ ਅੱਗੇ ਵਧ ਕੇ ਬੜੇ ਪਿਆਰ ਨਾਲ ਭਾਈ ਗੁਰਦਿੱਤਾ ਜੀ ਨੂੰ ਫੂਸ ਉਤੇ ਲਿਟਾ ਦਿੱਤਾ। ਬੱਦਲ ਕੁਝ ਖਿੰਡਣ ਲਗ ਪਏ ਸਨ, ਧੁੱਪ ਦੀਆਂ ਇੱਕ ਦੋ ਟੁਕੜੀਆਂ ਉਥੇ ਵਿਛ ਗਈਆਂ ਸਨ ਅਤੇ ਦਰੱਖਤ ਦੀਆਂ ਟਹਿਣੀਆਂ ਦੇ ਹਿਲਣ ਕਰਕੇ ਖਰਗੋਸ਼ਾਂ ਵਾਂਗ ਫੁਦਕਦੀਆਂ ਲਗ ਰਹੀਆਂ ਸਨ। ਪੀਰ ਕਰੀਮ ਬਖ਼ਸ਼ ਨੇ ਭਾਈ ਗੁਰਦਿੱਤਾ ਜੀ ਦੇ ਸੀਨੇ ਉਤੇ ਹੱਥ ਫੇਰਨਾ ਸ਼ੁਰੂ ਕੀਤਾ। ਖੰਘ ਦਾ ਜ਼ੋਰ ਘਟਿਆ ਅਤੇ ਭਾਈ ਸਾਹਿਬ ਦੀ ਹਾਲਤ ਕੁਝ ਸੁਧਰੀ, ਪੀਰ ਸਾਹਿਬ ਨੇ ਅੱਜ ਸਵੇਰ ਦੀ ਬੈਠਕ ਉਥੇ ਹੀ ਸਮਾਪਤ ਕਰਨ ਦੀ ਤਜਵੀਜ਼ ਪੇਸ਼ ਕੀਤੀ ਪਰ ਭਾਈ ਜੀ ਮੁਸਕਰਾ ਪਏ। ਡੁਬਦੀ ਹੋਈ ਆਵਾਜ਼ ਵਿਚ ਬੋਲੇ, 'ਪੀਰ ਸਾਹਿਬ ਸਮਾਂ ਬਹੁਤ ਘੱਟ ਰਹਿ ਗਿਆ ਹੈ। ਮੈਂ ਤਾਂ ਗੁਰੂ ਦੀ ਸ਼ਰਨ ਵਿਚ ਜਾਣਾ ਹੀ ਹੈ, ਗੁਰੂ-ਕਥਾ ਖਤਮ ਕਰ ਲਵਾਂ ਤਾਂ ਚਲਾਂ। ਇਸ ਵਕਤ ਕੋਈ ਆਤਮਕ ਸ਼ਕਤੀ ਹੀ ਮੈਨੂੰ ਚਲਾ ਰਹੀ ਹੈ, ਆਪਣੇ ਆਪ ਵਿਚ ਤਾਂ ਮੈਂ ਪਹਿਲਾਂ ਹੀ ਖਤਮ ਹੋ ਚੁੱਕਾ ਹਾਂ। ਇੱਕ ਦੋ ਦਿਨ ਦੇ ਬਾਕੀ ਜੀਵਨ ਦੌਰਾਨ

ਤੁਸੀਂ ਮੈਨੂੰ ਗੁਰੂ ਕਥਾ ਕਹਿਣ ਦੇ ਸੁੱਖ ਤੋਂ ਕਿਉਂ ਵਾਂਝਿਆਂ ਕਰ ਰਹੇ ਹੋ ? ਭਾਈ ਗੁਰਦਿੱਤਾ ਜੀ ਦੇ ਚਿਹਰੇ ਉਤੇ ਫਿਰ ਮੁਸਕਰਾਹਟ ਪਸਰ ਗਈ।

'ਚੰਗਾ, ਤਾਂ ਭਰਾਵਾ, ਤੁਸੀਂ ਲੇਟੇ ਲੇਟੇ ਹੀ ਇਹ ਜੀਵਨ-ਕਥਾ ਸੁਣਾਓ, ਬੈਠੋ ਨਹੀਂ। ਅਸੀਂ ਤੁਹਾਨੂੰ ਖਾਧੀ ਹੋਈ ਸਹੁੰ ਕਰਕੇ ਕੁਝ ਕਹਿ ਵੀ ਨਹੀਂ ਸਕਦੇ', ਪੀਰ ਕਰੀਮ ਬਖ਼ਸ਼ ਨੇ ਦੁਖੀ ਜਿਹਾ ਹੋ ਕੇ ਕਿਹਾ।

ਭਾਈ ਗੁਰਦਿੱਤਾ ਜੀ ਲੇਟੇ ਲੇਟੇ ਹੀ ਆਖਣ ਲਗੇ, 'ਰਾਜਾ ਰਾਮ ਸਿੰਘ ਬਾਲ ਗੁਰੂ ਗੋਬਿੰਦ ਜੀ ਲਈ ਅਨੇਕਾਂ ਤੋਹਫ਼ੇ, ਭੇਟਾਵਾਂ ਤੇ ਵਡਮੁੱਲੀਆਂ ਚੀਜ਼ਾਂ ਲੈ ਕੇ ਮਾਤਾ ਨਾਨਕੀ ਜੀ ਨੂੰ ਮਿਲਿਆ। ਮਾਤਾ ਗੁਜਰੀ ਜੀ ਤੋਂ ਵੀ ਅਸ਼ੀਰਵਾਦ ਪ੍ਰਾਪਤ ਕੀਤੀ ਪਰ ਰਾਜਾ ਦੀ ਬਦਕਿਸਮਤੀ ਹੀ ਸਮਝੋ ਕਿ ਪਟਨਾ ਵਿਚ ਭਾਈ ਦਿਆਲ ਦਾਸ ਨੂੰ ਉਸ ਵਕਤ ਗੁਰੂ ਜੀ ਦਾ ਨਿਸ਼ਚਿਤ ਪੜਾਅ ਪਤਾ ਨਹੀਂ ਸੀ। ਉਹ ਇੰਨਾ ਤਾਂ ਜਾਣਦੇ ਸਨ ਕਿ ਗੁਰੂ ਜੀ ਢਾਕਾ ਵਿਚ ਟਿਕਾਣਾ ਰੱਖ ਕੇ ਇਧਰ ਉਧਰ ਬੰਗਾਲ ਦੇ ਬਾਕੀ ਪ੍ਰਦੇਸ਼ਾਂ ਦੀ ਯਾਤਰਾ ਕਰ ਰਹੇ ਸਨ ਪਰ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਪਰਤ ਕੇ ਢਾਕਾ ਆ ਗਏ ਹਨ ਜਾਂ ਨਹੀਂ। ਰਾਜਾ ਬੜਾ ਨਿਰਾਸ਼ ਹੋਇਆ ਪਰ ਉਸ ਅੱਗੇ ਤਾਂ ਵਧਣਾ ਹੀ ਸੀ। ਉਹ ਮੌਤ ਦੇ ਖੂਹ ਵੱਲ ਵਧ ਰਹੇ ਮਨੁੱਖ ਵਾਂਗ ਬੜੀ ਦਿਲਗੀਰੀ ਨਾਲ ਤੁਰਿਆ।

ਰਾਜਾ ਰਾਮ ਸਿੰਘ ਨੂੰ ਬੰਗਾਲ ਦੇ ਨਵਾਬ ਸ਼ਾਇਸਤਾ ਖ਼ਾਂ ਨੂੰ ਮਿਲਣ ਦਾ ਹੁਕਮ ਸੀ। ਬਾਦਸ਼ਾਹ ਨੇ ਪਹਿਲਾਂ ਹੀ ਨਵਾਬ ਨੂੰ ਸੂਚਨਾ ਘਲ ਦਿੱਤੀ ਸੀ ਕਿ ਉਹ ਰਾਜਾ ਰਾਮ ਸਿੰਘ ਦੀ ਪੂਰੀ ਮੱਦਦ ਕਰੇ। ਨਵਾਬ ਦੇ ਪੰਦਰਾਂ ਹਜ਼ਾਰ ਸੈਨਿਕ ਤਾਂ ਰਾਜਾ ਦੀ ਫੌਜ ਦੇ ਸਹਿਯੋਗੀ ਹੋਣ ਵਾਲੇ ਸਨ ਹੀ, ਨਾਲ ਹੀ ਸਮੁੱਚੀ ਫ਼ੌਜ ਦੀ ਦੇਖ-ਰੇਖ ਸ਼ਾਇਸਤਾ ਖਾਂ ਦੀ ਅਗਵਾਈ ਵਿਚ ਹੋਣੀ ਸੀ। ਇਸ ਲਈ ਰਾਜਾ ਰਾਮ ਸਿੰਘ ਢਾਕਾ ਵਲ ਨੂੰ ਵਧਿਆ।

'ਰਸਤੇ ਵਿਚ ਇੱਕ ਜਗ੍ਹਾ ਆਉਂਦੀ ਸੀ-ਮਾਲਦਾ। ਮਾਲਦਾ ਵਿਚ ਅਨੇਕਾਂ ਪੀਰ-ਫਕੀਰ ਤੇ ਸੂਫੀ ਮਹਾਤਮਾ ਰਹਿੰਦੇ ਸਨ। ਉਹਨਾਂ ਵਿਚੋਂ ਕਈ ਬੜੀ ਕਮਾਈ ਵਾਲੇ ਮਹਾਤਮਾ ਸਨ, ਇਸ ਲਈ ਜਾਦੂ ਤੇ ਚਮਤਕਾਰਾਂ ਤੋਂ ਸਹਿਮੇ ਹੋਏ ਰਾਜਾ ਨੇ ਸੁਰੱਖਿਆ ਵਾਸਤੇ ਮਾਲਦਾ ਤੋਂ ਕੁਝ ਪੀਰਾਂ ਫਕੀਰਾਂ ਨੂੰ ਆਪਣੀ ਫ਼ੌਜ ਨਾਲ ਰੱਖਣ ਦਾ ਵਿਚਾਰ ਬਣਾਇਆ। ਉਥੇ ਦੇ ਪੰਜ ਪਹੁੰਚੇ ਹੋਏ ਪੀਰਾਂ ਕੋਲ ਬੇਨਤੀ ਕਰਨ ਵਾਸਤੇ ਉਹ ਆਪ ਗਿਆ, ਜਿਹੜੀ ਉਹਨਾਂ ਪਰਵਾਨ ਕਰ ਲਈ। ਹੁਣ ਉਹਨਾਂ ਪੀਰਾਂ ਦੀ ਅਧਿਆਤਮਕ ਸ਼ਕਤੀ ਉਤੇ ਟੇਕ ਰੱਖ ਕੇ ਰਾਜਾ ਨੂੰ ਕੁਝ ਤੱਸਲੀ ਹੋਈ ਅਤੇ ਉਸ ਉਹਨਾਂ ਪੰਜ ਪੀਰਾਂ ਨੂੰ ਕਵਰ ਵਾਂਗ ਆਪਣੇ ਨਾਲ-ਨਾਲ ਰਹਿਣ ਲਈ ਬੇਨਤੀ ਕੀਤੀ।

'ਮਾਲਦਾ ਦੇ ਪੀਰਾਂ ਨੂੰ ਨਾਲ ਲੈ ਕੇ ਰਾਜਾ ਰਾਮ ਸਿੰਘ ਢਾਕਾ ਪਹੁੰਚਿਆ। ਸਾਇਸਤਾ ਖ਼ਾਂ ਨੇ ਆਪ ਸੁਆਗਤ ਕੀਤਾ। ਰਾਜਾ ਰਾਮ ਸਿੰਘ ਬੜੇ ਪਿਆਰ ਨਾਲ ਸਾਇਸਤਾ ਖਾਂ ਨੂੰ ਮਿਲਿਆ। ਸਾਇਸਤਾ ਖਾਂ ਉਸ ਦੇ ਪਿਤਾ ਰਾਜਾ ਜੈਸਿੰਘ ਦਾ ਮਿੱਤਰ ਸੀ। ਇਸ ਲਈ ਰਾਜਾ

ਰਾਮ ਸਿੰਘ ਨੇ ਹਿੰਦੂ ਪਰੰਪਰਾ ਅਨੁਸਾਰ ਝੁਕ ਕੇ ਸਾਇਸਤਾ ਖਾਂ ਦੇ ਪੈਰੀਂ ਹੱਥ ਲਾਇਆ ਅਤੇ ਚਾਚਾ ਜੀ ਕਹਿ ਕੇ ਸੰਬੋਧਨ ਕੀਤਾ। ਸਾਇਸਤਾ ਖਾਂ ਇਹ ਪਿਆਰ ਸਦਕਾ ਪੰਘਰ ਗਿਆ। ਉਸ ਰਾਜਾ ਨੂੰ ਸੀਨੇ ਨਾਲ ਲਾ ਲਿਆ ਅਤੇ ਆਪਣੇ ਮਹਿਲਾਂ ਵਿਚ ਲੈ ਗਿਆ।

'ਸਾਇਸਤਾ ਖਾਂ ਨੂੰ ਵੀ ਰਾਜਾ ਰਾਮ ਸਿੰਘ ਨਾਲ ਹਮਦਰਦੀ ਤੇ ਪਿਆਰ ਸੀ। ਉਹ ਉਸਦੀ ਇਸ ਨੀਯਤ ਦਾ ਕਾਰਨ ਜਾਣਦਾ ਸੀ। ਮੁਗ਼ਲ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਉਹ ਮੁਗ਼ਲਾਂ ਦੀ ਕੁਟਲ-ਨੀਤੀ ਤੋਂ ਵੀ ਜਾਣੂ ਸੀ। ਉਸਨੂੰ ਦੁੱਖ ਸੀ ਕਿ ਉਕਤ ਸਾਜਿਸ਼ ਦਾ ਕੇਂਦਰ ਉਸਦੇ ਮਿੱਤਰ ਮਿਰਜਾ ਰਾਮ ਦਾ ਸਪੁੱਤਰ ਬਣ ਗਿਆ ਸੀ। ਫਿਰ ਵੀ ਉਸ ਬੜੇ ਪਿਆਰ ਨਾਲ ਰਾਮ ਸਿੰਘ ਨੂੰ ਉਥੋਂ ਦੀ ਸਥਿਤੀ ਸਮਝਾਈ। ਕੁਝ ਖਾਸ ਨਿਰਦੇਸ਼ ਵੀ ਦਿੱਤੇ। ਉਥੋਂ ਦੀਆਂ ਔਰਤਾਂ ਤੋਂ ਖਾਸ ਤੌਰ ਤੇ ਬਚ ਕੇ ਰਹਿਣ ਦਾ ਹੁਕਮ ਦਿੱਤਾ। ਖਾਣ-ਪੀਣ ਦੀਆਂ ਚੀਜ਼ਾਂ ਦਾ ਧਿਆਨ ਰੱਖਣ, ਬ੍ਰਹਮਪੁੱਤਰ ਤੋਂ ਸਿਵਾ ਕਿਸੇ ਹੋਰ ਦਰਿਆ ਦਾ ਪਾਣੀ ਨਾ ਪੀਣ ਅਤੇ ਦਲਦਲਾਂ ਤੋਂ ਬਚ ਕੇ ਚਲਣ ਦੀ ਸਿੱਖਿਆ ਦਿੱਤੀ। ਸਾਇਸਤਾਂ ਖਾਂ ਨੇ ਨਾਲ ਆਏ ਪੀਰਾਂ-ਫ਼ਕੀਰਾਂ ਨੂੰ ਬੇਨਤੀ ਕੀਤੀ ਕਿ ਉਹ ਸਾਰੇ ਰਾਮ ਸਿੰਘ ਦਾ ਉਚੇਚੇ ਤੌਰ ਤੇ ਖਿਆਲ ਰੱਖਣ ਅਤੇ ਕਾਮਰੂਪ ਦੀਆਂ ਜਾਦੂਗਰ ਔਰਤਾਂ ਤੋਂ ਬਚਾਉਣ।

ਰਾਮ ਸਿੰਘ ਨਵਾਬ ਦੇ ਪਿਆਰ ਭਰੇ ਵਿਹਾਰ ਤੋਂ ਬਹੁਤ ਖੁਸ਼ ਹੋਇਆ। ਉਸ ਕਿਹਾ, 'ਚਾਚਾ ਜੀ ਤੁਸੀਂ ਮੈਨੂੰ ਪਿਤਾ ਜੀ ਵਾਂਗ ਹੀ ਠੀਕ ਰਸਤਾ ਦੱਸਿਆ ਹੈ, ਮੈਂ ਆਪ ਦਾ ਸੱਚੇ ਦਿਲੋਂ ਆਭਾਰੀ ਹਾਂ। ਆਪ ਨੂੰ ਯਕੀਨ ਦਿਵਾਉਂਦਾ ਹਾਂ ਕਿ ਆਪ ਦੀ ਨਸੀਹਤ ਉਤੇ ਪੂਰੀ ਤਰ੍ਹਾਂ ਅਮਲ ਕਰਾਂਗਾ।

'ਉਥੇ ਹੀ ਨਵਾਬ ਤੋਂ ਉਸਨੂੰ ਪਤਾ ਲੱਗਾ ਕਿ ਗੁਰੂ ਜੀ ਢਾਕਾ ਵਿਚ ਹੀ ਹਨ ਅਤੇ ਹੁਣ ਕਾਮਰੂਪ ਦੀ ਯਾਤਰਾ ਦਾ ਵਿਚਾਰ ਕਰ ਰਹੇ ਹਨ। ਇਹ ਸੂਚਨਾ ਮਿਲਣ ਉਤੇ ਉਹ ਬਹੁਤ ਹੀ ਪ੍ਰਸੰਨ ਹੋਇਆ, ਜਿਵੇਂ ਅੰਨ੍ਹੇ ਨੂੰ ਅੱਖਾਂ ਮਿਲ ਗਈਆਂ ਹੋਣ ਪਰ ਉਹ ਜਾਣਦਾ ਸੀ ਕਿ ਸੰਤਾਂ ਦੀ ਮੌਜ ਹੈ, ਉਹਨਾਂ ਨੂੰ ਕੋਈ ਪਾਬੰਦ ਤਾਂ ਕਰ ਨਹੀਂ ਸਕਦਾ। ਫਿਰ ਵੀ ਅਰਜ਼ ਕਰਨ ਵਿਚ ਕੀ ਮਾੜਾ ਹੈ, ਕਿਰਪਾ ਹੋ ਗਈ ਤਾਂ ਨਾਲ ਚਲ ਪੈਣਗੇ, ਨਾ ਹੋਈ ਤਾਂ ਵੀ ਲੰਬੀ ਉਮਰ ਭੋਗਣ ਦੀ ਅਸੀਸ ਤਾਂ ਦੇਣਗੇ ਹੀ। ਅਜਿਹਾ ਸੋਚ ਕੇ ਉਹ ਕੁਝ ਕੀਮਤੀ ਭੇਟਾਵਾਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਗੁਰੂ ਜੀ ਜਾਣੀ ਜਾਣ ਸਨ, ਵੇਖਣਸਾਰ ਮਨੋਰਥ ਸਮਝ ਗਏ। ਗੁਰੂ ਹਰਿਕ੍ਰਿਸ਼ਨ ਜੀ ਨਾਲ ਰਾਜ ਪਰਿਵਾਰ ਦੇ ਸਬੰਧਾਂ ਤੋਂ ਉਹ ਭਲੀ ਭਾਂਤ ਜਾਣੂ ਸਨ, ਇਸ ਲਈ ਰਾਮ ਸਿੰਘ ਉਤੇ ਉਹਨਾਂ ਦੀ ਨਦਰ ਸਵੱਲੀ ਸੀ।

'ਮੇਰਾ ਉਧਾਰ ਕਰੋ ਗੁਰੂਦੇਵ ', ਰਾਮ ਸਿੰਘ ਨੇ ਗੁਰੂ ਜੀ ਦੇ ਚਰਨਾਂ ਉਤੇ ਲੇਟਦਿਆਂ ਕਿਹਾ।

'ਕੀ ਗੱਲ ਹੈ ? ਰਾਮ ਸਿੰਘ, ਇੰਨੇ ਉਦਾਸ ਕਿਉਂ ਹੋ ? '

'ਬਾਦਸ਼ਾਹ ਦੇ ਗੁੱਸੇ ਦਾ ਨਿਸ਼ਾਨਾ ਬਣਿਆ ਹਾਂ, ਮਹਾਰਾਜ।'

'ਕਾਰਣ ? '

'ਤੁਸੀਂ ਜਾਣੀ-ਜਾਣ ਹੋ। ਸ਼ਿਵਾ ਜੀ ਦੇ ਦੌੜ ਕੇ ਨਿਕਲ ਜਾਣ ਦੀ ਸਜ਼ਾ ਮੈਨੂੰ ਦਿੱਤੀ ਜਾ ਰਹੀ ਹੈ।'

'ਪਰ ਤੂੰ ਤਾਂ ਆਸਾਮ ਵੱਲ ਜਾ ਰਿਹਾ ਹੈਂ।'

'ਅਹੋਮ ਜਾਤੀ ਉਤੇ ਹਮਲਾ ਕਰਨ ਦਾ ਹੁਕਮ ਹੋਇਆ ਹੈ। ਆਪਣੀਆਂ ਜਾਦੂਗਰ ਸ਼ਕਤੀਆਂ ਕਰਕੇ ਉਹ ਜਾਤੀ ਹੁਣ ਤੱਕ ਮੁਗ਼ਲਾਂ ਤੋਂ ਜਿੱਤੀ ਨਹੀਂ ਗਈ। ਜਿਹੜਾ ਵੀ ਸੈਨਾਪਤੀ ਉਥੇ ਗਿਆ, ਜਾਦੂ ਦੀ ਤਾਕਤ ਨਾਲ ਮਾਰਿਆ ਗਿਆ। ਇਸ ਨਿਸ਼ਚਿਤ ਪਰਿਣਾਮ ਨੂੰ ਧਿਆਨ ਵਿਚ ਰੱਖ ਕੇ ਮੈਨੂੰ ਉਥੇ ਭੇਜਿਆ ਜਾ ਰਿਹਾ ਹੈ।' ਰਾਜਾ ਨੇ ਸਪਸ਼ਟ ਕੀਤਾ।

'ਤੂੰ ਕੀ ਸੋਚਦਾ ਹੈਂ, ਰਾਮ ਸਿੰਘ ?'

'ਸੱਚੇ ਪਾਤਸ਼ਾਹ, ਮੇਰੀ ਨਿਮਰਤਾ ਪੂਰਵਕ ਬੇਨਤੀ ਹੈ ਕਿ ਜੇਕਰ ਤੁਸੀਂ ਫੌਜ ਦੇ ਨਾਲ-ਨਾਲ ਚੱਲੋ ਤਾਂ ਕੋਈ ਜਾਦੂ ਦੀ ਤਾਕਤ ਮੇਰਾ ਵਾਲ ਵਿੰਗਾ ਨਹੀਂ ਕਰ ਸਕੇਗੀ? '

'ਤੁਸੀਂ ਸਭ ਦੇ ਸੁਆਮੀ ਹੋ। ਮੈਂ ਆਪ ਦੀ ਸ਼ਰਨ ਆਇਆ ਹਾਂ, ਜਿਵੇਂ ਠੀਕ ਸਮਝੋ, ਕਰ ਲਵੋ। ' ਰਾਜਾ ਰਾਮ ਸਿੰਘ ਨੇ ਸਾਰੀ ਗੱਲ ਗੁਰੂ ਜੀ ਉਤੇ ਛੱਡ ਦਿੱਤੀ।

'ਠੀਕ ਹੈ, ਅਸੀਂ ਤੇਰੀ ਫ਼ੌਜ ਤੋਂ ਵੱਖਰੇ ਨਾਲ ਨਾਲ ਚੱਲਾਂਗੇ।' ਗੁਰੂ ਜੀ ਨੇ ਦਿਆਲ ਹੋ ਕੇ ਮੰਨ ਲਿਆ।

'ਰਾਜਾ ਰਾਮ ਸਿੰਘ ਬਹੁਤ ਹੀ ਪ੍ਰਸੰਨ ਹੋਇਆ। ਰਵਾਨਗੀ ਦੇ ਪ੍ਰਬੰਧ ਮੁਕੰਮਲ ਹੋਏ। ਰਾਜਾ ਨੇ ਆਪਣੇ ਫ਼ੌਜੀ ਅਧਿਕਾਰੀਆਂ ਨੂੰ ਗੁਰੂ ਜੀ ਦੀ ਹਰ ਪ੍ਰਕਾਰ ਦੇ ਸੁੱਖ ਆਰਾਮ ਦਾ ਖਿਆਲ ਰੱਖਣ ਵਾਸਤੇ ਹੁਕਮ ਦਿੱਤਾ। ਆਪ ਉਹ ਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ ਚਲਣ ਲਗ ਪਿਆ। ਫ਼ੌਜ ਨਾਲ ਨਾਲ ਵਧਣ ਲੱਗ ਪਈ। ਉਸਦੇ ਹੋਰ ਫ਼ੌਜੀ ਅਧਿਕਾਰੀ ਉਸਨੂੰ ਬਰਾਬਰ ਸਥਿਤੀ ਤੋਂ ਜਾਣੂ ਕਰਵਾਉਂਦੇ ਰਹੇ ਸਨ। ਇਹ ਸਫਰ ਬ੍ਰਹਮਪੁੱਤਰ ਦੇ ਕੰਢੇ ਕੰਢੇ ਕੀਤਾ ਜਾ ਰਿਹਾ ਸੀ।

ਉਹਨਾਂ ਦਿਨਾਂ ਵਿਚ ਆਸਾਮ ਉਤੇ ਅਹੋਮ ਮਹਾਰਾਜਾ ਚੱਕਰਧਵੱਜ ਸਿੰਘ ਦਾ ਰਾਜ ਸੀ। ਚੱਕਰਧਵੱਜ ਸਿੰਘ ਹੁਣ ਜਾਤੀ ਉਹਨਾਂ ਲੋਕਾਂ ਦੀ ਔਲਾਦ ਵਿੱਚੋਂ ਸੀ, ਜਿਹੜੇ ਆਸਾਮ ਵਿਚ ਵਸ ਗਏ ਸਨ ਅਤੇ ਭਾਰਤੀ ਵੈਸ਼ਨਵ ਤੇ ਬੋਧੀ ਮਤਾਂ ਵਿਚ ਵਿਸ਼ਵਾਸ ਰੱਖਣ ਲਗ ਪਏ ਸਨ। ਬੰਗਾਲ ਤੇ ਆਸਾਮ ਦੇ ਲੋਕ ਆਪਣੇ ਜਾਦੂਗਰ ਚਮਤਕਾਰਾਂ, ਬਹੁਤ ਪ੍ਰਾਚੀਨ ਸਮਿਆਂ ਤੋਂ ਹੀ ਹੋਰ ਪ੍ਰਦੇਸ਼ਾਂ ਦੇ ਲੋਕਾਂ ਨੂੰ ਡਰਾਉਂਦੇ ਰਹੇ ਸਨ। ਕਹਿੰਦੇ ਹਨ ਕਿ ਜਦੋਂ ਸ਼ਿਵ ਜੀ ਦੇ ਗੁੱਸੇ ਕਰਕੇ ਸੁੰਦਰਤਾ ਤੇ ਵਾਸਨਾ ਦਾ ਦੇਵਤਾ ਕਾਮਦੇਵ ਸੜ ਕੇ ਸੁਆਹ ਹੋ ਗਿਆ ਤਾਂ ਰਤੀ ਆਦਿ

ਦੇ ਵਿਰਲਾਪ ਤੇ ਹੋਰ ਦੇਵਤਿਆਂ ਦੀ ਸਿਫਾਰਸ਼ ਉਤੇ ਉਸਨੂੰ ਅਸ਼ਰੀਰਕ ਰੂਪ ਵਿਚ ਉਥੇ ਦੋਬਾਰਾ ਜੀਂਦੇ ਰਹਿਣ ਦੀ ਇਜਾਜ਼ਤ ਮਿਲੀ। ਉਸ ਵਕਤ ਤੋਂ ਹੀ ਇਸ ਦੇਸ਼ ਦਾ ਨਾਂ ਕਾਮ ਰੂਪ ਪਿਆ। ਇੱਥੋਂ ਦੀਆਂ ਔਰਤਾਂ ਵਿਚ ਸੁੰਦਰਤਾ ਤੇ ਕਾਮ ਕਲਾ ਦੀ ਵਿਸ਼ੇਸ਼ਤਾ ਹੈ। ਉਹ ਚਮਤਕਾਰ, ਜਾਦੂ ਟੂਣੇ ਅਤੇ ਰਹੱਸਮਈ ਸਾਧਨਾਵਾਂ ਵਿਚ ਪ੍ਰਵੀਨ ਸਨ। ਆਪਣੀ ਵਾਸਨਾ ਦੀ ਤ੍ਰਿਪਤੀ ਵਾਸਤੇ ਉਹ ਕਿਸੇ ਵੀ ਮਰਦ ਨੂੰ ਆਪਣੇ ਕੋਲ ਲੁਕਾ ਕੇ ਰੱਖਣ ਲਈ ਪਸ਼ੂ ਜਾਂ ਪੰਛੀ ਬਣਾ ਕੇ ਕੈਦ ਕਰ ਲੈਂਦੀਆਂ ਹਨ। ਉਥੋਂ ਦੀ ਹਾਲਤ ਬਾਰੇ ਕਿਹਾ ਜਾਂਦਾ ਹੈ ਕਿ ਉਸ ਪ੍ਰਦੇਸ਼ ਵਿਚ ਇੱਕ ਵਾਰ ਜਾਣ ਵਾਲਾ ਆਦਮੀ ਪਰਤ ਕੇ ਵਾਪਸ ਨਹੀਂ ਆ ਸਕਦਾ। ਜਦੋਂ ਗੁਰੂ ਨਾਨਕ ਦੇਵ ਜੀ ਨੇ ਉਸ ਪ੍ਰਦੇਸ਼ ਦੀ ਯਾਤਰਾ ਕੀਤੀ ਸੀ ਤਾਂ ਉਹਨਾਂ ਉਤੇ ਉਥੋਂ ਦੀਆਂ ਇਸਤਰੀਆਂ ਨੇ ਰਹੱਸ ਸਾਧਨਾ ਦਾ ਵਾਰ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸੱਚੇ ਨਾਮ ਅੱਗੇ ਕੋਈ ਜਾਦੂ ਟੂਣਾ ਸਫਲ ਨਹੀਂ ਹੁੰਦਾ। ਜਿਥੇ ਪ੍ਰਮਾਤਮਾ ਦਾ ਨਾਮ ਹੁੰਦਾ ਹੈ, ਉਥੇ ਮਾਇਆ ਤੇ ਵਿਲਾਸਤਾ ਦੀ ਕੋਈ ਜਗ੍ਹਾ ਨਹੀਂ। ਗੁਰੂ ਨਾਨਕ ਦੇਵ ਜੀ ਦੀ ਤੇਜੱਸਵੀ ਯਾਤਰਾ ਦੀ ਯਾਦ ਤਾਜ਼ਾ ਕਰਨ ਵਾਸਤੇ ਹੁਣ ਗੁਰੂ ਤੇਗ ਬਹਾਦਰ ਜੀ ਉਸ ਪ੍ਰਦੇਸ਼ ਵਲ ਵਧ ਰਹੇ ਸਨ, ਉਥੇ ਜਾਂਦਿਆਂ ਪੂਰੀ ਮੁਗ਼ਲ ਸੈਨਾ ਦੀ ਜਾਨ ਹੋਠਾਂ ਉਤੇ ਅਟਕੀ ਹੋਈ ਸੀ ਅਤੇ ਕੋਈ ਵੀ ਆਪਣੇ ਭਵਿੱਖਤ ਸਬੰਧੀ ਵਿਸ਼ਵਾਸ਼ ਨਹੀਂ ਕਰਦਾ ਸੀ।

ਦਰਿਆ ਦੇ ਕੰਢੇ ਕੰਢੇ ਵਧਦਿਆਂ ਫੱਗਣ ਸੰਮਤ 726 ਬਿਕਰਮੀ ਨੂੰ ਗੁਰੂਦੇਵ ਤੇ ਮੁਗ਼ਲ ਸੈਨਾ ਕਾਮਰੂਪ ਅੰਦਰ ਅਹੋਮ ਪ੍ਰਦੇਸ਼ ਵਿਚ ਦਾਖਲ ਹੋ ਗਈਆਂ। ਰਾਜਾ ਰਾਮ ਸਿੰਘ ਨੇ ਸੈਨਾ ਦੇ ਨਾਲ ਰੰਗਮਤੀ ਨਾਂ ਦੇ ਸਥਾਨ ਉਤੇ ਪੜਾਅ ਕੀਤਾ ਪਰ ਗੁਰੂ ਜੀ ਨੇੜੇ ਹੀ ਧੂਬੜੀ ਨਾਂ ਦੀ ਜਗ੍ਹਾ ਟਿਕਾਣਾ ਬਣਾਇਆ। ਧੂਬੜੀ ਵਿਚ ਗੁਰੂ ਨਾਨਕ ਆਗਮਨ ਦੀ ਯਾਦਗਾਰ ਵੀ ਮੌਜੂਦ ਸੀ ਅਤੇ ਉਹ ਹੀ ਗੁਰੂ ਜੀ ਦੇ ਉਥੇ ਖਿਚੇ ਜਾਣ ਦਾ ਅਸਲ ਕਾਰਨ ਸੀ। ਪੰਜੋ ਪੀਰ ਵੀ ਉਥੇ ਹੀ ਗੁਰੂ ਜੀ ਦੇ ਨਾਲ ਟਿਕੇ। ਪ੍ਰਮਾਤਮਾ ਦੇ ਪਿਆਰਿਆਂ ਨੂੰ ਸੰਘਰਸ਼ ਨਹੀਂ, ਸ਼ਾਂਤੀ ਵਧੇਰੇ ਚੰਗੀ ਲਗਦੀ ਹੈ, ਇਸ ਲਈ ਗੁਰੂ ਜੀ ਤੇ ਉਹ ਸਾਰੇ ਪੀਰ ਦਿਲੋਂ ਇਹੀ ਚਾਹੁੰਦੇ ਸਨ ਕਿ ਦੋਹਾਂ ਧਿਰਾਂ ਵਿਚਕਾਰ ਕੋਈ ਆਦਰ ਪੂਰਵਕ ਸਮਝੌਤਾ ਹੋ ਜਾਵੇ ਅਤੇ ਆਪਸੀ ਵੱਢ ਟੁੱਕ ਤੋਂ ਬਚਿਆ ਜਾ ਸਕੇ।

'ਉਧਰ ਗੁਹਾਟੀ ਨਗਰ ਨੂੰ ਅਹੋਮ ਜਾਤੀ ਦੇ ਲੋਕ ਆਪਣੇ ਧਰਮ ਤੇ ਸੰਸਕ੍ਰਿਤੀ ਦਾ ਕੇਂਦਰ ਮੰਨਦੇ ਸਨ। ਉਥੇ ਉਹਨਾਂ ਦੀ ਇਸ਼ਟ ਕਾਮਰੂਪਾ ਦੇਵੀ ਦਾ ਮੰਦਰ ਸੀ ਇਸ ਲਈ ਉਹ ਕਿਸੇ ਵੀ ਕੀਮਤ ਉਤੇ ਗੋਹਾਟੀ ਨੂੰ ਵਾਪਸ ਜਾਣ ਲਈ ਤਿਆਰ ਨਹੀਂ ਸਨ। ਰਾਜਾ ਚੱਕਰਧਵੱਜ ਸਿੰਘ ਦਾ ਇੱਕ ਬੜਾ ਯੋਗ ਅਹੋਮ ਮੰਤਰੀ ਸੀ, ਯੁੱਧ ਨੀਤੀ ਵਿਚ ਉਹ ਬਹੁਤ ਨਿਪੁੰਨ ਸੀ। ਦੂਜਾ ਉਸ ਕੋਲ ਜਾਦੂ ਦੀ ਅਮਾਨਵੀ ਸ਼ਕਤੀ ਵੀ ਸੀ, ਜਿਸ ਉਤੇ ਉਹਨਾਂ ਨੂੰ ਵਿਸ਼ੇਸ਼ ਕਰਕੇ ਭਰੋਸਾ ਸੀ। ਮੁਗ਼ਲ ਸੈਨਾ ਵੀ ਬੜੀ ਤਾਕਤਵਰ ਸੀ-ਉਹ ਆਸਾਮ ਦੀ ਕਿਸੇ ਵੀ ਸ਼ਕਤੀ ਨਾਲ ਟੱਕਰ ਲੈਣ ਦੀ ਤਾਕਤ ਰੱਖਦੀ ਸੀ ਪਰ ਉਹਨਾਂ ਨੂੰ ਅਜੇ ਇਹ ਪਤਾ ਨਹੀਂ ਸੀ

ਕਿ ਨਾਲ ਜਾਣ ਵਾਲੇ ਪੀਰ ਫ਼ਕੀਰ ਜਾਦੂਗਰੀ ਤੋਂ ਉਹਨਾਂ ਨੂੰ ਬਚਾ ਸਕਣਗੇ ਜਾਂ ਨਹੀਂ। ਗੁਰੂ ਜੀ ਉਪਰੋਂ ਸ਼ਾਂਤ ਸਨ। ਸੈਨਾ ਨੂੰ ਉਹਨਾਂ ਦੀਆਂ ਅਧਿਆਤਮਕ ਸ਼ਕਤੀਆਂ ਦਾ ਅੰਦਾਜ਼ਾ ਵੀ ਨਹੀਂ ਸੀ।

'ਅਹੋਮ ਪੱਖ ਦੀ ਵੀ ਯੁੱਧ ਲਈ ਤਿਆਰੀ ਸੀ। ਮੰਤਰੀ ਨੇ ਸਭ ਤੋਂ ਪਹਿਲਾਂ ਇੱਕ ਵੱਡਾ ਯੱਗ ਰਚਾਇਆ। ਕਾਮਾਖਿਆ ਦੇਵੀ ਨੂੰ ਬਲੀ ਭੇਟਾ ਕੀਤੀ ਗਈ ਅਤੇ ਪ੍ਰਾਰਥਨਾ ਹੋਈ ਕਿ ਹੇ ਮਾਤਾ, ਇਹਨਾਂ ਵਿਦੇਸ਼ੀਆਂ ਨੂੰ ਖਾ ਕੇ ਤੂੰ ਤ੍ਰਿਪਤ ਹੋ ਅਤੇ ਭਰਾਵਾਂ ਦੀ ਰੱਖਿਆ ਕਰ।

'ਬੜੀ ਅਜੀਬ ਗੱਲ ਹੈ ਕਿ ਦੇਵੀ ਦੇਵਤਿਆਂ ਅੱਗੇ ਦੁਸ਼ਮਣ ਨੂੰ ਖਾ ਜਾਣ ਵਾਸਤੇ ਅਰਾਧਨਾ ਕੀਤੀ ਜਾ ਰਹੀ ਸੀ, ਕੀ ਹਿੰਦੂ ਦੇਵੀ ਦੇਵਤਾ ਮਾਸ ਖਾਂਦੇ ਹਨ ? ' ਇੱਕੋ ਸਰੋਤਾ ਨੇ ਵਿਚੋਂ ਸ਼ੰਕਾ ਪ੍ਰਗਟ ਕੀਤੀ।'

'ਖਾਣ ਤੋਂ ਭਾਵ ਨਸ਼ਟ ਕਰਨ ਦਾ ਭਾਵ ਹੈ। ਦੇਵੀ ਦੇਵਤਿਆਂ ਉਤੇ ਤਾਂ ਇਹ ਗੱਲਾਂ ਪੈਰੋਕਾਰਾਂ ਵਲੋਂ ਲਾਗੂ ਕੀਤੀਆਂ ਜਾਂਦੀਆਂ ਹਨ, ਉਹ ਤਾਂ ਉਪਾਸਨਾ ਦੇ ਪ੍ਰਤੀਕ ਰੂਪ ਹਨ। ਹਾਂ, ਵੈਸੇ ਤਾਂ ਹਿੰਦੂਆਂ ਵਿਚ ਵੈਸ਼ਨਵ ਲੋਕ ਮਾਸ ਨਹੀਂ ਖਾਂਦੇ। ਜਦੋਂ ਕਿ ਸ਼ਕਤ ਆਮ ਕਰਕੇ ਮਾਸਾਹਾਰੀ ਹੁੰਦੇ ਹਨ।' ਭਾਈ ਗੁਰਦਿੱਤਾ ਜੀ ਨੇ ਵਿਵਾਦ ਵਿਚ ਪੈਣ ਤੋਂ ਬਿਨਾ ਗੱਲ ਸਪਸ਼ਟ ਕਰ ਦਿੱਤੀ।

ਇੰਨਾ ਕਹਿ ਕੇ ਭਾਈ ਕੁਝ ਦੇਰ ਲਈ ਰੁਕ ਗਏ, ਜਿਵੇਂ ਅਗਲੀ ਗੱਲ ਕਰਨ ਤੋਂ ਤਾਕਤ ਇਕੱਤਰ ਕਰ ਰਹੇ ਹੋਣ। ਉਹਨਾਂ ਦੀ ਸਾਹ ਉਖੜ ਜਿਹੀ ਗਈ ਸੀ। ਸਰੋਤਿਆਂ ਨੇ ਉਹਨਾਂ ਦੇ ਕਮਜ਼ੋਰ ਹੋ ਚੁੱਕੇ ਸਰੀਰ ਉਤੇ ਗਰਮ ਚਾਦਰ ਪਾ ਦਿੱਤੀ। ਉਹਨਾਂ ਲੇਟਿਆਂ ਲੇਟਿਆਂ ਪਾਸਾ ਪਲਟਿਆ ਅਤੇ ਨਾਲ ਹੀ ਸਾਰੇ ਸਰੋਤਿਆਂ ਦੇ ਆਸਣ ਬਦਲ ਗਏ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਮਹਾਂਭਾਰਤ ਦੀ ਰਣ- ਭੂਮੀ ਵਿਚ ਤੀਰਾਂ ਉਤੇ ਲੇਟੇ ਹੋਏ ਭੀਸ਼ਮ ਪਿਤਾਮਾ ਪੀਰ ਕਰੀਮ ਬਖ਼ਸ਼ ਦੇ ਸਾਰੇ ਸ਼ਾਗਿਰਦ ਬੜੀ ਦਿਲਚਸਪੀ ਨਾਲ ਭਾਈ ਗੁਰਦਿੱਤਾ ਜੀ ਦੀ ਗੱਲ ਸੁਣ ਰਹੇ ਸਨ।

ਭਾਈ ਜੀ ਨੇ ਫਿਰ ਕਹਿਣਾ ਸ਼ੁਰੂ ਕੀਤਾ, 'ਅਹੋਮ ਮੰਤਰੀ ਨੇ ਆਪਣੇ ਪ੍ਰਦੇਸ਼ ਦੀਆਂ ਪ੍ਰਸਿੱਧ ਜਾਦੂਗਰਨੀਆਂ ਨੂੰ ਬੁਲਵਾਇਆ। ਸਾਰੀਆਂ ਨੂੰ ਆਪਣੇ ਚਮਤਕਾਰ ਵਿਖਾ ਕੇ ਦੁਸ਼ਮਣ ਦੀ ਸੈਨਾ ਉਤੇ ਵਾਰ ਕਰਨ ਦੀ ਸਲਾਹ ਦਿੱਤੀ। ਜਾਦੂ ਕਲਾ ਦੀਆਂ ਉਪਾਸਕਾਵਾਂ ਇਹ ਜਾਦੂਗਰਨੀਆਂ ਆਮ ਤੌਰ ਤੇ ਨੀਵੀਆਂ ਜਾਤਾਂ ਦੀਆਂ ਔਰਤਾਂ ਹੁੰਦੀਆਂ ਸਨ। ਇਸ ਲਈ ਇੱਕ ਧੋਬਣ ਦੀ ਅਗਵਾਈ ਵਿਚ ਇਹਨਾਂ ਰਾਸ਼ਟਰੀ ਰੱਖਿਆ ਵਾਸਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ। ਜਾਦੂਗਰਨੀਆਂ ਨੇ ਸਭ ਤੋਂ ਪਹਿਲਾਂ ਮੁਗ਼ਲ ਸੈਨਾ ਦਾ ਕਵਚ ਭੰਗ ਕਰਨ ਦੇ ਇਰਾਦੇ ਨਾਲ ਗੁਰੂ ਜੀ ਅਤੇ ਪੀਰ ਫਕੀਰਾਂ ਨੂੰ ਨਸ਼ਟ ਕਰਨਾ ਚਾਹਿਆ। ਮੁੱਖ ਜਾਦੂਗਰਨੀ ਦੀ ਤਜ਼ਵੀਜ਼ ਉਤੇ ਸਾਰਿਆਂ ਨੇ ਦਰਿਆ ਪਾਰ ਗੁਰੂ ਜੀ ਦੇ ਡੇਰੇ ਸਾਹਮਣੇ ਆਪਣਾ ਆਪਣਾ ਆਸਣ ਵਿਛਾਇਆ। ਉਥੇ ਉਹਨਾਂ ਜਾਦੂ ਤੰਤਰਾਂ ਦੇ ਇਸ਼ਟ ਦੀ ਸਥਾਪਨਾ

ਕੀਤੀ ਅਤੇ ਮਾਰੂ ਮੰਤਰਾਂ ਦਾ ਉਚਾਰਨ ਸ਼ੁਰੂ ਕੀਤਾ। ਪ੍ਰਕ੍ਰਿਤੀ ਵਿਚ ਤੂਫਾਨ ਆ ਗਿਆ। ਭਿਆਨਕ ਹਨ੍ਹੇਰੀਆਂ ਵਗਣ ਲਗ ਪਈਆਂ, ਚਾਰੋਂ ਪਾਸੇ ਅੱਗ ਦੀਆਂ ਲਪਟਾਂ ਉਠਦੀਆਂ ਦਿਖਾਈ ਦਿੱਤੀਆਂ। ਵੱਡੇ ਵੱਡੇ ਖੂਨਖਾਹ ਪਸ਼ੂ ਗੁਰੂ ਜੀ ਦੇ ਡੇਰੇ ਦੁਆਲੇ ਘੁੰਮਦੇ ਦਿਸੇ। ਇੱਕ ਭਿਆਨਕ ਅਜਗਰ ਸਾਨੂੰ ਸਾਰਿਆਂ ਨੂੰ ਨਿਗਲ ਜਾਣ ਲਈ ਝਪਕਿਆ। ਬਿਜਲੀਆਂ ਕੜਕ ਕੜਕ ਕੇ ਟੁੱਟਣ ਲਗੀਆਂ ? ਪਰ ਗੁਰੂ ਜੀ ਅਡੋਲ ਬੈਠੇ ਰਹੇ। ਉਹਨਾਂ ਸਾਨੂੰ ਵੀ ਸਾਰਿਆਂ ਨੂੰ ਸ਼ਾਂਤ ਬੈਠ ਕੇ ਵਾਹਿਗੁਰੂ ਦਾ ਨਾਮ ਜਪਣ ਦਾ ਹੁਕਮ ਦਿੱਤਾ। ਪੰਜੋ ਪੀਰ ਵੀ ਖੁਦਾ ਨੂੰ ਯਾਦ ਕਰ ਰਹੇ ਸਨ-ਗੁਰੂ ਜੀ ਦਾ ਸਪਸ਼ਟੀਕਰਨ ਸੀ ਕਿ ਇਹ ਸਾਰੇ ਆਤੰਕ ਡਰਾਉਂਦੇ ਤਾਂ ਹਨ ਸਹੀ, ਪਰ ਪ੍ਰਭੂ ਨਾਮ ਦੀ ਮਹਿਮਾ ਗਾਉਣ ਵਾਲੇ ਨੂੰ ਕਦੀ ਕਸ਼ਟ ਨਹੀਂ ਪਹੁੰਚਾ ਸਕਦੇ।

'ਸੱਚਮੁੱਚ ਜਾਦੂ ਦੀ ਮਾਇਆ ਨੇ ਸਾਨੂੰ ਡਰਾਉਣ ਲਈ ਉਹ ਸਭ ਕੁਝ ਕੀਤਾ, ਜੋ ਅਚਲ ਬਟਾਲਾ ਵਿਚ ਸਿਧਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਕੀਤਾ ਸੀ ਪਰ ਈਸ਼ਵਰ ਦੇ ਨਾਮ ਦਾ ਬਲ ਸਭ ਤੋਂ ਜ਼ਿਆਦਾ ਸੀ - ਸਾਡੇ ਵਿਚੋਂ ਕੋਈ ਵੀ ਨਹੀਂ ਸੀ ਘਬਰਾਇਆ। ਗੁਰੂ ਜੀ ਦੀ ਸ਼ਰਨ ਵਿਚ ਅਸੀਂ ਸਾਰੇ ਝਿੱਜਕ ਤੇ ਨਿਡਰ ਬੈਠੇ ਰਹੇ। ਮੁਢਲੀਆਂ ਗੱਲਾਂ ਵਿਚ ਜਦੋਂ ਉਹ ਜਾਦੂਗਰਨੀਆਂ ਅਸਫਲ ਰਹੀਆਂ, ਤਾਂ ਉਹਨਾਂ ਆਪਣਾ ਵਧੇਰੇ ਸ਼ਕਤੀਸ਼ਾਲੀ ਹਥਿਆਰ ਵਰਤਿਆ। ਜਾਦੂ ਦੇ ਲੋਰ ਨਾਲ ਇੱਕ ਬਹੁਤ ਵੱਡੇ ਪੱਥਰ ਨੂੰ ਜੋ ਕਿ ਤਕਰੀਬਨ ਪੰਝੀ ਹੱਥ ਲੰਬਾ ਹੋਵੇਗਾ ਅਤੇ ਜਿਸ ਦੀਆਂ ਚਾਰੋਂ ਬਾਹੀਆਂ ਲਗਭਗ ਗਜ ਗਜ ਦੀਆਂ ਹੋਣਗੀਆਂ, ਉਹਨਾਂ ਨਦੀ ਪਾਰ ਤੋਂ ਹਵਾ ਵਿਚ ਉਡਾ ਕੇ ਸਾਡੇ ਸਾਰਿਆਂ ਉਤੇ ਸੁੱਟਿਆ। ਪੱਥਰ ਕੀ ਸੀ, ਇੱਕ ਪੂਰੀ ਚਟਾਨ ਸੀ, ਜਿਹੜੀ ਪੰਛੀ ਵਾਂਗ ਹਵਾ ਵਿਚ ਉੱਡਦੀ ਆ ਰਹੀ ਸੀ। ਸਚਮੁੱਚ ਜੇਕਰ ਉਹ ਚਟਾਨ ਕਿਧਰੇ ਸਾਡੇ ਉਤੇ ਆ ਢਹਿੰਦੀ, ਤਾਂ ਸਾਡੀ ਚਟਨੀ ਬਣ ਜਾਣੀ ਸੀ ਪਰ ਅਧਿਆਤਮਕ ਸਮਰਾਟ ਗੁਰੂ ਜੀ ਦੇ ਹੁੰਦਿਆਂ ਸਾਨੂੰ ਕਾਹਦੀ ਪਰੇਸ਼ਾਨੀ ਸੀ। ਉਹ ਪੱਥਰ ਗੁਰੂ ਜੀ ਤੋਂ ਥੋੜ੍ਹੀ ਦੂਰ ਸਾਡੇ ਕੋਲ ਆ ਡਿੱਗਿਆ। ਉਸ ਦੇ ਡਿੱਗਣ ਨਾਲ ਜਿਵੇਂ ਨੇੜੇ ਦੀ ਧਰਤੀ ਵਿੱਚ ਭੂਚਾਲ ਆ ਗਿਆ ਹੋਵੇ। ਅੱਧਾ ਉੱਤੇ ਇੱਕ ਪਾਸੇ ਝੁਕਿਆ ਹੋਇਆ ਹੁਣ ਵੀ ਵੇਖਿਆ ਜਾ ਸਕਦਾ ਹੈ। ਗੁਰੂ ਜੀ ਉਥੇ ਬੈਠੇ ਹੋਣਗੇ। ਇਹ ਪੱਥਰ ਇਸ ਗੱਲ ਦੀ ਨਿਸ਼ਾਨੀ ਬਣ ਗਿਆ।

'ਪੱਥਰ ਨਾਲ ਵੀ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ, ਇਹ ਵੇਖ ਕੇ ਉਹ ਜਾਦੂਗਰਨੀਆਂ ਤਰਲੋਮੱਛੀ ਹੋਈਆਂ। ਉਹਨਾਂ ਇੱਕ ਬਹੁਤ ਵੱਡੇ ਦਰਖ਼ਤ ਨੂੰ ਉਸੇ ਤਰ੍ਹਾਂ ਦਰਿਆ ਪਾਰ ਤੋਂ ਸੁੱਟਿਆ, ਉਹ ਵੀ ਗੁਰੂ ਜੀ ਦੇ ਨਜ਼ਦੀਕ ਬਿਨਾਂ ਕਿਸੇ ਨੂੰ ਚੋਟ ਪਹੁੰਚਾਏ ਆ ਡਿੱਗਿਆ। ਹੁਣ ਗੁਰੂ ਜੀ ਦੀ ਵਾਰੀ ਸੀ। ਜਾਦੂਗਰਨੀਆਂ ਨੇ ਆਪਣੀ ਕਾਫ਼ੀ ਜ਼ੋਰ ਅਜ਼ਮਾਈ ਕਰ ਲਈ ਸੀ। ਗੁਰੂ ਜੀ ਨੇ ਕਮਾਨ ਉਤੇ ਤੀਰ ਚੜ੍ਹਾਇਆ ਅਤੇ ਜਿੱਥੇ ਉਹਨਾਂ ਜਾਦੂਗਰਨੀਆਂ ਨੇ ਇਸ਼ਹ ਦੇ ਸਥਾਪਨਾ ਕੀਤੀ ਗਈ ਸੀ, ਉਸ ਵੱਲ ਨਿਸ਼ਾਨਾ ਲੈ ਕੇ ਤੀਰ ਛੱਡ ਦਿੱਤਾ। ਸਾਰੀ ਖੇਡ ਖਤਮ। ਉਹਨਾਂ ਦੀ ਸਮੁੱਚੀ ਜਾਦੂ ਦੀ ਤਾਕਤ ਦਾ ਆਧਾਰ ਹੀ ਨਸ਼ਟ ਹੋ ਗਿਆ।

ਜਾਦੂਗਰਨੀਆਂ ਦੀ ਨੇਤਾ ਉਹ ਧੋਬਣ ਆਪਣੀ ਹਾਰ ਉਤੇ ਸ਼ਰਮਿੰਦਾ ਹੋਈ। ਦਰਿਆ ਪਾਰ ਕਰਕੇ ਉਹ ਸਿੱਧੀ ਗੁਰੂ ਜੀ ਨੇੜੇ ਆਈ ਅਤੇ ਚਰਨਾਂ ਉਤੇ ਢਹਿ ਪਈ। ਬੋਲੀ, 'ਸਾਡੀ ਤਾਕਤ ਨੂੰ ਬਿਨਾਂ ਕਿਸੇ ਵੱਡੇ ਚਮਤਕਾਰ ਦੇ ਜੇ ਕੋਈ ਲਲਕਾਰ ਸਕਿਆ ਹੈ ਤਾਂ ਉਹ ਤੁਸੀਂ ਹੀ ਹੋ। ਤੁਸੀਂ ਯਕੀਨਨ ਹੀ ਪ੍ਰਮਾਤਮਾ ਹੋ। ਸਾਨੂੰ ਮੁਆਫ ਕਰ ਦਿਓ।'

'ਇਸ ਸਾਰਾ ਪਰਪੰਚ ਤੁਸੀਂ ਕਿਸ ਲਈ ਰਚਾਇਆ ਹੋਇਆ ਹੈ ', ਗੁਰੂ ਜੀ ਨੇ ਪੁੱਛਿਆ।'

'ਸਾਨੂੰ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ। ਅਸੀਂ ਤਾਂ ਬਦੇਸ਼ੀ ਸ਼ੱਤਰੂਆਂ ਤੋਂ ਆਪਣੇ ਦੇਸ਼ ਦੀ ਰੱਖਿਆ ਲਈ ਇਹ ਸਭ ਕਰ ਰਹੀਆਂ ਸਾਂ', ਧੋਬਣ ਨੇ ਸਵੀਕਾਰ ਕੀਤਾ। 'ਸਾਡੇ ਕੋਲ ਇਹੋ ਇੱਕੋ ਇੱਕ ਹਥਿਆਰ ਸੀ, ਜਿਸ ਉਤੇ ਸਾਡੇ ਦੇਸ਼ ਵਾਸੀਆਂ ਨੂੰ ਫ਼ਖ਼ਰ ਸੀ ਅਤੇ ਤੁਸੀਂ ਉਹ ਵੀ ਖਤਮ ਕਰ ਦਿੱਤਾ ਹੈ।'

'ਚੰਗਾ ਤਾਂ ਇਹ ਦੱਸੋ ਕਿ ਅਖੀਰ ਇਸ ਜਾਦੂ ਟੂਣੇ ਨਾਲ ਕੀ ਤੁਹਾਡਾ ਨਿੱਜੀ ਜੀਵਨ ਸੁਖੀ ਰਹਿੰਦਾ ਹੈ।' ਗੁਰੂ ਜੀ ਨੇ ਸਮਝਾਉਣ ਦੇ ਇਰਾਦੇ ਨਾਲ ਆਖਿਆ।

'ਨਹੀਂ ਪ੍ਰਭੂ, ਮੇਰੇ ਅੰਦਰ ਦੂਜੇ ਦਾ ਨੁਕਸਾਨ ਕਰਨ ਦੀ ਤਾਕਤ ਸੀ, ਆਪਣਾ ਭਲਾ ਕਰ ਸਕਣ ਵਿਚ ਇਹ ਜਾਦੂ ਮਾਇਆ ਅਸਮਰੱਥ ਹੈ।'

‘ਫਿਰ ਉਸ ਸ਼ਕਤੀ ਦਾ ਲਾਭ ਹੀ ਕੀ ? ਆਪਣੇ ਅੰਦਰ ਉਹ ਤਾਕਤ ਪੈਦਾ ਕਰੋ ਜਿਹੜੀ ਤੁਹਾਡੇ ਆਪਣੇ ਹਿਤ ਵਿਚ ਹੋਵੇ। ਪਰਮਾਤਮਾ ਦੇ ਘਰ ਤਾਂ ਤੁਹਾਨੂੰ ਦੂਜਿਆਂ ਦੇ ਨੁਕਸਾਨ ਦਾ ਦੁਖਦਾਈ ਫਲ ਹੀ ਮਿਲੇਗਾ। ਆਪਣਾ ਭਲਾ ਕਮਾਓ, ਤਾਂ ਜੋ ਉਥੇ ਤੁਹਾਡਾ ਕਲਿਆਣ ਹੋਵੇ ’, ਗੁਰੂ ਜੀ ਨੇ ਸਮਝਾਇਆ।

'ਮੈਂ ਸਮਝ ਗਈ ਗੁਰੂਦੇਵ। ਮੈਨੂੰ ਆਪਣੀ ਸ਼ਰਨ ਵਿਚ ਲਵੋ ਅਤੇ ਠੀਕ ਰਸਤਾ ਵਿਖਾਓ। ਮੈਂ ਆਪਣੀਆਂ ਮੂਰਖਤਾ ਭਰਪੂਰ ਗਲਤੀਆਂ ਨੂੰ ਮੰਨਦੀ ਹਾਂ ', ਜਾਦੂਗਰਨੀਆਂ ਦੀ ਮੁਖੀ ਨੇ ਨਿਮਰਤਾ ਪੂਰਵਕ ਕਿਹਾ।

'ਈਸ਼ਵਰ ਦਾ ਨਾਮ ਜਪੋ, ਜਾਦੂ ਟੂਣਿਆਂ ਦਾ ਤਿਆਗ ਕਰੋ, ਜੀਵਨ ਦੀਆਂ ਨਰੋਈਆਂ ਕੀਮਤਾਂ ਦੀ ਪਾਲਣਾ ਕਰੋ ਅਤੇ ਹਮੇਸ਼ਾ ਦੂਜਿਆਂ ਦਾ ਭਲਾ ਕਰੋ- ਇਹੋ ਹੀ ਆਤਮ-ਕਲਿਆਣ ਦਾ ਰਸਤਾ ਹੈ ', ਗੁਰੂ ਜੀ ਨੇ ਉਸ ਨੂੰ ਖਿਮਾ ਕਰਦਿਆਂ ਕਿਹਾ।

ਉਸ ਇਸਤਰੀ ਨੇ ਫਿਰ ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਅਤੇ ਬੋਲੀ, 'ਪ੍ਰਭੂ ਮੇਰੀ ਇੱਕ ਹੋਰ ਅਰਜ਼ ਕਬੂਲ ਕਰੋ।’

'ਬੋਲੋ'।

'ਅੱਜ ਤੋਂ ਮੈਂ ਜਾਦੂ ਦਾ ਅਭਿਆਸ ਤਿਆਗਦੀ ਹਾਂ। ਮੇਰੇ ਜਾਦੂ ਦੀ ਯਾਦਗਾਰ ਕਾਇਮ ਰਹਿਣ ਦਿੱਤੀ ਜਾਵੇ, ਇਹ ਦਰਖ਼ਤ ਤੇ ਪੱਥਰ ਨਸ਼ਟ ਨਾ ਕੀਤੇ ਜਾਣ।'

'ਅਜਿਹਾ ਹੀ ਹੋਵੇਗਾ, ਗੁਰੂ ਜੀ ਨੇ ਵਰਦਾਨ ਦਿੱਤਾ।

'ਵਰ ਪ੍ਰਾਪਤ ਕਰਕੇ ਉਹ ਔਰਤਾਂ ਅਹੋਮਾਂ ਦੇ ਪਾਸੇ ਵਲ ਪਰਤ ਗਈ। ਗੁਰੂ ਤੇਗ ਬਹਾਦਰ ਜੀ ਨੇ ਰਾਜਾ ਰਾਮ ਸਿੰਘ ਨੂੰ ਬੁਲਾ ਕੇ ਸਮਝਾਇਆ ਕਿ ਜਾਦੂ ਦਾ ਡਰ ਖਤਮ ਹੋ ਚੁੱਕਾ ਹੈ। ਹੁਣ ਉਹ ਜਲਦੀ ਹੀ ਸ਼ਾਂਤਮਈ ਢੰਗਾਂ ਨਾਲ ਆਪਣੀ ਸਮੱਸਿਆ ਸੁਲਝਾਉਣ ਦੀ ਕੋਸ਼ਿਸ਼ ਕਰੇ। ਤਾਕਤ ਦੀ ਵਰਤੋਂ ਉਦੋਂ ਤੱਕ ਨਾ ਕੀਤੀ ਜਾਵੇ, ਜਦੋਂ ਤੱਕ ਉਸ ਲਈ ਕੋਈ ਮਜਬੂਰੀ ਨਾ ਹੋ ਜਾਵੇ।

'ਤੁਸੀਂ ਹੁਣ ਥਕ ਗਏ ਹੋਵੋਗੇ, ਹੁਣ ਆਰਾਮ ਕਰੋ। ਬਾਕੀ ਸ਼ਾਮ ਦੀ ਬੈਠਕ ਵਿਚ ਸਹੀ ', ਪੀਰ ਸਾਹਿਬ ਨੇ ਭਾਈ ਗੁਰਦਿੱਤਾ ਜੀ ਨੂੰ ਸਲਾਹ ਦਿੱਤੀ।

'ਮੈਂ ਤੁਹਾਨੂੰ ਕਾਮਰੂਪ ਵਿਚ ਹੋਏ ਸਮਝੌਤੇ ਦੀ ਇੱਕ ਗੱਲ ਦੱਸਾਂਗਾ, ਫਿਰ ਆਰਾਮ ਕਰਾਂਗਾ। ਅੱਜ ਸ਼ਾਮ ਬੈਠਕ ਨਹੀਂ ਹੋਵੇਗੀ। ਮੈਂ ਸਚਮੁੱਚ ਬਹੁਤ ਤਕਲੀਫ਼ ਮਹਿਸੂਸ ਕਰ ਰਿਹਾ ਹਾਂ। ਆਖਰੀ ਵਕਤ ਆ ਗਿਆ ਪ੍ਰਤੀਤ ਹੁੰਦਾ ਹੈ - ਭਾਈ ਗੁਰਦਿੱਤਾ ਜੀ ਨੇ ਅਗਲੀ ਹੋਣੀ ਬਾਰੇ ਸੰਕੇਤ ਕੀਤਾ।

'ਜਿਵੇਂ ਤੁਹਾਡੀ ਖੁਸ਼ੀ। ਆਖਰੀ ਵਕਤ ਜਿਹੜਾ ਤੁਸੀਂ ਸਾਨੂੰ ਦੇ ਰਹੇ ਹੋ, ਉਹ ਤਾਂ ਜੀਵਨ ਭਰ ਭੁਲਾਇਆ ਨਹੀਂ ਜਾ ਸਕੇਗਾ, ਭਰਾਵਾ ' ਪੀਰ ਸਾਹਿਬ ਬੋਲੇ।

'ਗੁਰੂ ਜੀ ਰਾਜਾ ਰਾਮ ਸਿੰਘ ਨੂੰ ਨਿਡਰਤਾ ਪ੍ਰਦਾਨ ਕਰਕੇ ਆਪ ਉਥੇ ਨਹੀਂ ਠਹਿਰੇ। ਉਹ ਨੇੜੇ ਦੇ ਪ੍ਰਦੇਸ਼ਾਂ ਦੀ ਰਾਹ ਤਕਦੀ ਸਿੱਖ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਬਿਹਾਰ ਦੀ ਯਾਤਰਾ ਉਤੇ ਚਲ ਪਏ। ਕੂਚ ਬਿਹਾਰ, ਪੂਰਣੀਆਂ, ਕਿਸ਼ਨਗੜ੍ਹ ਆਦਿ ਦੂਰ ਵਸਦੇ ਪ੍ਰਦੇਸ਼ਾਂ ਵਿਚ ਗੁਰੂ ਜੀ ਗਏ। ਆਸਾਮ ਦੇ ਇਲਾਕੇ ਵਿਚ ਵੀ ਗੁਰੂ ਜੀ ਜੰਗਲਾਂ, ਦਰਿਆਵਾਂ, ਪਹਾੜਾਂ ਨੂੰ ਪਾਰ ਕਰਕੇ ਦੂਰ ਦੂਰ ਤੱਕ ਗਏ। ਗੁਰਸਿੱਖਾਂ ਨੂੰ ਬਾਣੀ ਦਾ ਅੰਮ੍ਰਿਤ ਪਿਆ ਕੇ ਉਹਨਾਂ ਨੂੰ ਨਿਹਾਲ ਕੀਤਾ। ਭਾਵੇਂ ਹਰ ਜਗ੍ਹਾ ਮੈਂ ਗੁਰੂ ਜੀ ਦੇ ਨਾਲ ਸੀ, ਫਿਰ ਵੀ ਮੈਨੂੰ ਕਈ ਥਾਵਾਂ ਦੇ ਨਾਂ ਯਾਦ ਨਹੀਂ। ਉਤਰ-ਪੂਰਬੀ ਹਿੱਸੇ ਦੇ ਕੋਨੇ ਕੋਨੇ ਵਿਚ ਜਿਥੇ ਵੀ ਕੋਈ ਗੁਰੂ ਜੀ ਦਾ ਪਿਆਰਾ ਯਾਦ ਕਰ ਰਿਹਾ ਸੀ, ਉਸਦੇ ਉਧਾਰ ਵਾਸਤੇ ਗੁਰੂ ਜੀ ਉਥੇ ਪਹੁੰਚੇ। ਸਾਨੂੰ ਤਾਂ ਬਹੁਤ ਵਾਰ ਹੈਰਾਨੀ ਹੁੰਦੀ ਸੀ ਕਿ ਗੁਰੂ ਜੀ ਚਲਦੇ ਹੋਏ ਅੱਗੇ ਕਿਥੇ ਜਾ ਰਹੇ ਹਨ ਅਤੇ ਉਹਨਾਂ ਦੀ ਮੌਜ ਦਾ ਤਾਂ ਹੀ ਪਤਾ ਲਗਦਾ ਸੀ ਜਦੋਂ ਅੱਗੋਂ ਕੋਈ ਨਾ ਕੋਈ ਸਿੱਖ ਗੁਰੂ ਸ਼ਰਨਾਂ ਵਿਚ ਆ ਲਿਪਟਦਾ ਸੀ। ਦਰਅਸਲ, ਗੁਰੂ ਨਾਨਕ ਦੇਵ ਜੀ ਉਸ ਸਾਰੇ ਇਲਾਕੇ ਵਿਚ ਬੀਜ ਬੀਜ ਗਏ

ਸਨ, ਉਸਦੀ ਸੰਭਾਲ ਵਾਸਤੇ ਹੀ ਗੁਰੂ ਤੇਗ ਬਹਾਦਰ ਜੀ ਉਹਨਾਂ ਦਿਨਾਂ ਵਿਚ ਉਥੇ ਘੁੰਮ ਰਹੇ ਸਨ-ਇਸ ਤੋਂ ਵੱਧ ਉਸ ਰਹੱਸਮਈ ਗੁਰੂ ਦੀਆਂ ਇੱਛਾਵਾਂ ਬਾਰੇ ਮੈਂ ਉਸਦੇ ਉਲਟ ਕੀ ਕਹਿ ਸਕਦਾ ਹਾਂ ? ' ਭਾਈ ਗੁਰਦਿੱਤਾ ਜੀ ਨੇ ਇੱਕ ਲੰਬੀ ਆਹ ਭਰੀ। ਅੱਖਾਂ ਵਿੱਚੋਂ ਦੋ ਮੋਤੀ ਟਪਕੇ ਅਤੇ ਦਾੜ੍ਹੀ ਦੇ ਕੇਸਾਂ ਵਿਚ ਅਟਕ ਕੇ ਰਹਿ ਗਏ।

ਕੁਝ ਪਲਾਂ ਵਾਸਤੇ ਵਾਤਾਵਰਣ ਫਿਰ ਬੋਝਲ ਹੋ ਗਿਆ। ਰਹਿਮਾਨ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ, ਪੀਰ ਸਾਹਿਬ ਪਸੀਨੋਂ ਪਸੀਨਾ ਹੋ ਗਏ। ਜੀਵਨ ਦੀ ਬੇੜੀ ਦਾ ਮਲਾਹ ਉਹ ਪਰਮ ਗੁਰੂ ਅੱਜ ਸਾਖਿਆਤ ਧਰਤੀ ਉਤੇ ਨਹੀਂ, ਉਸਦੀ ਜੋਤ ਗੋਬਿੰਦ ਰਾਏ ਵਿਚ ਜਗ ਰਹੀ ਹੈ ਪਰ ਵਿਅਕਤੀਗਤ ਨਾਤੇ ਦਾ ਕੀ ਕੋਈ ਵੀ ਮੁੱਲ ਨਹੀਂ ?

'ਗੁਰੂ ਜੀ ਵਾਪਸ ਪਰਤੇ ਤਾਂ ਰਾਜਾ ਰਾਮ ਸਿੰਘ ਅਤੇ ਰਾਜਾ ਚੱਕਰਧਵੱਜ ਸਿੰਘ ਦੋਵੇਂ ਲੜਨ ਤੋਂ ਕੰਨੀ ਕਤਰਾ ਰਹੇ ਸਨ। ਪਿਛੇ ਇੱਕ ਝੜਪ ਹੋਈ ਸੀ, ਦੋਹਾਂ ਪਾਸਿਆਂ ਦੀ ਫੌਜ ਨੂੰ ਨੁਕਸਾਨ ਪਹੁੰਚਿਆ ਸੀ। ਵਰਖਾ ਸਮਾਪਤ ਹੋ ਜਾਣ ਉਪਰੰਤ ਅਹੋਮਾਂ ਨੇ ਰਾਤ ਵੇਲੇ ਅਚਾਨਕ ਹਮਲਾ ਕਰਕੇ ਵੀ ਵੇਖ ਲਿਆ ਸੀ ਪਰ ਥੋੜ੍ਹੀ ਜਿਹੀ ਖਲਬਲੀ ਮਚਾਉਣ ਤੋਂ ਸਿਵਾ, ਉਹ ਮੁਗ਼ਲ ਫੌਜ ਦਾ ਕੁਝ ਵੀ ਵਿਗਾੜ ਨਹੀਂ ਸਨ ਸਕੇ। ਇਸ ਲਈ, ਹੁਣ ਅਹੋਮ ਜੰਗ ਤੋਂ ਬਚਣ ਦਾ ਬਹਾਨਾ ਢੂੰਡਦੇ ਸਨ।

ਦੂਜੇ ਪਾਸੇ ਰਾਜਾ ਰਾਮ ਸਿੰਘ ਨੂੰ ਭਾਵੇਂ ਬਾਦਸ਼ਾਹ ਨੇ ਆਪਣੇ ਜਨਮ ਦਿਨ ਦੇ ਮੌਕੇ ਪੰਜ ਹਜ਼ਾਰੀ ਦੀ ਪਦਵੀ ਬਖ਼ਸ਼ ਦਿੱਤੀ ਸੀ, ਤਾਂ ਵੀ ਬਾਦਸ਼ਾਹ ਦੀ ਸੰਕੀਰਣਤਾ ਤੇ ਉਸਦੇ ਅਮਾਨਵੀ ਵਿਹਾਰ ਤੋਂ ਉਸਨੂੰ ਬਹੁਤ ਦੁੱਖ ਹੋਇਆ ਸੀ। ਰਾਜਾ ਰਾਮ ਸਿੰਘ ਨੂੰ ਉਸਦੀ ਮਾਤਾ ਵਲੋਂ ਇੱਕ ਸੰਦੇਸ਼ ਪੱਤਰ ਪ੍ਰਾਪਤ ਹੋਇਆ ਸੀ। ਜਿਸ ਵਿਚ ਬਾਦਸ਼ਾਹ ਦੀ ਅਮਾਨਵੀ ਕਠੋਰਤਾ ਪ੍ਰਤੱਖ ਦਿਸਦੀ ਸੀ। ਰਾਮ ਸਿੰਘ ਦੀ ਮਾਤਾ ਨੇ ਲਿਖਿਆ ਸੀ ਕਿ ਇਹ ਮੁਗ਼ਲ ਬਾਦਸ਼ਾਹ ਕਿੰਨੇ ਘਟੀਆ ਨਜ਼ਰੀਏ ਵਾਲਾ ਹੈ ਕਿ ਉਹ ਜਾਣ ਬੁੱਝ ਕੇ ਉਹਨਾਂ ਦੇ ਖ਼ਾਨਦਾਨ ਨੂੰ ਤਬਾਹ ਕਰ ਦੇਣਾ ਚਾਹੁੰਦਾ ਹੈ। ਰਾਮ ਸਿੰਘ ਨੂੰ ਕਾਮਰੂਪ ਵਿਚ ਭੇਜ ਕੇ ਜਾਦੂਗਰਨੀਆਂ ਹੱਥੋਂ ਮਰਵਾਉਣ ਦੀ ਸਾਜਿਸ਼ ਕੀਤੀ ਅਤੇ ਹੁਣ ਉਸਦੇ ਇਕਲੌਤੇ ਪੁੱਤਰ ਨੂੰ ਸ਼ਿਕਾਰ ਲਈ ਜੰਗਲੀ, ਸ਼ੇਰਾਂ ਨਾਲ ਨਿਹੱਥੇ ਲੜਨ ਲਈ ਮਜਬੂਰ ਕਰਦਾ ਹੈ। ਅਜਿਹੇ ਸੰਕੀਰਣ ਤੇ ਕਠੋਰ ਬਾਦਸ਼ਾਹ ਵਾਸਤੇ ਹਰ ਤਰ੍ਹਾਂ ਦੀ ਵਫਾਦਾਰੀ ਤੇ ਨਿਸ਼ਕਾਮ ਸੇਵਾ ਬੇਕਾਰ ਹੈ। ਮਾਤਾ ਦੇ ਪੱਤਰ ਤੋਂ ਇਹ ਸੂਚਨਾ ਪਾ ਕੇ ਰਾਜਾ ਰਾਮ ਸਿੰਘ ਨੂੰ ਡੂੰਘਾ ਦੁੱਖ ਹੋਇਆ। ਉਹ ਵੀ ਅਹੋਮ ਦੀ ਅਧੀਨਤਾ ਵਾਸਤੇ ਉਲਟਾ ਸੋਚਣ ਲਗ ਪਿਆ।

'ਕੁਝ ਅਜਿਹੀ ਹਾਲਤ ਸੀ, ਜਦੋਂ ਗੁਰੂ ਜੀ ਪਰਤ ਕੇ ਧੂਬੜੀ ਆਏ। ਦੋਹਾਂ ਧਿਰਾਂ ਵਲੋਂ ਗੁਰੂ ਜੀ ਨੂੰ ਆਪਸੀ ਸਮਝੌਤਾ ਕਰਵਾਉਣ ਲਈ ਵਿਚੋਲਾ ਬਣਨ ਲਈ ਤਜਵੀਜ਼ ਪੇਸ਼ ਕੀਤੀ ਗਈ। ਗੁਰੂ ਜੀ ਨੇ ਰਾਜ ਮੰਤਰੀਆਂ ਨੂੰ ਸਮਝਾਇਆ, ਇਧਰ ਰਾਜਾ ਰਾਮ ਸਿੰਘ ਨੇ ਵੀ

ਗੋਹਾਟੀ ਲਈ ਜਿੱਦ ਨਾ ਕੀਤੀ, ਅੱਲ੍ਹਾ ਯਾਰ ਖਾਂ ਨਾਲ ਕੀਤੇ ਗਏ ਸਮਝੌਤੇ ਦੀਆਂ ਸ਼ਰਤਾਂ ਉਤੇ ਵਿਚਾਰ ਕਰਨਾ ਛੱਡ ਦਿੱਤਾ, ਸਿੱਟੇ ਵਜੋਂ ਗੁਰੂ ਜੀ ਦੇ ਯਤਨਾਂ ਸਦਕਾ ਅਹੋਮ ਤੇ ਰਾਜਾ ਰਾਮ ਸਿੰਘ ਵਿਚਕਾਰ ਸੰਧੀ ਹੋ ਗਈ। ਦੋਹਾਂ ਪਾਸਿਆਂ ਤੋਂ ਸੈਨਾ ਅਧਿਕਾਰੀਆਂ ਨੇ ਗੁਰੂ ਜੀ ਦੇ ਚਰਨ ਛੋਹੇ ਅਤੇ ਯੁੱਧ ਤੋਂ ਛੁਟਕਾਰਾ ਪਾਇਆ। ਇਸ ਇਤਿਹਾਸਕ ਸਮਝੌਤੇ ਦੀ ਯਾਦਗਾਰ ਕਾਇਮ ਰੱਖਣ ਲਈ ਜਿਥੇ ਗੁਰੂ ਜੀ ਦਾ ਤੰਬੂ ਸੀ, ਉਥੇ 'ਸ਼ਾਂਤੀ ਦਾ ਟਿੱਲਾ' ਸਥਾਪਤ ਕੀਤਾ ਗਿਆ। ਅਸਾਮੀ ਤੇ ਮੁਗ਼ਲ ਸੈਨਾ ਦੇ ਸਾਰੇ ਫ਼ੌਜੀਆਂ ਨੇ ਆਪਣੀਆਂ ਆਪਣੀਆਂ ਢਾਲਾਂ ਵਿਚ ਮਿੱਟੀ ਭਰ ਭਰ ਕੇ ਉਥੇ ਪਾਈ। ਇਕ ਉੱਚਾ ਟਿੱਲਾ ਉਸਰ ਗਿਆ। ਜੋ ਹੁਣ ਵੀ ਉਥੇ ਮੌਜੂਦ ਹੈ। ਇੱਕ ਟਿੱਲੇ ਦੀ ਮਿੱਟੀ ਲਾਲ ਹੈ, ਜੋ ਧੂਬੜੀ ਦੇ ਇਰਦ ਗਿਰਦ ਕਿਧਰੇ ਨਜ਼ਰੀ ਨਹੀਂ ਪੈਂਦੀ। ਅਜਿਹੀ ਮਿਟੀ ਰੰਗਮਤੀ ਤੇ ਉਸਦੇ ਨਜ਼ਦੀਕੀ ਪ੍ਰਦੇਸ਼ ਵਿਚ ਮਿਲਦੀ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਇਹ ਟਿੱਲਾ ਦੂਰੋਂ ਮਿੱਟੀ ਲਿਆ ਕੇ ਬਣਾਇਆ ਗਿਆ।

'ਰਾਜਾ ਚੱਕਰਧਵੱਜ ਸਿੰਘ ਨੇ ਗੁਰੂ ਜੀ ਨੂੰ ਕਾਮਾਖਿਆ ਮੰਦਰ ਵਿਚ ਸੱਦਾ ਦਿੱਤਾ। ਗੁਰੂ ਜੀ ਉਥੇ ਗਏ। ਮੰਦਰ ਵਿਚ ਹਾਜ਼ਰ ਸਾਰੇ ਲੋਕਾਂ ਨੇ ਗੁਰੂ ਜੀ ਨੂੰ ਉਪਦੇਸ਼ ਦੇਣ ਲਈ ਯਾਚਨਾ ਕੀਤੀ। ਗੁਰੂ ਜੀ ਨੇ ਕਿਰਪਾ ਕਰਕੇ ਇਹ ਪਦ ਉਚਾਰਨ ਕੀਤਾ-

*ਸਾਧੋ ਮਨ ਕਾ ਮਾਨੁ ਤਿਆਗਉ।*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ਰਹਾਉ ॥*
*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ।*
*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥*
*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।*
*ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।*

'ਫਿਰ ਗੁਰੂ ਜੀ ਨੇ ਦੋਹਾਂ ਸੈਨਾਵਾਂ ਦੇ ਅਧਿਕਾਰੀਆਂ ਨੂੰ ਕੀਮਤੀ ਪੱਗੜੀਆਂ ਤੇ ਤਲਵਾਰਾਂ ਭੇਟਾ ਕੀਤੀਆਂ। ਮੁਗ਼ਲ ਸੈਨਾ ਦੇ ਹਰੇਕ ਸੈਨਿਕ ਨੇ ਗੁਰੂ ਜੀ ਦੇ ਅੱਗੇ ਕੁਝ ਨਾ ਕੁਝ ਧਨ ਭੇਟਾ ਕੀਤਾ। ਉਸ ਦਿਨ ਲਗਭਗ ਸੱਤ ਲੱਖ ਰੁਪਏ ਜਮ੍ਹਾ ਹੋ ਗਏ ਪਰ ਗੁਰੂ ਜੀ ਨੇ ਆਪਣੀ ਵਾਪਸੀ ਯਾਤਰਾ ਦਾ ਖਰਚਾ ਰੱਖ ਕੇ, ਬਾਕੀ ਬਚੀ ਰਕਮ ਉਥੇ ਹੀ ਗਰੀਬਾਂ ਨੂੰ ਵੰਡ ਦਿੱਤੀ। ਲੋਕਾਂ ਨੂੰ ਭੋਜਨ, ਕੱਪੜਾ ਤੇ ਨਕਦ ਧਨ ਦਿੱਤਾ ਗਿਆ ਤਾਂ ਜੋ ਉਹ ਯੁੱਧ ਦੇ ਸਿੱਟੇ ਵਜੋਂ ਆਈਆਂ ਜ਼ਿੰਦਗੀ ਦੀਆਂ ਕੁਝ ਮੁਸ਼ਕਲਾਂ ਨੂੰ ਭੁਲਾ ਸਕਣ।

'ਮੁਗ਼ਲ ਸੈਨਾ ਵਾਪਸ ਤੁਰ ਪਈ। ਗੁਰੂ ਜੀ ਨੇ ਵੀ ਵਾਪਸੀ ਦਾ ਪ੍ਰੋਗਰਾਮ ਬਣਾਇਆ। ਉਹ ਜਲਦੀ ਤੋਂ ਜਲਦੀ ਪਟਨਾ ਪਹੁੰਚ ਕੇ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਵੇਖਣਾ ਚਾਹੁੰਦੇ ਸਨ ਪਰ ਆਪਣੇ ਫ਼ਰਜ਼ ਤੋਂ ਅਵੇਸਲੇ ਨਹੀਂ ਸਨ। ਸੰਗਤ ਲਈ ਉਹਨਾਂ ਵਿਚ ਅਥਾਹ ਪ੍ਰੇਮ ਸੀ, ਇਸ ਲਈ ਉਥੇ ਤੱਕ ਆ ਕੇ ਉੜੀਸਾ ਪ੍ਰਦੇਸ਼ ਨੂੰ ਅਛੂਤਾ ਛੱਡ ਜਾਣ ਦਾ

ਉਹਨਾਂ ਦਾ ਵਿਚਾਰ ਨਹੀਂ ਸੀ। ਇਸ ਲਈ ਉਹਨਾਂ ਆਸਾਮ ਤੋਂ ਉੜੀਸਾ ਜਾਣ ਦਾ ਪ੍ਰੋਗਰਾਮ ਬਣਾਇਆ। ਰਾਜਾ ਰਾਮ ਸਿੰਘ ਉਹਨਾਂ ਨਾਲ ਜੁੜਿਆ ਰਹਿਣਾ ਚਾਹੁੰਦਾ ਸੀ ਪਰ ਗੁਰੂ ਜੀ ਆਪਣੀ ਸੁਤੰਤਰਤਾ ਵਿਚ ਕਿਸੇ ਨੂੰ ਰੋੜਾ ਬਣਿਆ ਨਹੀਂ ਸੀ ਵੇਖਣਾ ਚਾਹੁੰਦੇ। ਇਸ ਲਈ ਉਹਨਾਂ ਰਾਜਾ ਨੂੰ ਫ਼ੌਜ ਦੇ ਨਾਲ ਜਾਣ ਲਈ ਹੁਕਮ ਦਿੱਤਾ ਅਤੇ ਆਪ ਸਾਨੂੰ ਲੋਕਾਂ ਨੂੰ ਨਾਲ ਲੈ ਕੇ ਜਗਨਨਾਥ ਪੁਰੀ ਵਲ ਵਧ ਤੁਰੇ।

'ਭਾਈ ਅੱਜ ਇੰਨਾ ਹੀ ਕਾਫ਼ੀ ਹੈ। ਸਚਮੁੱਚ ਹੁਣ ਕਮਜ਼ੋਰੀ ਆ ਗਈ ਹੈ। ਅੱਜ ਸ਼ਾਮ ਨੂੰ ਵੀ ਆਰਾਮ ਹੀ ਕਰਾਂਗਾ। ਆਖਰੀ ਵਕਤ ਹੈ- ਕਲ੍ਹ ਸਵੇਰੇ ਅਗੇ ਗੱਲ ਕਰਾਂਗੇ। 'ਭਾਈ ਗੁਰਦਿੱਤਾ ਜੀ ਨੇ ਬੈਠਕ ਬਰਖਾਸਤ ਕਰ ਦਿੱਤੀ।

ਅੱਜ ਬੱਦਲ ਨਹੀਂ ਸੀ। ਸਵੇਰੇ ਜਲਦੀ ਹੀ ਸੂਰਜ ਦਾ ਦਰਸ਼ਨ ਹੋਇਆ। ਇਸ ਲਈ ਕੱਲ੍ਹ ਵਾਲੀ ਹਾਲਤ ਮਹਿਸੂਸ ਨਹੀਂ ਹੋਈ। ਭਾਈ ਗੁਰਦਿੱਤਾ ਜੀ ਵੀ ਬੀਤੇ ਦਿਨ ਨਾਲੋਂ ਜ਼ਿਆਦਾ ਪ੍ਰਯਤਨਸੀਲ ਤੇ ਚੁਸਤ ਦਿਸੇ। ਸਰੋਤੇ ਵੀ ਜਲਦੀ ਆ ਕੇ ਇਕੱਠੇ ਹੋ ਗਏ। ਸਰਦੀ ਤਾਂ ਸੀ ਪਰ ਧੁਪ ਨਿਕਲ ਆਉਣ ਕਰਕੇ ਵਧੇਰੇ ਤਕਲੀਫ਼ ਨਹੀਂ ਹੋ ਰਹੀ ਸੀ। ਇਹ ਠੀਕ ਹੈ ਕਿ ਭਾਈ ਗੁਰਦਿੱਤਾ ਜੀ ਅੱਜ ਦਰਿਆ ਉਤੇ ਇਸ਼ਨਾਨ ਲਈ ਨਹੀਂ ਜਾ ਸਕੇ ਸਨ ਫਿਰ ਵੀ ਰਹਿਮਾਨ ਨੇ ਉਹਨਾਂ ਨੂੰ ਨੇੜੇ ਦੇ ਖੂਹ ਵਿਚੋਂ ਖਿੱਚ ਕੇ ਪਾਣੀ ਲਿਆ ਦਿੱਤਾ ਸੀ। ਉਸ ਨਾਲ ਰੋਜ਼ਾਨਾ ਕਿਰਿਆਵਾਂ ਤੋਂ ਫਾਰਗ ਹੋ ਕੇ ਅੱਜ ਭਾਈ ਗੁਰਦਿੱਤਾ ਜੀ ਵਧਦੀ ਕਮਜ਼ੋਰੀ ਦੇ ਬਾਵਜੂਦ, ਜਲਦੀ ਹੀ ਕਥਾ ਸਣਾਉਣ ਲਈ ਤਿਆਰ ਹੋ ਗਏ ਸਨ। ਪੀਰ ਸਾਹਿਬ ਦੇ ਪ੍ਰਾਰਥਨਾ ਸਥਾਨ ਤੋਂ ਬਾਹਰ ਆਉਣ ਸਾਰ ਕਥਾ ਸ਼ੁਰੂ ਹੋ ਗਈ।

ਭਾਈ ਗੁਰਦਿੱਤਾ ਜੀ ਬੋਲੇ, 'ਗੁਰੂ ਜੀ ਵਿਸਾਖ ਸੁਦੀ 1727 ਬਿਕਰਮੀ ਨੂੰ ਵਾਪਸ ਢਾਕਾ ਅਪੜੇ। ਢਾਕਾ ਦੀ ਸੰਗਤ ਨੇ ਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ। ਹਰ ਪਾਸੇ ਖੁਸ਼ੀ ਫੈਲ ਗਈ। ਬੰਗਾਲ ਦੇ ਵੱਖ ਵੱਖ ਪ੍ਰਦੇਸ਼ਾਂ ਦੀਆਂ ਸੰਗਤਾਂ ਉਥੇ ਆ ਕੇ ਇਕੱਠੀਆਂ ਹੋ ਗਈਆਂ ਅਤੇ ਪਿਆਰ ਨਾਲ ਗੁਰੂ ਜੀ ਦੀ ਸੇਵਾ ਵਿਚ ਜੁੜ ਗਈਆਂ। ਗੁਰੂ ਜੀ ਜਗਨਨਾਥ ਪੁਰੀ ਜਾਣ ਦਾ ਪ੍ਰੋਗਰਾਮ ਬਣਾ ਚੁੱਕੇ ਸਨ। ਉਥੋਂ ਉਹਨਾਂ ਦਾ ਮਦਰ ਦੇਸ਼ ਅਤੇ ਸਿਹੰਲ ਦੀਪ, ਜਿਥੇ ਜਿਥੇ ਗੁਰੂ ਨਾਨਕ ਦੇਵ ਜੀ ਗਏ ਸਨ, ਜਾਣ ਦਾ ਵਿਚਾਰ ਸੀ। ਜਗਨਨਾਥ ਪੁਰੀ ਵਾਸਤੇ ਰਵਾਨਾ ਹੋਣ ਤੋਂ ਪਹਿਲਾਂ ਉਹਨਾਂ ਪਟਨਾ ਵਿਚ ਭਾਈ ਦਿਆਲ ਦਾਸ ਨੂੰ ਸੂਚਨਾ ਭਿਜਵਾਈ ਸੀ ਕਿ ਉਹ ਪਟਨਾ ਦੀ ਸੰਗਤ ਸਮੇਤ ਢਾਕਾ ਆ ਕੇ ਗੁਰੂ ਜੀ ਨੂੰ ਮਿਲਣ। ਭਾਈ ਦਿਆਲ ਦਾਸ ਖੁਸ਼ੀ ਨਾਲ ਖਿਚੇ ਆਏ। ਢਾਕਾ ਵਿਚ ਪਟਨਾ, ਸਿਲਹਟ, ਚਿਟਾਗਾਂਵ, ਸੋਨਦੀਪ ਆਦਿ ਦੀਆਂ ਸੰਗਤਾਂ ਦੇ ਇੱਕੋ ਵਕਤ ਇਕੱਤਰ ਹੋ ਜਾਣ ਕਰਕੇ ਕਾਫੀ ਰੌਣਕ ਹੋ ਗਈ ਸੀ। ਹਰ ਪਾਸੇ ਗੁਰੂ ਜੀ ਦਾ ਅਥਾਹ ਪ੍ਰਭਾਵ ਝਲਕ ਰਿਹਾ ਸੀ। ਨਵਾਬ ਸਾਇਸਤਾ ਖਾਂ ਗੁਰੂ ਜੀ ਦਾ ਬੇਹੱਦ ਸਤਿਕਾਰ ਕਰਦਾ ਸੀ ਇਸ ਲਈ ਬੰਗਾਲ ਦੇ ਮੁਸਲਮਾਨ ਵੀ ਰੋਜ਼ਾਨਾ ਗੁਰੂ ਜੀ ਦੀ ਸ਼ਰਨ ਵਿਚ ਆਉਂਦੇ ਸਨ। ਹਰ ਰੋਜ਼ ਦੀਵਾਨ ਸਜਦਾ ਸੀ ਅਤੇ ਉਪਦੇਸ਼ ਦਿੱਤੇ ਜਾਂਦੇ। ਗੁਰੂ ਜੀ ਦਾ ਸਾਰਿਆਂ ਵਾਸਤੇ ਸਾਂਝਾ ਉਪਦੇਸ਼ ਇਹ ਸੀ ਕਿ ਹਿੰਦੂ-ਮੁਸਲਮਾਨ ਦਾ ਭੇਦ-ਭਾਵ ਖਤਮ ਕਰਕੇ

ਇੱਕ ਪ੍ਰਮਾਤਮਾ ਦੀ ਖੋਜ ਕਰੋ। ਉਸ ਵਿਚ ਹੀ ਸਹੀ ਅਰਥਾਂ ਵਿਚ ਸੱਚ ਦਾ ਰਸਤਾ ਹੈ। ਉਸ ਉਤੇ ਤੁਰਨ ਵਾਲਾ ਹਮੇਸ਼ਾ ਪ੍ਰਮਾਤਮਾ ਦੇ ਨਜ਼ਦੀਕ ਰਹਿੰਦਾ ਹੈ।

'ਅਖੀਰ ਅੱਸੂ ਦੇ ਮਹੀਨੇ ਭਾਈ ਦਿਆਲ ਦਾਸ ਕੋਲ ਬਾਲਕ ਗੋਬਿੰਦ ਰਾਏ, ਮਾਤਾ ਨਾਨਕੀ ਜੀ ਅਤੇ ਗੁਜਰੀ ਜੀ ਲਈ ਅਨੇਕਾਂ ਕੀਮਤੀ, ਦਿਲਕਸ਼ ਤੇ ਪਿਆਰੀਆਂ ਵਸਤਾਂ ਦੀਆਂ ਭੇਟਾਵਾਂ ਭਿਜਵਾ ਕੇ ਗੁਰੂ ਜੀ ਆਪ ਕਲਕੱਤਾ ਦੇ ਰਸਤੇ ਜਗਨ ਨਾਥ ਪੁਰੀ ਵਾਸਤੇ ਚੱਲ ਪਏ। ਚਲਣ ਤੋਂ ਪਹਿਲਾਂ ਉਹਨਾਂ ਸਮੁੱਚੇ ਬੰਗਾਲ ਪ੍ਰਦੇਸ਼ ਲਈ ਆਪਣਾ ਇੱਕ ਪ੍ਰਤੀਨਿਧ ਭਾਈ ਲੱਥਾ ਨੂੰ ਨਿਯੁਕਤ ਕੀਤਾ ਅਤੇ ਸੰਗਤਾਂ ਨੂੰ ਉਸਦੀ ਆਗਿਆ ਨੂੰ ਗੁਰੂ ਦੀ ਆਗਿਆ ਵਾਂਗ ਪਾਲਣ ਦਾ ਹੁਕਮ ਦਿੱਤਾ।

ਕਲਕੱਤਾ ਦੇ ਰਾਹ ਵਿਚ ਗੁਰੂ ਜੀ ਨੇ ਕਈ ਥਾਵਾਂ ਉਤੇ ਪੜਾਅ ਕੀਤਾ। ਕਲਕੱਤਾ ਵਿਚ ਬੜੀ ਸੰਗਤ ਗੁਰਧਾਮ ਦੇ ਨਜ਼ਦੀਕ ਹੀ, ਜੋ ਗੁਰੂ ਨਾਨਕ ਉਦਾਸੀ ਦੀ ਯਾਦਗਾਰ ਸੀ, ਗੁਰੂ ਤੇਗ ਬਹਾਦਰ ਜੀ ਠਹਿਰੇ। ਕੁਝ ਦਿਨ ਉਥੇ ਰੁਕ ਕੇ ਉਹ ਜਗਨਨਾਥ ਪੁਰੀ ਲਈ ਚੱਲ ਪਏ। ਰਸਤੇ ਵਿਚ ਜਲੇਸ਼ਵਰ, ਬਾਲਾਸਰ, ਕਟਕ, ਭੁਨੇਸ਼ਵਰ ਆਦਿ ਵਿਚ ਵੀ ਗੁਰੂ ਜੀ ਇੱਕ ਇੱਕ ਜਾਂ ਦੋ ਦੋ ਦਿਨ ਰੁਕੇ। ਉਹਨਾਂ ਦੇ ਪੁਰੀ ਪਹੁੰਚਣ ਉਤੇ ਪੁਰਾਣਾ ਇਤਿਹਾਸ ਤਾਜ਼ਾ ਹੋ ਗਿਆ। ਗੁਰੂ ਨਾਨਕ ਦੇਵ ਜੀ ਪੁਰੀ ਵਿਖੇ ਚੈਤੰਨਯ ਮਹਾਂਪ੍ਰਭੂ ਨੂੰ ਮਿਲੇ ਸਨ। ਪੁਰੀ ਦੇ ਪ੍ਰਸਿਧ ਮੰਦਰ ਸਾਹਮਣੇ ਗੁਰੂ ਨਾਨਕ ਦੇਵ ਜੀ  ਦੇ ਉਥੇ ਪਧਾਰਨ ਦੀ ਯਾਦ ਵਿਚ ਯਾਦਗਾਰ ਹੁਣ ਵੀ ਮੌਜੂਦ ਹੈ। ਇਹ ਉਹੀ ਜਗ੍ਹਾ ਸੀ ਜਿਥੇ ਬੈਠ ਕੇ ਗੁਰੂ ਨਾਨਕ ਦੇਵ ਜੀ ਨੇ ਮੰਦਰ ਅੰਦਰ ਹੋ ਰਹੀ ਆਰਤੀ ਵਿਚ ਹਿੱਸਾ ਨਹੀਂ ਲਿਆ ਅਤੇ ਆਪ ਉਸ ਅਕਾਲ ਪੁਰਖ ਦੀ ਆਰਤੀ ਦਾ ਉਚਾਰਨ ਕੀਤਾ ਸੀ –

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥*

ਇਸ ਆਰਤੀ ਨੂੰ ਸੁਣ ਕੇ ਜਗਨਨਾਥ ਪੁਰੀ ਦੇ ਪੁਜਾਰੀ ਵੀ ਹਿਲ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਰੱਥ ਯਾਤਰਾ ਵਿਚ ਭਾਗ ਵੀ ਲਿਆ ਸੀ ਅਤੇ ਅਨੇਕ ਵੈਸ਼ਨਵ ਭਗਤਾਂ ਤੇ ਮਹਾਂ ਪ੍ਰਭੂ ਨਾਲ ਮਿਲ ਕੇ ਕੀਰਤਨ ਵੀ ਕਰਦੇ ਰਹੇ ਸਨ। ਪੁਰੀ ਦੇ ਲੋਕ ਗੁਰੂ ਨਾਨਕ ਦੇਵ ਜੀ ਆਗਮਨ ਦੇ ਇਤਿਹਾਸ ਤੋਂ ਜਾਣੂ ਸਨ, ਉਹਨਾਂ ਆਪਣੇ ਵੱਡੇ-ਵਡੇਰਿਆਂ ਦੇ ਮੂੰਹੋਂ ਗੁਰੂ ਕਥਾਵਾਂ ਸੁਣੀਆਂ ਸਨ। ਇਸ ਲਈ ਜਦੋਂ ਉਸੇ ਪਰੰਪਰਾ ਦੇ ਨੌਂਵੇਂ ਗੁਰੂ ਦੇ ਆਗਮਨ ਦੀ ਖ਼ਬਰ ਲੋਕਾਂ ਵਿਚ ਫੈਲੀ, ਤਾਂ ਜਨਤਾ ਦਰਸ਼ਨਾਂ ਵਾਸਤੇ ਆਉਣ ਲਗ ਪਈ। ਗੁਰੂ ਜੀ ਨੇ ਸਾਗਰ ਤਟ ਉਤੇ ਡੇਰਾ ਕੀਤਾ ਉਥੇ ਗੁਰੂ ਜੀ ਨੇ ਇੱਕ ਖੂਹ ਬਣਵਾਇਆ ਅਤੇ ਜਦੋਂ ਤੱਕ ਉਹ ਉਥੇ ਰੁਕੇ ਤਾਂ ਰੋਜ਼ਾਨਾ ਲੰਗਰ ਦਾ ਪ੍ਰਬੰਧ ਵੀ ਹੁੰਦਾ ਰਿਹਾ।

'ਅਨੇਕਾਂ ਬ੍ਰਾਹਮਣ-ਪੰਡਤਾਂ ਨੇ ਗੁਰੂ ਜੀ ਨਾਲ ਵਿਚਾਰ-ਗੋਸ਼ਟੀ ਕਰਨ ਦਾ ਮਨ ਬਣਾਇਆ ਗੁਰੂ ਜੀ ਨੇ ਬੜੇ ਹੀ ਸਪਸ਼ਟ ਸ਼ਬਦਾਂ ਵਿਚ ਗੁਰਮਤਿ-ਵਿਚਾਰਧਾਰਾ ਨੂੰ ਹੋਰ

ਧਰਮਾਂ ਦੇ ਮੁਕਾਬਲੇ ਵਿਚ ਪੇਸ਼ ਕੀਤਾ ਅਤੇ ਬਹਿਸ ਕਰਨ ਦੀ ਬਜਾਏ ਸੱਚੀ ਰਾਹ ਤੋਂ ਭਟਕੇ ਹੋਏ ਪੰਡਿਤਾਂ ਨੂੰ ਸਹੀ ਰਸਤਾ ਵਿਖਾਇਆ। ਉਸਤਤ-ਨਿੰਦਾ, ਹਰਖ-ਸੋਗ, ਮੋਹ ਮਮਤਾ ਤੋਂ ਉਪਰ ਉਠ ਕੇ ਪ੍ਰਮਾਤਮਾ ਦਾ ਨਾਮ ਜਪਣ, ਕੀਰਤਨ ਸੁਣਨ ਤੇ ਪ੍ਰਮਾਤਮਾ ਉਤੇ ਅਟੱਲ ਭਰੋਸਾ ਰੱਖਣ ਦਾ ਸੰਦੇਸ਼ ਦਿੱਤਾ।

*ਉਸਤਿਤ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ।*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।।*
*ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ।*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ।*
*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।*
*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।*
*ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ।*
*ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥*

'ਇੱਥੇ ਜਗਨ ਨਾਥ ਪੁਰੀ ਵਿਚ ਰਹਿੰਦਿਆਂ ਗੁਰੂ ਜੀ ਨੂੰ ਔਰੰਗਜ਼ੇਬ ਦੀ ਹਕੂਮਤ ਦੀ ਸਿਪਹ-ਏ-ਦੀਨ ਦੀ ਕਾਰਗੁਜਾਰੀ ਦੀ ਸੂਚਨਾ ਮਿਲੀ। ਔਰੰਗਜ਼ੇਬ ਨੇ ਮਜ਼ਹਬੀ ਜਨੂੰਨ ਕਰਕੇ ਹਿੰਦੂਆਂ ਉਤੇ ਕਠੋਰ ਤੋਂ ਕਠੋਰ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਬਨਾਰਾਸ, ਇਲਾਹਾਬਾਦ, ਹਰਿਦੁਆਰ ਆਦਿ ਤੀਰਥ ਉਸਦੀ ਸਿਪਹ-ਏ- ਦੀਨ ਦੇ ਵਿਸ਼ੇਸ਼ ਸ਼ਿਕਾਰ ਹੋਏ ਸਨ। ਕਸ਼ਮੀਰ ਤੇ ਪੰਜਾਬ ਦੇ ਹਿੰਦੂਆਂ ਨੂੰ ਵੀ ਮਜ਼ਹਬ ਬਦਲਣ ਲਈ ਮਜਬੂਰ ਕੀਤਾ ਜਾਣ ਲਗ ਗਿਆ ਸੀ। ਗੁਰੂ ਜੀ ਨੇ ਮਹਿਸੂਸ ਕੀਤਾ ਕਿ ਪੰਜਾਬ ਵਿਚ ਉਹਨਾਂ ਦੀ ਮੌਜੂਦਗੀ ਦੀ ਲੋੜ ਹੈ। ਉਹਨਾਂ ਦੀ ਸੰਗਤ ਉਤੇ ਅਤਿਆਚਾਰ ਹੋ ਰਿਹਾ ਸੀ। ਉਹ ਕਿਵੇਂ ਬਰਦਾਸ਼ਤ ਕਰਦੇ। ਇਸ ਲਈ ਉਹਨਾਂ ਮਦਰ ਤੇ ਸਿੰਹਲ ਦੀ ਯਾਤਰਾ ਦਾ ਪ੍ਰੋਗਰਾਮ ਵਿਚੇ ਛੱਡ, ਇਕਦਮ ਪੰਜਾਬ ਵਾਪਸ ਚਲਣ ਦਾ ਨਿਸ਼ਚਾ ਕਰ ਲਿਆ। ਉਹਨਾਂ ਢਾਕਾ ਦੇ ਮਸੰਦ ਬਲਾਕੀ ਦਾਸ ਨੂੰ ਇੱਕ ਸੁੰਦਰ ਪਾਲਕੀ ਪਟਨਾ ਭਿਜਵਾ ਦੇਣ ਲਈ ਲਿਖਿਆ, ਜਿਸ ਵਿਚ ਉਹ ਆਪਣੇ ਸਪੁੱਤਰ ਗੋਬਿੰਦ ਰਾਏ, ਨੂੰ ਪੰਜਾਬ ਲਿਆਉਣਾ ਚਾਹੁੰਦੇ ਸਨ। '

'ਪਟਨਾ ਦੇ ਰਸਤੇ ਵਿਚ ਉਹ ਵਿਸ਼ਨੂੰਪੁਰ ਤੇ ਬੋਧ ਗਯਾ ਵੀ ਰੁਕੇ। ਵਿਸ਼ਨੂੰਪੁਰ ਦੇ ਜਿਸ ਪ੍ਰਦੇਸ਼ ਵਿਚ ਗੁਰੂ ਜੀ ਠਹਿਰੇ ਸਨ, ਉਸਨੂੰ ਤਪੋ-ਬਨ ਕਿਹਾ ਜਾਂਦਾ ਸੀ। ਗਯਾ ਵਿਚ ਉਹ ਜਾਂਦੀ ਵਾਰ ਵੀ ਰੁਕੇ ਸਨ। ਉਥੋਂ ਦੀ ਸੰਗਤ ਨੂੰ ਦਰਸ਼ਨ ਦੇ ਕੇ ਉਹ ਪਟਨਾ ਪਹੁੰਚਣ ਦੀ ਕਾਹਲੀ ਵਿਚ ਸਨ।

'ਪਟਨਾ ਵਿਚ ਜਦੋਂ ਗੁਰੂ ਜੀ ਦੇ ਵਾਪਸ ਪਰਤਣ ਦੀ ਖ਼ਬਰ ਪਹੁੰਚੀ ਤਾਂ ਚਾਰੋ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ। ਚਾਰ ਸਾਲ ਦੀ ਗੈਰ-ਹਾਜ਼ਰੀ ਪਿਛੋਂ ਉਹ ਆ ਰਹੇ ਸਨ। ਮਾਤਾ

ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਵੀ ਬਹੁਤ ਪ੍ਰਸੰਨ ਸਨ ਅਤੇ ਸਭ ਤੋਂ ਵੱਧ ਖੁਸ਼ੀ ਸੀ ਬਾਲਕ ਗੋਬਿੰਦ ਰਾਏ ਨੂੰ। ਗੋਬਿੰਦ ਰਾਏ ਨੇ ਪਹਿਲੀ ਵਾਰ ਪਿਤਾ ਦੇ ਦਰਸ਼ਨ ਕਰਨੇ ਸਨ। ਇਸ ਲਈ ਆਨੰਦ ਮਗਨ ਸਨ। ਸੰਗਤ ਨੂੰ ਜਿਵੇਂ ਗੁਆਚਾ ਧਨ ਲਭ ਰਿਹਾ ਹੋਵੇ। ਸਭ ਗੁਰੂ ਦਰਸ਼ਨ ਲਈ ਉਤਾਵਲੇ ਸਨ।

'ਪਿਤਾ-ਪੁੱਤਰ ਦੇ ਪਹਿਲੇ ਮਿਲਾਪ ਦਾ ਵਿਸ਼ੇਸ਼ ਪ੍ਰੋਗਰਾਮ ਬਣਿਆ। ਬਾਲਕ ਗੋਬਿੰਦ ਰਾਏ ਪਾਲਕੀ ਵਿਚ ਬੈਠ ਕੇ ਗੁਰੂ ਜੀ ਦੇ ਸੁਆਗਤ ਲਈ ਆਏ। ਗੁਰੂ ਜੀ ਘੋੜੇ ਉਤੇ ਸਨ। ਦੋਵੇਂ ਸ਼ਹਿਰ ਤੋਂ ਬਾਹਰ ਪਟਨਾ ਦੇ ਨਵਾਬ ਦੇ ਬਾਗ ਵਿਚ ਮਿਲੇ। ਬਾਲਕ ਗੋਬਿੰਦ ਪਾਲਕੀ ਵਿਚੋਂ ਨਿਕਲੇ। ਘੋੜੇ ਤੋਂ ਉਤਰਨ ਪਿਛੋਂ ਗੁਰੂ ਜੀ ਦੇ ਚਰਨ ਛੁਹ ਕੇ ਉਹਨਾਂ ਨੂੰ ਪ੍ਰਣਾਮ ਕੀਤਾ। ਗੁਰੂ ਤੇਗ ਬਹਾਦਰ ਜੀ, ਜੋ ਪੁੱਤਰ ਦੀਆਂ ਅਨੇਕ ਕਿਸਮ ਦੀਆਂ ਲੀਲ੍ਹਾ ਕਥਾਵਾਂ ਸੁਣਦੇ ਰਹਿੰਦੇ ਸਨ, ਉਸਨੂੰ ਵੇਖ ਕੇ ਖੁਸ਼ ਹੋ ਗਏ। ਉਹਨਾਂ ਗੋਬਿੰਦ ਨੂੰ ਗੋਦ ਵਿਚ ਲਿਆ। ਗਲੇ ਲਾਇਆ ਅਤੇ ਉਸਦਾ ਮੂੰਹ ਚੁੰਮ ਲਿਆ। ਪਿਤਾ ਦਾ ਨਿੱਘਾ ਪਿਆਰ ਪ੍ਰਾਪਤ ਕਰਕੇ ਬਾਲਕ ਖਿੜ ਗਿਆ।

'ਉਧਰ ਔਰੰਗਜ਼ੇਬ ਨੇ ਸਿਪਹ-ਏ-ਦੀਨ ਵਿਚ ਚੋਖਾ ਵਾਧਾ ਕਰ ਲਿਆ ਸੀ। ਅਧਿਕਾਰੀਆਂ ਦੇ ਅਧਿਕਾਰ ਦਾ ਘੇਰਾ ਵੀ ਮੋਕਲਾ ਹੋ ਗਿਆ ਸੀ। ਉਹ ਕਿਸੇ ਵੀ ਗ਼ੈਰ-ਮੁਸਲਿਮ ਨੂੰ ਉਸਦੀ ਕਿਸੇ ਦੋਸ਼ ਪੂਰਨ ਸਥਿਤੀ ਜਾਂ ਨਿਰਦੋਸ਼ ਹਾਲਤ ਵਿਚ ਉਸਨੂੰ ਮੌਤ ਦੀ ਸਜ਼ਾ ਦੇ ਸਕਦੇ ਸਨ। ਔਰੰਗਜ਼ੇਬ ਦੀ ਹਿੰਦੂਆਂ ਪ੍ਰਤੀ ਘ੍ਰਿਣਾ ਲਗਾਤਾਰ ਵਧਦੀ ਜਾ ਰਹੀ ਸੀ। ਉਹ ਆਪਣੇ ਸ਼ਾਸਨ ਵਿਚ ਕਿਧਰੇ ਵੀ ਹਿੰਦੂਆਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਸੀ। ਕੇਵਲ ਫ਼ੌਜ ਤੇ ਹਰਮ ਦੋ ਅਜਿਹੀਆਂ ਥਾਵਾਂ ਰਹਿ ਗਈਆਂ ਸਨ ਜਿਥੇ ਹਿੰਦੂ ਨਾ ਉਸਨੂੰ ਮਜਬੂਰੀ ਤੌਰ ਤੇ ਸਹਿਣੇ ਪੈਂਦੇ ਸਨ। ਸੈਨਾ ਵਿਚ ਰਾਜਪੂਤਾਂ ਦੀ ਬਹਾਦਰੀ ਤੋਂ ਵਿਰਵਾ ਹੋ ਕੇ ਉਹ ਆਪਣੀ ਅਸਮੱਰਥਾ ਨੂੰ ਸਮਝਦਾ ਸੀ ਅਤੇ ਹਰਮ ਵਿਚ ਕੇਵਲ ਹਿੰਦੂ ਇਸਤਰੀਆਂ ਹੀ ਪ੍ਰੇਮ ਤੇ ਵਫਾਦਾਰੀ ਦੀਆਂ ਸਾਕਾਰ ਮੂਰਤੀਆਂ ਸਿੱਧ ਹੁੰਦੀਆਂ ਸਨ। ਇਸ ਲਈ, ਇਹਨਾਂ ਖੇਤਰਾਂ ਤੋਂ ਇਲਾਵਾ ਉਹ 'ਹਿੰਦੂ' ਨਾਮ ਦਾ ਉਚਾਰਨ ਵੀ ਸਜ਼ਾ ਦੇ ਯੋਗ ਮੰਨਦਾ ਸੀ।

'ਬੜਾ ਚਲਾਕ ਹੋ ਰਿਹਾ ਸੀ। ਜਦੋਂ ਰਾਜਪੂਤੀ ਤਲਵਾਰਾਂ ਦੇ ਜ਼ੋਰ ਉਤੇ ਹਕੂਮਤ ਪੱਕੀ ਹੋ ਗਈ ਤਾਂ ਉਸਨੇ ਉਹਨਾਂ ਦਾ ਅਭਾਰ ਮੰਨਣ ਦੀ ਬਜਾਏ ਉਹਨਾਂ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ। ਜਦੋਂ ਤੱਕ ਰਾਜਾ ਜੈ ਸਿੰਘ ਜਿੰਦਾ ਰਿਹਾ, ਉਦੋਂ ਤੱਕ ਤਾਂ ਕਿਸੇ ਤਰ੍ਹਾਂ ਔਰੰਗਜ਼ੇਬ ਮਨ ਮਾਰ ਕੇ ਚੁੱਪ ਰਿਹਾ ਪਰ ਉਸਦੇ ਮਰਨ ਸਾਰ ਉਹਨੇ ਹਿੰਦੂਆਂ ਉਤੇ ਫਿਰ ਜਜ਼ੀਆ ਲਾ ਦਿੱਤਾ, ਜਿਹੜਾ ਹੁਣ ਤੱਕ ਜਿਉਂ ਦਾ ਤਿਉਂ ਚਲ ਰਿਹਾ ਹੈ। ਰਾਜਾ ਰਾਮ ਸਿੰਘ ਦੀ ਨਿਗਰਾਨੀ ਵਿਚੋਂ ਸ਼ਿਵਾ ਜੀ ਦੇ ਭੱਜ ਨਿਕਲਣ ਕਰਕੇ ਬਾਦਸ਼ਾਹ ਨੇ ਨਾ ਸਿਰਫ਼ ਰਾਜਾ ਦੇ ਪਰਿਵਾਰ ਉਤੇ ਜ਼ੁਲਮ ਕੀਤਾ ਸਗੋਂ ਸਮੁੱਚਾ ਗ਼ੈਰ- ਮੁਸਲਿਮ ਜਗਤ ਉਸਦੇ ਕਰੋਧ ਦਾ ਭਾਗੀ ਬਣ ਗਿਆ।

'ਵੈਸੇ ਤਾਂ ਗੁਜਰਾਤ ਦੇ ਗਵਰਨਰ ਦੇ ਰੂਪ ਵਿਚ ਵੀ ਇਸ ਮੁਤੱਸਬੀ ਵਿਅਕਤੀ ਨੇ ਇੱਕ ਮੰਦਰ ਨੂੰ ਡਿਗਵਾ ਕੇ ਉਥੇ ਮਸਜਿਦ ਬਣਵਾ ਦਿੱਤੀ ਸੀ ਅਤੇ ਉਸਨੂੰ ਆਪਣੀ ਤਾਕਤ ਦਾ ਸਿੱਟਾ ਸਮਝ ਕੇ ਉਸਦਾ ਨਾਂ 'ਕੁਵਤ-ਉਲ-ਇਸਲਾਮ' ਰੱਖਿਆ ਸੀ ਪਰ ਹਕੂਮਤ ਦੇ ਤਖ਼ਤ ਉਤੇ ਬਿਰਾਜਮਾਨ ਹੋਣ ਤੋਂ ਪਿੱਛੋਂ ਤਾਂ ਉਸਨੂੰ ਖ਼ੂਨ ਦੀ ਹੋਲੀ ਖੇਡਣ ਦਾ ਮੌਕਾ ਮਿਲ ਗਿਆ। ਉਸ ਸਿਪਹ-ਏ-ਦੀਨ ਦੇ ਅਧਿਕਾਰੀਆਂ ਨੂੰ ਹਿੰਦੂਆਂ ਉਤੇ ਕੀਤੇ ਗਏ ਕਿਸੇ ਵੀ ਕਿਸਮ ਦੇ ਅਤਿਆਚਾਰ ਲਈ ਆਮ ਮੁਆਫ਼ੀ ਦਿੱਤੀ ਹੋਈ ਸੀ, ਜਿਸਦੇ ਸਿੱਟੇ ਵਜੋਂ ਹਿੰਦੂਆਂ ਦੀ ਧਨ-ਸੰਪਤੀ ਤਾਂ ਸੁਰੱਖਿਅਤ ਹੈ ਹੀ ਨਹੀਂ ਸੀ, ਉਹਨਾਂ ਦੇ ਘਰਾਂ ਦੀਆਂ ਇਸਤਰੀਆਂ ਵੀ ਕਦੀ ਕਦੀ ਚੁਕ ਲਈਆਂ ਜਾਂਦੀਆਂ ਜਾ ਸਕਦੀਆਂ ਸਨ। ਕੋਈ ਸ਼ਿਕਾਇਤ ਸੁਣਨ ਵਾਲਾ ਵੀ ਨਹੀਂ ਸੀ। ਗੈਰ-ਮੁਸਲਿਮ ਦੀ ਜਾਨ ਲੈਣ ਲਈ ਇੰਨਾ ਬਹਾਨਾ ਹੀ ਕਾਫੀ ਸੀ ਕਿ ਕਿਸੇ ਨੇ ਰਾਮ ਦਾ ਨਾਮ ਲਿਆ ਸੀ ਜਾਂ ਕਿਸੇ ਨੇ ਆਪਣੇ ਘਰ ਵਿਚ ਮੂਰਤੀ ਰੱਖੀ ਸੀ।

'ਸਿਪਹ-ਏ-ਦੀਨ ਦੇ ਘਟੀਆ ਕਾਰਨਾਮਿਆਂ ਦਾ ਨਮੂਨਾ ਤਾਂ ਤੁਸੀਂ ਪਿਛਲੇ ਪੰਜ ਛੇ ਦਿਨਾਂ ਵਿਚ ਵੇਖ ਹੀ ਚੁੱਕੇ ਹੋ। ਇਸ ਤੋਂ ਵੀ ਘਿਣਾਉਣੀਆਂ ਕਾਰਵਾਈਆਂ ਹਿੰਦੂਆਂ ਦੇ ਘਰਾਂ ਵਿਚ ਘੁਸ ਕੇ ਹੁੰਦੀਆਂ ਸਨ। ਗੁਰੂ ਜੀ ਨੂੰ ਅਜਿਹੇ ਸਮਾਚਾਰ ਜਦੋਂ ਮਿਲਦੇ ਤਾਂ ਉਹ ਤਰਲੋ ਮੱਛੀ ਹੁੰਦੇ ਸਨ। ਉਹ ਜਾਤੀ, ਸੰਸਕ੍ਰਿਤੀ ਅਤੇ ਧਰਮ ਦੇ ਰੱਖਿਅਕ ਸਨ-ਉਹ ਜਲਦੀ ਤੋਂ ਜਲਦੀ ਅਨੰਦਪੁਰ ਪਹੁੰਚ ਕੇ ਆਪਣੇ ਕਰਤੱਵ ਤੇ ਵਿਵਹਾਰ ਦੀ ਰੂਪ-ਰੇਖਾ ਤਿਆਰ ਕਰਨਾ ਚਾਹੁੰਦੇ ਸਨ। ਉਹਨਾਂ ਦਿਨਾਂ ਵਿਚ ਔਰੰਗਜ਼ੇਬ ਨੇ ਪ੍ਰਾਂਤਕ ਨਵਾਬਾਂ ਜਾਂ ਸੂਬੇਦਾਰਾਂ ਨੂੰ ਹੁਕਮ ਭੇਜੇ ਸਨ ਕਿ ਉਹ ਜ਼ਬਰੀ ਹਿੰਦੂਆਂ ਨੂੰ ਧਰਮ-ਪਰਿਵਰਤਨ ਲਈ ਮਜਬੂਰ ਕਰਨ। ਜਿਥੇ ਇੱਕ ਪਾਸੇ ਅਜਿਹੇ ਆਦੇਸ਼ ਨੂੰ ਬੰਗਾਲ ਦੇ ਨਵਾਬ ਸ਼ਾਇਸਤਾ ਖਾਂ ਵਰਗੇ ਲੋਕ ਮਾੜੀ ਅੱਖ ਨਾਲ ਵੇਖ ਰਹੇ ਸਨ, ਉਥੇ ਕਸ਼ਮੀਰ ਦੇ ਅਖੌਤੀ ਵਫਾਦਾਰ ਸੂਬੇਦਾਰ ਆਪਣੀ ਪੂਰੀ ਤਾਕਤ ਗੈਰ-ਮੁਸਲਿਮ ਲੋਕਾਂ ਨੂੰ ਤੰਗ ਕਰਨ ਉਤੇ ਲਾ ਰਹੇ ਸਨ। ਬਨਾਰਸ ਆਦਿ ਥਾਵਾਂ ਉਤੇ ਤਾਂ ਜੰਜੂ ਉਤਾਰਨ, ਤਿਲਕ ਮਿਟਾਉਣ, ਬੋਦੀ ਕੱਟਣ ਦੇ ਵਿਸ਼ੇਸ਼ ਕੇਂਦਰ ਹੀ ਬਣ ਗਏ ਸਨ। ਹਿੰਦੂ ਲੋਕ ਘਰੋਂ ਬਾਹਰ ਨਿਕਲਣ ਤੋਂ ਡਰਦੇ ਸਨ। ਬਾਹਰ ਨਿਕਲਦੇ ਵੀ ਸਨ ਤਾਂ ਮੁਸਲਿਮ ਪੁਸ਼ਾਕ ਪਾ ਕੇ ਨਿਕਲਦੇ ਸਨ।

'ਗੁਰੂ ਜੀ ਬੇਇਨਸਾਫ਼ੀ ਤੇ ਅਤਿਆਚਾਰ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ। ਇਸ ਲਈ, ਉਹਨਾਂ ਇਕਦਮ ਪਟਨਾ ਤੋਂ ਅਨੰਦਪੁਰ ਲਈ ਰਵਾਨਾ ਹੋਣ ਲਈ ਆਦੇਸ਼ ਦੇ ਦਿੱਤਾ। ਕਾਮਰੂਪ ਦਾ ਰਾਜਾ ਰਾਮ ਰਾਏ ਗੁਰੂ ਜੀ ਦੇ ਨਾਲ ਸੀ। ਢਾਕਾ ਤੋਂ ਬੁਲਾਕੀ ਰਾਮ ਪਾਲਕੀ ਲੈ ਆਇਆ ਸੀ। ਗੁਰੂ ਜੀ ਆਪਣੇ ਕੁਝ ਚੁਣੇ ਹੋਏ ਸਿਧਾਂ ਨੂੰ ਨਾਲ ਲੈ ਕੇ ਤੁਰੰਤ ਦਿੱਲੀ ਵਲ ਵਧੇ। ਚਲਣ ਵੇਲੇ ਰਾਜਾ ਰਾਮ ਰਾਏ ਨੂੰ ਰਸਤੇ ਵਿਚ ਪੜਾਅ ਬਣਾਉਣ ਅਤੇ ਤੰਬੂ ਆਦਿ ਲਾਉਣ ਦਾ ਕੰਮ ਸੌਂਪ ਕੇ, ਉਹਨਾਂ ਨੂੰ ਗੋਬਿੰਦ ਰਾਏ ਤੇ ਮਾਤਾਵਾਂ ਦੇ ਚਲਣ ਤੋਂ ਪਹਿਲਾਂ

ਹੀ ਰਵਾਨਾ ਹੋਣ ਦਾ ਆਦੇਸ਼ ਦਿੱਤਾ। ਪ੍ਰੋਗਰਾਮ ਦੀ ਰੂਪ-ਰੇਖਾ ਇਸ ਤਰ੍ਹਾਂ ਦੀ ਸੀ ਕਿ ਰਸਤੇ ਵਿਚ ਹੀ ਗੁਰੂ ਜੀ ਦਾ ਪਰਿਵਾਰ ਉਹਨਾਂ ਨੂੰ ਕਿਧਰੇ ਆ ਮਿਲੇ। ਗੁਰੂ ਜੀ ਦੀ ਯਾਤਰਾ ਪਰਿਵਾਰ ਦੀ ਯਾਤਰਾ ਤੋਂ ਸੱਤ ਦਿਨ ਪਹਿਲਾਂ ਆਰੰਭ ਹੋਈ। ਕਿਉਂਕਿ ਗੁਰੂ ਜੀ ਨੂੰ ਸੰਗਤ ਦੀ ਮਜਬੂਰੀ ਕਰਕੇ ਥਾਂ ਥਾਂ ਰੁਕਣਾ ਪੈਂਦਾ ਸੀ, ਇਸ ਲਈ ਪਰਿਵਾਰ, ਜਲਦੀ ਹੀ ਉਹਨਾਂ ਨੂੰ ਆ ਮਿਲਿਆ।

'ਗੰਗਾ ਦੀ ਦੱਖਣੀ ਦਿਸ਼ਾ ਵਲੋਂ ਚਲਦੇ ਗੁਰੂ ਜੀ ਬਨਾਰਸ ਪਹੁੰਚੇ। ਬਨਾਰਸ ਵਿਚ ਬ੍ਰਾਹਮਣਾਂ ਉਤੇ ਹੁੰਦੇ ਅਤਿਆਚਾਰਾਂ ਨੂੰ ਵੇਖ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਸੱਜਲ ਹੋ ਗਈਆਂ ਅਤੇ ਹੰਝੂ ਡੁਲ੍ਹ ਨਿਕਲੇ। ਬਨਾਰਸ ਤੋਂ ਉਹ ਗੰਗਾ ਦੀ ਉੱਤਰੀ ਦਿਸ਼ਾ ਵਲੋਂ ਚਲਦੇ ਮੁਰਾਦਾਬਾਦ ਤੋਂ ਹੁੰਦੇ ਹੋਏ ਸਿਧੇ ਦਿੱਲੀ ਪਹੁੰਚ ਗਏ। ਦਿੱਲੀ ਵਿਚ ਇੱਕ ਦੋ ਦਿਨ ਰੁਕੇ। ਭਾਈ ਮਨੀ ਦਾਸ ਨੂੰ ਸਭ ਪਰਿਵਾਰ ਅਨੰਦਪੁਰ ਪਹੁੰਚਾਣ ਲਈ ਪੱਤਰ ਲਿਖਿਆ ਅਤੇ ਆਪ ਅਨੰਦਪੁਰ ਲਈ ਰਵਾਨਾ ਹੋ ਗਏ। ਇਸ ਰਸਤੇ ਉਤੇ ਉਹ ਸਿਰਫ਼ ਕੁਰੂਕਸ਼ੇਤਰ ਅਤੇ ਆਪਣੇ ਮਿੱਤਰ ਨਵਾਬ ਸੈਫ-ਉਲ-ਦੀਨ ਕੋਲ ਇੱਕ ਇੱਕ ਦਿਨ ਰੁਕਦੇ ਹੋਏ ਸਾਰਾ ਪਰਿਵਾਰ ਆਨੰਦਪੁਰ ਆ ਅਪੜਿਆ। ਲਗਭਗ ਆਪ ਸੁਦੀ 1728 ਬਿਕਰਮੀ ਵਿਚ ਗੁਰੂ ਜੀ ਅਨੰਦਪੁਰ ਪਹੁੰਚੇ ਸਨ।

'ਅਜੇ ਵਿਸਾਖ ਸ਼ੁਰੂ ਹੋਣ ਵਿਚ ਦੋ ਮਹੀਨੇ ਬਾਕੀ ਸਨ। ਗੁਰੂ ਜੀ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਾਰੀਆਂ ਸੰਗਤਾਂ ਨੂੰ ਹੁਕਮਨਾਮਾ ਭਿਜਵਾ ਦਿੱਤਾ ਕਿ ਉਹ ਅਨੰਦਪੁਰ ਪਹੁੰਚ ਗਏ ਹਨ। ਵਿਸਾਖੀ ਉਤੇ ਵੱਡਾ ਦੀਵਾਨ ਸੱਜੇਗਾ, ਸਾਰੇ ਮਸੰਦ ਤੇ ਸੰਗਤਾਂ ਉਸ ਮੌਕੇ ਹਾਜ਼ਰ ਹੋਣ। ਉਸ ਦੀਵਾਨ ਵਿਚ ਸੰਗਤ ਬਾਲਕ ਗੋਬਿੰਦ ਰਾਏ ਦੇ ਪਹਿਲੀ ਵਾਰ ਦਰਸ਼ਨ ਕਰੇਗੀ।

'ਗੁਰੂ ਜੀ ਆਪਣੇ ਸਿੱਖਾਂ ਨੂੰ ਇਕੱਠਾ ਕਰਕੇ ਉਹਨਾਂ ਉਤੇ ਹੋ ਰਹੇ ਔਰੰਗਜ਼ੇਬ ਦੇ ਅਤਿਆਚਾਰਾਂ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਸਨ ਅਤੇ ਸਾਰਿਆਂ ਨਾਲ ਮਿਲ ਬੈਠ ਕੇ ਸਮੱਸਿਆ ਦਾ ਹੱਲ ਸੋਚ ਸਕਣਾ ਵੀ ਵਿਸ਼ੇਸ਼ ਮੰਤਵ ਸੀ। ਇਸ ਲਈ ਚੇਤ ਦੇ ਅੱਧ ਤੋਂ ਹੀ ਚਾਰੋਂ ਪਾਸਿਓਂ ਸਿੱਖ ਸੰਗਤਾਂ ਅਨੰਦਪੁਰ ਵਿਚ ਇਕੱਤਰ ਹੋਣ ਲੱਗ ਗਈਆਂ ਸਨ। ਔਰੰਗਜ਼ੇਬ ਦਾ ਆਤੰਕ ਜਿਥੇ ਉਹਨਾਂ ਨੂੰ ਆਪਣੀ ਜਾਤੀ ਛੁਪਾਉਣ ਲਈ ਮਜਬੂਰ ਕਰਦਾ ਸੀ, ਉਥੇ ਗੁਰੂ ਦਾ ਸੱਦਾ ਉਹਨਾਂ ਨੂੰ ਖਿੱਚੀ ਲਈ ਆਉਂਦਾ ਸੀ। ਉਥੋਂ ਹੀ ਕਿਸੇ ਸਮਾਧਾਨ ਦੀ ਉਹਨਾਂ ਨੂੰ ਆਸ ਬੱਝਦੀ ਸੀ।

ਵਿਸਾਖੀ ਦਾ ਪੁਰਬ ਬੜੀ ਧੂਮਧਾਮ ਨਾਲ ਮਨਾਇਆ ਗਿਆ। ਦੇਸ਼ ਭਰ ਤੋਂ ਆਉਣ ਵਾਲੀ ਸਿੱਖ ਸੰਗਤ ਨੇ ਆਪਣੀ ਬਦਕਿਸਮਤੀ ਤੇ ਦੁੱਖਾਂ ਦੀ ਗਾਥਾ ਆਪਣੇ ਰੱਖਿਅਕ ਨੂੰ ਸੁਣਾਈ। ਹਰ ਤਰ੍ਹਾਂ ਦੀ ਹਾਲਾਤ ਦਾ ਮੁਕੰਮਲ ਜਾਇਜ਼ਾ ਲੈਣ ਤੇ ਗੁਰੂ ਜੀ ਇਸ ਸਿੱਟੇ ਉਤੇ ਪਹੁੰਚੇ ਕਿ ਮੁਗ਼ਲ ਅਤਿਆਚਾਰਾਂ ਤੋਂ ਉਭਰਨ ਅਤੇ ਧਰਮ ਤੇ ਜਾਤੀ ਦੀ ਰੱਖਿਆ ਵਾਸਤੇ ਜਨਤਾ ਵਿਚ ਨੈਤਿਕ ਤੇ ਅਧਿਆਤਮਕ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਸੁਰਜੀਤ ਕਰਨਾ

ਜ਼ਰੂਰੀ ਹੈ। ਜਿਹੜੇ ਲੋਕ ਦਲੇਰੀ ਨਾਲ ਮਰਨਾ ਨਹੀਂ ਸਿੱਖਦੇ ਉਹ ਸਨਮਾਨ ਨਾਲ ਜੀਅ ਵੀ ਨਹੀਂ ਸਕਦੇ। ਇਸ ਲਈ, ਗੁਰੂ ਜੀ ਨੇ ਦੇਸ਼ ਦੇ ਲੋਕਾਂ ਵਿਚ ਭੌਤਿਕ ਸੁੱਖ ਸੁਵਿਧਾਵਾਂ ਤੋਂ ਮੋਹ ਤੋੜ ਕੇ ਜੀਣ ਦੀ ਬਜਾਏ ਮਰਨਾ ਜ਼ਰੂਰੀ ਸਮਝਿਆ। ਇਸਤਰੀ, ਪੁੱਤਰ ਦੇ ਪਿਆਰ ਵਿਚ ਪਿਆ ਭੋਗ ਵਿਲਾਸ ਦੀ ਇੱਛਾ ਰੱਖਣ ਵਾਲਾ ਅਤੇ ਸੰਸਾਰਕ ਅਧਿਕਾਰਾਂ ਦਾ ਇੱਛੁਕ ਜੀਵ ਹੀ ਜੀਵਨ ਦੇ ਮੋਹ ਵਿਚ ਅਤਿਆਚਾਰ ਬਰਦਾਸ਼ਤ ਕਰਦਾ ਹੈ, ਜੇਕਰ ਉਸਦੇ ਜੀਵਨ ਵਿਚ ਇਹਨਾਂ ਭੌਤਿਕ ਤੱਤਾਂ ਦੀ ਕੀਮਤ ਘਟ ਜਾਵੇ ਤਾਂ ਸੰਸਾਰ ਦੀ ਕੋਈ ਤਾਕਤ ਉਸਨੂੰ ਝੁਕਾ ਨਹੀਂ ਸਕੇਗੀ। ਇਹ ਸੋਚ ਕੇ ਗੁਰੂ ਤੇਗ ਬਹਾਦਰ ਜੀ ਨੇ ਪੰਜਾਬ ਤੇ ਅਤਿਅੰਤ ਪਛੜੇ ਹੋਏ ਇਲਾਕਿਆਂ ਦੀ ਯਾਤਰਾ ਕਰਨ ਅਤੇ ਲੋਕਾਂ ਨੂੰ ਅਸਲੀਅਤ ਸਮਝਾਉਣ ਦਾ ਪ੍ਰੋਗਰਾਮ ਬਣਾਇਆ।

'ਨਿਡਰਤਾ ਜੀਵਨ ਦਾ ਯਥਾਰਥ ਹੈ, ਇਹ ਦੈਵੀ ਗੁਣ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਮੂਲ ਮੰਤਰ ਵਿਚ ਉਸ ਅਕਾਲ ਪੁਰਖ ਨੂੰ ਵੀ 'ਨਿਰਭਉ' ਕਹਿ ਕੇ ਪੁਕਾਰਿਆ ਹੈ। ਗੁਰੂ ਜੀ ਤਾਂ ਜਾਣਦੇ ਸਨ ਕਿ ਜੇਕਰ ਦੇਸ਼ ਵਾਸੀ ਹਰਖ-ਸੋਗ ਤੋਂ ਉੱਪਰ ਉੱਠ ਸਕਣ, ਸੰਸਾਰਕ ਲੋਭ ਮੋਹ ਤੇ ਧਨ-ਦਾਰਾ ਦੇ ਬੰਧਨਾਂ ਤੋਂ ਮੁਕਤ ਹੋ ਸਕਣ ਤਾਂ ਕਿਸੇ ਤਰ੍ਹਾਂ ਦਾ ਜ਼ੁਲਮ ਉਹਨਾਂ ਨੂੰ ਝੁਕਾ ਨਹੀਂ ਸਕੇਗਾ। ਡਰ ਤੋਂ ਸੁਤੰਤਰ ਵਿਅਕਤੀ ਹੀ ਇਹ ਸਭ ਕੁਝ ਕਰ ਸਕਦਾ ਹੈ, ਉਹ ਹੀ ਸੱਚਾ ਤਿਆਗੀ ਹੁੰਦਾ ਹੈ-ਉਸਨੂੰ ਜੀਣ ਦੀ ਲਾਲਸਾ ਰਹਿੰਦੀ ਹੈ, ਨਾ ਮਰਨ ਦਾ ਡਰ। ਅਜਿਹੀ ਜੀਵਨ-ਮੁਕਤੀ ਦੀ ਭਾਵਨਾ ਗੁਰੂ ਜੀ ਆਪਣੇ ਸਿੱਖਾਂ ਵਿਚ ਭਰ ਦੇਣਾ ਚਾਹੁੰਦੇ ਸਨ ਤਾਂ ਜੋ ਉਹ ਨਿਡਰ ਹੋ ਕੇ ਔਰੰਗਜ਼ੇਬ ਦੇ ਅਤਿਆਚਾਰਾਂ ਦਾ ਟਾਕਰਾ ਕਰ ਸਕਣ। ਉਹਨਾਂ ਦੇ ਉਪਦੇਸ਼ਾਂ ਵਿਚ ਇਸ ਤੱਤ ਦੇ ਫਲਸਫੇ ਵਾਲੀਆਂ ਅਨੇਕਾਂ ਪੰਗਤੀਆਂ ਸੁਲੱਭ ਹਨ –

*ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥*
*ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥*
*ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥*
*ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥*

'ਉਹ ਮਨੁੱਖ ਨੂੰ ਜਗਤ ਦੇ ਦੁਸ਼ਮਾਂ ਤੋਂ ਉਚਾ ਚੁੱਕ ਕੇ ਉਸ ਵਿਚ ਈਸ਼ਵਰੀ ਤੱਤ ਦੀ ਸਥਾਪਨਾ ਕਰਨਾ ਚਾਹੁੰਦੇ ਸਨ। ਅਤਿਆਚਾਰ ਦਾ ਮੁਕਾਬਲਾ ਕਰਨ ਲਈ ਉਹਨਾਂ ਦਾ ਇਹ ਅਦੁੱਤੀ ਸੁਝਾਅ ਸੀ ਅਤੇ ਇਸ ਨੂੰ ਅਮਲੀ ਰੂਪ ਦੇਣ ਲਈ ਉਹਨਾਂ ਆਪਣਾ ਭਾਵੀ ਪ੍ਰੋਗਰਾਮ ਨਿਸ਼ਚਿਤ ਕੀਤਾ ਸੀ।

'ਇਸ ਤੋਂ ਪਹਿਲਾਂ ਕਿ ਉਹ ਪੰਜਾਬ ਦੀ ਇੱਕ ਇੱਕ ਇੰਚ ਧਰਤੀ ਉਤੇ ਮੌਤ ਦੇ ਡਰ ਤੋਂ ਪੂਰੀ ਤਰ੍ਹਾਂ ਆਜ਼ਾਦ ਮਹਿਸੂਸ ਕਰਨ ਵਾਲੇ ਜੀਵਾਂ ਨੂੰ ਹਮੇਸ਼ਾ ਲਈ ਸਜੱਗਤਾ ਪ੍ਰਵਾਨ ਕਰਨ ਵਾਸਤੇ ਡੰਕੇ ਦੀ ਚੋਟ ਨਾਲ ਐਲਾਨ ਕਰਦੇ ਉਹਨਾਂ ਨੇ ਆਪਣੇ ਤੋਂ ਪਿਛੋਂ ਭਵਿੱਖਤ ਵਿਚ ਉਸ ਅੰਦੋਲਨ ਨੂੰ ਗਤੀਸ਼ੀਲ ਬਣਾਈ ਰੱਖਣ ਲਈ ਉਭਰਨ ਵਾਲੀ ਨੰਨ੍ਹੀ ਸ਼ਕਤੀ

ਗੋਬਿੰਦ ਰਾਏ ਦੀ ਸਿੱਖਿਆ ਤੇ ਦੀਖਿਆ ਦਾ ਉਚਿਤ ਪ੍ਰਬੰਧ ਕਰਨਾ ਅਤੇ ਅਨੰਦਪੁਰ ਦੀਆਂ ਇਮਾਰਤਾਂ ਦੀ ਯੋਗ ਸਾਂਭ ਸੰਭਾਲ ਤੇ ਵਿਸਤਾਰ ਕਰਨਾ ਵੀ ਜ਼ਰੂਰੀ ਸਮਝਿਆ। ਇਹਨਾਂ ਸਾਰੇ ਕੰਮਾਂ ਲਈ ਗੁਰੂ ਜੀ ਨੂੰ ਲਗਭਗ ਇਕ ਸਾਲ ਅਨੰਦਪੁਰ ਹੀ ਰੁਕਣਾ ਪਿਆ। ਉਹਨਾਂ ਆਪਣੀ ਭੈਣ ਬੀਬੀ ਵੀਰੋ ਦੇ ਵੱਡੇ ਸਪੁੱਤਰ ਸ਼ਾਮੋਸ਼ਾਹ ਨੂੰ ਗੋਬਿੰਦ ਰਾਏ ਦੀ ਸ਼ਸਤਰ ਸਿੱਖਿਆ ਲਈ ਉਚੇਚੇ ਤੌਰ ਤੇ ਨਿਯੁਕਤ ਕੀਤਾ।

'ਔਰੰਗਜ਼ੇਬ ਦੇ ਅੱਤਿਆਚਾਰਾਂ ਤੋਂ ਡਰ ਕੇ ਵੱਡੇ ਵੱਡੇ ਵਿਦਵਾਨ, ਕਵੀ, ਸੰਗੀਤ ਸ਼ਾਸਤਰੀ ਅਤੇ ਕਲਾਕਾਰ ਆਗਰਾ, ਦਿੱਲੀ ਵਰਗੇ ਵੱਡੇ ਸ਼ਹਿਰਾਂ ਵਿਚੋਂ ਦੌੜਨ ਲਗ ਪਏ ਸਨ। ਉਹਨਾਂ ਵਿਚੋਂ ਅਨੇਕਾਂ ਵਿਦਵਾਨਾਂ ਤੇ ਕਲਾਕਾਰਾਂ ਨੇ ਅਨੰਦਪੁਰ ਵਿਚ ਸ਼ਰਨ ਲਈ ਸੀ। ਗੋਬਿੰਦ ਰਾਏ ਦੀ ਸ਼ਸਤਰ ਤੇ ਕਾਵਿ ਵਿਦਿਆ ਵਾਸਤੇ ਇਹ ਬੜਾ ਸੁਨਹਿਰੀ ਮੌਕਾ ਮਿਲਿਆ ਸੀ। ਦੇਸ਼ ਦੇ ਉਹ ਮਹਾਨ ਵਿਦਵਾਨ ਗੋਬਿੰਦ ਰਾਏ ਨੂੰ ਸਰਬਾਂਗੀ ਸਿੱਖਿਆ ਦੇਣ ਲਈ ਨਿਯੁਕਤ ਹੋਏ। ਗੋਬਿੰਦ ਰਾਏ ਆਪ ਵੀ ਹੋਣਹਾਰ ਬਾਲਕ ਸਨ। ਗੁਰੂ ਜੀ ਉਹਨਾਂ ਨੂੰ ਆਪਣੇ ਪਿਤਾ ਵਾਂਗ ਸੂਰਬੀਰ ਤੇ ਦਾਦਾ ਵਾਂਗ ਵਿਦਵਾਨ ਬਣਾਉਣਾ ਚਾਹੁੰਦੇ ਸਨ। ਗੋਬਿੰਦ ਰਾਏ ਦੀ ਸਿੱਖਿਆ ਦਾ ਪ੍ਰਬੰਧ ਕਰਨ ਵੇਲੇ ਇਹ ਟੀਚਾ ਮੁੱਖ ਰੱਖਿਆ ਗਿਆ ਸੀ। ਨਾਲ ਹੀ ਸਵਾਧੀਨਤਾ ਤੇ ਨਿਯੰਤਰਣ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਸੀ। ਸਾਮੋਸ਼ਾਹ ਤੇ ਹੋਰ ਸ਼ਸਤਰ ਵਿਦਿਆ ਦੇ ਮਾਹਿਰ ਅਤੇ ਕਵੀ ਗੋਬਿੰਦ ਰਾਏ ਦੀਆਂ ਸੁਘੜ ਸ਼ਕਤੀਆਂ ਨੂੰ ਹੋਰ ਪ੍ਰਬੀਨ ਬਣਾਉਣ ਵਿਚ ਜੁਟ ਗਏ।

'ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਵਿਚ ਕੁਝ ਹੋਰ ਉਸਾਰੀ ਦਾ ਕੰਮ ਕਰਵਾਇਆ। ਦੂਰੋਂ ਆਉਣ ਵਾਲੀ ਸੰਗਤ ਦੇ ਠਹਿਰਨ ਵਾਸਤੇ ਜਗ੍ਹਾ ਠੀਕ ਕੀਤੀ ਗਈ। ਇੱਕ ਨਵਾਂ ਸਰੋਵਰ ਬਣਵਾਇਆ ਤਾਂ ਜੋ ਸੰਗਤ ਨੂੰ ਪਾਣੀ ਦੀ ਤੰਗੀ ਨਾ ਹੋਵੇ। ਪੰਗਤ ਦਾ ਵੀ ਸਥਾਈ ਪ੍ਰਬੰਧ ਕੀਤਾ ਗਿਆ, ਜਿਥੇ ਬਾਹਰੋਂ ਆਉਣ ਵਾਲਿਆਂ ਨੂੰ ਜਾਤੀ, ਸੰਪਰਦਾ ਜਾਂ ਧਰਮ ਦੇ ਭੇਦ ਭਾਵ ਤੋਂ ਨਿਰਲੇਪ ਰਹਿ ਕੇ ਭੋਜਨ ਦਿੱਤਾ ਜਾਂਦਾ ਸੀ।

'ਭਾਈ ਗੁਰਮਤਿ ਦੀ ਪੰਗਤ ਦੀ ਮਿਸਾਲ ਨਹੀਂ। ਇਨਸਾਨ ਦੀ ਸਭ ਤੋਂ ਵੱਡੀ ਜ਼ਿੰਦਗੀ ਦੀ ਲੋੜ ਪਹਿਲਾਂ ਹੱਲ ਕਰ ਲਈ ਜਾਂਦੀ ਹੈ। ਕਿੰਨਾ ਸੂਝ ਬੂਝ ਵਾਲਾ ਵਿਚਾਰ ਸੀ, ਰਹਿਮਾਨ ਵਿੱਚੋਂ ਹੀ ਬੋਲ ਪਿਆ।

'ਹਾਂ, ਗੁਰਮਤਿ ਜੀਵਨ ਅਨੁਸਾਰ ਹੀ ਚੱਲਣ ਵਾਲਾ ਧਰਮ ਹੈ, ਇਹ ਜੀਵਨ ਦੇ ਉਲਟ ਚੱਲਣ ਵਾਸਤੇ ਨਹੀਂ ਕਹਿੰਦਾ। ਸਰੀਰ ਉਤੇ ਬੇਕਾਰ ਅੱਤਿਆਚਾਰ ਕਰਨ ਦਾ ਕੀ ਫਾਇਦਾ ? ਵਰਤ, ਉਪਵਾਸ, ਹਵਨ, ਯੱਗ, ਇਹ ਸਾਰੇ ਸਰੀਰ ਨੂੰ ਸੋਧਣ ਦੇ ਕਰਮ-ਕਾਂਡ ਹੀ ਤਾਂ ਹਨ। ਸਰੀਰ ਨੂੰ ਸੋਧ ਵੀ ਲਈਏ ਅਤੇ ਮਨ ਦਸਾਂ ਦਿਸ਼ਾਵਾਂ ਵਿਚ ਭਟਕਦਾ ਰਿਹਾ ਤਾਂ ਅਧਿਆਤਮਕ ਖੇਤਰ ਵਿਚ ਆਤਮਾ ਦਾ ਕਲਿਆਣ ਸੰਭਵ ਹੀ ਨਹੀਂ। ਇਹੋ ਕਾਰਣ ਹੈ ਕਿ ਗੁਰਮਤਿ ਵਿਚ ਸਰੀਰ ਨੂੰ ਭੌਤਿਕ ਸੁਵਿਧਾਵਾਂ ਤੋਂ ਵਾਂਝਿਆਂ ਨਾ ਰੱਖਣ ਦਾ ਵਿਧਾਨ ਬਣਾ ਕੇ

ਸਿਧੇ ਮਨ ਉਤੇ ਕਾਬੂ ਪਾਉਣ ਦੀ ਯੋਜਨਾ ਹੈ। ਮਨ ਕਾਬੂ ਹੋ ਗਿਆ ਤਾਂ ਸਰੀਰ ਆਪਣੇ ਆਪ ਸੁਧਰਿਆ ਰਹੇਗਾ। ਰੱਥਵਾਨ ਜਿਵੇਂ ਚਾਹੇਗਾ, ਰੱਥ ਉਂਜ ਹੀ ਦੌੜੇਗਾ।'

'ਵਾਹ ਭਰਾਵਾ ਕਿੰਨੀ ਸ਼ਪਸ਼ਟ ਗੱਲ ਹੈ ? ਪਰਮਾਤਮਾ ਦਾ ਠੀਕ ਰਸਤਾ ਇਹੀ ਹੈ। ਮੰਦੇ ਭਾਗਾਂ ਨੂੰ ਮੈਂ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਤਾਂ ਨਹੀਂ ਕਰ ਸਕਿਆ, ਗੋਬਿੰਦ ਰਾਏ ਦੀ ਹਾਜ਼ਰੀ ਜ਼ਰੂਰ ਭਰਾਂਗਾ ' ਪੀਰ ਕਰੀਮ ਬਖ਼ਸ਼ ਨੇ ਆਪਣੇ ਮਨ ਵਿਚ ਧਾਰ ਕੇ ਕਿਹਾ।

ਭਾਈ ਗੁਰਦਿੱਤਾ ਜੀ ਦੀਆਂ ਅੱਖਾਂ ਵਿਚ ਇਹ ਪਰਿਵਰਤਨ ਵੇਖ ਕੇ ਵਿਸ਼ੇਸ਼ ਚਮਕ ਜਾਗ ਉਠੀ। ਬੋਲੇ, 'ਗੋਬਿੰਦ ਰਾਏ ਨੂੰ ਮੈਂ ਹੁਣੇ ਹੀ ਮਿਲ ਕੇ ਆਇਆ ਹਾਂ, ਸੱਚਮੁੱਚ ਉਹ ਆਪਣੇ ਪਿਤਾ, ਦਾਦਾ, ਪੜਦਾਦਾ ਦੀਆਂ ਸਾਰੀਆਂ ਸ਼ਕਤੀਆਂ ਦਾ ਸੰਗਮ ਜਾਪਦੇ ਹਨ। ਅਜੇ ਨੌਂ ਸਾਲ ਦੀ ਉਮਰ ਵਿਚ ਹੀ ਉਹ ਤੇਜ ਉਹਨਾਂ ਵਿਚ ਹੈ ਕਿ ਵੇਖ ਕੇ ਅੱਖਾਂ ਚੁੰਧਿਆਂ ਜਾਂਦੀਆਂ ਹਨ। ਪੀਰ ਸਾਹਿਬ ਤੁਸੀਂ ਜ਼ਰੂਰ ਉਹਨਾਂ ਦੇ ਦਰਸ਼ਨ ਕਰਨ।'

ਗੁਰੂ ਜੀ ਨੇ ਪੰਜਾਬ ਦੇ ਪਿਛੜੇ ਇਲਾਕਿਆਂ-ਮਾਲਵਾ ਤੇ ਬਾਂਗੜ-ਦੀ ਯਾਤਰਾ ਦਾ ਪ੍ਰੋਗਰਾਮ ਬਣਾਇਆ। ਇਹਨਾਂ ਇਲਾਕਿਆਂ ਵਿਚ ਸਿਪਹ-ਏ-ਦੀਨ ਦੇ ਸਿਪਾਹੀਆਂ ਨੇ ਤਲਵਾਰ ਦੇ ਜ਼ੋਰ ਨਾਲ ਧਰਮ-ਪਰਿਵਰਤਨ ਦਾ ਅੰਦੋਲਨ ਚਲਾਇਆ ਹੋਇਆ ਸੀ। ਹਿੰਦੂ ਜਾਤੀ ਕਮਜ਼ੋਰ ਹੋ ਗਈ ਸੀ ਇਸ ਲਈ ਵਿਰੋਧ ਕਰਨ ਦੀ ਤਾਕਤ ਉਹਨਾਂ ਵਿਚ ਨਹੀਂ ਸੀ। ਕੋਈ ਸੁਧਾਰਕ ਵੀ ਉਹਨਾਂ ਪ੍ਰਦੇਸ਼ਾਂ ਵਿੱਚ ਨਹੀਂ ਸੀ ਗਿਆ। ਪਹਿਲੇ ਅੱਠ ਗੁਰੂਆਂ ਵਿੱਚੋਂ ਵੀ ਸ਼ਾਇਦ ਹੀ ਕਿਸੇ ਨੇ ਇਹਨਾਂ ਪ੍ਰਦੇਸ਼ਾਂ ਨੂੰ ਕੋਈ ਮਹੱਤਵ ਦਿੱਤਾ ਹੋਵੇ। ਪੂਰਬ ਦੀ ਯਾਤਰਾ ਉਤੇ ਜਾਣ ਵਕਤ ਗੁਰੂ ਜੀ ਇਹਨਾਂ ਇਲਾਕਿਆਂ ਵਿਚ ਨਹੀਂ ਜਾ ਸਕੇ ਸਨ, ਇਸ ਲਈ ਹੁਣ ਉਹਨਾਂ ਨੇ ਸਰਹਿੰਦ, ਪਟਿਆਲਾ, ਸੁਨਾਮ, ਮਾਨਸਾ, ਬਠਿੰਡਾ, ਸੰਗਰੂਰ, ਬਰਨਾਲਾ ਆਦਿ ਦੇ ਅੰਦਰੂਨੀ ਹਿੱਸਿਆਂ ਦੀ ਯਾਤਰਾ ਸ਼ੁਰੂ ਕੀਤੀ। ਇਹ ਸਮੁੱਚਾ ਪ੍ਰਦੇਸ਼ ਲਗਭਗ ਜੰਗਲ ਹੀ ਸੀ, ਬਹੁਤ ਘੱਟ ਆਬਾਦੀ ਹੈ ਉਥੋਂ ਦੀ। ਮੈਂ ਲਗਾਤਾਰ ਗੁਰੂ ਜੀ ਦੇ ਨਾਲ ਹੀ ਰਿਹਾ ਹਾਂ, ਇਲਾਕੇ ਵਿਚ ਪੀਣ ਦੇ ਪਾਣੀ ਤੱਕ ਦੀ ਤੰਗੀ ਹੈ, ਲੋਕ ਗਰੀਬੀ ਅਤੇ ਔਰੰਗਜ਼ੇਬ ਦੀ ਦਹਿਸ਼ਤ ਕਰਕੇ ਸਹਿਮੇ ਹੋਏ ਹਨ। ਮੈਂ ਮਹਿਸੂਸ ਕੀਤਾ ਕਿ ਲੋਕਾਂ ਦੇ ਮਨਾਂ ਵਿਚ ਗੁਰੂ ਜੀ ਦੇ ਨਾਲ ਅਥਾਹ ਸ਼ਰਧਾ ਹੈ ਪਰ ਸਿਪਹ-ਏ-ਦੀਨ ਦੇ ਇੱਕ ਹੀ ਸਿਪਾਹੀ ਨੂੰ ਵੇਖ ਕੇ ਉਹਨਾਂ ਦੇ ਪ੍ਰਾਣ ਖੁਸ਼ਕ ਹੋ ਜਾਂਦੇ ਸਨ।

ਗੁਰੂ ਜੀ ਇੰਨੇ ਉਦਾਰ ਤੇ ਤਰਸ ਖਾਣ ਵਾਲੇ ਸਨ ਕਿ ਉਹ ਪਿੰਡਾਂ ਵਿਚ ਵਸਦੇ ਇਹਨਾਂ ਸਾਦੇ ਤੇ ਗਰੀਬ ਲੋਕਾਂ ਦੀ ਹਾਲਤ ਵੇਖ ਵੇਖ ਕੇ ਆਪ ਪੰਘਰ ਜਾਂਦੇ ਸਨ। ਉਹ ਇਹਨਾਂ ਕਮਜ਼ੋਰ ਲੋਕਾਂ ਨੂੰ ਇਹ ਸਿਖਾਉਣਾ ਚਾਹੁੰਦੇ ਸਨ ਕਿ ਆਰਥਿਕ ਤੇ ਰਾਜਨੀਤਿਕ ਆਜ਼ਾਦੀ ਪਾਉਣ ਲਈ ਇੱਕ ਲੰਬੇ ਸੰਘਰਸ਼ ਦੀ ਲੋੜ ਹੈ ਅਤੇ ਉਹ ਸੰਘਰਸ਼ ਨਿਡਰ ਹੋ ਕੇ ਹੀ ਸੰਭਵ ਹੈ। ਡਰ ਗੁਲਾਮੀ ਦਾ ਮੂਲ ਕਾਰਨ ਹੈ ਅਤੇ ਜੂਝਣ ਦੀ ਸ਼ਕਤੀ ਹੀ ਖਲਾਸੀ ਦਾ ਰਸਤਾ

ਹੈ। ਗੁਰੂ ਜੀ ਨੇ ਉਹਨਾਂ ਗਰੀਬਾਂ ਦੇ ਕਸ਼ਟ ਨਿਵਾਰਨ ਲਈ ਅਨੇਕ ਥਾਵਾਂ ਉਤੇ ਖੂਹ ਲਵਾਏ, ਭੋਂ ਹੀਣ ਕਿਸਾਨਾਂ ਨੂੰ ਭੋਂ ਦਿਵਾਈ ਅਤੇ ਬੱਚਿਆਂ ਲਈ ਦੁੱਧ ਉਪਲਬਧ ਕਰਵਾਉਣ ਵਾਸਤੇ ਗਾਵਾਂ ਖਰੀਦ ਕੇ ਦਿੱਤੀਆਂ।

ਅਨੇਕਾਂ ਯਾਦਗਾਰੀ ਕੰਮ ਗੁਰੂ ਜੀ ਨੇ ਇਸ ਯਾਤਰਾ ਦੌਰਾਨ ਕੀਤੇ। ਇੱਕ ਪਿੰਡ ਮਲੋਵਾਲ ਵਿਚ ਉਹ ਗਏ। ਉਥੇ ਇੱਕ ਹੀ ਖੂਹ ਸੀ ਅਤੇ ਉਸਦਾ ਪਾਣੀ ਵੀ ਖਾਰਾ ਸੀ। ਪਿੰਡ ਦੇ ਲੋਕਾਂ ਨੂੰ ਨਿਰਮਲ ਜਲ ਤੋਂ ਬਿਨਾਂ ਬਹੁਤ ਔਖਿਆਈ ਸੀ। ਪਾਣੀ ਵਾਸਤੇ ਉਹ ਬੜੀ ਦੂਰੋਂ ਪਾਣੀ ਭਰ ਕੇ ਲਿਆਂਦੇ ਸਨ। ਗੁਰੂ ਜੀ ਨੇ ਜਦੋਂ ਆਪਣੀ ਵਰਤੋਂ ਲਈ ਉਸ ਖੂਹ ਦਾ ਪਾਣੀ ਮੰਗਵਾਇਆ ਤਾਂ ਰੱਬ ਦੇ ਪਿਆਰਿਆਂ ਦੀ ਮੌਜ ਵੇਖੋ, ਖੂਹ ਦਾ ਪਾਣੀ ਮਿੱਠਾ ਹੋ ਗਿਆ। ਲੋਕ ਹੈਰਾਨ ਹੋ ਗਏ। ਗੁਰੂ ਜੀ ਨੇ ਉਹਨਾਂ ਨੂੰ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਦਾ ਉਪਦੇਸ਼ ਦਿੱਤਾ ਅਤੇ ਨਾਲ ਹੀ ਵਚਨ ਦਿੱਤਾ ਕਿ ਇੱਥੇ ਨੌਂ ਖੂਹ ਲੱਗਣਗੇ ਅਤੇ ਸਾਰਿਆਂ ਦਾ ਪਾਣੀ ਮਿੱਠਾ ਹੋਵੇਗਾ। ਪਿੰਡ ਦਾ ਚੌਧਰੀ ਗੋਇੰਦਾ ਇਹ ਸੁਣ ਕੇ ਗੁਰੂ ਜੀ ਦੇ ਚਰਨਾਂ ਵਿਚ ਲੇਟ ਗਿਆ। ਗੁਰੂ ਜੀ ਨੇ ਉਸਨੂੰ ਅਤੇ ਉਸਦੇ ਸੱਤੋ ਪੁੱਤਰਾਂ ਨੂੰ ਅਸ਼ੀਰਵਾਦ ਦਿੱਤਾ।

'ਉਥੇ ਨੇੜੇ ਹੀ ਇੱਕ ਪਿੰਡ ਢਾਲੀਵਾਨ ਹੈ। ਗੁਰੂ ਜੀ ਜਦੋਂ ਉਥੇ ਗਏ ਤਾਂ ਵੇਖਿਆ ਕਿ ਉਥੋਂ ਦੇ ਲੋਕਾਂ ਨੂੰ ਦੁੱਧ ਉਪਲਬਧ ਨਹੀਂ ਹੁੰਦਾ। ਦਿਆਲੂ ਗੁਰੂ ਜੀ ਦਾ ਮਨ ਪਿਘਲ ਗਿਆ। ਉਹਨਾਂ ਇੱਕ ਸੌ ਗਾਵਾਂ ਖਰੀਦ ਕੇ ਉਥੋਂ ਦੇ ਲੋਕਾਂ ਵਿਚ ਵੰਡ ਦਿੱਤੀਆਂ ਅਤੇ ਉਹਨਾਂ ਦੀ ਦੇਖਭਾਲ ਕਰਨ ਅਤੇ ਦੁੱਧ ਬੱਚਿਆਂ ਨੂੰ ਪਿਆਉਣ ਦਾ ਆਦੇਸ਼ ਦਿੱਤਾ। ਭੀਖੀ ਪਿੰਡ ਵਿਚ ਇੱਕ ਪ੍ਰੇਮੀ ਸਿੱਖ ਨੂੰ ਔਲਾਦ ਵਾਸਤੇ ਵਰਦਾਨ ਦਿੱਤਾ। ਖੀਵਾ ਦੇ ਇੱਕ ਸਿੱਖ ਦੇ ਪੁੱਤਰ ਦੀ ਮੰਗਣੀ ਉਤੇ ਗੁਰੂ ਜੀ ਨੇ ਆਪ ਪਤਾਸੇ ਵੰਡੇ ਅਤੇ ਉਥੇ ਹਾਜ਼ਰ ਸਾਰਿਆਂ ਨੂੰ ਅਸ਼ੀਰਵਾਦ ਦਿੱਤਾ।

ਭੀਖੀ ਪਿੰਡ ਵਿਚ ਗੁਰੂ ਜੀ ਨੇ ਇੱਕ ਵਿਅਕਤੀ ਦੇਸਰਾਜ ਦੀਆਂ ਸੇਵਾਵਾਂ ਤੋਂ ਪ੍ਰਸੰਨ ਹੋ ਕੇ ਉਸਨੂੰ ਪੰਜ ਤੀਰ ਬਖ਼ਸ਼ਿਸ਼ ਕੀਤੇ ਅਤੇ ਕਿਹਾ ਕਿ ਜਦੋਂ ਤਕ ਇਹ ਤੀਰ ਉਸ ਕੋਲ ਰਹਿਣਗੇ ਧਰਤੀ ਦੀ ਕੋਈ ਤਾਕਤ ਉਸਨੂੰ ਹਰਾ ਨਹੀਂ ਸਕੇਗੀ ਪਰ ਜੇਕਰ ਤੀਰ ਖਤਮ ਹੋ ਗਏ ਤਾਂ ਉਹ ਪਰਿਵਾਰ ਸਹਿਤ ਨਸ਼ਟ ਹੋ ਜਾਵੇਗਾ। ਦੇਸਰਾਜ ਲਾਹੌਰ ਦੇ ਪ੍ਰਸਿਧ ਸੁਲਤਾਨ ਸਖੀ ਸਰਵਰ ਪੀਰ ਦਾ ਸ਼ਾਗਿਰਦ ਸੀ। ਉਸਦੀ ਪਤਨੀ ਨੇ ਉਸਨੂੰ ਪੀਰ ਦੇ ਜਾਦੂ ਦਾ ਡਰ ਦੇ ਕੇ ਤੀਰਾਂ ਨੂੰ ਨਸ਼ਟ ਕਰਨ ਵਾਸਤੇ ਮਜਬੂਰ ਕੀਤਾ। ਕਹਿੰਦੇ ਹਨ ਕਿ ਗੁਰੂ ਜੀ ਦੇ ਵਾਪਸ ਆਉਣ ਦੇ ਕੁਝ ਸਮੇਂ ਅੰਦਰ ਹੀ ਉਸਦਾ ਸਮੁੱਚਾ ਪਰਿਵਾਰ ਖਤਮ ਹੋ ਗਿਆ।

ਤਲਵੰਡੀ ਵਿਚ ਵੀ ਗੁਰੂ ਜੀ ਕੁਝ ਦਿਨ ਰੁਕੇ। ਉਸ ਸਥਾਨ ਨੂੰ ਗੁਰੂ ਜੀ ਨੇ ਮਾਲਵਾ ਵਿਚ ਸਿੱਖ ਸੰਗਤ ਦਾ ਕੇਂਦਰ ਹੋਣ ਦਾ ਵਰਦਾਨ ਦਿੱਤਾ। ਬਠਿੰਡਾ ਵਿਚ ਵੀ ਕਈ ਦਿਨ ਰੁਕੇ। ਉਥੇ ਜੰਗਲ ਵਿਚ ਇੱਕ ਰਾਤ ਗੁਰੂ ਜੀ ਦੇ ਡੇਰੇ ਉਤੇ ਚਾਰ ਚੋਰਾਂ ਨੇ ਧਾਵਾ ਬੋਲ ਦਿੱਤਾ। ਜਦੋਂ ਉਹ ਚੋਰੀ ਕਰਨ ਦੇ ਵਿਚਾਰ ਨਾਲ ਆਏ ਤਾਂ ਉਹਨਾਂ ਡੇਰੇ ਦੇ ਬਾਹਰ ਇੱਕ ਸਿੰਘ ਨੂੰ ਚੌਕੀਦਾਰੀ ਕਰਦਿਆਂ ਵੇਖਿਆ। ਡਰ ਦੇ ਮਾਰੇ ਉਹਨਾਂ ਦਾ ਡੇਰੇ ਦੇ ਅੰਦਰ ਜਾਣ ਦਾ ਹੌਂਸਲਾ

ਨਾ ਪਿਆ ਪਰ ਉਹਨਾਂ ਵਿਚੋਂ ਦੋ ਚੋਰਾਂ ਨੇ ਗੁਰੂ ਜੀ ਦਾ ਘੋੜਾ, ਜਿਹੜਾ ਬਾਹਰ ਬੰਨ੍ਹਿਆ ਹੋਇਆ ਸੀ, ਚੁਰਾਉਣ ਦੀ ਹਿੰਮਤ ਕੀਤੀ ਅਤੇ ਪਕੜੇ ਗਏ। ਸਵੇਰੇ ਜਦੋਂ ਉਹਨਾਂ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਕੀਤਾ ਗਿਆ ਤਾਂ ਗੁਰੂ ਜੀ ਨੇ ਉਹਨਾਂ ਨੂੰ ਹੋਰ ਵੀ ਜੋ ਕੁਝ ਚਾਹੀਦਾ ਹੈ ਉਹ ਲੈ ਜਾਣ, ਪਰ ਰਾਤ ਦੇ ਹਨ੍ਹੇਰੇ ਵਿਚ ਚੋਰੀ ਕਰਕੇ ਨਹੀਂ, ਦਿਨ ਦੀ ਰੌਸ਼ਨੀ ਵਿਚ, ਸਾਰਿਆਂ ਦੀ ਮੌਜੂਦਗੀ ਵਿਚ। ਚੋਰ ਇਸ ਵਿਵਹਾਰ ਤੋਂ ਇੰਨੇ ਸ਼ਰਮਿੰਦਾ ਹੋਏ ਕਿ ਸਦਾ ਵਾਸਤੇ ਉਹਨਾਂ ਚੋਰੀ ਕਰਨਾ ਤਿਆਗ ਦਿੱਤਾ ਅਤੇ ਗੁਰੂ ਜੀ ਦੀ ਸ਼ਰਨ ਵਿਚ ਆ ਗਏ।

ਬਾਂਗੜ ਵਿਚ ਉਹਨਾਂ ਵਰਖਾ ਰੁੱਤ ਬੜਾ ਪਿੰਡ ਵਿਚ ਬਿਤਾਈ। ਵਰਖਾ ਖਤਮ ਹੋਣ ਪਿਛੋਂ ਇਸ ਇਲਾਕੇ ਦੇ ਪਿੰਡਾਂ ਵਿਚ ਵੀ ਗਏ। ਉਥੇ ਹੀ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਬੜੀ ਧੂਮਧਾਮ ਨਾਲ ਮਨਾਇਆ। ਕੀਰਤਨ ਤੇ ਲੰਗਰ ਹੋਇਆ। ਗੁਰੂ ਜੀ ਨੇ ਬਾਣੀ ਦਾ ਪਾਠ ਕੀਤਾ। ਉਥੇ ਦੇ ਦੁਖੀ ਲੋਕਾਂ ਨੂੰ ਚੰਗਾ ਜੀਵਨ ਜਿਉਣ ਲਈ ਇਸ ਤਰ੍ਹਾਂ ਉਪਦੇਸ਼ ਕੀਤਾ:-

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।*
*ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ।। ਰਹਾਉ।।*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।*
*ਹਰਖ ਸੋਗ ਤੇ ਰਹੈ ਨਿਆਰਾਉ ਨਾਹਿ ਮਾਨ ਅਪਮਾਨਾ।*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।*
*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਏਹ ਜੁਗਤਿ ਪਛਾਨੀ।*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।*

'ਗੁਰੂ ਜੀ ਦੀ ਇਸ ਯਾਤਰਾ ਦਾ ਸਪਸ਼ਟ ਉਦੇਸ਼ ਪੰਜਾਬ ਦੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨਾ ਸੀ। ਉਹ ਚਾਹੁੰਦੇ ਸਨ ਕਿ ਲੋਕ ਆਤਮ-ਸਨਮਾਨ ਨਾਲ ਜਿਉਣਾ ਸਿੱਖਣ, ਪਰਸਪਰ ਸਹਿਯੋਗ ਤੇ ਸਨੇਹ ਅਪਣਾਉਣ ਅਤੇ ਆਪਣੀ ਜਾਤ ਤੇ ਧਰਮ ਉਤੇ ਫ਼ਖ਼ਰ ਕਰਨਾ ਸਿੱਖਣ। ਕਿਸੇ ਤਰ੍ਹਾਂ ਦਾ ਡਰ ਉਹਨਾਂ ਨੂੰ ਕਮਜ਼ੋਰ ਨਾ ਕਰ ਸਕੇ। ਉਹ ਨਿਰਜਿੰਦ ਜਨਤਾ ਵਿਚ ਪ੍ਰਮਾਤਮਾ ਦੀ ਆਵਾਜ਼ ਬਣ ਕੇ ਘੁੰਮ ਰਹੇ ਸਨ ਅਤੇ ਪ੍ਰਭੂ ਦੇ ਪਿਆਰੇ ਜੀਵਾਂ ਨੂੰ ਉਪਦੇਸ਼ ਦੇ ਕੇ ਜੀਵਨ ਮੁਕਤ ਬਣਾਉਂਦੇ ਸਨ। ਉਹਨਾਂ ਦੇ ਮਨਾਂ ਵਿਚੋਂ ਮੌਤ ਦਾ ਡਰ ਹਮੇਸ਼ਾ ਲਈ ਮਿਟਾ ਦੇਣਾ ਗੁਰੂ ਜੀ ਦਾ ਮਨੋਰਥ ਸੀ। ਇੰਜ ਹੋਣ ਤੇ ਹੀ ਗ਼ੈਰ-ਮੁਸਲਿਮ ਸਿਰ ਉਚਾ ਕਰਕੇ ਜੀਅ ਸਕਦੇ ਸਨ। ਉਹਨਾਂ ਆਪਣੇ ਜੀਵਨ ਨੂੰ ਸੁਰੱਖਿਅਤ ਆਦਰਸ਼ ਬਣਾ ਕੇ ਅਤੇ ਨਿਡਰ ਸੀਸ ਦਾ ਬਲੀਦਾਨ ਦੇ ਕੇ ਇਸੇ ਮਨੋਰਥ ਦੀ ਪੂਰਤੀ ਹੀ ਤਾਂ ਕੀਤੀ ਹੈ। 'ਗੁਰੂ ਜੀ ਦੇ ਪਿੰਡ ਪਿੰਡ ਘੁੰਮਣ ਅਤੇ ਲੋਕਾਂ ਨੂੰ ਜਾਗ੍ਰਿਤ ਕਰਨ ਦੇ ਉਪਦੇਸ਼ ਦੀ ਸੂਚਨਾ ਬਾਦਸ਼ਾਹ ਨੂੰ ਵੀ ਮਿਲੀ

ਹੋਵੇਗੀ। ਉਸ ਸਿਪਹ-ਏ-ਦੀਨ ਦੇ ਖ਼ੁਫ਼ੀਆ ਅਧਿਕਾਰੀਆਂ ਨੂੰ ਹਾਲਾਤ ਦਾ ਜਾਇਜ਼ਾ ਲੈਣ ਲਈ ਭੇਜਿਆ। ਖ਼ੁਫ਼ੀਆ ਸਿਪਾਹੀਆਂ ਨੇ ਔਰੰਗਜ਼ੇਬ ਨੂੰ ਸ਼ਾਇਦ ਅਜਿਹੀ ਖ਼ਬਰ ਦਿੱਤੀ ਕਿ ਗੁਰੂ ਜੀ ਸਥਾਨਕ ਲੋਕਾਂ ਨੂੰ ਹਕੂਮਤ ਵਿਰੁੱਧ ਤੜਕਾ ਰਹੇ ਹਨ। ਲੋਕਾਂ ਤੋਂ ਬਹੁਤ ਧਨ ਲੈਂਦੇ ਹਨ ਅਤੇ ਗਰੀਬਾਂ ਵਿਚ ਵੰਡ ਦਿੰਦੇ ਹਨ ਜਿਸ ਕਰਕੇ ਲੋਕਾਂ ਵਿਚ ਉਹਨਾਂ ਦਾ ਜਸ ਵਧ ਰਿਹਾ ਹੈ। ਹਜ਼ਾਰਾਂ ਲੋਕ ਗੁਰਮਤਿ ਅੰਗੀਕਾਰ ਕਰ ਰਹੇ ਹਨ, ਜਿਹਨਾਂ ਵਾਸਤੇ ਗੁਰੂ ਦੇ ਸ਼ਬਦ ਇਲਾਹੀ ਫਰਮਾਨ ਤੋਂ ਰਤਾ ਘੱਟ ਨਹੀਂ। ਉਨ੍ਹਾਂ ਨੂੰ ਇੰਨਾ ਨਿਡਰ ਬਣਾਇਆ ਜਾ ਰਿਹਾ ਹੈ ਕਿ ਤਲਵਾਰ ਦੇ ਜ਼ੋਰ ਨਾਲ ਕੀਤਾ ਜਾ ਰਿਹਾ ਇਸਲਾਮ ਦਾ ਪ੍ਰਸਾਰ ਵੀ ਮੱਧਮ ਪੈ ਗਿਆ ਹੈ। ਗੁਰੂ ਦੇ ਸਿੱਖ ਅੰਗ ਅੰਗ ਵੀ ਕਟਵਾਉਣ ਲਈ ਤਤਪਰ ਹੋ ਜਾਂਦੇ ਹਨ, ਪਰ ਆਪਣਾ ਧਰਮ ਨਹੀਂ ਛੱਡਦੇ। ਜੇਕਰ ਗੁਰੂ ਨੂੰ ਸ਼ੀਘਰ ਹੀ ਇਸ ਪ੍ਰਚਾਰ ਦੇ ਕਮ ਤੋਂ ਨਾ ਰੋਕਿਆ ਗਿਆ ਤਾਂ ਇਸਲਾਮ ਨੂੰ ਧੱਕਾ ਲਗੇਗਾ ਹੀ, ਹੋ ਸਕਦਾ ਹੈ ਕਿ ਗੁਰੂ ਇੰਜ ਤਾਕਤ ਪੈਦਾ ਕਰ ਲਵੇ ਕਿ ਆਪਣੇ ਪਿਤਾ ਵਾਂਗ ਮੁਗ਼ਲ ਸ਼ਾਸਨ ਨੂੰ ਮੂੰਹ ਚਿੜਾਉਣ ਲੱਗ ਜਾਵੇ।

'ਇਸ ਤਰ੍ਹਾਂ ਦੀ ਸੂਚਨਾ ਪਾ ਕੇ ਔਰੰਗਜ਼ੇਬ ਨੂੰ ਕਰੋਧ ਆਉਣਾ ਅਤੇ ਗੁਰੂ ਉਤੇ ਕੁਝ ਪਾਬੰਦੀ ਲਾਉਣ ਦਾ ਵਿਚਾਰ ਬਣਨਾ ਕੋਈ ਨਿਰਾਲੀ ਗੱਲ ਨਹੀਂ ਸੀ। ਉਧਰ ਰਾਮ ਰਾਏ ਨੂੰ ਭਾਵੇਂ ਦੇਹਰਾਦੂਨ ਵਿਚ ਜਗੀਰ ਲੈ ਕੇ ਕੁਝ ਤਸਕੀਨ ਤਾਂ ਮਿਲੀ ਸੀ, ਪਰ ਵੇਲੇ ਕੁਵੇਲੇ ਉਹ ਵੀ ਬਾਦਸ਼ਾਹ ਦੇ ਕੰਨ ਭਰਨ ਦਾ ਮੌਕਾ ਹੱਥੋਂ ਜਾਣ ਨਹੀਂ ਸੀ ਦਿੰਦਾ। ਅਖੀਰ, ਬਾਦਸ਼ਾਹ ਨੇ ਗੁਰੂ ਜੀ ਨੂੰ ਸਜ਼ਾ ਦੇਣ ਦਾ ਪੱਕਾ ਫੈਸਲਾ ਕੀਤਾ ਅਤੇ ਮੌਕੇ ਦੀ ਖੋਜ ਕਰਨ ਲੱਗਾ। ਰਾਜਾ ਰਾਮ ਸਿੰਘ ਆਦਿ ਲੋਕਾਂ ਨੇ ਬਾਦਸ਼ਾਹ ਨੂੰ ਸਮਝਾਉਣਾ ਵੀ ਚਾਹਿਆ ਕਿ ਗੁਰੂ ਇੱਕ ਪੀਰ-ਫਕੀਰ ਹੈ, ਉਸ ਤੋਂ ਹਕੂਮਤ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋ ਸਕਦਾ, ਪਰ ਬਾਦਸ਼ਾਹ ਦੀ ਗੋਝ ਹੱਲ ਨਾ ਹੋਈ।

'ਬਾਕੀ ਸ਼ਾਮ ਨੂੰ ', ਭਾਈ ਗੁਰਦਿੱਤਾ ਜੀ ਨੇ ਸਵੇਰ ਦੀ ਸਭਾ ਨੂੰ ਇੱਥੇ ਹੀ ਖਤਮ ਕਰਨਾ ਉਚਿਤ ਸਮਝਿਆ। ਸਰੋਤੇ ਸ਼ਾਮ ਨੂੰ ਹਾਜ਼ਰ ਹੋਣ ਵਾਸਤੇ ਕਹਿ ਕੇ ਚਲੇ ਗਏ।

ਸ਼ਾਮ ਹੁੰਦਿਆਂ ਸਭ ਤੋਂ ਪਹਿਲਾਂ ਰਹਿਮਾਨ ਉਥੇ ਪਹੁੰਚਿਆ। ਉਸ ਦੇ ਚਿਹਰੇ ਉਤੇ ਚਿੰਤਾ ਦੀਆਂ ਰੇਖਾਵਾਂ ਸਪਸ਼ਟ ਦਿਸਦੀਆਂ ਸਨ। ਉਹ ਸਿੱਧਾ ਪੀਰ ਸਾਹਿਬ ਕੋਲ ਗਿਆ ਅਤੇ ਸਤਿਕਾਰ ਨਾਲ ਝੁਕ ਕੇ ਉਸ ਪੀਰ ਸਾਹਿਬ ਨੂੰ ਦੱਸਿਆ ਕਿ ਇੱਕ ਖੁਫੀਆ ਸਿਪਾਹੀ ਤੋਂ ਉਸਨੂੰ ਪਤਾ ਲੱਗਾ ਸੀ ਕਿ ਉਸ ਦਿਨ ਸਿਪਹ-ਏ-ਦੀਨ ਦੇ ਲੋਕਾਂ ਨੂੰ ਪੀਰ ਦੀ ਖ਼ਾਨਗਾਹ ਉਤੇ ਹਮਲਾ ਕਰਨ ਦਾ ਹੁਕਮ ਹੋਇਆ ਹੈ। ਬਾਦਸ਼ਾਹ ਉਸ ਦਿਨ ਤਾਂ ਪੀਰ ਸਾਹਿਬ ਨੂੰ ਮਿਲ ਕੇ ਸੰਤੁਸ਼ਟ ਹੋ ਗਿਆ ਸੀ ਪਰ ਹੁਣ ਸ਼ਾਇਦ ਕਿਸੇ ਨੇ ਜ਼ਿਆਦਾ ਜ਼ਹਿਰ ਉਗਲਿਆ ਹੈ ਅਤੇ ਪੀਰ ਸਾਹਿਬ ਉਤੇ ਕੁਫਰ ਦੇ ਪ੍ਰਚਾਰ ਦਾ ਦੋਸ਼ ਲਾਇਆ ਹੈ।

'ਚੰਗਾ ਤਾਂ ਇਹੀ ਹੈ, ਪੀਰ ਸਾਹਿਬ, ਜੇਕਰ ਅੱਜ ਸ਼ਾਮ ਤੁਸੀਂ ਉਥੇ ਨਾ ਬੈਠੋ। ਇੱਕੋਂ ਕਿਧਰੇ ਦੂਰ ਚਲੇ ਜਾਓ, ' ਰਹਿਮਾਨ ਨੇ ਸੁਝਾਅ ਦਿੱਤਾ।

'ਨਹੀਂ ਇਹ ਤਾਂ ਬੁਜ਼ਦਿਲੀ ਹੈ। ਮੈਂ ਜੇਕਰ ਕਿਸੇ ਪੀਰ-ਓ-ਮੁਰਸ਼ਿਦ ਦੀ ਜੀਵਨ ਗਾਥਾ ਸੁਣਦਾ ਵੀ ਹਾਂ ਤਾਂ ਕੋਈ ਗੁਨਾਹ ਤਾਂ ਨਹੀਂ ਕਰਦਾ, ' ਪੀਰ ਸਾਹਿਬ ਬੋਲੇ।

'ਆਪ ਦਾ ਫ਼ੁਰਮਾਨ ਤਾਂ ਠੀਕ ਹੈ ਪਰ ਮੁਤੱਸਬ ਦੀ ਅੱਖ ਕਾਣੀ ਹੁੰਦੀ ਹੈ, ਪੀਰ ਸਾਹਿਬ ਉਹ ਦੂਜੇ ਪਾਸੇ ਵੇਖਦੇ ਹੀ ਕਦੋਂ ਨੇ।'

'ਭਾਈ ਸਾਹਿਬ ਨੂੰ ਇਸ ਦੀ ਬਹੁਤ ਜ਼ਿਆਦਾ ਤਕਲੀਫ਼ ਹੋਵੇਗੀ। ਉਹ ਤਾਂ ਉਸੇ ਦਿਨ ਸਾਡੀ ਭਲਾਈ ਲਈ ਇੱਥੋਂ ਜਾਣ ਲਈ ਤਿਆਰ ਹੋ ਗਏ ਸਨ। ਹੁਣ ਉਹਨਾਂ ਵਿਚ ਕਮਜ਼ੋਰੀ ਵੀ ਵਧ ਗਈ ਹੈ। ਪ੍ਰਮਾਤਮਾ ਦੀ ਮਰਜ਼ੀ: ਕੌਣ ਜਾਣੇ ਕਿੰਨੇ ਦਿਨ ਦੀ ਜ਼ਿੰਦਗੀ ਉਹਨਾਂ ਦੀ ਬਾਕੀ ਹੈ। ਹੈ ਵੀ ਜਾਂ ਨਹੀਂ। ਅਜਿਹੀ ਹਾਲਤ ਵਿਚ ਮੈਂ ਉਹਨਾਂ ਤੋਂ ਦੂਰ ਨਹੀਂ ਜਾ ਸਕਦਾ, ਰਹਿਮਾਨ ! ਜੋ ਹੋਵੇਗਾ, ਵੇਖ ਲਵਾਂਗੇ।'

ਰਹਿਮਾਨ ਦੀਆਂ ਅੱਖਾਂ ਵਿੱਚੋਂ ਅੱਥਰੂ ਡਲ੍ਹਕ ਪਏ। ਬੋਲਿਆ, 'ਪੀਰ ਸਾਹਿਬ, ਇਹ ਸਭ ਮੈਂ ਜਾਣਦਾ ਹਾਂ ਪਰ ਜੇਕਰ ਆਪ ਨੂੰ ਕੋਈ ਨੁਕਸਾਨ ਪਹੁੰਚਿਆ ਤਾਂ ਅਸੀਂ ਸਾਰੇ ਜੀਅ ਕੇ ਕੀ ਕਰਾਂਗੇ। ਇਹ ਅੰਨ੍ਹਾ ਬਾਦਸ਼ਾਹ ਆਪਣੀਆਂ ਅੱਖਾਂ ਨਾਲ ਤੇ ਵੇਖਦਾ ਨਹੀਂ, ਧਰਮ ਦੇ ਰਖਵਾਲੇ ਅਖਵਾਉਣ ਵਾਲੇ ਜਾਨਵਰ ਹਨ, ਇਨਸਾਨ ਨਹੀਂ। ਇਸ ਗੱਲ ਤੋਂ ਹੀ ਡਰਦਾ ਹਾਂ।

'ਪ੍ਰਮਾਤਮਾ ਸਭ ਵੇਖਦਾ ਹੈ ਅਤੇ ਉਹੀ ਹੁੰਦਾ ਹੈ ਜੋ ਉਸਨੂੰ ਮਨਜ਼ੂਰ ਹੁੰਦਾ ਹੈ, 'ਪੀਰ ਸਾਹਿਬ ਨੇ ਮਾਲਾ ਵਾਲਾ ਹੱਥ ਚੁੱਕ ਕੇ ਕਿਹਾ, 'ਘਬਰਾਓ ਨਹੀਂ ਰਹਿਮਾਨ: ਪ੍ਰਮਾਤਮਾ ਵਿਚ ਭਰੋਸਾ ਰੱਖੋ।'

'ਕੁਝ ਹੋਰ ਸਰੋਤੇ ਵੀ ਆਉਣ ਲੱਗ ਪਏ ਸਨ। ਕੁਝ ਭਾਈ ਗੁਰਦਿੱਤਾ ਜੀ ਕੋਲ ਜਾ ਬੈਠੇ ਸਨ। ਇੱਕ ਦੋ ਆਪਣੇ ਮੁਰਸ਼ਿਦ ਨੂੰ ਪ੍ਰਣਾਮ ਕਰਨ ਵਾਸਤੇ ਉਥੇ ਹੀ ਪਹੁੰਚ ਗਏ ਸਨ। ਇਸ ਲਈ ਰਹਿਮਾਨ ਨੇ ਗੱਲ ਖ਼ਤਮ ਕਰਦਿਆਂ ਕਿਹਾ, 'ਠੀਕ ਹੈ, ਪੀਰ ਸਾਹਿਬ, ਆਪ ਦਾ ਹੁਕਮ ਸਿਰ ਮੱਥੇ। ਆਓ, ਭਾਈ ਸਾਹਿਬ ਕੋਲ ਚੱਲੀਏ।'

ਸਾਰੇ ਲੋਕ ਭਾਈ ਗੁਰਦਿੱਤਾ ਜੀ ਦੇ ਆਲੇ ਦੁਆਲੇ ਰੋਜ਼ ਵਾਂਗ ਆ ਜੁੜੇ। ਭਾਈ ਨੇ ਸਾਰਿਆਂ ਨੂੰ ਆਦਰ ਤੇ ਪਿਆਰ ਨਾਲ ਬਿਠਾਇਆ। ਭਾਈ ਗੁਰਦਿੱਤਾ ਜੀ ਜਾਣਦੇ ਸਨ ਕਿ ਅੱਜ ਦੀ ਇਹ ਆਖਰੀ ਬੈਠਕ ਹੈ। ਉਹਨਾਂ ਦਾ ਅੰਤਮ ਸਮਾਂ ਆ ਚੁੱਕਾ ਹੈ, ਕਿਸੇ ਵੀ ਪਲ ਉਹਨਾਂ ਨੂੰ ਜੀਵਨ ਦੀ ਡੋਰੀ ਕੱਟ ਕੇ ਉਸ ਪਰਮ ਜੋਤੀ ਵਿਚ ਲੀਨ ਹੋਣ ਦਾ ਸੱਦਾ ਆ ਸਕਦਾ ਹੈ। ਉਹ ਉਸ ਦੀ ਉਡੀਕ ਵਿਚ ਹਨ। ਉਹ ਗੁਰੂ ਕਥਾ ਸ਼ੀਘਰ ਸਮਾਪਤ ਕਰ ਦੇਣਾ ਚਾਹੁੰਦੇ

ਹਨ। ਰਹਿਮਾਨ ਦੇ ਮਨ ਉਤੇ ਕੋਈ ਭਾਰ ਹੈ, ਇਹ ਉਸਦੇ ਚਿਹਰੇ ਤੋਂ ਪ੍ਰਗਟ ਹੋ ਰਿਹਾ ਹੈ। ਭਾਈ ਦੀ ਅਨੁਭਵੀ ਅੱਖ ਤੋਂ ਵੀ ਇਹ ਲੁਕਿਆ ਨਹੀਂ ਰਹਿ ਸਕਿਆ।

'ਕਿਉਂ ਭਾਈ ਰਹਿਮਾਨ, ਅੱਜ ਉਦਾਸ ਦਿਸ ਰਹੇ ਹੋ। ਕੀ ਕੋਈ ਖਾਸ ਗੱਲ ਹੈ?

'ਨਹੀਂ, ਭਾਈ ਸਾਹਿਬ, ਅਜਿਹਾ ਤਾਂ ਕੁਝ ਨਹੀਂ, 'ਉਸ ਆਪਣੇ ਦਿਲ ਦੀ ਉਦਾਸੀ ਨੂੰ ਬਨਾਵਟੀ ਮੁਸਕਰਾਹਟ ਵਿਚ ਛੁਪਾਉਂਦਿਆਂ ਕਿਹਾ।'

'ਮੇਰੀ ਚਿੰਤਾ ਹੈ ਤਾਂ ਤਿਆਗ ਦੇਵੋ। ਆਪਣੀ ਕੋਈ ਗੱਲ ਹੈ ਤਾਂ ਨਿਡਰ ਹੋ ਕੇ ਜੀਓ। ਬਾਦਸ਼ਾਹ ਜਾਂ ਉਸਦੇ ਸਿਪਹ-ਏ-ਦੀਨ ਤੁਹਾਡੇ ਲੋਕਾਂ ਦਾ ਕੁਝ ਨਹੀਂ ਵਿਗਾੜ ਸਕਦੇ, ਗੁਰੂ ਦੀ ਅਜਿਹੀ ਹੀ ਇੱਛਾ ਹੈ। ਵਾਹਿਗੁਰੂ'। ਭਾਈ ਗੁਰਦਿੱਤਾ ਨੇ ਜਿਵੇਂ ਅਭੈ-ਦਾਨ ਦਿੰਦਿਆਂ ਆਪਣੇ ਸਰੋਤਿਆਂ ਉਤੇ ਇਸ ਤਰ੍ਹਾਂ ਹੱਥ ਚੁੱਕਿਆ ਜਿਵੇਂ ਵਡਮੁੱਲੀਆਂ ਖੁਸ਼ੀਆਂ ਵੰਡ ਰਹੇ ਹੋਣ।

'ਪ੍ਰਮਾਤਮਾ ਦੇ ਬੰਦਿਆਂ ਦੀ ਹਰ ਗੱਲ ਵਿਚ ਕੋਈ ਭੇਦ ਹੁੰਦਾ ਹੈ, ਰਹਿਮਾਨ: ਹੁਣ ਨਿਸ਼ਚਿੰਤ ਹੋ ਜਾਓ', ਪੀਰ ਕਰੀਮ ਬਖ਼ਸ਼ ਹੌਲੀ ਜਿਹੇ ਬੋਲੇ।

ਕਥਾ ਆਰੰਭ ਹੋਈ। ਭਾਈ ਗੁਰਦਿੱਤਾ ਜੀ ਬੋਲੇ, 'ਗੁਰੂ ਜੀ ਅਨੰਦਪੁਰ ਪਰਤ ਆਏ। ਦੇਸ਼ ਵਿਚ ਦੋ ਥਾਵਾਂ ਦੇ ਬ੍ਰਾਹਮਣ ਵਧੇਰੇ ਧਾਰਮਿਕ ਤੇ ਸਤਿਕਾਰਯੋਗ ਮੰਨੇ ਜਾਂਦੇ ਹਨ-ਬਨਾਰਸ ਤੇ ਕਸ਼ਮੀਰ। ਔਰੰਗਜ਼ੇਬ ਨੇ ਸੋਚਿਆ ਕਿ ਬ੍ਰਾਹਮਣ ਹਿੰਦੂਆਂ ਦੇ ਧਰਮ-ਗੁਰੂ ਹਨ। ਇਸ ਲਈ ਜੇਕਰ ਇਹਨਾਂ ਨੂੰ ਡਰਾ ਧਮਕਾ ਕੇ ਮੁਸਲਮਾਨ ਬਣਾ ਲਿਆ ਜਾਵੇ ਤਾਂ ਸਾਰੇ ਦੇ ਸਾਰੇ ਹਿੰਦੂ ਆਪਣੇ ਆਪ ਮੁਸਲਿਮ ਧਰਮ ਅੰਗੀਕਾਰ ਕਰ ਲੈਣਗੇ। ਸਮੱਸਿਆ ਛੇਤੀ ਹੱਲ ਹੋ ਜਾਵੇਗੀ। ਅਜਿਹਾ ਸੋਚ ਕੇ ਹੀ ਉਸ ਬਨਾਰਸ ਤੇ ਕਸ਼ਮੀਰ ਦੇ ਨਵਾਬਾਂ ਨੂੰ ਅਜਿਹੇ ਖੁਫ਼ੀਆ ਹੁਕਮ ਭੇਜੇ ਸਨ ਕਿ ਕਿਸੇ ਵੀ ਨੀਤੀ ਨੂੰ ਅਪਣਾ ਕੇ ਬ੍ਰਾਹਮਣਾਂ ਨੂੰ ਧਰਮ ਪਰਿਵਰਤਨ ਲਈ ਮਜ਼ਬੂਰ ਕਰ ਦੇਣ। ਸਿੱਟੇ ਵਜੋਂ ਉਹਨਾਂ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਘਿਨਾਉਣੇ ਤੋਂ ਘਿਨਾਉਣੇ ਅਤਿਆਚਾਰ ਬਨਾਰਸ ਤੇ ਕਸ਼ਮੀਰ ਦੇ ਬ੍ਰਾਹਮਣਾਂ ਉਤੇ ਹੋਣ ਲੱਗ ਗਏ। ਔਰੰਗਜ਼ੇਬ ਦਾ ਵਿਸ਼ਵਾਸ ਦਿਨੋਂ ਦਿਨ ਪੱਕਾ ਹੁੰਦਾ ਗਿਆ ਕਿ ਉਹ ਨਿਸ਼ਚਿਤ ਤੌਰ ਤੇ ਮੰਨਣ ਲੱਗ ਪਿਆ ਸੀ ਕਿ ਉਹ ਬ੍ਰਾਹਮਣਾਂ ਦੇ ਧਰਮ ਪਰਿਵਰਤਨ ਦਾ ਅਰਥ ਹੋਵੇਗਾ ਸਮੁੱਚੇ ਦੇਸ਼ ਵਾਸੀਆਂ ਦੀ ਧਰਮ-ਬਦਲੀ। ਸਿੱਖ ਸੰਗਤ ਦੀ ਸੁਦ੍ਰਿੜ੍ਹਤਾ ਨਾਲ ਉਸ ਦਾ ਅਜੇ ਵਾਹ ਨਹੀਂ ਸੀ ਪਿਆ।

'ਬਨਾਰਸ ਦੇ ਬ੍ਰਾਹਮਣਾਂ ਨੇ ਸਥਿਤੀ ਨੂੰ ਪਰਖਿਆ ਅਤੇ ਉਹ ਸ਼ਹਿਰ ਛੱਡ ਛੱਡ ਕੇ ਉਥੋਂ ਭੱਜਣ ਲੱਗ ਪਏ। ਬਹੁਤ ਸਾਰੇ ਜੰਗਲਾਂ ਵਿਚ ਜਾ ਵਸੇ। ਕੁਝ ਨੇ ਦੁਰੇਡੇ ਪਿੰਡਾਂ ਵਿਚ ਜਾ ਡੇਰਾ ਕੀਤਾ। ਵੇਖਦੇ ਵੇਖਦੇ ਸ਼ੰਕਰ ਦੀ ਨਗਰੀ ਕਾਸ਼ੀ ਬ੍ਰਾਹਮਣਾਂ ਤੋਂ ਖ਼ਾਲੀ ਦਿਸਣ ਲੱਗ ਪਈ। ਬਾਦਸ਼ਾਹ ਤਿਲਮਿਲਾਇਆ। ਬ੍ਰਾਹਮਣਾਂ ਦੇ ਲੁਕ ਜਾਣ ਜਾਂ ਦੌੜ ਜਾਣ ਨਾਲ ਉਸਦਾ ਨਿਸ਼ਾਨਾ ਪੂਰਾ ਨਹੀਂ ਹੁੰਦਾ-ਉਹ ਤਾਂ ਉਹਨਾਂ ਨੂੰ ਮੁਸਲਮਾਨ ਬਣਿਆ ਵੇਖਣਾ ਚਾਹੁੰਦਾ ਸੀ।

ਬਨਾਰਸ ਦੀ ਅਸਫਲਤਾ ਕਰਕੇ ਕਸ਼ਮੀਰ ਵਿਚ ਅਤਿਆਚਾਰ ਦਾ ਰੂਪ ਬਦਲਿਆ ਤੇ ਤੀਬਰਤਾ ਵਧੀ। ਉਹਨਾਂ ਦਿਨਾਂ ਵਿਚ ਅਫਤੀਖ਼ਾਰ ਖਾਂ ਨਾਂ ਦਾ ਹਾਕਮ ਦਿੱਲੀ ਦਰਬਾਰ ਵਲੋਂ ਕਸ਼ਮੀਰ ਵਿਚ ਨਿਯੁਕਤ ਹੋਇਆ। ਉਹ ਇੰਨਾ ਕੱਟੜ, ਕਠੋਰ ਤੇ ਹਠਧਰਮੀ ਸੀ ਕਿ ਹਰ ਨਵੀਂ ਸਵੇਰ ਉਹ ਸੈਂਕੜੇ ਬ੍ਰਾਹਮਣਾਂ ਨੂੰ ਜਾਂ ਤਾਂ ਮਾਰ ਦਿੰਦਾ ਸੀ ਜਾਂ ਜਬਰੀ ਉਹਨਾਂ ਦਾ ਧਰਮ- ਪਰਿਵਰਤਨ ਕਰਦਾ ਸੀ। '

'ਕੁਰੂਕਸ਼ੇਤਰ, ਹਰਿਦੁਆਰ, ਇਲਾਹਾਬਾਦ ਆਦਿ ਥਾਵਾਂ ਉਤੇ ਵੀ ਬ੍ਰਾਹਮਣਾਂ ਨੂੰ ਇਸੇ ਤਰ੍ਹਾਂ ਦੇ ਮਾੜੀ ਹਾਲਤ ਦਾ ਮੁਕਾਬਲਾ ਕਰਨਾ ਪੈ ਰਿਹਾ ਸੀ। ਸਾਰਿਆਂ ਦੀ ਹਾਲਤ ਚਿੰਤਾਜਨਕ ਸੀ। ਇਸ ਲਈ ਕੁਝ ਧਰਮ ਨੂੰ ਪਿਆਰ ਕਰਨ ਵਾਲੇ ਬ੍ਰਾਹਮਣਾਂ ਨੇ ਇਸ ਸਥਿਤੀ ਤੋਂ ਦੁਖੀ ਹੋ ਕੇ ਅਮਰ ਨਾਥ ਦੇ ਸ਼ਿਵ ਮੰਦਰ ਵਿਚ ਜਾ ਕੇ ਕਲਿਆਣ ਦੇ ਦੇਵਤਾ ਸ਼ਿਵ ਆਪਣੀ ਮਾੜੀ ਹਾਲਤ ਕਹਿਣ ਤੇ ਜਾਨ ਬਚਾਉਣ ਲਈ ਰੱਖਿਆ ਵਾਸਤੇ ਪ੍ਰਾਰਥਨਾ ਕਰਨ ਦਾ ਫੈਸਲਾ ਕੀਤਾ। ਬਹੁਤ ਸਾਰੇ ਬ੍ਰਾਹਮਣ ਅਮਰ ਨਾਥ ਦੇ ਸ਼ਿਵ ਧਾਮ ਵਿਚ ਜਾ ਕੇ ਪਹੁੰਚੇ। ਸੁਣਿਆ ਹੈ ਪ੍ਰਾਰਥਨਾ ਪਿੱਛੋਂ ਦੀ ਰਾਤ ਨੂੰ ਇੱਕ ਬ੍ਰਾਹਮਣ ਨੂੰ ਸ਼ਿਵ ਦੇ ਦਰਸ਼ਨ ਹੋਏ। ਸ਼ਿਵਜੀ ਨੇ ਉਸਨੂੰ ਦੱਸਿਆ ਕਿ ਔਰੰਗਜ਼ੇਬ ਦੇ ਅਤਿਆਚਾਰ ਤੋਂ ਛੁਟਕਾਰਾ ਪਾਉਣ ਲਈ ਪੰਜਾਬ ਵਿਚ ਗੁਰੂ ਤੇਗ ਬਹਾਦਰ ਜੀ ਕੋਲ ਜਾਓ, ਉਹ ਹੀ ਤੁਹਾਡੇ ਰੱਖਿਅਕ ਹੋ ਸਕਦੇ ਹਨ, ਉਹ ਪ੍ਰਮਾਤਮਾ ਦੇ ਅਸਲੀ ਪ੍ਰਤੀਨਿਧ ਹਨ। ਮਿਹਰਬਾਨ ਹੋ ਕੇ ਉਹ ਕਠੋਰਤਾ ਤੇ ਨਿਰਦਾਇਤਾ ਤੋਂ ਤੁਹਾਡੀ ਰੱਖਿਆ ਕਰਨਗੇ। ਉਸ ਬ੍ਰਾਹਮਣ ਨੇ ਸੁਪਨੇ ਦੀ ਗੱਲ ਸਾਰਿਆਂ ਨੂੰ ਦੱਸੀ। ਉਚਿਤ ਵਿਚਾਰ ਵਟਾਂਦਰੇ ਪਿੱਛੋਂ ਉਹਨਾਂ ਨੇ ਗੁਰੂ ਜੀ ਨੂੰ ਪ੍ਰਾਰਥਨਾ ਕਰਨ ਦਾ ਫੈਸਲਾ ਕੀਤਾ।'

ਦੇਸ਼ ਦੇ ਪ੍ਰਸਿੱਧ ਤੀਰਥ-ਸਥਾਨਾਂ ਦੇ ਬ੍ਰਾਹਮਣ ਪ੍ਰਤੀਨਿਧਾਂ ਦਾ ਇੱਕ ਵਿਸ਼ਿਸ਼ਟ ਮੰਡਲ ਗੁਰੂ ਜੀ ਕੋਲ ਅਨੰਦਪੁਰ ਆਉਣ ਲਈ ਤਿਆਰ ਹੋਇਆ। ਕਸ਼ਮੀਰੀ ਬ੍ਰਾਹਮਣ ਕਿਰਪਾ ਰਾਮ ਨੂੰ ਉਸ ਮੰਡਲ ਦਾ ਨੇਤਾ ਥਾਪਿਆ ਗਿਆ। ਕਿਰਪਾ ਰਾਮ ਉਥੋਂ ਦੇ ਸੰਸਕ੍ਰਿਤ ਵਿਦਿਆਲਾ ਦਾ ਮੁੱਖ ਅਧਿਆਪਕ ਸੀ ਅਤੇ ਆਪਣੀ ਵਿਦਵਤਾ ਤੇ ਸ਼ਾਸਤਰ ਗਿਆਨ ਕਰਕੇ ਹਰ ਜਗ੍ਹਾ ਸਨਮਾਨਿਆ ਜਾਂਦਾ ਸੀ।

ਕਿਰਪਾ ਰਾਮ ਦਾ ਵਿਸ਼ਿਸ਼ਟ ਮੰਡਲ ਜਦੋਂ ਅਨੰਦਪੁਰ ਪਹੁੰਚਿਆ ਤਾਂ ਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਸੀ। ਕੋਲ ਹੀ ਗੋਬਿੰਦ ਰਾਏ ਬੈਠੇ ਸਨ ਜੋ ਕਿ ਹੁਣ ਤਕਰੀਬਨ ਨੌਂ ਸਾਲਾਂ ਦੇ ਹੋ ਚੁੱਕੇ ਸਨ। ਗੁਰੂ ਜੀ ਦੇ ਦੀਵਾਨ ਦਿਆਲ ਦਾਸ ਕੁਝ ਬੇਨਤੀ ਕਰ ਰਹੇ ਸਨ। ਮੈਂ ਪੋਥੀ ਸਾਹਿਬ ਵਿਚੋਂ ਪਾਠ ਅਜੇ ਖਤਮ ਹੀ ਕੀਤਾ ਸੀ, ਪ੍ਰਸ਼ਾਦ ਵੀ ਅਜੇ ਵੰਡਿਆ ਨਹੀਂ ਸੀ ਗਿਆ ਤਾਂ ਉਸ ਵੇਲੇ ਖ਼ਬਰ ਆਈ ਕਿ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਦੇ ਬ੍ਰਾਹਮਣਾਂ ਦਾ ਇੱਕ ਪ੍ਰਤੀਨਿਧ ਮੰਡਲ ਗੁਰੂ ਜੀ ਨੂੰ ਮਿਲਣਾ ਚਾਹੁੰਦਾ ਹੈ। ਗੁਰੂ ਜੀ ਵਲੋਂ ਇਜਾਜ਼ਤ ਮਿਲਣ ਉਤੇ ਉਹਨਾਂ ਨੂੰ ਹਜ਼ੂਰੀ ਵਿਚ ਹਾਜ਼ਰ ਕੀਤਾ ਗਿਆ। ਕਿਰਪਾ ਰਾਮ ਨੇ ਅੱਗੇ ਵਧ ਕੇ ਗੁਰੂ ਜੀ ਦੇ ਚਰਨ ਛੂਹੇ ਅਤੇ ਇੱਕ ਲਿਖਤੀ ਅਰਜ਼ੀ ਉਹਨਾਂ ਦੇ ਹੱਥਾਂ ਵਿਚ ਸੌਂਪਦਿਆਂ ਬੇਨਤੀ ਕੀਤੀ, 'ਹੇ ਮਾਲਕ ! ਮੁਸਲਮਾਨਾਂ ਦੇ ਨਿਰਦਈ ਵਿਹਾਰ ਅਤੇ ਸੰਕੀਰਣ ਦ੍ਰਿਸ਼ਟੀਕੋਣ ਕਰਕੇ ਦੇਸ਼ ਭਰ

ਵਿਚ ਹਿੰਦੂ ਜਨਤਾ, ਖਾਸ ਕਰਕੇ ਬ੍ਰਾਹਮਣਾਂ ਉਤੇ ਭਿਅੰਕਰ ਅਤਿਆਚਾਰ ਕੀਤੇ ਜਾ ਰਹੇ ਹਨ। ' ਸਾਡੇ ਸੰਸਕਾਰ ਚਿੰਨ੍ਹਾਂ ਨੂੰ ਭ੍ਰਿਸ਼ਟ ਕੀਤਾ ਜਾ ਰਿਹਾ ਹੈ। ਸਮੁੱਚੇ ਦੇਸ਼ ਵਿਚ ਹਿੰਦੂ ਧਰਮ ਤੇ ਜਾਤੀ ਨੂੰ ਖਤਮ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਸਾਡੇ ਮੰਦਰਾਂ ਨੂੰ ਅਪਵਿੱਤਰ ਕੀਤਾ ਜਾ ਰਿਹਾ ਹੈ। ਉਥੇ ਜਬਰੀ ਗਊ-ਹੱਤਿਆ ਹੁੰਦੀ, ਅਵਤਾਰਾਂ ਦੀਆਂ ਮੂਰਤੀਆਂ ਤੋੜੀਆਂ ਜਾ ਰਹੀਆਂ ਹਨ। ਸਾਨੂੰ ਸਾਡੇ ਵਿਧੀ-ਵਿਧਾਨ ਅਨੁਸਾਰ ਜਿਉਣ ਨਹੀਂ ਦਿੱਤਾ ਜਾਂਦਾ। ਜ਼ਬਰਦਸਤੀ ਸਾਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਨਕਾਰ ਕਰਨ ਉਤੇ ਸਾਡੇ ਅੰਗ ਕਟ ਦਿੱਤੇ ਜਾਂਦੇ ਹਨ, ਇੱਥੋਂ ਤੱਕ ਕਿ ਜਾਨੋਂ ਵੀ ਮਾਰ ਦਿੱਤਾ ਜਾਂਦਾ ਹੈ। ਸਿਰਫ਼ ਬਨਾਰਸ ਅਤੇ ਕਸ਼ਮੀਰ ਵਿਚ ਹੀ ਹਜ਼ਾਰਾਂ ਬ੍ਰਾਹਮਣ ਮਾਰੇ ਜਾ ਚੁੱਕੇ ਹਨ, ਇਸ ਤੋਂ ਕਿਧਰੇ ਜ਼ਿਆਦਾ ਗਿਣਤੀ ਵਿਚ ਲੋਕਾਂ ਨੇ ਜ਼ਿੰਦਗੀ ਦੇ ਲਾਲਚ ਵਿਚ ਇਸਲਾਮ ਗ੍ਰਹਿਣ ਕਰ ਲਿਆ ਹੈ। ਸੱਚੇ ਪਾਤਸ਼ਾਹ! ਅਸੀਂ ਆਪ ਜੀ ਦੀ ਸ਼ਰਨ ਆਏ ਹਾਂ, ਰੱਖਿਆ ਕਰੋ। ਸਾਡੀ ਲੱਜ-ਪਤ ਆਪ ਜੀ ਦੇ ਹੱਥ ਹੈ, ਧਰਮ ਦੇ, ਜਾਤੀ ਦੇ ਹੁਣ ਆਪ ਹੀ ਰਖਵਾਲੇ ਹੋ, ਸਾਨੂੰ ਮੌਤ ਦੇ ਅਧਰਮ ਦੇ ਘੋਰ ਅੰਧਕਾਰ ਵਿੱਚੋਂ ਰੌਸ਼ਨੀ ਬਖ਼ਸ਼ੋ, ਗੁਰੂਦੇਵ ! ਰੱਖਿਆ ਕਰੋ, ਦਿਆਲੂ ਜੀਓ।'

ਗੁਰੂ ਜੀ ਬ੍ਰਾਹਮਣ ਦੀ ਪ੍ਰਾਰਥਨਾ ਸੁਣ ਕੇ ਪਿਘਲ ਗਏ। ਤਰਸ ਦੇ ਪੁੰਜ ਭਰੇ ਹੋਏ ਗੱਚ ਨਾਲ ਬੋਲੇ, 'ਔਰੰਗਜ਼ੇਬੀ ਹਕੂਮਤ ਦਾ ਵਧਦਾ ਅਤਿਆਚਾਰ ਮੁਗ਼ਲ ਰਾਜ ਦੀ ਨੀਂਹ ਖੋਖਲੀ ਕਰ ਰਿਹਾ ਹੈ। ਮੈਨੂੰ ਆਪ ਲੋਕਾਂ ਦੀ ਚਿੰਤਾਜਨਕ ਹਾਲਤ ਬਾਰੇ ਜਾਣ ਕੇ ਬੇਹੱਦ ਦੁੱਖ ਹੋਇਆ ਹੈ। ਮੈਨੂੰ ਅਫ਼ਸੋਸ ਹੈ ਕਿ ਹੁਣ ਤੱਕ ਕਿਉਂ ਇਸ ਹਾਲਤ ਬਾਰੇ ਗੰਭੀਰਤਾ ਨਾਲ ਸੋਚਿਆ ਹੀ ਨਹੀਂ ਗਿਆ।'

'ਗੁਰੂਦੇਵ, ਇੱਕ ਹੋਰ ਬ੍ਰਾਹਮਣ ਪ੍ਰਤੀਨਿਧ ਬੋਲਿਆ, 'ਆਪ ਜੀ ਦੇ ਪਿਤਾ ਜੀ ਨੇ ਰਣ-ਭੂਮੀ ਵਿਚ ਇਹਨਾਂ ਮੁਗ਼ਲਾਂ ਨੂੰ ਹਥਿਆਰ ਸੁਟਣ ਉਤੇ ਮਜ਼ਬੂਰ ਕੀਤਾ ਸੀ, ਚਾਰ ਚਾਰ ਵਾਰ ਗੁਰੂ ਹਰਿਗੋਬਿੰਦ ਜੀ ਤੋਂ ਹਾਰ ਕੇ ਇਹਨਾਂ ਦੀ ਤਾਕਤ ਦਾ ਮਾਣ ਟੁੱਟਾ ਸੀ। ਆਪ ਦੇ ਦਾਦਾ ਜੀ ਨੇ ਆਪ ਆਪਣਾ ਬਲੀਦਾਨ ਦੇ ਕੇ ਸੱਚ ਤੇ ਪਵਿੱਤਰਤਾ ਦੀ ਰੱਖਿਆ ਕੀਤੀ- ਹਕੂਮਤ ਦਾ ਝੂਠ, ਦੰਭ ਤੇ ਅਡੰਬਰ ਉਹਨਾਂ ਸਾਹਮਣੇ ਝੁਕ ਗਿਆ। ਆਪ ਜੀ ਦੇ ਸੁਤੰਤਰਤਾ ਦੇ ਮੋਹ ਅਤੇ ਅਧਿਆਤਮਕ ਬਲ ਤੋਂ ਪੂਰਾ ਦੇਸ਼ ਜਾਣੂੰ ਹੈ। ਨਿਰਜੀਵੜਿਆਂ ਦੀ ਆਪ ਇੱਕੋ ਇੱਕ ਟੇਕ ਹੋ, ਨਿਆਸਰਿਆਂ ਦੇ ਆਸਰਾ ਹੋ ਅਤੇ ਨਿਓਟਿਆਂ ਦੀ ਓਟ ਹੋ। ਅਸੀਂ ਆਪ ਜੀ ਦੀ ਸ਼ਰਨ ਵਿਚ ਆਏ ਹਾਂ, ਦੇਸ਼ ਭਰ ਵਿਚ ਧਰਮ ਤੇ ਸੰਸਕਾਰ ਉਤੇ ਮੁਸੀਬਤ ਆਈ ਹੈ, ਕਿਰਪਾ ਨਿਧਾਨ ਸਾਨੂੰ ਸਹਾਰਾ ਦਿਓ।'

ਗੁਰੂ ਜੀ ਨਿਮਰਤਾ ਪੂਰਵਕ ਬੋਲੇ, 'ਚਿੰਤਾ ਛੱਡੋ, ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਸਹਾਰਾ ਲੈਣ ਵਾਸਤੇ ਆਏ ਹੋ, ਵਾਹਿਗੁਰੂ ਆਪ ਦੀ ਰੱਖਿਆ ਕਰੇਗਾ। ਧਰਮ,

ਜਾਤੀ ਤੇ ਸੰਸਕਾਰ ਚਿੰਨ੍ਹ ਕਾਇਮ ਰਹਿਣਗੇ, ਪ੍ਰਮਾਤਮਾ ਵਿਚ ਭਰੋਸਾ ਰੱਖੋ, ਸਭ ਠੀਕ ਹੀ ਹੋਵੇਗਾ।'

ਬ੍ਰਾਹਮਣਾਂ ਦੀ ਜਾਨ ਵਿਚ ਜਾਨ ਆਈ ਪਰ ਗੁਰੂ ਜੀ ਉਹਨਾਂ ਨੂੰ ਢਾਰਸ ਬੰਨ੍ਹਵਾ ਕੇ ਆਪ ਕਿਸੇ ਡੂੰਘੀ ਚਿੰਤਾ ਵਿਚ ਡੁੱਬ ਗਏ। ਬਾਲ ਗੋਬਿੰਦ ਰਾਏ ਕੋਲ ਬੈਠੇ ਸਭ ਕੁਝ ਸੁਣ ਰਹੇ ਸਨ ਅਤੇ ਪਿਤਾ ਦੇ ਚਿਹਰੇ ਉਤੇ ਚਿੰਤਾ ਦੀਆਂ ਰੇਖਾਵਾਂ ਨੂੰ ਉੱਭਰਦੇ ਬਣਦੇ ਵੇਖ ਰਹੇ ਸਨ। ਥੋੜ੍ਹੀ ਦੇਰ ਚੁੱਪ ਰਹਿ ਕੇ, ਉਹਨਾਂ ਗੁਰੂ ਤੇਗ ਬਹਾਦਰ ਜੀ ਦੇ ਮੁੱਖ ਉਤੇ ਨਜ਼ਰ ਮਾਰੀ ਅਤੇ ਫਿਰ ਬੜੇ ਆਦਰ ਤੇ ਨਿਮਰਤਾ ਭਰੀ ਆਵਾਜ਼ ਵਿਚ ਬੋਲੇ, 'ਪਿਤਾ ਜੀ, ਤੁਸੀਂ ਇਹਨਾਂ ਦੁਖੀਆਂ ਦੀ ਫਰਿਆਦ ਸੁਣ ਕੇ ਚਿੰਤਾ ਵਿਚ ਕਿਉਂ ਡੁੱਬ ਗਏ ਹੋ ? ਕੀ ਮੈਂ ਕੁਝ ਸੇਵਾ ਕਰ ਸਕਦਾ ਹਾਂ ? '

ਗੁਰੂ ਜੀ ਨੇ ਗੋਬਿੰਦ ਰਾਏ ਵਲ ਤਿਰਛੀ ਨਜ਼ਰ ਨਾਲ ਵੇਖਿਆ, ਪਿਆਰ ਨਾਲ ਉਹਨਾਂ ਦੀ ਪਿੱਠ ਉਤੇ ਹੱਥ ਫੇਰਿਆ ਅਤੇ ਆਵਾਜ਼ ਨੂੰ ਖੂਬ ਨਿਸ਼ਚਿਤ ਬਣਾ ਕੇ ਬੋਲੇ, 'ਬੇਟਾ, ਇਸ ਵਕਤ ਦੇਸ਼ ਤੇ ਧਰਮ ਦੀ ਰੱਖਿਆ ਦਾ ਇੱਕੋ ਇੱਕ ਇਲਾਜ ਕਿਸੇ ਅਧਿਆਤਮਕ ਮਹਾਂਪੁਰਖ ਦਾ ਬਲੀਦਾਨ ਹੋਵੇਗਾ। ਬਸ ਇਹੋ ਸੋਚ ਹੈ ਕਿ ਕੁਰਬਾਨੀ ਕੌਣ ਦੇਵੇ ?'

ਬਾਲਕ ਗੋਬਿੰਦ ਰਾਏ ਮੁਸਕਰਾਇਆ ਅਤੇ ਚੰਚਲਤਾ ਪੂਰਵਕ ਬੋਲਿਆ, 'ਪਿਤਾ ਜੀ, ਇਸ ਵੇਲੇ ਦੇਸ਼ ਵਿਚ ਆਪ ਤੋਂ ਵਧ ਕੇ ਅਧਿਆਤਮਕ ਮਹਾਂਪੁਰਖ ਹੋਰ ਕੌਣ ਹੋਵੇਗਾ ? ਆਪ ਦੀ ਕੁਰਬਾਨੀ ਨਾਲ ਜੇਕਰ ਸਾਹ-ਸਤ ਹੀਣ ਲੋਕਾਂ ਨੂੰ ਜ਼ਿੰਦਗੀ ਮਿਲ ਸਕਦੀ ਹੈ ਤਾਂ ਇਸ ਤੋਂ ਵਧ ਕੇ ਪਰਉਪਕਾਰ ਹੋਰ ਕੀ ਹੋਵੇਗਾ?'

ਗੋਬਿੰਦ ਰਾਏ ਦੀ ਗੱਲ ਸੁਣ ਕੇ ਸਮੁੱਚੇ ਦਰਬਾਰ ਵਿਚ ਸੰਨਾਟਾ ਛਾ ਗਿਆ, ਲੋਕਾਂ ਆਪਣੀ ਜੀਭ ਦੱਬ ਲਈ। ਦੀਵਾਨ ਦਿਆਲ ਦਾਸ ਨੇ ਗੋਬਿੰਦ ਰਾਏ ਨੂੰ ਟੋਕਿਆ, ਪਰ ਗੁਰੂ ਤੇਗ ਬਹਾਦਰ ਜੀ ਦੇ ਚਿਹਰੇ ਦੀਆਂ ਚਿੰਤਾ ਰੇਖਾਵਾਂ ਦੂਰ ਹੋਣ ਲੱਗ ਪਈਆਂ, ਅੱਖਾਂ ਵਿੱਚ ਚਮਕ ਆ ਗਈ ਮੁੱਖ ਉਤੇ ਤੇਜ ਪਰਤ ਆਇਆ, ਜਿਵੇਂ ਉਹਨਾਂ ਨੂੰ ਨਿਰਾਸ਼ਾ ਦੇ ਡੂੰਘੇ ਹਨ੍ਹੇਰੇ ਵਿਚ ਰਾਹ ਲੱਭ ਪਈ ਹੋਵੇ 'ਠੀਕ ਤਾਂ ਹੈ, ਗੋਬਿੰਦ ਠੀਕ ਹੀ ਕਹਿੰਦਾ ਹੈ, ਇਸ ਤੋਂ ਵਧ ਕੇ ਹੋਰ ਕੀ ਪਰਉਪਕਾਰ ਹੋ ਸਕੇਗਾ ਅਤੇ ਹੁਣ ਤਾਂ ਉਹ ਹੁਸ਼ਿਆਰ ਹੋ ਗਿਆ ਹੈ, ਗੁਰੂ ਨਾਨਕ ਦੇਵ ਜੀ ਦੀ ਪਾਵਨ ਗੱਦੀ ਸੰਭਾਲ ਲੈਣ ਦੇ ਸਮਰੱਥ ਹੈ, ਫਿਰ ਮੈਂ ਕਿਉਂ ਨਾ ਆਪਣੇ ਦਾਦੀ ਪਰੰਪਰਾ ਨੂੰ ਬਰਕਰਾਰ ਰੱਖਦਿਆਂ ਬਲੀਦਾਨ ਦੇ ਕੇ ਲੋਕਾਂ ਦੇ ਭਲੇ ਲਈ ਸਹਾਈ ਹੋਵਾਂ, ਗੁਰੂ ਜੀ ਨੇ ਸੋਚਿਆ। ਗੋਬਿੰਦ ਰਾਏ ਦੀ ਗੱਲ ਉਥੇ ਹਾਜ਼ਰ ਗੁਰੂ ਜੀ ਤੋਂ ਸਿਵਾ ਸਾਰੇ ਦਰਬਾਰੀਆਂ ਨੂੰ ਬਚਕਾਨਾਂ ਪ੍ਰਤੀਤ ਹੋਈ, ਸਗੋਂ ਉਹ ਸਾਰੇ ਉਸ ਵਲੋਂ ਹੋਈ ਗਲਤੀ ਉਤੇ ਤੜਪ ਉਠੇ।

ਗੁਰੂ ਜੀ ਨੇ ਹੱਥ ਉਪਰ ਚੁੱਕ ਕੇ ਸਾਰਿਆਂ ਨੂੰ ਸ਼ਾਂਤ ਕੀਤਾ ਅਤੇ ਬੜੇ ਪਿਆਰ ਨਾਲ ਬੋਲੇ, 'ਅੱਜ ਮੈਂ ਬਹੁਤ ਖੁਸ਼ ਹਾਂ, ਗੋਬਿੰਦ ਰਾਇ ਨੇ ਅੱਜ ਮੈਨੂੰ ਰਾਹ ਵਿਖਾਇਆ ਹੈ। ਇਸ ਲਈ ਉਹ ਭਾਵੀ ਗੁਰੂ ਬਣਨ ਦੇ ਯੋਗ ਹੋ ਗਿਆ ਹੈ। ਮੈਂ ਆਪਣੀ ਕੁਰਬਾਨੀ ਦੇਵਾਂਗਾ- ਦੇਸ਼ ਦੇ ਭੋਲੇ ਭਾਲੇ ਲੋਕਾਂ ਉਤੇ ਕੀਤੇ ਜਾਣ ਵਾਲੇ ਅਤਿਆਚਾਰ ਦੇ ਵਿਰੁੱਧ ਮੈਂ ਆਪਣਾ ਖ਼ੂਨ ਦੇਵਾਂਗਾ। ਮੇਰੇ ਖ਼ੂਨ ਦਾ ਕਤਰਾ ਕਤਰਾ ਮੁਗ਼ਲ ਹਕੂਮਤ ਦੇ ਕਫਨ ਦੀ ਇੱਕ ਕਿੱਲ ਸਾਬਤ ਹੋਵੇਗਾ। ਮੇਰੇ ਖ਼ੂਨ ਦੀ ਲਾਲੀ ਸੂਰਜ ਦੀ ਲਾਲੀ ਵਾਂਗ ਲੋਕ ਜਾਗ੍ਰਿਤੀ ਦਾ ਪ੍ਰਤੀਕ ਹੋਵੇਗੀ ਅਤੇ ਸੱਚ ਦੀ ਸ਼ਕਤੀ ਦਾ ਤੇਜ ਬਣ ਕੇ ਉਹ ਮੇਰੇ ਸਿੱਖਾਂ ਦੇ ਮੱਥੇ ਉਤੇ ਸ਼ੋਭੇਗੀ।'

ਦੀਵਾਨ ਦਿਆਲ ਦਾਸ ਨੇ ਕੁਝ ਆਖਣਾ ਚਾਹਿਆ। ਬੋਲਿਆ, 'ਗੁਰੂਦੇਵ, ਆਪ ਦੇ ਸੀਸ ਉਤੋਂ ਹਜ਼ਾਰਾਂ ਸਿਰ ਕੁਰਬਾਨ ਹਨ, ਆਪ ਇਸ਼ਾਰਾ ਤਾਂ ਕਰੋ। ਆਪ ਬਿਨਾਂ 'ਵਾਕ ਪੂਰਾ ਨਾਂ ਕਰ ਸਕਿਆ, ਉਤੇਜਤ ਹੋ ਜਾਣ ਕਰਕੇ ਗੱਚ ਭਰ ਆਇਆ।

'ਦਿਆਲ ਦਾਸ' ਗੁਰੂ ਜੀ ਨੇ ਸੰਤੋਖੀ ਆਵਾਜ਼ ਵਿਚ ਪੁਕਾਰਿਆ, 'ਇਹ ਕੇਹੀ ਭਾਵੁਕਤਾ ? ਕੀ ਨਾਨਕ ਦੇ ਦਰਬਾਰ ਵਿਚ ਸ਼ਰਨ ਲਈ ਆਉਣ ਵਾਲਾ ਬੇ-ਸਹਾਰਾ ਰਹੇਗਾ? ਕੀ ਅਸੀਂ ਉਸਨੂੰ ਹੌਂਸਲਾ ਨਹੀਂ ਦੇਵਾਂਗੇ ? ਨਹੀਂ, ਭਾਵੇਂ ਸਾਨੂੰ ਆਪਣੀ ਜਾਨ ਦੇਣੀ ਪਵੇ, ਅਸੀਂ ਇਹਨਾਂ ਦੀ ਰੱਖਿਆ ਜ਼ਰੂਰ ਕਰਨੀ ਹੈ। ਗੋਬਿੰਦ ਰਾਏ ਹੀ ਠੀਕ ਹੈ, ਇੰਨਾ ਕਹਿ ਕੇ ਉਹਨਾਂ ਬ੍ਰਾਹਮਣਾ ਨੂੰ ਸੰਬੋਧਨ ਕੀਤਾ, 'ਤੁਸੀਂ ਲੋਕ ਚਿੰਤਾ ਤਿਆਗੋ ਅਤੇ ਜਾ ਕੇ ਬਾਦਸ਼ਾਹ ਨੂੰ ਕਹਿ ਦਿਓ ਕਿ ਅਗਰ ਉਹ ਤੇਗ ਬਹਾਦਰ ਜੀ ਨੂੰ ਧਰਮ-ਪਰਿਵਰਤਨ ਲਈ ਤਿਆਰ ਕਰ ਲਵੇ, ਤਾਂ ਸਾਰੇ ਦੇਸ਼ ਦੇ ਬ੍ਰਾਹਮਣ ਤੇ ਗ਼ੈਰ- ਬ੍ਰਾਹਮਣ ਸਾਰੇ ਮੁਸਲਮਾਨ ਹੋ ਜਾਣਗੇ। ਬ੍ਰਾਹਮਣ ਹੌਂਸਲੇ ਦੀ ਪੂੰਜੀ ਪ੍ਰਾਪਤ ਕਰਕੇ ਗੁਰੂ ਜੀ ਦਾ ਸੰਦੇਸ਼ ਪ੍ਰਸਾਰਿਤ ਕਰਨ ਵਾਸਤੇ ਅਨੰਦਪੁਰ ਦਰਬਾਰ ਤੋਂ ਬਾਹਰ ਆ ਗਏ।

'ਬ੍ਰਾਹਮਣਾਂ ਨੇ ਇਹ ਸੰਦੇਸ਼ ਇੰਨ-ਬਿੰਨ ਬਾਦਸ਼ਾਹ ਨੂੰ ਭਿਜਵਾ ਦਿੱਤਾ। ਗੁਰੂ ਜੀ ਦੇ ਮੁਸਲਮਾਨ ਹੋ ਜਾਣ ਨਾਲ ਸਾਰੇ ਹਿੰਦੂ ਇਸਲਾਮ ਧਾਰਨ ਕਰ ਲੈਣਗੇ।

ਬਾਦਸ਼ਾਹ ਵਾਸਤੇ ਇਹ ਬੜਾ ਵੱਡਾ ਲਾਲਚ ਸੀ। ਇੱਕ ਆਦਮੀ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਲੈਣਾ ਕਿਹੜਾ ਮੁਸ਼ਕਲ ਹੈ। ਇਹ ਮੰਨ ਕੇ ਉਸ ਆਗਰਾ ਦਰਬਾਰ ਤੋਂ ਗੁਰੂ ਜੀ ਨੂੰ ਜਲਦੀ ਤੋਂ ਜਲਦੀ ਪਹੁੰਚਣ ਵਾਸਤੇ ਹੁਕਮ ਕਰ ਭੇਜਿਆ।

'ਗੁਰੂ ਜੀ ਇਸ ਦੀ ਉਡੀਕ ਵਿਚ ਸਨ ਉਹਨਾਂ ਨੂੰ ਆਪਣੇ ਭਵਿੱਖ ਦਾ ਪੂਰਨ ਗਿਆਨ ਸੀ-ਸੰਕੀਰਣਤਾ ਤੇ ਕਰੋਧ ਤੋਂ ਉਹ ਜਾਣੂੰ ਸਨ ਇਸ ਲਈ ਸਿਰ ਤਲੀ ਉਤੇ ਰੱਖ ਕੇ ਉਹ ਘਰੋਂ ਤੁਰਨਾ ਚਾਹੁੰਦੇ ਸਨ। ਅਨੰਦਪੁਰ ਨੂੰ ਗੋਬਿੰਦ ਰਾਏ ਦੇ ਹਵਾਲੇ ਕਰਕੇ ਗੁਰੂ ਜੀ ਨੇ ਆਗਰਾ ਵਿਖੇ ਔਰੰਗਜ਼ੇਬ ਸਾਹਮਣੇ ਜਾਣ ਦਾ ਨਿਰਣਾ ਕੀਤਾ। ਬਾਦਸ਼ਾਹ ਦਾ ਸੱਦਾ ਪਹੁੰਚਦਿਆਂ ਹੀ ਗੁਰੂ ਜੀ ਨੇ ਅਨੰਦਪੁਰ ਛੱਡ ਦੇਣਾ ਸੋਚਿਆ।

'ਮੈ ਗੁਰੂ ਜੀ ਦੇ ਨਾਲ ਚੱਲਣ ਲਈ ਨਿਮਰਤਾ ਸਾਹਿਤ ਬੇਨਤੀ ਕੀਤੀ। ਭਾਈ ਦਿਆਲ ਦਾਸ ਭਾਈ ਮਤੀ ਦਾਸ ਭਾਈ ਸਤੀ ਦਾਸ ਵੀ ਨਾਲ ਤਿਆਰ ਹੋ ਪਏ। ਗੁਰੂ ਜੀ ਨੇ ਸਾਨੂੰ ਚਾਰਾਂ ਨੂੰ ਨਾਲ ਲੈ ਜਾਣਾ ਮੰਨ ਲਿਆ ਕਿਉਂਕਿ ਸਾਡੇ ਇੱਥੇ ਵਚਨ ਹੈ ਕਿ ਜਿਥੇ ਪੰਜ ਸਿੰਘ ਇਕੱਠੇ ਹੋਣ, ਉਥੇ ਅਕਾਲ ਪੁਰਖ ਆਪ ਨਿਵਾਸ ਕਰੇਗਾ। ਇਸ ਲਈ, ਚਾਰ ਅਸੀਂ ਅਤੇ ਪੰਜਵੇਂ ਗੁਰੂ ਜੀ ਘੋੜਿਆਂ ਉਤੇ ਸਵਾਰ ਹੋ ਕੇ ਆਗਰਾ ਵਾਸਤੇ ਚਲ ਪਏ। ਆਗਰਾ ਵਿਚ ਸੂਚਨਾ ਭੇਜ ਦਿੱਤੀ ਗਈ। ਰਸਤੇ ਵਿਚ ਗੁਰੂ ਜੀ ਨੇ ਆਪਣੇ ਪਿਆਰੇ ਮਿੱਤਰ ਨਵਾਬ ਸੈਫ-ਉਲ-ਦੀਨ ਨੂੰ ਮਿਲਣਾ ਉਚਿਤ ਸਮਝਿਆ। ਨਵਾਬ ਗੁਰੂ ਜੀ ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਅਤੇ ਉਹਨਾਂ ਨੂੰ ਕੁਝ ਦਿਨ ਆਪਣੇ ਕੋਲ ਰੋਕਣ ਲਈ ਹਠ ਕਰਨ ਲੱਗਾ। ਗੁਰੂ ਜੀ ਮੰਨ ਗਏ ਅਤੇ ਲਗਭਗ ਦੋ ਹਫਤੇ ਉਥੇ ਹੀ ਟਿਕ ਗਏ। ਉਧਰ ਬਾਦਸ਼ਾਹ ਦਾ ਉਡੀਕ ਕਰਨ ਲਈ ਸਬਰ ਖਤਮ ਹੋ ਗਿਆ ਅਤੇ ਸਿਪਾਹੀ ਭੇਜ ਕੇ ਪਕੜ ਕੇ ਮੰਗਵਾਉਣ ਲਈ ਹੁਕਮ ਜਾਰੀ ਕਰ ਦਿੱਤਾ। ਗੁਰੂ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਇਕਦਮ ਅੱਗੋਂ ਯਾਤਰਾ ਸ਼ੁਰੂ ਕਰਨ ਦਾ ਫੈਸਲਾ ਕੀਤਾ। ਨਵਾਬ ਉਹਨਾਂ ਨੂੰ ਕੁਝ ਦਿਨ ਹੋਰ ਰੋਕਣਾ ਚਾਹੁੰਦਾ ਸੀ ਪਰ ਗੁਰੂ ਜੀ ਨੇ ਉਥੇ ਰਹਿ ਕੇ ਉਸਨੂੰ ਹਕੂਮਤ ਦੀਆਂ ਨਜ਼ਰਾਂ ਵਿਚੇ ਕਿਸੇ ਮੁਸ਼ਕਲ ਵਿਚ ਨਹੀਂ ਪਾਉਣਾ ਚਾਹਿਆ। ਅਗਲੇ ਹੀ ਦਿਨ ਅਸੀਂ ਪੰਜੇ ਸੈਫਾਬਾਦ ਤੋਂ ਆਗਰਾ ਵਾਸਤੇ ਤੁਰ ਪਏ।

ਜਦੋਂ ਤੱਕ ਬਾਦਸ਼ਾਹ ਦੇ ਭੇਜੇ ਸੈਨਿਕ ਅਨੰਦਪੁਰ ਪਹੁੰਚੇ, ਗੁਰੂ ਜੀ ਆਗਰਾ ਵਾਸਤੇ ਰਵਾਨਾ ਹੋ ਚੁੱਕੇ ਸਨ। ਆਗਰਾ ਪਹੁੰਚ ਕੇ ਸਾਨੂੰ ਪਤਾ ਲੱਗਾ ਕਿ ਬਾਦਸ਼ਾਹ ਆਗਰਾ ਤੋਂ ਦਿੱਲੀ ਆ ਗਿਆ ਹੈ ਅਤੇ ਉਹਨਾਂ ਦਿਨਾਂ ਵਿਚ ਦਰਬਾਰ ਵੀ ਦਿੱਲੀ ਵਿਚ ਲਗਦਾ ਹੈ। ਉਥੋਂ ਇੱਕ ਮੁਗਲ ਅਧਿਕਾਰੀ ਨੂੰ ਨਾਲ ਲੈ ਕੇ ਅਸੀਂ ਦਿੱਲੀ ਵਾਪਸ ਆਏ ਅਤੇ ਪਹੁੰਚਣ ਸਾਰ ਸਾਨੂੰ ਕੈਦ ਕਰ ਲਿਆ ਗਿਆ।

ਇਹ ਸ਼ਬਦ ਅਜੇ ਭਾਈ ਗੁਰਦਿੱਤਾ ਜੀ ਦੇ ਮੂੰਹ ਵਿਚ ਹੀ ਸਨ ਕਿ ਚਾਰੋਂ ਪਾਸਿਓਂ ਸਿਪਹ-ਏ-ਦੀਨ ਦੇ ਸਿਪਾਹੀ ਵਧਦੇ ਹੋਏ ਦਿਸੇ। ਸਰੋਤਿਆਂ ਵਿਚ ਖਲਬਲੀ ਮੱਚ ਗਈ। ਕੁਝ ਤਾਂ ਬੁਰੀ ਤਰ੍ਹਾਂ ਡਰ ਗਏ। 'ਹੇ ਪ੍ਰਮਾਤਮਾ! ਮਿਹਰ ਕਰ, ਪੀਰ ਸਾਹਿਬ ਨੇ ਪੁਕਾਰਿਆ। ਸਿਪਾਹੀਆਂ ਦਾ ਘੇਰਾ ਇੰਨਾ ਮਜ਼ਬੂਤ ਸੀ ਕਿ ਕੋਈ ਵੀ ਵਿਅਕਤੀ ਉਥੋਂ ਭੱਜ ਕੇ ਨਹੀਂ ਸੀ ਬਚ ਸਕਦਾ। ਭਾਈ ਗੁਰਦਿੱਤਾ ਜੀ ਨੇ ਸਥਿਤੀ ਨੂੰ ਭਾਂਪ ਲਿਆ, ਬੋਲੇ,

*ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ ॥*
*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥*

ਉਹਨਾਂ ਤਾਂ ਜਾਨ ਦੇਣੀ ਹੀ ਸੀ, ਉਹ ਆਪਣੇ ਗੁਰੂ ਤੋਂ ਬਿਨਾਂ ਪਹਿਲਾਂ ਵੀ ਨਾ ਜੀਣ ਵਰਗੇ ਹੀ ਤਾਂ ਹਨ- ਉਹ ਤੁਰੰਤ ਨਿਰਵਾਣ ਸਮਾਧੀ ਵਿਚ ਲੀਨ ਹੋ ਗਏ। ਸਿਪਹ-ਏ-ਦੀਨ ਦੇ ਸਿਪਾਹੀਆਂ ਨੇ ਚੀਕ ਕੇ 'ਜਿਥੇ ਹੋ ਉਥੇ ਖੜ੍ਹੇ ' ਰਹਿਣ ਦਾ ਹੁਕਮ ਦਿੱਤਾ। ਇੱਥੇ ਕੁਫਰ ਦਾ ਅੱਡਾ ਬਣਾ ਰੱਖਿਆ ਹੈ, ਅੱਜ ਇਸ ਕਾਫਰ ਨੂੰ ਹੀ ਮਾਰ ਮੁਕਾਣਾ ਹੋਵੇਗਾ। ਪੀਰ ਕਰੀਮ ਬਖ਼ਸ਼ ਅਤੇ ਉਸਦੇ ਸ਼ਾਗਿਰਦਾਂ ਦੀ ਮੰਡਲੀ ਸਾਰੇ ਖੜ੍ਹੇ ਹੋ ਗਏ। ਭਾਈ ਗੁਰਦਿੱਤਾ ਜੀ ਸਮਾਧੀ ਵਿਚ

ਮਗਨ-ਸੈਨਾ ਅਧਿਕਾਰੀ ਦਾ ਅਪਮਾਨ- ਕਾਫਰ ਖੜ੍ਹਾ ਹੀ ਨਹੀਂ ਹੋਇਆ। ਹੈਂਕੜ ਦਾ ਮਾਰਿਆ ਸਿਪਾਹੀ ਗੁੱਸੇ ਨਾਲ ਭਾਈ ਉਤੇ ਹਮਲਾ ਕਰਨ ਵਾਸਤੇ ਉਸ ਵਲ ਵਧਿਆ ਪਰ ਹੌਲੀ ਜਿਹੇ ਹੱਥ ਲਗਣਸਾਰ ਉਹਨਾਂ ਦਾ ਮ੍ਰਿਤਕ ਸਰੀਰ ਇੱਕ ਪਾਸੇ ਲੁੜਕ ਗਿਆ। ਭਾਈ ਗੁਰਦਿੱਤਾ ਜੀ ਦੀ ਜੀਵਨਜੋਤ ਪਰਮਜੋਤ ਵਿਚ ਲੀਨ ਹੋ ਗਈ। ਅਧਿਕਾਰੀ ਹੱਕਾ ਬੱਕਾ ਰਹਿ ਗਿਆ।

ਪੀਰ ਕਰੀਮ ਬਖ਼ਸ਼ ਦੀਆਂ ਅੱਖਾਂ ਵਿੱਚੋਂ ਦੇ ਮੋਤੀ ਟਪਕ ਕੇ ਧਰਤੀ ਉਤੇ ਆ ਡਿੱਗੇ।

************